# ਮੰਗਵੇਂ ਕੋਟ ਦਾ ਨਿੱਘ

**ਸੰਪਾਦਕ ਦੀ ਕਲਮ ਤੋਂ**

- ਸਿਡਨੀ ਦੀਆਂ ਰੇਲ ਗੱਡੀਆਂ (ਕਹਾਣੀ ਨੁਮਾ ਲੇਖ ਤੇ ਲੇਖ ਨੁਮਾ ਕਹਾਣੀਆਂ)-2009
- ਦਿਲਹੁ ਮੁਹਬਿਤ ਜਿਨਹ (ਨਾਵਲ)-2011
- ਬਿਲੌਰੀ ਅੱਖਾਂ (ਕਹਾਣੀ ਸੰਗ੍ਰਹਿ)-2013
- ਘੋੜਾ ਡਾਕਟਰ (ਕਹਾਣੀ ਸੰਗ੍ਰਹਿ)-2015
- ....ਤੇ ਪ੍ਰੀਖਿਆ ਚਲਦੀ ਰਹੀ (ਨਾਵਲ)-2021
- Storm in a Teacup and Other Stories (An anthology of Short Stories in English)-2022

# ਮੰਗਵੇਂ ਕੋਟ ਦਾ ਨਿੱਘ

**ਅਵਤਾਰ ਐਸ. ਸੰਘਾ**

**ਆਜ਼ਾਦ ਬੁੱਕ ਡੀਪੂ**
ਅੰਮ੍ਰਿਤਸਰ।

# Mangve Kot da Niggh

*Edited by*

**Avtar S. Sangha**
75, Noel Street, Blacktown,
(Sydney) NSW, 2148
Email : sangha_avtar@hotmail.com
Phone : +61 0437641033

© **Avtar S. Sangha**

All rights reserved.

No part of this publication may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the owner and the publishers.

ISBN :

Edition : 2023

**Type Setting : Noorgraphics 9465281711, 8528322627**

Rs : /-

***Published in India by :***

**Azad Book Depot**

**Hall Bazar, Amritsar**
**0183-2292513, 94631-70369, 93562-92513**
**E-mail : KD_Singh180@hotmail.com**

**Printed in India by : AZAD PRINTERS**

## ਸਮਰਪਣ

ਮੇਰੀ ਪਤਨੀ ਅਮਰਜੀਤ ਕੌਰ ਨੂੰ,
ਜਿਹੜੀ ਮੈਨੂੰ ਮੇਰੀਆਂ ਸਾਹਿਤਕ
'ਘਤਿੱਤਾਂ'
ਤੋਂ ਬਹੁਤਾ ਨਹੀਂ ਵਰਜਦੀ।

# ਤਤਕਰਾ


ਮੁੱਖ ਬੰਦ
ਮੇਰੇ ਆਪਣੇ ਬਾਰੇ
1. ਕੋਈ ਕਦ ਤੱਕ ਉਡੀਕੇ
2. ਪੈਨਸ਼ਨਰ ਪ੍ਰੀਤਮ ਸਿੰਘ ਪੱਖੋ ਕਲਾਂ
3. ਚੂੰਢੀ ਮਾਸਟਰ (ਕਹਾਣੀ)
4. ਜੇ ਫੱਟੀ ਸਾਹ ਦਊ, ਤਾਂ ਹੀ ਬਾਜੀਗਰ ਛਾਲ ਮਾਰੂ (ਕਹਾਣੀ)
5. ਮੰਗਵੇਂ ਕੋਟ ਦਾ ਨਿੱਘ
6. ਮਾਲਤੀ ਲੈਬ (ਕਹਾਣੀ)
7. ਦਲੇਲ ਸਿੰਘ ਮੱਲ੍ਹੀ (ਕਹਾਣੀ)
8. 24 ਘੰਟੇ (ਕਹਾਣੀ)
9. ਸ਼ਾਦੀਸ਼ੁਦਾ ਛੜਾ
10. ਪੱਚੀ ਸਾਲ ਬਾਅਦ
11. ਸਰਾਪੀ ਖੁਸ਼ੀ (ਕਹਾਣੀ)
12. ਲਾਕਡਾਊਨ
13. (ਸ)ਗਲੀ ਰਾਮ
14. ਪਟਵਾਰੀ ਤੇ ਪ੍ਰੋਫੈਸਰ
15. ਵਿਚਾਰੇ ਅਬਦੁਲ ਤੇ ਅਮੈਂਡਾ
16. ਮੁਫ਼ਤ ਰੇਲ ਸਫ਼ਰ
17. 74 ਦਿਨ (ਇੱਕ ਇਤਿਹਾਸਕ ਕਹਾਣੀ)
18. ਲੋਹੇ ਦੀ ਪੇਟੀ (ਕਹਾਣੀ)
19. ਵਖਤਾਂ ਮਾਰੇ (ਕਹਾਣੀ)
20. ਰੂਬਲ, ਰੱਬ ਨੇ ਤੇਰੀ ਸੁਣ ਲਈ
21. ਰਿਸ਼ਤਾ ਹੋਰ ਬੇਜੋੜ ਲੱਗਣ ਲੱਗ ਪਿਆ




# ਮੁੱਖ ਬੰਦ

ਭਾਸ਼ਾ ਦਾ ਅਧਿਐਨ ਕਰਨਾ ਮੇਰੀ ਦਿਲਚਸਪੀ ਰਹੀ ਏ। ਵਿਦੇਸ਼ ਵਿੱਚ ਆ ਕੇ ਇਹ ਦਿਲਚਸਪੀ ਹੋਰ ਵੀ ਵਧ ਗਈ। ਪੰਜਾਬ ਵਿੱਚ ਅਸੀਂ ਅੰਗਰੇਜ਼ੀ ਨੂੰ ਬਹੁਤ ਹੀ ਉੱਚੀ ਸਮਝਦੇ ਰਹੇ। ਕਾਲਜ ਵਿੱਚ ਪੜ੍ਹਾਉਂਦੇ ਸਮੇਂ ਇੱਕ ਵਾਰ ਮੈਂ ਆਪਣੇ ਇੱਕ ਸਾਥੀ ਅੰਗਰੇਜ਼ੀ ਦੇ ਲੈਕਚਰਾਰ ਨੂੰ ਪੁੱਛਿਆ, ''ਅੱਜ ਕੱਲ੍ਹ ਬੀ.ਏ, ਬੀ. ਐਸ. ਸੀ. ਨੂੰ ਪੜ੍ਹਾ ਰਹੇ ਹੋ ਜਾਂ ਐਮ. ਏ. ਅੰਗਰੇਜ਼ੀ ਦੀ ਜਮਾਤ ਲੈ ਰਹੇ ਹੋ?'' ਜਵਾਬ ਵਿੱਚ ਉਹ ਕਹਿਣ ਲੱਗਾ, ''ਯਾਰ ਬੀ. ਏ. ਬੀ. ਐਸ. ਸੀ. ਨੂੰ ਪੜ੍ਹਾ ਕੇ ਮਜ਼ਾ ਨਹੀਂ ਆਉਂਦਾ ਜਮਾਤਾਂ ਵਿੱਚ ਪੰਜਾਬੀ ਬੋਲਣੀ ਪੈਂਦੀ ਏ। ਐਮ. ਏ. ਨੂੰ ਪੜ੍ਹਾਉਂਦੇ ਸਮੇਂ ਸਾਰੀ ਦੀ ਸਾਰੀ ਅੰਗਰੇਜ਼ੀ ਹੀ ਚਲਦੀ ਏ।'' ਇੰਜ ਕਹਿਣਾ ਉਸਦੀ ਨਿਰੀ ਰੁਤਬੇ ਦੀ ਭੁੱਖ ਸੀ ਜਾਂ ਫਿਰ ਫੁਕਰਾਪੰਥੀ ਸੀ। ਉਸਦੇ ਇੰਜ ਕਰਨ ਨੂੰ ਨਾ- ਅੰਗਰੇਜ਼ੀ ਬੋਲਣ ਵਾਲ਼ੇ ਦੇਸ਼ਾਂ (Non-English speaking countries) ਵਿੱਚ ਅੰਗਰੇਜ਼ੀ ਨੂੰ ਖਾਮ ਖਾਹ ਉੱਚਾ ਦਿਖਾਉਣ ਦੀ ਪ੍ਰਬਲ ਇੱਛਾ ਨੂੰ ਪੱਠੇ ਪਾਉਣਾ ਲਗਦਾ ਏ। ਪੰਜਾਬ ਵਿੱਚ 26 ਸਾਲ ਕਾਲਜ ਵਿੱਚ ਅੰਗਰੇਜ਼ੀ ਪੜ੍ਹਾਉਂਦਾ ਹੋਇਆ ਮੈਂ ਵੀ ਕਦੀ ਕਦੀ ਇਸ ਲੈਕਚਰਾਰ ਵਰਗਾ ਹੀ ਮਹਿਸੂਸ ਕਰਿਆ ਕਰਦਾ ਸਾਂ। ਜਦ ਮੈਂ ਆਸਟਰੇਲੀਆ ਵਿੱਚ ਆ ਗਿਆ ਤਾਂ ਪਤਾ ਲੱਗਾ ਕਿ ਅਸੀਂ ਭਾਰਤ ਤੋਂ ਅੰਗਰੇਜ਼ੀ ਵਿੱਚ ਉੱਚੀਆਂ ਡਿਗਰੀਆਂ ਪ੍ਰਾਪਤ ਕਰਨ ਦੇ ਬਾਵਜੂਦ ਵੀ ਇਸ ਭਾਸ਼ਾ ਬਾਰੇ ਉਹ ਕੁਝ ਨਹੀਂ ਜਾਣਦੇ ਜੋ ਇੱਥੋਂ ਦੇ ਜੰਮ ਪਲ ਜਾਂ ਘੱਟ ਪੜ੍ਹੇ ਲਿਖੇ ਜਾਣਦੇ ਹਨ। ਬੋਲੀ ਉਹੀ ਹੁੰਦੀ ਏ ਜਿਹਦੇ ਵਿੱਚ ਬੱਚੇ ਨੂੰ ਗੁੜ੍ਹਤੀ ਮਿਲੇ। ਬਾਕੀ ਸਭ ਭਾਸ਼ਾਵਾਂ ਤੇ ਬੋਲੀਆਂ ਪ੍ਰਗਟਾਵੇ ਸਮੇਂ ਉਸਤੋਂ ਨੀਵੀਂਆਂ ਰਹਿ ਜਾਂਦੀਆਂ ਹਨ। ਸਾਡਾ ਬਾਹਰੋਂ ਆਏ ਪ੍ਰਵਾਸੀਆਂ ਦਾ ਪ੍ਰਗਟਾਵਾ ਪੈਰ-ਪੈਰ 'ਤੇ ਨੀਵਾਂ ਰਹਿ ਜਾਂਦਾ ਏ। ਕਿਸੇ ਜਮਾਤ ਵਿੱਚ ਜਦ ਇੱਕ ਜਮਾਂਦਰੂ ਅੰਗਰੇਜ਼ੀ ਮਾਹੌਲ ਵਿੱਚ ਜੰਮੀ ਪਲ਼ੀ ਅਧਿਆਪਕਾ ਬੱਚਿਆਂ ਮੂਹਰੇ ਆਪਣੀ ਬਾਡੀ ਲੈਂਗੁਏਜ਼ ਦਾ ਪ੍ਰਗਟਾਵਾ ਕਰਦੀ ਹੈ ਤਾਂ ਉਸਦਾ ਅਸਰ ਬੱਚਿਆਂ ਤੇ ਜਾਦੂਮਈ ਹੁੰਦਾ ਏ। ਉਸਦੀ ਇਸ਼ਾਰਿਆਂ ਨਾਲ਼ ਭਰੀ ਬੋਲੀ ਸਾਡੀ ਘੋਟ ਕੇ ਬੋਲੀ ਗਈ ਬੋਲੀ ਨਾਲੋਂ ਕਿਤੇ ਜ਼ਿਆਦਾ ਅਸਰ ਕਰ ਜਾਂਦੀ ਏ। ਆਪਣੀ ਮਾਤ ਭਾਸ਼ਾ ਵਿੱਚ ਅਸੀਂ ਕਈ ਸ਼ਬਦ ਆਪਣੇ ਸਾਹ ਨਾਲ਼ ਹੀ ਸਮਝਾ ਦਿੰਦੇ ਹਾਂ ਜਾਂ ਇੰਜ ਕਹੋ ਕਿ ਆਪਣੇ

ਚਿਹਰੇ ਦੇ ਹਾਵ ਭਾਵ, ਅੱਖਾਂ ਦੀ ਦੇਖਣੀ ਆਦਿ ਨਾਲ਼ ਹੀ ਸਮਝਾ ਦਿੰਦੇ ਹਾਂ। ਇੰਜ ਕਰਦੇ ਸਮੇਂ ਆਪਾਂ ਇੰਨੇ ਕੁਦਰਤੀ ਤੇ ਅਭੋਲ ਹੁੰਦੇ ਹਾਂ ਕਿ ਇਕ ਫੀਸਦੀ ਵੀ ਕੋਝੇ ਜਾਂ ਉੱਖੜੇ-ਉੱਖੜੇ (ਗਫਡਰਖਗ਼ ਥਵ ਾਤਗਿ) ਮਾਲੂਮ ਨਹੀਂ ਹੁੰਦੇ। ਇਹਨੂੰ ਬੋਲਦੇ ਸਮੇਂ ਆਪਾਂ ਮਾੜੇ ਮੋਟੇ ਵੀ ਸੁਚੇਤ ਤੇ ਚੁਕੰਨੇ ਨਹੀਂ ਹੁੰਦੇ। ਇਹਦੇ ਵਿੱਚ ਆਪਾਂ ਹੱਸੀਏ ਜਾਂ ਲੜੀਏ, ਸਾਡਾ ਪ੍ਰਗਟਾਵਾ ਆਪ ਮੁਹਾਰਾ ਹੁੰਦਾ ਏ। ਬਿਗਾਨੀ ਭਾਸ਼ਾ ਵਿੱਚ ਇੰਜ ਨਹੀਂ ਹੁੰਦਾ। ਜੇ ਅਸੀਂ ਪੰਜਾਬੀ ਦੀ ਕਿਸੇ ਪੇਂਡੂ ਕਹਾਵਤ ਦਾ ਅੰਗਰੇਜ਼ੀ ਵਿੱਚ ਤਰਜਮਾਂ ਕਰੀਏ ਤਾਂ ਉਹ ਕਹਾਵਤ ਆਪਣੀ ਮੌਲਿਕਤਾ ਗੁਆ ਬਹਿੰਦੀ ਏ। ਤੁਸੀਂ ਹੇਠ ਲਿਖੀਆਂ ਕਹਾਵਤਾਂ ਦਾ ਕੀ ਤਰਜਮਾਂ ਕਰ ਲਓਗੇ:-

1. ਚੱਲ ਨੂੰਹੇ ਤੂੰ ਥੱਕੀ, ਮੈਂ ਚਰਖੇ ਤੂੰ ਚੱਕੀ।
2. ਬਾਬੇ ਦੇ ਯਾਰ, ਗਿੱਦੜ ਤੇ ਬਘਿਆੜ।
3. ਜਿਹੋ ਜਿਹੀ ਨੰਦੋ ਬਾਹਮਣੀ, ਉਹੋ ਜਿਹਾ ਘੁੱਦੂ ਜੇਠ।
4. ਘੋੜਾ ਲਗਾਮ ਬਿਨਾ ਗਿਆ, ਰਾਜ ਗੁਲਾਮ ਬਿਨਾਂ।
5. ਜੇ ਹਲਵਾਈ ਕਰੀਏ ਤਾਂ ਖੁਸ਼ਕੀ ਨਾਲ਼ ਨਾ ਮਰੀਏ।

ਜੇ ਤੁਸੀਂ ਇਨ੍ਹਾਂ ਦਾ ਅਨੁਵਾਦ ਕਰੋਗੇ ਵੀ ਤਾਂ ਉਹ ਖਿੱਚ ਧੂਹ (ਪਤਵ-ਪਗਖਡਹਗ਼) ਵੱਧ ਹੋਵੇਗਾ ਤੇ ਮੌਲਿਕ ਅਤੇ ਸਹਿਜ ਘੱਟ। ਭਾਸ਼ਾ ਦਾ ਅਨੁਵਾਦ ਉਦੋਂ ਕਰੋ ਜਦੋਂ ਅਤਿ ਜ਼ਰੂਰੀ ਹੋਵੇ। ਐਵੇਂ ਅਨੁਵਾਦ ਕਰ ਕਰ ਕੇ ਭਾਸ਼ਾ ਨੂੰ ਖ਼ਰਾਬ ਨਾ ਕਰੋ। ਅੱਧਾ ਫਿਕਰਾ ਅੰਗਰੇਜ਼ੀ ਵਿੱਚ ਤੇ ਅੱਧਾ ਪੰਜਾਬੀ ਵਿੱਚ ਬੋਲ ਬੋਲ ਕੇ ਵੀ ਬੋਲੀਆਂ ਦਾ ਜਲੂਸ ਨਾ ਕੱਢੋ। ਹਰ ਵੇਲ਼ੇ ਅੰਗਰੇਜ਼ੀ ਵਿੱਚ ਮਾੜਾ ਮੋਟਾ ਬੋਲ ਕੇ ਰੋਅਬ ਝਾੜਨ ਦੀ ਆਦਤ ਵੀ ਛੱਡੋ। ਅੰਗਰੇਜ਼ੀ ਉੱਥੇ ਬੋਲੋ ਜਿੱਥੇ ਮੂਹਰੇ ਸੁਣਨ ਵਾਲ਼ਾ ਪੰਜਾਬੀ ਨਾ ਸਮਝਦਾ ਹੋਵੇ।

ਖੇਤਰੀ ਭਾਸ਼ਾਵਾਂ ਵਿੱਚ ਵੀ ਬਹੁਤ ਕੁਝ ਲਿਖਿਆ ਗਿਆ ਹੈ। ਵਧੀਆ ਲਿਖਤ ਜਿਹੜੀ ਭਾਸ਼ਾ ਵਿੱਚ ਮਰਜ਼ੀ ਲਿਖ ਦਿਓ ਉਹ ਕਿਸੇ ਵੀ ਵਕਤ ਕਿਸੇ ਵੀ ਦੇਸ਼ ਵਿੱਚ ਮਕਬੂਲ ਹੋ ਸਕਦੀ ਏ। ਵਧੀਆ ਕ੍ਰਿਤ ਜਾਂ ਲਿਖਤ ਉਹ ਹੈ ਜਿਸਦਾ ਅਨੁਵਾਦ ਕਰਨ ਲਈ ਦੂਜੇ ਮਜਬੂਰ ਹੋ ਜਾਣ। ਮੈਂ ਸਿਡਨੀ ਦੇ ਇੱਕ ਕਾਲਜ ਵਿੱਚ ਅੰਮ੍ਰਿਤਾ ਪ੍ਰੀਤਮ ਦੀ ਅੰਗਰੇਜ਼ੀ ਵਿੱਚ ਅਨੁਵਾਦ ਕੀਤੀ ਹੋਈ ਕਹਾਣੀ ਪੜ੍ਹਾਈ ਸੀ। ਜਦ ਅੰਮ੍ਰਿਤਾ ਨੇ ਉਹ ਕਹਾਣੀ ਲਿਖੀ ਹੋਊ ਉਹਦੇ ਯਾਦ ਚਿੱਤ ਵੀ ਨਹੀਂ ਹੋਣਾ ਕਿ ਇੱਕ ਦਿਨ ਉਹ ਅੰਗਰੇਜ਼ੀ ਵਿੱਚ ਅਨੁਵਾਦ ਹੋ ਜਾਊ। ਪੰਜਾਬ ਦਾ ਪੇਂਡੂ ਮੁਹਾਵਰਾ ਅੰਗਰੇਜ਼ੀ ਵਿੱਚ ਕਾਮਯਾਬੀ ਨਾਲ਼ ਫੜਨਾ ਸਭ ਤੋਂ ਔਖਾ ਕੰਮ ਏ। ਇਸ ਰਹਿਤਲ ਵਾਲ਼ੇ ਮੁਹਾਵਰੇ ਜਾਂ ਭਾਸ਼ਾ ਨੂੰ ਗੁਰਮੁਖੀ ਵਿੱਚ ਹੀ ਫੜਨਾ ਚਾਹੀਦਾ ਏ। ਇਸ ਉੱਤੇ ਅੰਗਰੇਜ਼ੀ ਦਾ ਕੋਝਾ ਮੁਲੱਮ੍ਹਾ ਚਾੜ੍ਹ ਕੇ ਇਸਦਾ ਜਲੂਸ ਨਾ ਕੱਢੋ। ਇਸੇ ਕਰਕੇ ਇੱਕ



ਵਾਰ ਪਾਬਲੋ ਨੈਰੂਦਾ ਨੇ ਕਿਹਾ ਸੀ, ''ਅਨੁਵਾਦ ਵਿੱਚ ਅਸਲ ਕਵਿਤਾ ਦੱਬ ਜਾਂਦੀ ਏ। ਆਪਣੀਆਂ ਕਵਿਤਾਵਾਂ ਦੇ ਅੰਗਰੇਜ਼ੀ ਅਨੁਵਾਦ ਵਿੱਚ, ਮੈਂ ਦੇਖਦਾ ਹਾਂ, ਕਿ ਗੱਲ ਨਹੀਂ ਬਣੀ। ਮੇਰੀ ਆਵਾਜ਼ ਬਹੁਤ ਦੱਬ ਗਈ ਏ, ਸਪੇਨੀ ਭਾਸ਼ਾ ਵਿੱਚ ਹੀ ਮੇਰੀ ਆਵਾਜ਼ ਉਘੜਦੀ ਏ।''

ਭਾਰਤੀ ਮਾਹੌਲ ਵਿੱਚ ਅੰਗਰੇਜ਼ੀ ਉੱਥੇ ਪ੍ਰਯੋਗ ਕਰੋ ਜਿੱਥੇ ਇਹ ਪੂਰਨ ਰੂਪ ਵਿੱਚ ਸੰਭਵ ਤੇ ਅਨੁਕੂਲ ਹੈ। ਇਹ ਕਾਲਜਾਂ, ਯੂਨੀਵਰਸਿਟੀਆਂ ਦੇ ਪਾਠਕ੍ਰਮਾਂ ਵਿੱਚ, ਸਭ ਪ੍ਰਕਾਰ ਦੇ ਦਫ਼ਤਰਾਂ ਵਿੱਚ, ਦੇਸ਼ ਦੀ ਸੰਸਦ ਵਿੱਚ, ਸਭ ਪ੍ਰਕਾਰ ਦੇ ਸਿਫ਼ਾਰਤਖਾਨਿਆਂ ਵਿੱਚ, ਹਵਾਈ ਅੱਡਿਆਂ 'ਤੇ, ਬੰਦਰਗਾਹਾਂ 'ਤੇ, ਦੱਖਣੀ ਭਾਰਤ ਵਿੱਚ ਆਮ ਥਾਵਾਂ 'ਤੇ, ਇਨ੍ਹਾਂ ਸਭ ਥਾਵਾਂ ਬਾਰੇ ਕੋਈ ਪੁਸਤਕ ਲਿਖਣ ਲਈ, ਫ਼ੌਜ ਵਿੱਚ, ਹਵਾਈ ਫ਼ੌਜ ਵਿੱਚ, ਸਮੁੰਦਰੀ ਫ਼ੌਜ ਵਿੱਚ ਅੰਗਰੇਜ਼ੀ ਦੇ ਬੋਲ ਚਾਲ ਤੋਂ ਬਿਨ੍ਹਾਂ ਸਰਦਾ ਹੀ ਨਹੀਂ। ਅੰਤਰ ਰਾਸ਼ਟਰੀ ਮਾਹੌਲ ਵਿੱਚ ਵਿਚਰਣ ਲਈ ਅੰਗਰੇਜ਼ੀ ਨੂੰ ਸਾਂਝੀ ਭਾਸ਼ਾ (ਸਰਠੀਜਤ ਪਵਤਠਡਤ) ਦੇ ਤੌਰ 'ਤੇ ਵਰਤਣਾ ਤਾਂ ਹਰ ਮਨੁੱਖ ਦੀ ਜ਼ਰੂਰਤ ਹੈ ਹੀ।

ਇਸ ਪੁਸਤਕ ਵਿੱਚ ਲਈਆਂ ਗਈਆਂ ਬਹੁਤੀਆਂ ਕਹਾਣੀਆਂ ਸਰਲ ਭਾਸ਼ਾਵਾਂ ਵਿੱਚ ਹੁੰਦੀਆਂ ਹੋਈਆਂ ਯਥਾਰਥਵਾਦੀ ਤਰੀਕੇ ਨਾਲ਼ ਸਮਾਜ ਦੇ ਮਨੋਦ੍ਰਿਸ਼ ਦਾ ਚਿਤਰਣ ਕਰਦੀਆਂ ਹਨ। ਆਪਣੀ ਸੰਪਾਦਿਤ ਪੁਸਤਕ 'ਭਾਰਤੀ ਨਿੱਕੀ ਕਹਾਣੀ' ਵਿੱਚ ਈ. ਵੀ. ਰਾਮਾਕ੍ਰਿਸ਼ਨਨ ਲਿਖਦਾ ਹੈ, ''ਬਿਰਤਾਂਤ ਲਈ ਜ਼ਰੂਰੀ ਹੈ ਕਿ ਇਹ ਤੁਹਾਨੂੰ ਆਪਣੇ ਵਹਿਣ ਵਿੱਚ ਨਾਲ਼ ਖਿੱਚੀ ਜਾਏ ਤੇ ਆਪਣੇ ਵਿਸਥਾਰ ਰਾਹੀਂ ਤੁਹਾਨੂੰ ਆਪਣੇ ਕਾਲਪਨਿਕ ਸੰਸਾਰ ਵਿੱਚ ਦਾਖਲ ਹੋਣ ਦੇਵੇ। ਜਿਸ ਢੰਗ ਨਾਲ਼ ਛੋਟੇ ਛੋਟੇ ਵਿਸਥਾਰ ਇੱਕ ਅਨੁਭਵ ਕੀਤਾ ਗੁਣ ਸਿਰਜਦੇ ਹਨ, ਨਿੱਕੀ ਕਹਾਣੀ ਵਿੱਚ ਇਸੇ ਨਾਲ਼ ਹੀ ਸਾਰਾ ਫਰਕ ਪੈਂਦਾ ਹੈ। ਨਿਤਪ੍ਰਤਿ ਸੰਸਾਰ ਦਾ ਅਣਸੰਵਰਿਆ ਰੂਪ ਮੈਨੂੰ ਸਾਹਿਤ ਦੇ ਉਦਾਤ ਰੂਪ ਦੀ ਰੂਪਗਤ ਪਰਿਪੂਰਨਤਾ ਨਾਲ਼ੋਂ ਵਧੇਰੇ ਚੰਗਾ ਲਗਦਾ ਹੈ।'' (ਅਨੁਵਾਦਕ ਗੁਰਬਖਸ਼ ਸਿੰਘ ਫਰੈਂਕ) ਜਿੱਥੋਂ ਤੱਕ ਵਰਤੋਂ ਦਾ ਸਵਾਲ ਹੈ, ਮੈਂ ਸਮਝਦਾ ਹਾਂ, ਪ੍ਰਤੀਕਾਂ ਦੀ ਬਹੁਤਾਤ ਕਈ ਵਾਰ ਕਹਾਣੀ ਨੂੰ ਬੋਝਲ ਬਣਾ ਦਿੰਦੀ ਹੈ। ਇਹ ਪ੍ਰਤੀਕ ਅਕਸਰ ਆਮ ਪਾਠਕਾਂ ਦੀ ਪਕੜ ਵਿੱਚ ਤਾਂ ਆਉਂਦੇ ਹੀ ਨਹੀਂ। ਇੱਥੋਂ ਤੱਕ ਕਿ ਕਈ ਵਾਰ ਪੜ੍ਹਿਆ ਲਿਖਿਆ ਸੂਝਵਾਨ ਪਾਠਕ ਵੀ ਇਨ੍ਹਾਂ ਬੋਝਲ ਪ੍ਰਤੀਕਾਂ ਨੂੰ ਬਹੁਤਾ ਚੰਗੀ ਤਰ੍ਹਾਂ ਨਹੀਂ ਸਮਝਦਾ। ਮੈਂ ਕਹਾਣੀਕਾਰ ਵਰਿਆਮ ਸੰਧੂ ਦੇ ਪ੍ਰਤੀਕਾਤਮਕ ਕਹਾਣੀ ਬਾਰੇ ਨਿਮਨਲਿਖਤ ਵਿਚਾਰਾਂ ਨਾਲ਼ ਸਹਿਮਤ ਹਾਂ:-

''ਏਧਰ ਕੁਝ ਚਿਰ ਤੋਂ ਪੰਜਾਬੀ ਕਹਾਣੀ ਵਿੱਚ ਪ੍ਰਤੀਕਾਂ ਜਾਂ ਸੰਕੇਤਾਂ ਦੀ ਭਰਮਾਰ ਵਧੀ ਹੈ। ਬੋਲੀ ਅਸਲੋਂ ਹੀ ਕਵਿਤਾ ਵਰਗੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪ੍ਰਤੀਕਾਂ ਜਾਂ ਸੰਕੇਤਾਂ ਨੇ ਜਿੱਥੇ ਭਾਸ਼ਾ ਵਿੱਚ ਅਰਥਾਂ ਦੀ ਗਹਿਰਾਈ ਤੇ ਸੂਖਮਤਾ

ਲਿਆਂਦੀ ਹੈ, ਉੱਥੇ ਇਨ੍ਹਾਂ ਪ੍ਰਤੀ ਬੇਲੋੜੇ ਮੋਹ ਤੇ ਉਲਾਰ ਨੇ ਅਸਪੱਸ਼ਟਤਾ ਅਤੇ ਅਣ-ਲੋੜੀਂਦੀ ਕਾਵਿਕਤਾ ਦਾ ਭਾਰ ਵੀ ਪਾਇਆ ਹੈ। ਜਿੱਥੇ ਇਹ ਭਾਰ ਵਧ ਗਿਆ ਉੱਥੇ ਹੀ ਵਿਚਾਰੀ ਕਹਾਣੀ ਦਾ ਲੱਕ ਟੁੱਟ ਗਿਆ। ਬਿੰਬ, ਪ੍ਰਤੀਕ ਜਾਂ ਕਾਵਿਕ ਭਾਸ਼ਾ ਗਲਪ ਦੀ ਭਾਸ਼ਾ ਦਾ ਅੰਗ ਬਣ ਕੇ ਪ੍ਰਯੋਗ ਨਾ ਹੋਣ ਕਰਕੇ ਅਜਿਹੀਆਂ ਕਹਾਣੀਆਂ ਬਾਰੇ 'ਸਮਝ ਨਾ ਆਉਣ' ਦੀ ਆਮ ਸ਼ਿਕਾਇਤ ਹੈ। ਬਹੁਤੀ ਵਾਰੀ ਅਜਿਹੀਆਂ ਕਹਾਣੀਆਂ ਜ਼ਿੰਦਗੀ ਦਾ ਕੋਈ ਧੜਕਦਾ ਟੁਕੜਾ ਹੋਣ ਦੀ ਥਾਂ ਸ਼ਾਬਦਿਕ ਪਰਪੰਚ ਤੇ ਚਲਾਕੀਆਂ ਹੁੰਦੀਆਂ ਹਨ। ਇਸ ਪਰਪੰਚ ਦੇ ਉਹਲੇ ਵਿੱਚ ਲੇਖਕ ਵਲੋਂ ਆਪਣੀ ਸੀਮਾ ਕਰਕੇ ਜ਼ਿੰਦਗੀ ਦੇ ਸੱਚ ਨੂੰ ਨੰਗੇ ਰੂਪ ਵਿੱਚ ਦਰਸ਼ਨ ਕਰਵਾਉਣ ਦੀ ਥਾਂ ਉਹਦੇ ਤੇ ਪਰਦਾ ਪਾਇਆ ਜਾਂਦਾ ਹੈ...ਤੇ ਅਸੀਂ ਜਾਣਦੇ ਹਾਂ ਅੱਜ ਪਰਦੇ ਦਾ ਸਮਾਂ ਨਹੀਂ...ਘੁੰਡ ਚੁੱਕ ਕੇ ਤੁਰਨ ਦੀ ਲੋੜ ਹੈ। ਨਹੀਂ ਤਾਂ, ਹੋ ਸਕਦਾ ਹੈ, ਵਿਚਾਰੀ ਕਹਾਣੀ ਸੜਕ ਤੇ ਅੰਨ੍ਹੇਵਾਹ ਗੁਜ਼ਰਦੇ ਫ਼ੌਜੀ ਟਰੱਕ ਦੇ ਹਾਦਸੇ ਦਾ ਸ਼ਿਕਾਰ ਹੋ ਜਾਵੇ।''

'ਦ ਆਲਕੈਮਿਸਟ' ਦੇ ਲੇਖਕ ਪਾਓਲੋ ਦੇ ਲਿਖਣ ਅਨੁਸਾਰ ਹਰ ਆਮ ਇਨਸਾਨ ਦੀ ਜ਼ਿੰਦਗੀ ਦੀ ਕਹਾਣੀ ਵੀ ਆਮ ਤੋਂ ਵੱਖਰੀ ਤੇ ਸ਼ਾਨਦਾਰ ਬਣ ਸਕਦੀ ਹੈ ਜੇਕਰ ਉਸ ਦੇ ਮਨ ਵਿਚ ਕੁਝ ਕਰਨ ਦੀ ਚਾਹ ਹੈ। ਇਹ ਕੁਝ ਕਰਨ ਦੀ ਚਾਹ ਲਿਖਾਰੀਆਂ ਵਿਚ ਹੁੰਦੀ ਹੀ ਏ। ਵੈਸੇ ਇਸ ਪੁਸਤਕ ਵਿੱਚ ਲਏ ਗਏ ਸਾਰੇ ਕਹਾਣੀਕਾਰਾਂ ਨੇ ਆਪਣੀਆਂ ਕ੍ਰਿਤਾਂ ਦੇ ਮੂਹਰੇ ਆਪਣੇ ਆਪ ਬਾਰੇ ਜਾਣਕਾਰੀ ਦੇ ਹੀ ਦਿੱਤੀ ਹੈ। ਮੈਂ ਵੀ ਇਨ੍ਹਾਂ ਦੀਆਂ ਕਹਾਣੀਆਂ ਦੀ ਤਾਸੀਰ ਬਾਰੇ ਚੰਦ ਸ਼ਬਦ ਕਹਿ ਹੀ ਦਿਆਂ। ਜਸਬੀਰ ਸਿੰਘ ਆਹਲੂਵਾਲੀਆ ਨਾਟਕ ਪੇਸ਼ਕਾਰੀ ਅਤੇ ਨਿਰਦੇਸ਼ਨ ਵਿਚ ਸ਼ੁਰੂ ਤੋਂ ਹੀ ਵੱਧ ਹਿੱਸਾ ਲੈਂਦੇ ਰਹੇ ਹਨ। ਇਨ੍ਹਾਂ ਦੀਆਂ ਕਹਾਣੀਆਂ ਵਿਚ ਵੀ ਨਾਟਕੀ ਅੰਦਾਜ਼ ਅਕਸਰ ਦੇਖਣ ਨੂੰ ਮਿਲ ਜਾਂਦੇ ਹਨ। ਯਥਾਰਥਵਾਦੀ ਚਿਤਰਣ ਦੇ ਨਾਲ ਨਾਲ ਮਨੋਵਿਗਿਆਨਕ ਝਲਕਾਰੇ ਵੀ ਦੇਖਣ ਨੂੰ ਆਮ ਮਿਲ ਜਾਂਦੇ ਹਨ। ਨਿਰਮਲ ਕੰਧਾਲਵੀ ਪੰਜਾਬੀ ਦੀ ਪੋਸਟ ਗ੍ਰੈਜੂਏਸ਼ਨ ਕਰਦੇ ਕਰਦੇ ਲੰਬਾ ਸਮਾਂ ਪਹਿਲਾਂ ਇੰਗਲੈਂਡ ਨੂੰ ਚਲੇ ਗਏ ਸਨ। ''ਇੰਗਲੈਂਡ ਦੀਆਂ ਰੰਗੀਨੀਆਂ ਦੇ ਜੋ ਸੁਪਨੇ ਸੰਜੋਏ ਸਨ ਉਹ ਤਾਂ ਕਿਧਰੇ ਛਾਈਂ ਮਾਈਂ ਹੋ ਗਏ ਤੇ ਵਾਹ ਪਿਆ ਉਥੋਂ ਦੀ ਅਸਲ ਜ਼ਿੰਦਗੀ ਨਾਲ।'' ਇੰਗਲੈਂਡ ਦੇ ਜੀਵਨ ਦੀਆਂ ਕੰਮਾਂ ਕਿੱਤਿਆਂ ਨਾਲ ਜੁੜੀਆਂ ਦੁਸ਼ਵਾਰੀਆਂ 'ਚੋਂ ਗੁਜ਼ਰਦੇ ਹੋਏ ਕੰਧਾਲਵੀ ਸਾਹਿਬ ਦੋ ਭਾਸ਼ੀਏ ਅਤੇ ਅਨੁਵਾਦਕ ਦਾ ਕੰਮ ਵੀ ਕਰਦੇ ਰਹੇ ਤੇ ਟੀ. ਵੀ. ਐਂਕਰ ਵੀ ਬਣ ਗਏ। 2018 ਵਿਚ ਜਦ ਮੈਂ ਇੰਗਲੈਂਡ ਦੀ ਫੇਰੀ ਲਗਾਈ ਸੀ ਉਦੋਂ ਕੰਧਾਲਵੀ ਸਾਹਿਬ ਨੇ ਟੀ. ਵੀ. ਦੇ ਅਕਾਲ ਚੈਨਲ ਤੇ ਮੇਰੀ ਵਿਸਥਾਰ ਪੂਰਵਕ ਇੰਟਰਵਿਊ ਵੀ ਲਈ ਸੀ। ਉਨ੍ਹਾਂ ਦੀਆਂ



ਕਹਾਣੀਆਂ ਸਮਾਜਕ ਬੁਰਾਈਆਂ ਤੇ ਮਾਨਸਿਕ ਗੁੰਝਲਾਂ ਦਾ ਖ਼ੂਬਸੂਰਤ ਚਿਤਰਣ ਕਰਦੀਆਂ ਹਨ। ਬਲਵੰਤ ਸਿੰਘ ਗਿੱਲ ਨੂੰ ਵਲਾਇਤ ਦੇ ਰੁਝੇਵਿਆਂ ਭਰੇ ਜੀਵਨ ਵਿਚ ਵਿਚਰਣ ਤੋਂ ਬਾਅਦ ਜਜ਼ਬਾਤੀ ਸਕੂਨ (ਡ਼ਤਖਹਤਵਦਰਦ) ਉਦੋਂ ਪ੍ਰਾਪਤ ਹੋਇਆ ਜਦ ਉਸਨੇ ਆਪਣੇ ਤਜਰਬਿਆਂ, ਮਨੋਦ੍ਰਿਸ਼ਾਂ ਤੇ ਮੰਥਨਾਂ ਨੂੰ ਮਿਆਰੀ ਕਹਾਣੀਆਂ ਦੇ ਰੂਪ ਵਿਚ ਪਾਠਕਾਂ ਦੇ ਮੂਹਰੇ ਪਰੋਸਿਆ। ਉਸ ਦੀਆਂ ਕ੍ਰਿਤਾਂ ਦੇ ਵਿਸ਼ੇ ਪਰਵਾਸੀ ਪੰਜਾਬੀ ਜੀਵਨ ਦੀਆਂ ਪਰਤਾਂ ਨੂੰ ਤਾਂ ਫਰੋਲਦੇ ਹੀ ਹਨ, ਇਸ ਦੇ ਨਾਲ ਨਾਲ ਉਹ ਪਰਵਾਸੀ ਭਾਰਤੀ ਜੀਵਨ ਦੀ ਤੁਲਨਾਤਮਕ ਕਸੌਟੀ ਤੇ ਵੀ ਖਰੇ ਉਤਰਦੇ ਹਨ। ਜਸਵਿੰਦਰ ਰੱਤੀਆਂ ਦਾ ਸਾਹਿਤਕ ਜੀਵਨ ਸੋਹਨ ਸਿੰਘ ਸੀਤਲ ਦੇ ਨਾਵਲ 'ਤੂਤਾਂ ਵਾਲਾ ਖੂਹ' ਦੇ ਪੜ੍ਹਨ ਤੋਂ ਬਾਅਦ ਸ਼ੁਰੂ ਹੋਇਆ। ਉਸ ਦੀਆਂ ਕਹਾਣੀਆਂ ਦੇ ਵਿਸ਼ੇ ਪੰਜਾਬ ਦੀਆਂ ਸਮਾਜਕ ਤੇ ਰਾਜਨੀਤਕ ਸਮੱਸਿਆਵਾਂ, ਪਰਵਾਸ ਦੇ ਕਾਰਨ ਅਤੇ ਪਰਵਾਸੀਆਂ ਦੀਆਂ ਸਮੱਸਿਆਵਾਂ, ਔਰਤ-ਮਰਦ ਦੇ ਸਬੰਧਾਂ ਵਿਚ ਬਦਲਦੀਆਂ ਪ੍ਰਸਥਿਤੀਆਂ ਅਤੇ ਵਿਦੇਸ਼ੀ ਤੇ ਭਾਰਤੀ ਜੀਵਨ ਸ਼ੈਲੀ ਦੇ ਅੰਤਰ ਨਾਲ ਸਬੰਧ ਰੱਖਦੀਆਂ ਹਨ। ਮੈਂ 1980-81 ਵਿਚ ਅੰਗਰੇਜ਼ੀ ਵਿਚ ਕਹਾਣੀ ਲਿਖਣੀ ਸ਼ੁਰੂ ਕੀਤੀ ਸੀ। ਮੇਰੇ ਤੇ ਓ. ਹੈਨਰੀ, ਐਂਟਨ ਚੈਖੋਵ, ਮੁਪਾਸਾਂ, ਮੌਮ, ਸੰਤੋਖ ਸਿੰਘ ਧੀਰ, ਕੁਲਵੰਤ ਸਿੰਘ ਵਿਰਕ, ਮੁਣਸ਼ੀ ਪ੍ਰੇਮਚੰਦ, ਮੰਟੋ ਆਦਿ ਦਾ ਪ੍ਰਭਾਵ ਆਮ ਹੋਇਆ ਕਰਦਾ ਸੀ। ਅੰਗਰੇਜ਼ੀ ਟ੍ਰਿਬਿਊਨ ਨੇ ਮੇਰੀਆਂ ਕਹਾਣੀਆਂ ਨੂੰ 1988 ਵਿਚ 'ਜੀਵਨ ਦਾ ਦਰਪਣ' (।ਰਵਵਥਵ ਥਪ ਸਰਪਗ) ਕਿਹਾ ਸੀ। ਅਖ਼ਬਾਰ ਦਾ ਮੇਰੇ ਬਾਰੇ ਇੰਜ ਕਹਿਣਾ ਠੀਕ ਹੀ ਸੀ। ਮੈਂ ਧਰਤੀ ਤੇ ਚਲਣ ਵਾਲਾ ਵੀ ਹਾਂ ਤੇ ਕਦੀ ਕਦੀ ਮਨੋਵਿਗਿਆਨਕ ਤਹਿਆਂ ਤਕ ਜਾਣ ਦੀ ਕੋਸ਼ਿਸ਼ ਵੀ ਕਰਦਾ ਹਾਂ। ਮੈਂ ਆਸਟਰੇਲੀਆ ਦੇ ਵਿਦਿਅਕ ਢਾਂਚੇ ਨਾਲ ਸਾਂਝ ਪਾਉਣ ਦੇ ਯੋਗ ਵੀ ਹੋ ਗਿਆ ਸਾਂ ਕਿਉਂਕਿ ਮੈਂ ਨਿਊ ਸਾਊਥ ਵੇਲਜ਼ ਤੋਂ ਐਜੂਕੇਸ਼ਨ ਦੇ ਖੇਤਰ ਵਿਚ ਡਿਪਲੋਮਾ ਕਰ ਲਿਆ ਸੀ। ਫਿਰ ਮੈਂ ਸੱਤ ਸਾਲ ਸਿਡਨੀ ਦੇ ਦੋ ਕਾਲਜਾਂ ਵਿਚ ਕਾਰਜਕਾਰੀ ਅਧਿਆਪਕ ਦੇ ਤੌਰ 'ਤੇ ਅੰਗ੍ਰੇਜ਼ੀ ਅਤੇ ਇਤਿਹਾਸ ਵੀ ਪੜ੍ਹਾਉਂਦਾ ਰਿਹਾ

ਸਾਂ। ਮੇਰੀਆਂ ਕ੍ਰਿਤਾਂ ਵਿਚ ਆਸਟਰੇਲੀਆ ਦੇ ਵਿਦਿਅਕ ਢਾਂਚੇ ਦੀ ਝਲਕ ਵੀ ਹੁੰਦੀ ਏ।

ਇਸ ਪੁਸਤਕ ਵਿੱਚ ਲਏ ਗਏ ਮੇਰੇ ਸਮੇਤ ਪੰਜ ਕਹਾਣੀਕਾਰ ਦੋ ਪ੍ਰਕਾਰ ਦੇ ਸਮਾਜ ਵਿੱਚੋਂ ਵਿਚਰ ਕੇ ਐਸੀ ਥਾਂ ਜਾ ਕੇ ਸੈੱਟ ਹੋਏ ਹਨ ਜਿੱਥੇ 80-90 ਫੀਸਦੀ ਅੰਗਰੇਜ਼ੀ ਦਾ ਬੋਲਬਾਲਾ ਹੈ। ਇਹ ਕਹਾਣੀਕਾਰ ਪਰੰਪਰਾਗਤ ਪੜ੍ਹਾਈ ਵਿੱਚ ਵੀ ਪੂਰੇ ਹਨ। ਇਨ੍ਹਾਂ ਨੇ ਵਿਰਾਸਤ ਅਤੇ ਚੌਗਿਰਦੇ ਦੇ ਅਸਰ ਵੀ ਪੂਰੇ ਹੰਢਾਏ ਹਨ। ਪਾਠਕ ਲੇਖਕ ਤੋਂ ਵੱਧ ਸਿਆਣਾ ਹੁੰਦਾ ਹੈ। ਮੈਂ ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ

ਪਾਠਕਾਂ ਮੂਹਰੇ ਪਰੋਸਦਾ ਅਤਿਅੰਤ ਖ਼ੁਸ਼ੀ ਮਹਿਸੂਸ ਕਰ ਰਿਹਾ ਹਾਂ। ਪਾਠਕ ਆਪਣੇ ਪ੍ਰਭਾਵ ਇਨ੍ਹਾਂ ਲੇਖਕਾਂ ਨੂੰ ਵੀ ਭੇਜ ਸਕਦੇ ਹਨ। ਇਨ੍ਹਾਂ ਦੇ ਈਮੇਲ ਇਨ੍ਹਾਂ ਦੇ ਜੀਵਨ ਬਿਰਤਾਂਤ ਹੇਠ ਦਿੱਤੇ ਗਏ ਹਨ। ਚਾਹੁਣ ਤਾਂ ਉਹ ਇਹ ਫੀਡਬੈਕ ਮੈਨੂੰ ਵੀ ਈਮੇਲ ਕਰ ਸਕਦੇ ਹਨ।

ਮੇਰੇ ਦੁਆਰਾ ਸੰਪਾਦਿਤ ਇਸ ਪੁਸਤਕ ਨੂੰ ਪ੍ਰੋਤਸਾਹਨ ਦੇਣ ਹਿੱਤ ਡਾ. ਹਰਭਜਨ ਸਿੰਘ ਭਾਟੀਆ, ਡਾ. ਤਜਿੰਦਰ ਕੌਰ ਅਤੇ ਦੀਪ ਦਵਿੰਦਰ ਸਿੰਘ ਨੇ ਆਪਣੇ ਬਹੁਮੁੱਲੇ ਵਿਚਾਰ ਭੇਜ ਕੇ ਮੇਰੀ ਹੌਂਸਲਾ ਅਫਜ਼ਾਈ ਕੀਤੀ ਹੈ। ਮੈਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰਕਾਸ਼ਨ ਵਿਭਾਗ ਵਿਚੋਂ ਰਿਟਾਇਰ ਹੋਣ ਉਪਰੰਤ ਇਥੇ ਪੁੱਜੇ ਸੁਖਵਿੰਦਰ ਸਿੰਘ ਨਰੂਲਾ ਦਾ ਧੰਨਵਾਦ ਜਿਨ੍ਹਾਂ ਨੇ ਮੇਰੀ ਇਸ ਪੁਸਤਕ ਦੇ ਪ੍ਰਕਾਸ਼ਨ ਦਾ ਕੰਮ ਨੇਪੜੇ ਚਾੜ੍ਹਿਆ। ਆਜ਼ਾਦ ਬੁੱਕ ਡਿਪੋ ਅੰਮ੍ਰਿਤਸਰ ਦਾ ਵਿਸ਼ੇਸ਼ ਤੌਰ 'ਤੇ ਰਿਣੀ ਹਾਂ ਜਿਨ੍ਹਾਂ ਨੇ ਇਸ ਕ੍ਰਿਤ ਨੂੰ ਖ਼ੂਬਸੂਰਤ ਬਣਾ ਕੇ ਪਾਠਕਾਂ ਦੇ ਰੂਬਰੂ ਕੀਤਾ।

ਮਜੌਦਾ ਪੁਸਤਕ ਵਿਚ ਮੇਰੀਆਂ ਵੀਹ ਕਹਾਣੀਆਂ ਹਨ। ਅੱਧੀ ਤੋਂ ਵੱਧ ਪੁਸਤਕ ਪਰਵਾਸੀ ਜੀਵਨ ਦਾ ਕਿਸੇ ਨਾ ਕਿਸੇ ਰੂਪ ਵਿਚ ਚਿਤਰਣ ਹੈ। ਪੁਸਤਕ ਦਾ ਨਾਮਕਰਣ ਵੀ ਐਸੀ ਕਹਾਣੀ ਦੇ ਸਿਰਲੇਖ ਨਾਲ ਕੀਤਾ ਗਿਆ ਹੈ ਜਿਸ ਵਿਚ ਕਹਾਣੀ ਦੀ ਮੁੱਖ ਪਾਤਰ ਰਿੰਪੀ ਆਪਣੇ ਅਸਟਰੇਲੀਆਂ ਵਿਚ ਵਿਆਹ ਦੇ ਅਸਫਲ ਹੋ ਜਾਣ ਤੋਂ ਬਾਦ ਪੰਜਾਬ ਤੋਂ ਹੋਰ ਮੁੰਡੇ ਜਾਅਲੀ ਵਿਆਹ ਦੇ ਅਧਾਰ ਤੇ ਬਾਹਰ ਲਿਜਾਉਣ ਦਾ ਕਿੱਤਾ ਕਰਨ ਲੱਗ ਪੈਂਦੀ ਹੈ। ਸਮਾਜਕ ਕਦਰਾਂ ਕੀਮਤਾਂ ਛਿੱਕੇ ਟੰਗ ਦਿੱਤੀਆਂ ਜਾਂਦੀਆਂ ਹਨ। ਉਹ ਮੰਗਵੇਂ ਦਾ ਨਿੱਘ ਮਾਨਣ ਲੱਗ ਪੈਨਦੀ ਹੈ। ਉਸਦੀ ਮਾਂ ਉਸਨੂੰ ਇਸ ਕੰ ਤੋਂ ਵਰਜਦੀ ਏ। 'ਵਿਚਾਰੇ ਅਬਦੁਲ ਤੇ ਅਮੈਂਡਾ' ਕਾਣੀ ਦਰਸਾਂਦੀ ਹੈ ਕਿ ਭਾਰਤੀ ਤੇ ਪੰਜਾਬੀ ਸਭਿਆਚਾਰ ਗੋਰੇ ਸਭਿਆਚਾਰ ਦੇ ਸੰਹੇ ਵਿਚ ਢਲਣੇ ਮੁਸ਼ਕਲ ਹਨ। 'ਸ਼ਾਦੀਸੁਦਾ ਛੜਾ' ਬਾਹਰ ਜਾਣ ਲਈ ਕੀਤੇ ਗਏ ਬਣਾਉਂਟੀ ਵਿਆਹ ਦੀ ਤਸਵੀਰ ਪੇਸ਼ ਕਰਦੀ ਹੈ। 'ਓਵਰਟਾਈਆ' ਵਿਚ ਕਹਾਣੀ ਦਾ ਮੁੱਖ ਪਾਤਰ ਬਾਹਰ ਦੇ ਜੀਵਨ ਵਿਚ ਪੈਸਿਆਂ ਦੀ ਦੌੜ ਭੱਜ ਵਿਚ ਆਪਣੀ ਨਵਵਿਆਹੀ ਪੰਜਾਬ ਤੋਂ ਲਿਆਂਦੀ ਪਤਨੀ ਖੋਹ ਬੈਠਦਾ ਹੈ। 'ਰੂਬਲ ਤੇਰੀ ਰੱਬ ਨੇ ਸੁਣ ਲਈ' ਵਿਚ ਇਕ ਰਿੰਗਲੈਂਡ ਵਿਚ ਦਸਿਆ ਪੁਰਾਣਾ ਪੰਜੱਬੀ ਟੱਬਰ ਪੰਜਾਬ ਵਿਚ ਆਪਣੀ ਜਾਇਦਾਦ ਨੂੰ ਆਪਣੇ ਸ਼ਰੀਕ ਤੋਂ ਅਜੀਬ ਤਰੀਕੇ ਨਾਲ ਛੁੱਡਵਾਂਦਾ ਹੈ। 'ਜੇ ਤਿੰਨ ਖੇਤ ਵੀ ਝਾਂਦੇ ਲੱਗੇ ਤਾਂ ' ਦਿੱਲੀ ਵਾਲੇ ਕਿਸਾਨ ਅੰਦੋਲਨ ਬਾਰੇ ਹੈ।

ਦੋ ਕੁ ਕਹਾਣੀਆਂ ਉਹਨਾਂ ਮਾਪਿਆਂ ਦੀ ਮਾਨਸਿਕ ਹਾਲਤ ਬਿਆਨ ਕਰਦੀਆਂ



ਹਨ। ਜਿਹੜੇ ਕਰੋਨਾ ਬਿਮਾਰੀ ਦੇ ਫੈਲਣ ਕਰਕੇ ਵਿਦੇਸ਼ ਵਿਚ ਆਪਣੇ ਬੱਚਿਆਂ ਨੂੰ ਮਿਲਣ ਆਏ ਉਥੇ ਲੰਮਾ ਸਮਾਂ ਰਹਿਣ ਲਈ ਮਜ਼ਬੂਰ ਹੋ ਜਾਂਦੇ ਹਨ। ਦੋ ਕੁ ਐਸੀਆਂ ਕਹਾਣੀਆਂ ਵੀ ਹਨ ਜਿਹੜੀਆਂ ਭਾਰਤ ਵਿਚ ਫੈਲੇ ਭ੍ਰਿਸ਼ਟਾਚਾਟ ਤੇਧੀਵੇਂ ਵਿਕਾਸ ਨੂੰ ਚਿਤਵਦੀਆਂ ਹਨ। ਮੁਫ਼ਤ ਰੇਲ ਸਫ਼ਰ ਤੇ ਪੈਨਸ਼ਨਰ ਪ੍ਰੀਤਮ ਸਿੰਘ ਉਹਨਾਂ ਸੇਵਾ ਮੁਕਤ ਭਾਰਤੀਆਂ ਬਾਰੇ ਹਨ। ਜਿਹੜੇ ਪੈਨਸ਼ਨ ਲੈਂਦੇ ਲੈਂਦੇ ਵੀ ਸਿਰੇ ਦੇ ਕੰਜੂਸ ਹਨ। ਬੁਢਾਪੇ ਵਿਚ ਮਨੁੱਖ ਦਾ ਪੈਸੇ ਨਾਲ ਪਿਆਰ ਵਧਦਾ ਜਾਂਦਾ ਏ ਤੇ ਕਈ ਤਾਂ ਮਰਨ ਵੇਲੇ ਵੀ ਪਰੱਈਆ ਪਰੱਈਆਂਜਾ 'ਡਾਲਾ ਡਾਲਾ' ਕਹਿੰਦੇ ਹੀ ਪ੍ਰਾਣ ਤਿਆਗਦੇ ਹਨ। 'ਚਹੌਤਰ ਦਿਨ' ਘਟੀਆਂ ਤੇ ਵਧੀਆਂ ਭਾਰਤੀ ਸਿਆਂਸਤਦਾਨ ਦੀ ਤਸਵੀਰ ਪੇਸ਼ ਕਰਦੀ ਹੈ। ਬਹੁਤੀਆਂ ਰਚਨਾਵਾਂ ਯਥਾਰਥਵਾਦੀ ਹਨ। ਕਈ ਮਨੋਵਿਗਿਆਨਿਕ ਵੀ ਹਨ। ਪੁਸਤਕ ਨੂੰ ਆਜ਼ਾਦ ਬੁੱਕ ਡਿਪੂ ਅੰਮ੍ਰਿਤਸਰ ਨੇ ਖ਼ੂਬਸੂਰਤ ਦਿੱਖ ਪ੍ਰਦਾਨ ਕਰਕੇ ਪਾਠਕਾਂ ਮੂਹਰੇ ਪਰੋਸਿਆ ਹੈ। ਇਸ ਕਾਰਜ ਲਈ ਮੈਂ ਪ੍ਰਕਾਸ਼ਨ ਦਾ ਤਹਿ ਦਿਲੋਂ ਧੰਨਵਾਦੀ ਹਾਂ।

**ਪਾਠਕਾਂ ਦੇ ਹੁੰਗਾਰੇ ਦਾ ਉਡੀਕਵਾਨ**

**ਅਵਤਾਰ ਐਸ. ਸੰਘਾ (ਸਿਡਨੀ)**
***sangha_avtar@hotmail.com***

# ਮੇਰੇ ਆਪਣੇ ਬਾਰੇ

ਮੈਂ ਅਮੀਰ ਜੰਮਿਆ, ਗ਼ਰੀਬ ਜਵਾਨ ਹੋਇਆ ਤੇ ਹੁਣ ਅਮੀਰੀ ਅਤੇ ਸਵੈਨਿਰਭਰਤਾ 'ਚ ਬੁਢਾਪੇ ਵਲ ਨੂੰ ਵੱਧ ਰਿਹਾ ਹਾਂ। 69 ਸਾਲ ਦਾ ਹੋ ਗਿਆ ਹਾਂ। ਮੈਂ ਆਰਥਿਕ ਅਮੀਰੀ ਗ਼ਰੀਬੀ ਦੀ ਗੱਲ ਕੀਤੀ ਹੈ ਨਾ ਕਿ ਵਿਚਾਰਾਂ ਦੀ ਅਮੀਰੀ ਗ਼ਰੀਬੀ ਦੀ। ਜਦ ਮੇਰਾ ਜਨਮ ਹੋਇਆ ਤਾਂ ਸਾਡਾ ਪਰਿਵਾਰ ਸਾਂਝਾ ਪਰਿਵਾਰ ਸੀ। ਜ਼ਮੀਨ ਤਕਰੀਬਨ 26 ਏਕੜ। ਪਿੰਡ ਦਾ ਨਾਮ ਚਾਹਲਪੁਰ ਜਿਹੜਾ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੀ ਤਹਿਸੀਲ ਗੜ੍ਹਸ਼ੰਕਰ ਵਿਚ ਪੈਂਦਾ ਹੈ। ਸਾਂਝੀ ਖੇਤੀ। 10-10 ਖੇਤ ਗੰਨੇ ਦੇ ਹੋਣੇ। 15 ਏਕੜ ਕਣਕ ਹੋਣੀ। ਇਵੇਂ ਹੀ ਝੋਨਾ ਜਿਸ ਵਿੱਚ ਅੱਧੀ ਬਾਸਮਤੀ। ਕਣਕ ਵੱਢਣ ਲਈ ਕਦੀ ਕਦੀ ਬਾਪ ਦੇ ਨਾਨਕੇ ਪਿੰਡ ਭੱਜਲ (ਤਹਿਸੀਲ ਗੜ੍ਹਸ਼ੰਕਰ ਵਿੱਚ ਢਾਡੀ ਅਮਰ ਸਿੰਘ ਸ਼ੌਂਕੀ ਦਾ ਪਿੰਡ) ਤੋਂ ਅੱਧਾਂ ਪਿੰਡ ਆਹਬਤ ਤੇ ਆਉਣਾ, ਸਭ ਨੂੰ ਥਿੰਦਾ ਪਾਉਣਾ ਤੇ ਵੱਢਣ ਨੂੰ ਕਈ ਕਈ ਦਿਨ ਲੱਗ ਜਾਣੇ। ਬਾਬਾ ਪਿੰਡ ਦਾ ਮੁਹਤਬਰ ਸੀ ਤੇ ਖਜ਼ਾਨਚੀ ਸੀ। ਪਿਓ ਦੇ ਚਾਚੇ ਤੇ ਇਕ ਤਾਇਆ ਲੰਬੇ ਕੱਦ ਵਾਲੇ ਤੇ ਸਡੌਲ ਸਰੀਰਾਂ ਵਾਲੇ, ਚੌਹਾਂ ਨੇ ਇੱਕ ਸਾਨ੍ਹ ਕੁੱਟ-ਕੁੱਟ ਕੇ ਮਾਰ ਦਿੱਤਾ ਕਿਉਂਕਿ ਉਹ ਅਕਸਰ ਫ਼ਸਲ ਉਜਾੜਦਾ ਸੀ। ਸੰਨ 47 ਦੇ ਕਰੀਬ ਇਹ ਮੁਕੱਦਮਾ ਚੱਲਿਆ ਕਿਉਂਕਿ ਸਾਨ੍ਹ ਸਰਕਾਰੀ ਪਸ਼ੂ ਹੁੰਦਾ ਹੈ। ਚੌਹਾਂ ਭਰਾਵਾਂ ਨੇ ਪੈਦਲ ਤੁਰ ਕੇ ਹੁਸ਼ਿਆਰਪੁਰ ਤਰੀਖਾਂ ਭੁਗਤਣ ਜਾਣਾ। ਆਖਰ ਅੰਤ ਵਿਚ ਬਰੀ ਹੋ ਗਏ।

ਸੱਠਵਿਆਂ ਵਿੱਚ ਖੇਤੀ ਪੁਰਾਣੀ ਕਿਸਮ ਦੀ ਹੁੰਦੀ ਸੀ। ਉਦੋਂ ਅਸੀਂ ਫਲ੍ਹਿਆਂ ਨਾਲ ਕਣਕ ਗਾਹੀ, ਹਲਟ ਹੱਕੇ, ਖੇਤਾਂ ਵਿੱਚ ਨੱਕੇ ਮੋੜੇ ਗੱਡਾ ਵਾਹਿਆ, ਝੋਨੇ ਲਈ ਖੇਤ ਕੱਦੂ ਕੀਤੇ, ਮੱਕੀ ਤੇ ਚਰ੍ਹੀ ਵੱਢੀ, ਟੋਕਾ ਮਸ਼ੀਨ ਤੇ ਪਸ਼ੂਆਂ ਦੇ ਪੱਠੇ ਕੁਤਰਨੇ, ਬਰਸੀਮ, ਸ਼ਟਾਲਾ ਵੱਢੇ, ਹਲ ਵਾਹਿਆ, ਸੁਹਾਗਾ ਦਿੱਤਾ, ਮੱਕੀ ਵੱਢ ਕੇ ਕੁੱਟੀ, ਟੰਢਿਆਂ ਦੇ ਮੁਹਾਰੇ ਲਗਾਏ, ਪਰਾਲੀ ਦੇ ਕੁੰਨੂ ਲਗਾਏ, ਚੁੱਬੇ ਝੋਕੇ, ਗੁੜ੍ਹ ਸ਼ੱਕਰ ਹੱਥੀਂ ਬਣਾਏ ਤੇ ਹੋਰ ਸਾਰੇ ਖੇਤੀ ਦੇ ਕੰਮ ਕੀਤੇ। ਉਦੋਂ ਤੱਕ ਪਰਿਵਾਰ ਵੰਡ ਹੋ ਗਿਆ ਸੀ। 70 ਖਾਨਿਆਂ ਦੀ ਹਵੇਲੀ ਟੁਕੜੇ-ਟੁਕੜੇ ਹੋ ਗਈ। ਘਰ ਵੀ ਅਲੱਗ ਅਲੱਗ ਹੋ ਗਏ। ਸਭ ਤੋਂ ਮਾੜੀ ਗੱਲ ਇਹ ਹੋਈ ਕਿ ਸਾਰੇ ਮੁਰੱਬੇ ਵਿਚੋਂ ਅੱਧਾ ਮੁਰੱਬਾ ਬਾਬੇ ਦੇ ਛੜੇ ਭਰਾ ਨੇ ਲੈ ਲਿਆ ਤੇ ਇਕ ਚਾਚੇ (ਜੋ ਜਵਾਨ ਅਵਸਥਾ ਵਿੱਚ ਮਰ ਗਿਆ ਸੀ) ਦੇ ਦੋ ਮੁੰਡਿਆਂ ਨੂੰ ਦੇ ਦਿੱਤਾ। ਇਹ ਦੋ ਲੜਕੇ ਚੌਥਾ ਹਿੱਸਾ ਅਸਲੀ ਬਾਬੇ ਪਾਸੋਂ ਵੀ ਲੈ ਗਏ। ਇਸ ਤੋਂ ਬਾਅਦ ਸਾਡੀ ਮਾੜੀ ਆਰਥਿਕਤਾ ਦਾ ਦੌਰ ਸ਼ੁਰੂ ਹੋਇਆ। ਪਿਓ ਨੇ ਤਿੰਨ ਧੀਆਂ ਵਿਆਹੀਆਂ ਦੋ ਪੁੱਤਾਂ ਨੂੰ ਮੈਟ੍ਰਿਕ ਕਰਵਾਈ। ਮੈਂ ਜਿੱਦ ਕਰਕੇ ਅੱਗੇ ਪੜ੍ਹਨ ਲਗ ਪਿਆ। ਮੈਂ ਬੀ. ਏ. ਆਨਰਜ਼ ਅੰਗਰੇਜ਼ੀ ਵਿੱਚ ਪੰਜਾਬ ਯੂਨੀਵਰਸਿਟੀ ਵਿਚੋਂ 1972 ਵਿਚ ਦੂਜੀ ਪੋਜੀਸ਼ਨ ਹਾਸਲ ਕੀਤੀ। ਫਿਰ ਯੂਨੀਵਰਸਿਟੀ ਕੈਂਪਸ ਚੰਡੀਗੜ੍ਹ ਐਮ.ਏ ਅੰਗਰੇਜ਼ੀ ਕੀਤੀ। ਡੀ.ਏ.ਵੀ ਕਾਲਜ ਚੰਡੀਗੜ੍ਹ 1976 ਵਿੱਚ ਮੈਂ ਅੰਗਰੇਜ਼ੀ ਦਾ ਲੈਕਚਰਾਰ ਲੱਗ ਗਿਆ। ਪੱਕਾ ਹੋਣ ਖਾਤਰ ਮੈਨੂੰ ਇਹ ਕਾਲਜ ਛੱਡ ਕੇ ਖ਼ਾਲਸਾ ਕਾਲਜ ਗੜ੍ਹਸ਼ੰਕਰ ਆਉਣਾ ਪਿਆ ਜਿੱਥੇ ਮੈਂ ਸੰਨ 2000 ਤਕ ਪੜ੍ਹਾਇਆ। 1988 ਵਿਚ ਮੈਂ ਅਮਰੀਕਨ ਨਾਵਲਕਾਰ ਥਾਮਸ ਪਿੰਚਨ (ਠਹੋਮਓਸ ਫੇਨਚਹੋਨ) ਦੇ ਨਾਵਲਾਂ ਤੇ ਪੀ.ਐਚ.ਡੀ. ਕਰ ਲਈ। ਮੇਰੇ ਐਮ. ਏ ਕਰਨ ਤੱਕ ਘਰ ਦਾ ਕਚੂੰਬਰ ਨਿਕਲ ਚੁੱਕਾ ਸੀ। ਬਾਪ ਬੁੱਢਾ ਹੋ ਚੁੱਕਾ ਸੀ ਕਿਉਂਕਿ ਮੈਂ ਸਭ ਤੋਂ ਛੋਟਿਆਂ ਵਿਚੋਂ ਸਾਂ। ਮੈਥੋਂ ਛੋਟੇ ਨੇ ਆਪਣਾ ਵਿਆਹ ਮੈਥੋਂ ਸੱਤ ਸਾਲ ਪਹਿਲਾ ਕਰਵਾ ਲਿਆ ਸੀ। ਮੈਂ 29 ਸਾਲ ਦਾ ਸਾਂ। ਠੀਕ ਰਿਸ਼ਤਾ ਲੱਭਣ 'ਚ ਸਮਾਂ ਲੱਗ ਗਿਆ ਸੀ।

ਮੇਰਾ ਅਸਲ ਪੁਨਰਜਨਮ ਉਦੋਂ ਹੋਇਆ ਜਦ ਮੇਰਾ 1983 ਵਿਚ ਵਿਆਹ ਹੋ ਗਿਆ। ਫਿਰ ਮੈਂ ਤਰੱਕੀ ਦੀ ਪੂਰੀ ਰਫ਼ਤਾਰ ਫੜ ਲਈ। ਮੇਰੀ ਘਰ ਵਾਲੀ ਵੀ ਐਮ.ਏ ਸੀ। ਉਸਨੇ 15 ਸਾਲ ਨਿੱਜੀ ਸਕੂਲ ਚਲਾਇਆ ਜਿਹਦੀ ਜ਼ਮੀਨ ਤੇ ਇਮਾਰਤ ਵੀ ਸਾਡੀ ਆਪਣੀ ਹੀ ਸੀ। 2000 ਵਿੱਚ ਮੈਨੂੰ ਤੇ ਮੇਰੇ ਪਰਿਵਾਰ (ਦੋ ਬੱਚੇ) ਨੂੰ ਆਸਟਰੇਲੀਆ ਨੇ ਉਧਰ ਬੈਠਿਆਂ ਨੂੰ ਹੀ ਪੱਕੀ ਰਿਹਾਇਸ਼ ਦੇ ਦਿੱਤੀ। ਇਸ ਪ੍ਰਕਾਰ ਸੰਨ 2000 ਵਿਚ ਅਸੀਂ ਸਿਡਨੀ ਆ ਗਏ। ਮੈਂ ਹੁਣ ਤੱਕ ਪੰਜ ਪੁਸਤਕਾਂ ਪੰਜਾਬੀ ਵਿੱਚ ਤੇ ਇੱਕ ਪੁਸਤਕ ਅੰਗਰੇਜ਼ੀ ਵਿੱਚ ਛਪਵਾ ਚੁੱਕਾ ਹਾਂ। ਹੱਥਲੀ ਪੁਸਤਕ ਦੀ ਸੰਪਾਦਨਾ ਕੀਤੀ ਹੈ। ਇਸ ਵਿਚ ਮੇਰੇ ਤੋਂ ਇਲਾਵਾ ਚਾਰ ਹੋਰ ਕਹਾਣੀਕਾਰ ਹਨ। ਆਸ ਕਰਦਾ ਹਾਂ ਕਹਾਣੀਆਂ ਤੇ ਕਹਾਣੀਕਾਰਾਂ ਦੀ ਚੋਣ ਪਾਠਕਾਂ ਨੂੰ ਪਸੰਦ ਆਵੇਗੀ।


**ਅਵਤਾਰ ਐਸ. ਸੰਘਾ**

**ਸਿਡਨੀ**

**Email : sangha_avtar@hotmail.com**

**ਫੋਨ : +61 0437641033**

# ਕੋਈ ਕਦ ਤੱਕ ਉਡੀਕੇ

ਮੇਰੇ ਵਿਦਿਆਰਥੀ ਯੋਗੇਸ਼ ਦਾ ਪਰਸੋਂ ਡੁਬਈ ਤੋਂ ਫਿਰ ਫੋਨ ਆ ਗਿਆ,"ਸਰ ਜੀ, ਹੁਣ ਤਾਂ ਚਾਰ ਮਹੀਨੇ ਹੋ ਗਏ। ਕੋਈ ਖਬਰ?"

"ਕੀ ਤੂੰ ਆਪਣੇ ਬਾਰੇ ਸਭ ਕੁੱਝ ਲਿਖ ਕੇ ਭੇਜ ਦਿੱਤਾ ਸੀ? ਕਿਤੇ ਕੁੱਝ ਰਹਿ ਤਾਂ ਨਹੀਂ ਗਿਆ ਸੀ? ਤੂੰ ਕਾਲਜ ਵਿੱਚ ਕਿਹੜੇ ਸੰਨ ਵਿੱਚ ਪੜ੍ਹਦਾ ਹੁੰਦਾ ਸੀ? ਦਿੱਲੀ ਦੀ ਗਣਤੰਤਰ ਦਿਵਸ ਪੈਰੇਡ ਵਿੱਚ ਕਿਹੜੇ ਸਾਲ ਹਿੱਸਾ ਲਿਆ ਸੀ?"

"ਸਰ, ਤੁਹਾਨੂੰ ਹੀ ਤਾਂ ਮੈਂ ਆਪਣੇ ਬਾਰੇ ਸਭ ਲਿਖ ਕੇ ਭੇਜਿਆ ਸੀ। ਤੁਸੀਂ ਮੈਨੂੰ ਇਹ ਵੀ ਦੱਸਿਆ ਕਿ ਤੁਸੀਂ ਮੇਰੀਆਂ ਸਾਰੀਆਂ ਡੀਟੇਲਜ਼ ਕਾਲਜ ਨੂੰ ਭੇਜ ਦਿੱਤੀਆਂ ਸਨ। ਤੁਸੀਂ ਹੀ ਉਦੋਂ ਮੈਨੂੰ ਦਿੱਲੀ ਭੇਜਿਆ ਸੀ।ਤੁਹਾਡੇ ਬਾਹਰ ਨੂੰ ਜਾਣ ਤੋਂ ਚਾਰ ਕੁ ਸਾਲ ਬਾਅਦ। ਤੁਸੀਂ ਐਨ.ਸੀ.ਸੀ. ਅਫਸਰ ਸੀ ਤੇ ਮੈਂ ਤੁਹਾਡੇ ਹੇਠ ਸਾਰਜੈਂਟ। ਤੁਸੀਂ 2000 ਵਿੱਚ ਸਿਡਨੀ ਨੂੰ ਚਲੇ ਗਏ ਸੀ। ਕਾਲਜ ਦਾ ਪ੍ਰਿੰਸੀਪਲ ਕਮੇਟੀ ਨਾਲ ਚੱਲ ਰਹੇ ਮੁਕੱਦਮਿਆਂ 'ਚ ਪਿਆ ਰਹਿੰਦਾ ਸੀ। ਸਾਲ ਕੁ ਬਾਅਦ ਉਹ ਸੇਵਾ ਮੁਕਤ ਵੀ ਹੋ ਗਿਆ ਸੀ। ਸਾਰੀ ਬਟਾਲੀਅਨ ਵਿੱਚੋਂ ਤਿੰਨ ਕੈਡਟ ਚੁਣ ਹੋਏ ਸਨ। ਇੱਕ ਮੈਂ ਤੇ ਦੋ ਹੋਰ ਫਗਵਾੜੇ ਦੇ। ਅਸੀਂ ਤਿੰਨੇ ਜਣੇ ਰੀਪਬਲਿਕ ਡੇਅ ਪਰੇਡ ਵਿੱਚ ਹਿੱਸਾ ਲੈਣ ਲਈ ਗਏ ਸਾਂ। ਪਹਿਲਾਂ ਰੀਹਰਸਲ ਹੋਈ ਸੀ ਤੇ ਫਿਰ ਪਰੇਡ। ਜਦ ਅਸੀਂ ਆਏ ਸਾਂ ਤੁਸੀਂ ਕਾਲਜ ਵਿੱਚ ਸਾਡੀ ਪ੍ਰਸੰਸਾ ਵਿੱਚ ਨੋਟਿਸ ਵੀ ਕਢਵਾਇਆ ਸੀ।ਜਦ ਦਾ 1969 ਦਾ ਕਾਲਜ ਖੁੱਲ੍ਹਿਆ ਏ ਸਿਰਫ਼ ਦੋ ਹੀ ਕੈਡਟ ਇਸ ਪਰੇਡ ਲਈ ਚੁਣੇ ਗਏ ਸਨ- ਦੀਪਕ 1981 ਦੇ ਬੈਚ ਦਾ ਤੇ ਮੈਂ 1999 ਦੇ ਬੈਚ ਦਾ। ਦੋਨੋ ਸਮੇਂ ਐਨ.ਸੀ.ਸੀ. ਅਫਸਰ ਤੁਸੀਂ ਹੀ ਸੀ। ਦੀਪਕ ਦਾ ਨਾਮ ਕਾਲਜ ਦੇ ਸਨਮਾਨ ਬੋਰਡ ਤੇ ਚੜ੍ਹਿਆ ਹੋਇਆ ਏ।"

"ਯੋਗੇਸ਼, ਉਹ ਤਾਂ ਮੈਂ ਹਿੰਮਤ ਕਰਕੇ ਉਸੇ ਸਮੇਂ ਚੜ੍ਹਵਾ ਦਿੱਤਾ ਸੀ। ਮਾਣ ਸਨਮਾਨ ਦਾ ਵੀ ਤਾਂ ਹੀ ਮਜ਼ਾ ਆਉਂਦਾ ਜੇ ਲੋਕਾਂ ਨੂੰ ਇਸਦਾ ਪਤਾ ਲੱਗੇ। ਨਾਮ ਜਨਤਕ ਹੋਣ ਤੇ ਸਨਮਾਨ ਪ੍ਰਾਪਤ ਕਰਨ ਵਾਲੇ ਦਾ ਸਿਰ ਤਾਂ ਉੱਚਾ ਹੁੰਦਾ ਹੀ ਏ, ਬਲਕਿ ਉਹਨਾ ਕੈਡਟਾਂ ਨੂੰ ਵੀ ਪ੍ਰੋਤਸਾਹਨ ਮਿਲਦਾ ਹੈ ਜੋ ਇਸ ਰਾਹ ਤੇ ਤੁਰਨ ਦੀ ਇੱਛਾ ਰੱਖਦੇ ਹੁੰਦੇ ਹਨ, ਦੇਖ ਲੈ, ਤੇਰਾ ਨਾਮ ਸਨਮਾਨ ਬੋਰਡ ਤੇ ਕਿਸੇ ਨੇ ਚਾੜ੍ਹਿਆ ਹੀ ਨਹੀਂ। 24 ਸਾਲ ਬੀਤ ਗਏ। ਮੈਂ ਸਿਡਨੀ ਨੂੰ ਆ ਗਿਆ ਦੋ ਪ੍ਰਿੰਸੀਪਲ ਵੀ ਆਪਣਾ ਕਾਰਜਕਾਲ ਪੂਰਾ ਕਰਕੇ ਚਲੇ ਗਏ। ਏਨਾ ਮਾੜਾ ਹਾਲ ਕਿ ਕਿਸੇ ਨੇ ਵੀ ਅਧੂਰੇ ਸਨਮਾਨ ਬੋਰਡ ਨੂੰ ਪੂਰਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ।"

"ਸਰ, ਬਾਦ ਵਿੱਚ ਪੜ੍ਹਾਈ ਵਿੱਚ ਦੋ ਤਿੰਨ ਵਿਦਿਆਰਥੀਆਂ ਨੇ ਵਿਲੱਖਣ ਪ੍ਰਾਪਤੀ ਕੀਤੀ ਸੀ। ਭਾਰ ਚੁੱਕਣ ਵਿੱਚ ਜਗਤ ਪੁਰੀਏ ਸੰਤੋਖ ਨੇ ਯੂਨੀਵਰਸਿਟੀ ਚੈਪੀਅਨਸ਼ਿਪ ਜਿੱਤੀ ਸੀ। ਇਹਨਾਂ ਦੇ ਨਾਮ ਵੀ ਕਿਸੇ ਨੇ ਬੋਰਡ ਤੇ ਦਰਜ ਨਹੀਂ ਕਰਵਾਏ। ਉਹ ਮੈਨੂੰ ਫੋਨ ਕਰਦੇ ਰਹਿੰਦੇ ਨੇ ਕਿ ਰਲ ਕੇ ਕੁੱਝ ਕਰੀਏ। ਅਸਾਂ 2 ਕੁ ਵਾਰ ਦਫ਼ਤਰ ਸੁਪਰਡੰਟ ਨੂੰ ਕਹਿ ਦਿੱਤਾ ਤੇ ਉਸਨੇ ਸਾਹਿਬ ਦੇ ਕੰਨੀ ਪਾ ਦਿੱਤਾ ਸੀ ਪਰ ਹੋਇਆ ਕੁੱਝ ਵੀ ਨਹੀਂ। ਇੱਕ ਵਾਰ ਸੁਪਰਡੰਟ ਮੈਨੂੰ ਕਹਿਣ ਲੱਗਾ ਕਾਲਜ ਦੀ ਪੁਰਾਣੇ ਵਿਦਿਆਰਥੀਆਂ ਦੀ ਬਾਡੀ ਦੇ ਮੈਂਬਰ ਬਣ ਜਾਓ। ਫਿਰ ਕੰਮ ਜਲਦੀ ਹੋ ਜਾਊ। ਇਸਦਾ ਭਾਵ ਇਹ ਕਿ ਉਹ ਸਾਥੋਂ ਪੈਸੇ ਵਟੋਰਨਾ ਚਾਹੁੰਦੇ ਹਨ। ਇੱਕ ਤਾਂ ਸੰਸਥਾ ਦੀ ਮਸ਼ਹੂਰੀ ਕਰਵਾਈਏ ਤੇ ਦੂਜੇ ਉਸਨੂੰ ਕੋਲੋ ਪੈਸੇ ਦੇਈਏ। ਸਰ ਜੀ, ਸਮਝ ਨਹੀਂ ਆਉਂਦਾ ਕਿ ਕੀ ਕਰੀਏ।"

"ਯੋਗੇਸ਼, ਸਹਿਜ ਸੁਭਾਅ ਐਲੂਮਨੀ ਦਾ ਮੈਂਬਰ ਬਣ ਜਾਣਾ ਤਾਂ ਚੰਗਾ ਲੱਗਦਾ ਏ। ਕਿਸੇ ਨੂੰ ਮਜ਼ਬੂਰ ਕਰਕੇ ਮੈਂਬਰ ਬਣਾਉਣਾ ਬਹੁਤ ਘਟੀਆ ਪ੍ਰਵਿਰਤੀ ਏ ਤੂੰ ਡੁਬਈ ਤੋਂ ਪੰਜਾਬ ਕਦੋ ਜਾਣਾ ਏ।"

"ਸਰ ਜੀ, ਮੈਂ ਨਵੰਬਰ ਵਿੱਚ ਜਾ ਰਿਹਾ ਹਾਂ।"

"ਮੈਂ ਵੀ ਸ਼ਾਇਦ ਨਵੰਬਰ ਵਿੱਚ ਹੀ ਮਹੀਨੇ ਕੁ ਲਈ ਜਾਣਾ। ਦੋਵੇ ਇੱਕਠੇ ਕਾਲਜ ਜਾਵਾਂਗੇ ਤੇ ਸਾਹਿਬ ਨੂੰ ਉਚੇਚੇ ਮਿਲਾਂਗੇ। ਸੁਣਿਐ, ਅਪ੍ਰੈਲ ਵਿੱਚ ਕੋਈ ਨਵਾਂ ਸਾਹਿਬ ਆ ਰਿਹੈ। ਇਹ ਸਾਡਾ ਮਹਾਨ ਭਾਰਤ ਦੇਸ਼ ਏ। ਇੱਥੇ ਕਦੀ ਕੋਈ ਕੰਮ ਸਮੇਂ ਸਿਰ ਨਹੀਂ ਹੁੰਦਾ। ਸਰਕਾਰ ਨੇ ਕਿਸੇ ਵੇਲੇ ਸਾਡੀ ਪੈਨਸ਼ਨ ਦੀ ਮੰਗ ਮੰਨੀ ਸੀ। ਲਾਗੂ ਅੱਜ ਤੱਕ ਨਹੀਂ ਕੀਤੀ। 30 ਸਾਲ ਹੋ ਗਏ। ਸਾਡੀ ਛੁੱਟੀਆ ਦੇ ਸਾਰੇ ਕੈਰੀਅਰ ਦੇ ਪੈਸਿਆ (Lease Encashment) ਦੀ ਦੇਣਦਾਰੀ ਅੱਜ ਤੱਕ ਨਹੀਂ ਹੋਈ। ਵੀਹ ਸਾਲ ਹੋ ਗਏ। ਇਸ ਦੇਸ਼ ਵਿੱਚ ਬੰਦੇ ਮਰ ਜਾਂਦੇ ਹਨ ਤੇ ਮੰਗਾਂ ਬਾਅਦ ਵਿੱਚ ਵੀ ਲਾਗੂ ਨਹੀਂ ਹੁੰਦੀਆਂ। ਮਰੇ ਹੋਏ ਲੋਕਾਂ ਦੇ ਬੈਂਕਾਂ ਦੇ ਖਾਤੇ ਚਲਦੇ ਪਏ ਹਨ। ਅੱਧਾ ਜੀਵਨ ਜੇਲ੍ਹ ਵਿੱਚ ਲੰਘ ਜਾਂਦਾ ਏ। ਉਮਰ ਕੈਦ ਦੀ ਪਰਿਭਾਸ਼ਾ ਪੁੱਠੀ ਪੈ ਜਾਂਦੀ ਹੈ। ਸੁਧਾਰ ਲਈ ਅਧੂਰੀਆਂ ਈ ਪਈਆਂ ਸੜਕਾਂ ਦੇ ਬਰਮ ਹਾਦਸੇ ਲਈ ਮੂੰਹ ਅੱਡੀ ਖੜ੍ਹੇ ਰਹਿੰਦੇ ਹਨ। ਟਾਇਮ ਟਪਾਊ ਨੀਤੀਆਂ ਅਪਣਾਈਆਂ ਜਾਂਦੀਆਂ ਹਨ। ਕੈਦੀਆਂ ਨੂੰ ਫਿਰ ਵੀ ਜੇਲ੍ਹ ਵਿੱਚ ਖਪਾਈ ਰੱਖਦੇ ਹਨ। ਸਭ ਪਾਰਟੀਆਂ ਦੇ ਨੇਤਾ ਇੱਕੋ ਖਰਬੂਜੇ ਦੇ ਬੀਜ ਹਨ। ਸਰਕਾਰਾਂ ਬਦਲ ਜਾਂਦੀਆਂ ਹਨ। ਪਹਿਲੀ

ਸਰਕਾਰ ਵੇਲੇ ਦੇ ਲਏ ਗਏ ਨਿਰਣੇ ਉਲਟਾ ਦਿੱਤੇ ਜਾਂਦੇ ਹਨ। ਇੱਕ ਵਾਰ ਤਾਂ ਕਮਾਲ ਹੀ ਹੋ ਗਈ ਸੀ।"

"ਸਰ ਜੀ, ਉਹ ਕੀ?"

"ਇੱਕ ਸਰਕਾਰ ਨੇ ਪੀ.ਸੀ.ਐੱਸ. ਦੀਆਂ ਪੋਸਟਾਂ ਲਈ ਕੁੱਝ ਨੌਮੀਨੇਸ਼ਨਜ਼ ਕੀਤੀਆਂ। ਜਲੰਧਰ ਨੇੜਲੇ ਇੱਕ ਪਿੰਡ ਦਾ ਇੱਕ ਗਰੀਬ ਮੁੰਡਾ ਦੀ ਨਾਮੀਨੇਟ ਹੋ ਗਿਆ। ਇਹਨਾਂ ਦੀ ਟਰੇਨਿੰਗ ਸ਼ੁਰੂ ਹੋ ਗਈ। ਲੜਕੇ ਨੂੰ ਰਿਸ਼ਤਾ ਕਰਨ ਵਾਲੇ ਪਰਿਵਾਰਾਂ ਦੀਆਂ ਲਾਇਨਾ ਲੱਗ ਗਈਆਂ। ਮੋਹਾਲੀ ਦੇ ਇੱਕ ਪਰਿਵਾਰ ਦੀ ਲੜਕੀ ਨਾਲ ਲੜਕੇ ਦਾ ਰਿਸ਼ਤਾ ਹੋ ਗਿਆ। ਮਹੀਨੇ ਕੁ ਵਿੱਚ ਵਿਆਹ ਵੀ ਹੋ ਗਿਆ।"

"ਅਗਲੇ ਮਹੀਨੇ ਸੂਬੇ ਦੀ ਸਰਕਾਰ ਬਦਲ ਗਈ। ਨਵੀਂ ਆਈ ਸਰਕਾਰ ਨੇ ਪੀ.ਸੀ.ਐਸ. ਦੀਆਂ ਇਹ ਨਾਮਜਦਗੀਆਂ ਰੱਦ ਕਰ ਦਿੱਤੀਆਂ। ਅਫਸਰ ਲੱਗੇ ਬੰਦੇ ਘਰੀਂ ਆ ਕੇ ਬੈਠ ਗਏ।ਕੁੜੀ ਦੇ ਮਾਪਿਆਂ ਆਪਣੀ ਵਿਆਹੀ ਵਰੀ ਕੁੜੀ ਨੂੰ ਵਾਪਿਸ ਆਪਣੇ ਘਰ ਬੁਲਾ ਲਿਆ ਉਹ ਕਹਿਣ ਲੱਗੇ ਅਸੀਂ ਕੁੜੀ ਅਫਸਰ ਨਾਲ ਵਿਆਹੀ ਸੀ, ਨੰਗ ਨਾਲ ਨਹੀਂ। ਇਹ ਹਾਲ ਏ ਮਹਾਨ ਭਾਰਤ ਦੇਸ਼ ਦਾ। ਕੁੱਤੇ ਕੋਲ ਦੌਲਤ ਹੋ ਜਾਵੇ ਤਾਂ ਲੋਕ ਉਸਨੂੰ ਕੁੱਤੇ ਪਾਤਸ਼ਾਹ ਕਹਿਣ ਲੱਗ ਜਾਂਦੇ ਹਨ। ਸੋਨੇ ਨਾਲ ਲੱਦੀ ਖੱਚਰ ਦਾ ਹਰ ਕਿਲੇ 'ਚ ਸੁਆਗਤ ਹੁੰਦਾ ਏ।"

"ਸਰ ਜੀ, ਤੁਹਾਡੀ ਹਾਲ ਬਿਆਨੀ ਨੇ ਤਾਂ ਮੈਨੂੰ ਹੈਰਾਨ ਕਰ ਦਿੱਤਾ ਏ" ਮੈਂ ਤੈਨੂੰ ਇੱਕ ਹੋਰ ਹੈਰਾਨ ਕਰਨੇ ਵਾਲੀ ਘਟਨਾ ਦਸੱਦਾਂ।

"ਸਰ ਜੀ ਜ਼ਰੂਰ ਦੱਸੋ।"

"ਫਿਰੋਜਪੁਰ ਜਿਲ੍ਹੇ ਦਾ ਇੱਕ ਪਿੰਡ 1988 ਦੇ ਹੜ੍ਹਾਂ ਵਿੱਚ ਹੜ੍ਹ ਗਿਆ। ਲੋਕ ਨਾਲ ਦੇ ਪਿੰਡਾਂ ਵਿੱਚ ਨੂੰ ਚਲੇ ਗਏ। ਅੱਧੀ ਕੁ ਜ਼ਮੀਨ ਉੱਜੜ ਗਈ। ਕਾਗਜਾਂ ਵਿੱਚ ਹਰ ਵਾਰ ਪਿੰਡ ਦੀ ਪੰਚਾਇਤ ਬਣਦੀ ਰਹੀ ਤੇ ਗਰਾਂਟ ਲੈਂਦੀ ਰਹੀ। ਮੈਂ ਤੈਨੂੰ ਹੋਰ ਦੱਸਦਾਂ। ਸਾਡੇ ਪਿੰਡ ਮੰਤਰੀ ਦੁਆਰਾ ਲਗਾਏ ਗਏ ਪੱਥਰ ਤੇ ਪੰਛੀ ਬਿੱਠਾਂ ਕਰਦੇ ਹਨ। ਇਹ ਪੱਥਰ ਪਿਛਲੇ ਤੀਹ ਸਾਲਾਂ ਤੋਂ ਲੱਗਾ ਆ ਰਿਹਾ ਏ।"

"ਸਰ ਜੀ, ਇਸ ਪ੍ਰਕਾਰ ਦੇ ਕੇਸ ਤਾਂ ਕਈ ਹਨ। ਸੰਨ 84 ਦੀ ਨਸਲਕੁਸ਼ੀ ਦੇ ਸ਼ਿਕਾਰ ਪਰਿਵਾਰਾਂ ਨੂੰ ਅੱਜ ਤੱਕ ਇਨਸਾਫ ਨਹੀਂ ਮਿਲਿਆ। ਜੱਜ ਵਿੱਕ ਜਾਂਦੇ ਹਨ। ਜੱਜ ਗਿਰ ਜਾਂਦੇ ਹਨ। ਤੁਸੀਂ ਦੱਸੋ ਕੀ ਕਹਿਣਾ ਚਾਹੁੰਦੇ ਹੋ?"

"ਮੇਰੇ ਪਿੰਡ ਗਿਆਨੀ ਬਖਸ਼ੀ ਸਿੰਘ ਨੂੰ ਸੱਥ ਵਿੱਚ ਬੈਠੇ ਜਲੌਰੇ, ਭੀਰੇ ਤੇ ਬੋਰੇ ਅਮਲੀ ਹੋਰੀਂ ਹਰ ਰੋਜ਼ ਕਹੀ ਜਾਣਾ- ਗਿਆਨੀ ਜੀ ਪੰਚਾਇਤ ਦੀ ਚੋਣ ਆ ਰਹੀ ਏ। ਇਸ ਵਾਰ ਸਰਪੰਚੀ ਹੱਥੋਂ ਨਹੀਂ ਜਾਣੀ ਚਾਹੀਦੀ। ਮੌਜੂਦਾ ਨੰਜੂ ਸਰਪੰਚ ਨੂੰ ਭਾਜੀ ਮੋੜਨੀ ਹੀ ਮੋੜਨੀ ਏ। ਤਕੜਾ ਹੋ ਜਾਹ। ਅਸੀਂ ਸਭ ਤੇਰੇ ਨਾਲ ਹਾਂ।



ਗਿਆਨੀ ਜੀ। ਮੰਤਰੀ ਨੂੰ ਮਿਲਣਾ ਸਾਡਾ ਕੰਮ। ਨਾਲੇ ਹੁਣ ਨੀਲੀ ਘੱਟ ਬੰਨ੍ਹਿਆ ਕਰ । ਚਿੱਟੀ ਬੰਨ੍ਹਣੀ ਸ਼ੁਰੂ ਕਰ ਦੇਹ। ਗਾਤਰਾ ਤੁਸੀਂ ਪਹਿਲਾਂ ਹੀ ਅੰਦਰੋਗਤੀ ਛੋਟਾ ਹੀ ਪਹਿਨਦੇ ਹੋ। ਕਿਸੇ ਨੂੰ ਬਹੁਤਾ ਪਤਾ ਨਹੀਂ ਲੱਗਦਾ ਇਹੋ ਜਿਹੀਆਂ ਚੁਸਤੀਆਂ ਹੀ ਸਿਆਸਤਦਾਨਾਂ ਵਿੱਚ ਹੋਣੀਆਂ ਚਾਹੀਦੀਆਂ ਹਨ। ਸਰਕਾਰ ਕਾਂਗਰਸ ਦੀ ਏ। ਮੁੜ ਫਿਰ ਕਾਂਗਰਸ ਦੀ ਹੀ ਬਨਣੀ ਏ। ਨਾਲ ਦੇ ਹਲਕੇ ਦੇ ਮੰਤਰੀ ਨੂੰ ਮਿਲ ਕੇ ਇੱਕ ਵਾਰ ਪਿੰਡ ਲੈ ਆਵਾਂਗੇ। ਉਹ ਤੁਹਾਨੂੰ ਸਰਪੰਚੀ ਤੱਕ ਤਾਂ ਪਹੁੰਚਾ ਹੀ ਦੇਊ। ਅਸੀਂ ਉਸ ਤੋਂ ਆਪਦੇ ਪਿੰਡ ਤੋਂ ਖਾਨਪੁਰ ਤੱਕ ਦੀ ਸੜਕ ਪੱਕੀ ਕਰਵਾਉਣ ਦਾ ਪੱਥਰ ਲਗਵਾ ਲਵਾਂਗੇ। ਇਹ ਪੱਥਰ ਤੈਨੂੰ ਸਰਪੰਚ ਤਾ ਬਣਵਾ ਹੀ ਦੇਊ।" ਜਲੌਰ ਨੇ ਨਹਿਲੇ ਉੱਪਰ ਬੇਗੀ ਸੁੱਟ ਕੇ ਸਾਰੀ ਸੀਪ ਇੱਕਠੀ ਕਰਦੇ ਨੇ ਛੋਟਾ ਜਿਹਾ ਲੈਕਚਰ ਝਾੜ ਦਿੱਤਾ।

"ਉਸ ਦਿਨ ਤੋਂ ਗਿਆਨੀ ਦੇ ਮਨ ਵਿੱਚ ਬੈਠ ਗਿਆ ਸੀ ਕਿ ਚੋਣ ਲੜ ਹੀ ਲਈ ਜਾਵੇ। ਪਿੰਡ ਦੇ ਚੰਦ ਕਾਂਗਰਸੀ ਇੱਕਠੇ ਹੋਏ ਤੇ ਮੰਤਰੀ ਪਾਸ ਚਲੇ ਗਏ। ਉਹਨਾਂ ਦੇ ਜੋਰ ਪਾਉਣ ਤੇ ਮੰਤਰੀ ਜੀ 20 ਕੁ ਦਿਨ ਬਾਅਦ ਪਿੰਡ ਆ ਗਏ। ਲੋਕਾਂ ਦਾ ਸੁਹਣਾ ਇੱਕਠ ਹੋਇਆ। ਸੜਕ ਦਾ ਨੀਂਹ ਪੱਥਰ ਰੱਖਿਆ ਗਿਆ। ਪੰਚਾਇਤ ਦੀ ਚੋਣ ਅਗਲੇ ਮਹੀਨੇ ਸੀ। ਇਸ ਚੋਣ ਵਿੱਚ ਗਿਆਨੀ ਜੀ ਸਰਪੰਚ ਬਣ ਗਏ।"

"ਫਿਰ ਤਾਂ ਕਮਾਲ ਹੋ ਗਈ।"

"ਕਿਵੇਂ, ਫਿਰ ਗਿਆਨੀ ਨੇ ਮੰਤਰੀ ਜੀ ਨਾਲ ਮਿਲ ਕੇ ਪਿੰਡ ਦਾ ਨਕਸ਼ਾ ਬਦਲਿਆ?"

"ਨਾ ਜੀ ਨਾ। ਕੋਈ ਵਿਕਾਸ ਹੋਇਆ ਹੀ ਨਹੀਂ। ਗਲ਼ੀਆਂ ਨਾਲ਼ੀਆਂ ਉਵੇਂ ਦੀਆਂ ਉਂਵੇ ਹੀ ਕੱਚੀਆਂ ਨੇ ਨੰਗੀਆਂ ਹਨ।"

"ਕੀ ਲਿੰਕ ਰੋਡ ਬਣ ਗਈ ਸੀ?"

"ਨਾ ਜੀ ਨਾ। ਕੁਝ ਵੀ ਨਹੀਂ ਹੋਇਆ।"

ਉਸ ਪੱਥਰ ਦਾ ਕੀ ਬਣਿਆ ਜਿਹੜਾ ਮੰਤਰੀ ਮੰਤਰੀ ਜੀ ਨੇ ਰੱਖਿਆ ਸੀ?

"ਮੱਝਾਂ ਚਾਰਨ ਵਾਲ਼ਿਆਂ ਨੇ ਲੋਹੇ ਦੇ ਸੂਏ ਮਾਰ ਮਾਰ ਕੇ ਅੱਧਾ ਕੁ ਤਾਂ ਤੋੜ ਦਿੱਤਾ। ਬਾਕੀ ਦਾ ਭੈੜੀ ਸ਼ਕਲ ਨਾਲ ਬਚਿਆ ਹੋਇਆ ਏ। ਪੱਥਰ ਉੱਪਰ ਲਿਖੇ ਅੱਖਰ ਪੰਛੀਆਂ ਨੇ ਬਿੱਠਾਂ ਕਰ ਕੇ ਪੜ੍ਹ ਹੋਣ ਜੋਗੇ ਨਹੀਂ ਛੱਡੇ। ਸਾਲ ਵੀ ਤਾਂ ਬਹੁਤ ਹੋ ਗਏ। ਪੱਥਰ ਨੇ ਸਿਰਫ ਗਿਆਨੀ ਨੂੰ ਸਰਪੰਚ ਬਣਨ ਵਿੱਚ ਮੱਦਦ ਕੀਤੀ ਸੀ।ਗਿਆਨੀ ਮੰਤਰੀ ਰਾਹੀਂ ਕੁੱਝ ਵੀ ਨਾ ਕਰਵਾ ਸਕਿਆ।"

"ਸਰ ਜੀ, ਇਹ ਵਰਤਾਰਾ ਤਾਂ ਉੱਥੇ ਆਮ ਹੀ ਹੈ। ਕਈ ਪ੍ਰਾਜੈਕਟਾਂ ਦੇ ਨੀਂਹ

ਪੱਥਰ ਰੱਖੇ ਰਹਿ ਗਏ। ਕਈ ਸ਼ੁਰੂ ਹੋਏ ਪਰੰਤੂ ਅਧਵਾਟੇ ਰੁੱਕ ਗਏ। ਕਈ ਕੁੱਝ ਸਿਆਸੀ ਨਿਘੋਚਾਂ ਤੇ ਦੁਸ਼ਮਣੀਆਂ ਦੀ ਭੇਟ ਚੜ੍ਹ ਗਿਆ। ਸਰ ਜੀ, ਮੈਂ ਤਾਂ ਆਪਣੇ ਕਾਲਜ ਬਾਰੇ ਵੀ ਇੱਕ ਨਵੀਂ ਗੱਲ ਸੁਣੀ ਏ।"

"ਉਹ ਕੀ?"

"ਕਹਿੰਦੇ, ਪਿਛਲਾ ਸਾਹਿਬ ਦੋ ਕਰੋੜ ਦੇ ਕਰੀਬ ਡਕਾਰ ਗਿਐ। ਅਠਾਰਾਂ ਸਾਲ ਲੰਬਾ ਸਮਾਂ ਕਾਲਜ ਨੂੰ ਘੁਣ ਵਾਂਗ ਚਮੜਿਆ ਰਿਹਾ। ਪ੍ਰਬੰਧਕੀ ਕਮੇਟੀ ਬੇਬਸ। ਸੁਰੱਖਿਅਤ ਸੇਵਾ ਦਾ ਕਾਨੂੰਨ ਕਮੇਟੀ ਲਈ ਹਊਆ ਬਣਿਆ ਰਿਹਾ। ਸੁਣਿਐ, ਜਦ ਆਖਰ ਕਾਰ ਰਿਟਾਇਰ ਹੋਇਆ ਤਾਂ ਬੁਆਏਜ਼ ਫੰਡ (boys' fund) ਵਿੱਚ ਸਿਰਫ ਪੰਜ ਲੱਖ ਰੁਪਏ। ਜਿਸ ਦਿਨ ਸਾਹਿਬ ਬਣਿਆ ਸੀ ਉਸ ਦਿਨ ਇਸ ਫੰਡ ਵਿੱਚ ਇੱਕ ਕਰੋੜ ਤੀਹ ਲੱਖ ਸਨ। ਉਸ ਤੋਂ ਪਹਿਲੇ ਸਾਹਿਬ ਨੇ ਧੇਲਾ ਧੇਲਾ ਕਰਕੇ ਏਨਾ ਪੈਸਾ ਇਸ ਫੰਡ ਵਿੱਚ ਇੱਕਠਾ ਕੀਤਾ ਸੀ। ਉਹ ਬਹੁਤ ਈਮਾਨਦਾਰ ਸੀ। ਕਾਲਜ ਦੀ ਗਿਣਤੀ ਉਸ ਦਿਨ 900 ਵਿਦਿਆਰਥੀ ਸੀ। ਜਦ ਹੁਣ ਇਹ ਦੂਸਰਾ 18 ਸਾਲ ਬਾਦ ਸੇਵਾ ਮੁਕਤ ਹੋਇਆ ਤਾਂ ਕਾਲਜ ਦੀ ਨਫ਼ਰੀ 1800 ਵਿਦਿਆਰਥੀ ਸੀ।"

"ਯੋਗੇਸ਼ ਤੂੰ ਬੜੇ ਬਾਰੀਕੀ ਨਾਲ ਅੰਕੜੇ ਇੱਕਠੇ ਕੀਤੇ ਹੋਏ ਨੇ। ਇਸ ਦਾ ਮਤਲਬ ਗਿਣਤੀ ਵਧਣ ਨਾਲ ਫੰਡ ਵੀ ਅੰਤਾਂ ਦਾ ਵਧਿਆ ਹੋਊ। ਜਿਸ ਹਿਸਾਬ ਨਾਲ ਤੂੰ ਅੰਕੜੇ ਦੱਸੇ ਹਨ ਇਸ ਹਿਸਾਬ ਨਾਲ ਤਾਂ ਉਹ ਦੋ ਕਰੋੜ ਤੋਂ ਵੀ ਵੱਧ ਖਾ ਗਿਆ ਹੋਊ। ਦੋ ਵਾਰ ਤਾਂ ਸ਼ਾਇਦ ਉਹਦੇ ਖਿਲਾਫ ਵਿਦਿਆਰਥੀ ਦੀ ਹੜਤਾਲ ਵੀ ਹੋਈ ਸੀ। ਮੁੱਦਾ ਉਦੋਂ ਪੈਸੇ ਖਾਣ ਦਾ ਹੀ ਉੱਭਰਿਆ ਸੀ।ਤੂੰ ਦੂਰ ਬੈਠਾ ਵੀ ਕਾਲਜ ਤੇ ਬੜੀ ਕੜੀ ਨਜਰ ਰੱਖਦਾ ਏਂ?"

"ਸਰ ਮੈਂ ਵਿਦਿਆਰਥੀ ਯੂਨੀਅਨ ਦੇ ਪਿਛਲੇ ਪ੍ਰਧਾਨ ਪੰਡੋਰੀ ਵਾਲੇ ਸ਼ਮਸ਼ੇਰ ਨੂੰ ਵੀ ਅਕਸਰ ਫੋਨ ਕਰਦਾ ਹੀ ਰਹਿੰਦਾ ਹਾਂ। ਉਹਨਾ ਨੇ ਹੀ ਤਾਂ ਦੋ ਵਾਰ ਉਹਦੇ ਖਿਲਾਫ ਹੜਤਾਲ ਕਰਵਾਈ ਸੀ"

"ਹੁਣ ਵਾਲਾ ਨਵਾਂ ਸਾਹਿਬ ਕਿਵੇਂ ਏ?"

"ਅਜੇ ਹੌਲੀ ਹੌਲੀ ਪਤਾ ਲੱਗੂ, ਸਰ ਜੀ।"

ਵੈਸੇ ਉਸ ਦੇਸ਼ ਤੇ ਇਹ ਕਹਾਵਤਾਂ ਬੜੀਆਂ ਢੁੱਕਦੀਆਂ ਹਨ-

**ਗਿਰਝਾਂ ਗਾਲੜ ਦੇਵਣ ਦਾਦ**
**ਉੱਲੂ ਗਾਉਣ ਬਸੰਤ ਬਹਾਰ।**

ਜਾਂ

ਇਵੇਂ ਕਹਿ ਲਓ

**ਮੇਰੇ ਵਤਨ ਕੀ ਸਿਆਸਤ ਕਾ ਹਾਲ ਮੱਤ ਪੂਛੋ**



**ਘਿਰੀ ਹੂਈ ਹੈ ਤਵਾਇਫ਼ ਤਮਾਸ਼ਬੀਨੋ ਮੇਂ!**

\- - - - - - - - - - - - - - - - - -

**ਸੈਹਾ ਆਪਦੇ ਦਾਅ ਨੂੰ**
**ਕੁੱਤਾ ਆਪਦੇ ਦਾਅ ਨੂੰ**

ਇਸ ਤੋਂ ਬਾਦ ਫੋਨ ਕੱਟੇ ਗਏ।

ਸ਼ਾਇਦ ਯੋਗੇਸ ਨੂੰ ਕਿਸੇ ਹੋਰ ਦਾ ਫੋਨ ਆ ਗਿਆ ਸੀ।

*****

# ਪੈਨਸ਼ਨਰ ਪ੍ਰੀਤਮ ਸਿੰਘ ਪੱਖੋ ਕਲਾਂ

ਲੋਹੜੀ ਦਾ ਦਿਨ ਸੀ। ਸਵੇਰੇ ਨੌ ਕੁ ਵਜੇ ਮੈਨੂੰ ਇੱਕ ਫੋਨ ਆਇਆ। "ਵੀਰ ਜੀ, ਲੋਹੜੀ ਮੁਬਾਰਕ।"

"ਮੁਬਾਰਕ ਹੋਵੇ ਜੀ, ਪ੍ਰੀਤਮ ਬਾਈ ਜੀ,"ਮੈਂ ਆਵਾਜ਼ ਪਹਿਚਾਣ ਲਈ ਸੀ ਕਿਉਂਕਿ ਮੈਂ ਪਹਿਲਾਂ ਵੀ ਕਈ ਵਾਰ ਪ੍ਰੀਤਮ ਨੂੰ ਆਪਣੀ ਕਾਰ ਉੱਤੇ ਗੁਰੂਘਰ ਵੀ ਲੈ ਕੇ ਗਿਆ ਸਾਂ ਤੇ ਫਿਰ ਗੁਰੂਘਰ ਤੋਂ ਵਾਪਿਸ ਉਹਦੇ ਘਰ ਵੀ ਛੱਡਿਆ ਸੀ।

"ਸੁਣਿਐਂ, ਅੱਜ ਪਿੱਛੇ ਪੰਜਾਬੀ ਸਕੂਲ਼ ਨਾਲ਼ ਲਗਦੇ ਪਰਗੋਲ਼ੇ ਵਿੱਚ ਸੀਨੀਅਰਜ਼ ਲੋਹੜੀ ਮਨਾ ਰਹੇ ਹਨ। ਮੇਰੇ ਪਾਸ ਪਹੁੰਚਣ ਦਾ ਸਾਧਨ ਟਰੇਨ ਹੀ ਹੈ। ਅੱਧਾ ਸਫਰ ਟਰੇਨ ਵਿੱਚ ਤੇ ਅੱਧਾ ਬਾਅਦ ਵਿੱਚ ਬੱਸ ਵਿੱਚ। ਤੁਸੀਂ ਜਾਣਦੇ ਹੀ ਹੋ ਡਰਾਈਵਰ ਲਾਈਸੈਂਸ ਤੋਂ ਬਗੈਰ ਇਸ ਸ਼ਹਿਰ ਵਿੱਚ ਬੰਦਾ ਓਵੇਂ ਹੈ ਜਿਵੇਂ ਪੰਛੀ ਖੰਭਾਂ ਤੋਂ ਬਗੈਰ ਹੁੰਦਾ ਹੈ। ਕੀ ਤੁਸੀਂ ਵੀ ਜਾ ਰਹੇ ਹੋ?"

"ਹਾਂ, 12 ਵਜੇ ਦਾ ਸਮਾਂ ਹੈ। ਬਾਰਾਂ ਤੋਂ ਦੋ ਵਜੇ ਤੱਕ ਸੀਨੀਅਰਜ਼ ਵਿਚਾਰ ਪੇਸ਼ ਕਰਨਗੇ। ਗਾਉਣ ਪਾਣੀ ਵੀ ਹੋਊ। ਰੇਵੜੀ, ਮੂੰਗਫਲੀ ਤੇ ਗੱਚਕ ਤਾਂ ਖੁੱਲਮ ਖੁੱਲ੍ਹੇ ਵਰਤਾਏ ਜਾਣਗੇ।"

"ਮੇਰਾ ਇੱਕ ਮਸਲਾ ਹੈ।"

"ਉਹ ਕੀ?"

"ਮੈਂ ਰੇਵੜੀਆਂ ਲੈ ਕੇ ਜਾਣੀਆਂ ਹਨ। ਕਿਤਿਓਂ ਖਰੀਦਣ ਨਹੀਂ ਜਾ ਸਕਿਆ। ਇਹ ਮੈਨੂੰ ਰਾਹ ਵਿੱਚ ਵੀ ਕਿਤਿਓਂ ਨਹੀਂ ਮਿਲਣੀਆਂ ਕਿਉਂਕਿ ਰੇਲਵੇ ਸਟੇਸ਼ਨ ਦੇ ਨੇੜੇ ਕੋਈ ਦੇਸੀ ਦੁਕਾਨ ਨਹੀਂ ਹੈ। ਕੀ ਤੁਸੀਂ ਮੇਰੇ ਵਾਸਤੇ ਰੇਵੜੀਆਂ ਖਰੀਦ ਕੇ ਲੈ ਆਓਗੇ? ਉੱਥੇ ਪਹੁੰਚ ਕੇ ਮੈਂ ਤੁਹਾਨੂੰ ਪੈਸੇ ਦੇ ਦਿਆਂਗਾ।"

"ਤੁਸੀਂ ਮੇਰੇ ਕਹੇ ਮੁਤਾਬਕ ਕਰੋ।" ਉਸਦਾ ਮਸਲਾ ਸਮਝਦੇ ਹੋਏ ਮੈਂ ਉਸਨੂੰ ਸੁਝਾਅ ਦਿੱਤਾ।

"ਉਹ ਕੀ?"

"ਮੇਰਾ ਘਰ ਤੁਹਾਡੇ ਸਾਰੇ ਸਫਰ ਦੇ ਤਕਰੀਬਨ ਅੱਧ ਵਿੱਚ ਪੈਂਦਾ ਹੈ। ਮੇਰੇ ਘਰ ਤੋਂ ਡੇਢ ਕਿਲੋਮੀਟਰ ਦੂਰ ਤੁਸੀਂ ਗੱਡੀ ਤੋਂ ਉੱਤਰਨਾ ਹੈ ਤੇ ਬੱਸ ਫੜਨੀ ਹੈ।



ਤੁਸੀਂ ਰੇਲਵੇ ਸਟੇਸ਼ਨ ਤੇ ਗਿਆਰਾਂ ਵਜੇ ਉੱਤਰੋ। ਮੈਂ ਤੁਹਾਨੂੰ ਉੱਥੋਂ ਆਪਣੀ ਕਾਰ ਤੇ ਚੁੱਕਾਂਗਾ। ਪਹਿਲਾਂ ਆਪਾਂ ਕਿਸੇ ਰੇਵੜੀਆਂ ਦੀ ਦੁਕਾਨ ਤੇ ਜਾਵਾਂਗੇ। ਉੱਥੋਂ ਤੁਸੀਂ ਰੇਵੜੀਆਂ ਖਰੀਦ ਲੈਣੀਆਂ। ਫਿਰ ਆਪਾਂ ਗੁਰੂ ਘਰ ਨੂੰ ਚਲੇ ਜਾਵਾਂਗੇ।"

"ਤੁਸੀਂ ਇੰਨਾ ਵੱਡਾ ਕਸ਼ਟ ਕਰ ਰਹੇ ਹੋ। ਤੁਹਾਡਾ ਬਹੁਤ ਬਹੁਤ ਧੰਨਵਾਦ। ਚੰਗਾ, ਮੈਂ ਗਿਆਰਾਂ ਵਜੇ ਰੇਲਵੇ ਸਟੇਸ਼ਨ ਤੇ ਪਹੁੰਚ ਜਾਵਾਂਗਾ। ਜਿਸ ਪਾਸੇ ਬੱਸਾਂ ਤੇ ਕਾਰਾਂ ਦੀ ਪਾਰਕਿੰਗ ਏ ਉੱਥੇ ਨੂੰ ਮੈਂ ਆ ਜਾਵਾਂਗਾ।"

"ਓ. ਕੇ.।"

ਮੈਂ 11 ਵਜੇ ਪਾਰਕਿੰਗ ਵਿੱਚ ਪਹੁੰਚ ਗਿਆ। ਉੱਪਰੋਂ ਪ੍ਰੀਤਮ ਵੀ ਸਟੇਸ਼ਨ ਦੀਆਂ ਪੌੜੀਆਂ ਉੱਤਰਦਾ ਮੇਰੇ ਵੱਲ ਨੂੰ ਆ ਰਿਹਾ ਸੀ। ਫਤਹਿ ਫਤੂਹੀ ਹੋਈ। ਉਹ ਮੇਰੀ ਕਾਰ ਵਿੱਚ ਬੈਠ ਗਿਆ। ਮੈਂ ਕਾਰ ਉਸ ਪਾਸੇ ਨੂੰ ਚਲਾਉਂਦਾ ਗਿਆ ਜਿੱਧਰ ਇੱਕ ਵੱਡੀ ਭਾਰਤੀ ਨਿੱਕ ਸੁੱਕ ਦੀ ਦੁਕਾਨ ਸੀ। ਮੈਂ ਦੁਕਾਨ ਦੇ ਮੂਹਰੇ ਕਾਰ ਪਾਰਕ ਕਰ ਦਿੱਤੀ ਤੇ ਵਿੱਚ ਬੈਠਾ ਰਿਹਾ। ਉਹ ਕਾਰ ਚੋਂ ਉੱਤਰ ਕੇ ਦੁਕਾਨ ਦੇ ਅੰਦਰ ਚਲਾ ਗਿਆ। ਛੇ ਸੱਤ ਕੁ ਮਿੰਟਾਂ ਵਿੱਚ ਉਹ ਰੇਵੜੀਆਂ ਦਾ ਲਿਫਾਫਾ ਲਈ ਕਾਰ ਵੱਲ ਨੂੰ ਆਇਆ ਤੇ ਆ ਕੇ ਮੇਰੇ ਨਾਲ਼ ਦੀ ਸੀਟ ਤੇ ਬੈਠ ਗਿਆ। ਮੈਂ ਕਾਰ ਸਟਾਰਟ ਕਰਕੇ ਗੁਰੂ ਘਰ ਵਲ ਨੂੰ ਚਲ ਪਿਆ

"ਕਿਵੇਂ ਪ੍ਰੀਤਮ ਜੀ, ਰੇਵੜੀਆਂ ਮਿਲ਼ ਗਈਆਂ?"

"ਹਾਂ, ਮਿਲ਼ ਗਈਆਂ। ਨਾਲ਼ ਹੀ ਇੱਕ ਹੋਰ ਕੰਮ ਵੀ ਹੋ ਗਿਆ।"

"ਉਹ ਕੀ?"

"ਕਾਊਂਟਰ ਤੇ ਗੁਜਰਾਤਣ ਲੜਕੀ ਨੇ ਮੈਨੂੰ ਆਹ ਡੌਕਟ ਦਿੱਤਾ ਹੈ।"

"ਕੀ ਮਤਲਬ?"

"ਮੈਂ ਉਸਨੂੰ 10 ਡਾਲਰ ਦਿੱਤੇ ਸਨ ਤੇ ਉਸਨੇ ਮੈਨੂੰ 14 ਡਾਲਰ ਵਾਪਸ ਕਰ ਦਿੱਤੇ ਹਨ। ਰੇਵੜੀਆਂ 6 ਡਾਲਰ ਦੀਆਂ ਹਨ।"

"ਤੁਸੀਂ ਤਾਂ ਫਿਰ ਖੱਟ ਗਏ, ਬਾਈ ਜੀ।"

"ਲਗਦਾ ਤਾਂ ਇਵੇਂ ਹੀ ਹੈ।"

"ਲੜਕੀ ਨੇ ਸਮਝਿਆ ਕਿ ਤੁਸੀਂ 20 ਡਾਲਰ ਦਾ ਨੋਟ ਦਿੱਤਾ ਹੈ। ਤੁਸੀਂ 10 ਡਾਲਰ ਦੇ ਕੇ 14 ਵਾਪਸ ਲੈ ਆਏ। ਵਾਹ ਰੇ ਵਾਹ।"

"ਵੀਰ ਜੀ, ਕੀ ਲੜਕੀ ਨੂੰ ਕੋਈ ਨੁਕਸਾਨ ਤਾਂ ਨਹੀਂ ਹੋਊ? ਕੀ ਉਸਦੀ ਨੌਕਰੀ ਨੂੰ ਕੋਈ ਖਤਰਾ ਤਾਂ ਨਹੀਂ ਹੋਊ?"

"ਕੀ ਇੰਝ ਤੁਸੀਂ ਹੁਣ ਸੋਚਣਾ ਹੈ? ਜੇ ਤੁਸੀਂ ਵੱਡੇ ਹੀ ਸੱਚਪੁੱਤ ਹੋ ਤਾਂ ਉੱਥੇ ਹੀ ਉਸਨੂੰ ਦੱਸ ਦਿੰਦੇ। ਵਾਪਸ ਕਾਰ ਮੋੜਾਂ?"

"ਨਹੀਂ, ਛੱਡੋ ਹੁਣ। ਜੋ ਹੋਣਾ ਹੋ ਗਿਐ। ਐਡੀ ਵੱਡੀ ਦੁਕਾਨ 'ਚ ਕੀ ਪਤਾ ਲਗਦਾ ਮਾਲਕ ਨੂੰ?"

"ਮਾਲਕ ਵੀ ਕੋਈ ਪਟੇਲ ਏ। ਕਾਰੋਬਾਰੀ ਧਰੂ ਪੁੱਤਰ। ਜੇ ਜਿਆਦਾ ਹੀ ਤਰਸ ਕਰਦੇ ਹੋ ਤਾਂ ਮੋੜ ਦਿੰਦਾ ਹਾਂ। ਵੈਸੇ ਮੈਂ ਤੈਨੂੰ ਦੱਸਾਂ, ਪਾਣੀ ਵਾਲ਼ੇ ਜਾਨਵਰਾਂ ਨੂੰ ਪਾਣੀ ਪੀਣ ਦੀ ਸਲਾਹ ਨਹੀਂ ਦੇਣੀ ਚਾਹੀਦੀ।"

"ਤੁਸੀਂ ਠੀਕ ਫਰਮਾਇਆ।""

"ਤੁਸੀਂ ਦੋ ਦੋ ਪੈਨਸ਼ਨਾਂ ਲੈਂਦੇ ਹੋ- ਇੱਕ ਭਾਰਤ ਦੀ ਨੇਵੀ ਦੀ ਤੇ ਦੂਜੀ ਆਸਟਰੇਲੀਆ ਦੀ ਬੁਢਾਪੇ ਦੀ। ਪਰਿਵਾਰ ਤੁਹਾਡਾ ਪੂਰੀ ਤਰ੍ਹਾਂ ਸੈਟ ਹੈ। ਲਗਦਾ ਇੰਝ ਹੈ ਕਿ ਤੁਹਾਡਾ ਅਜੇ ਵੀ ਘਰ ਪੂਰਾ ਨਹੀਂ ਹੋਇਆ। ਲੋਹੜੀ ਦੇ ਸਮਾਨ ਵਿੱਚ ਤੁਸੀਂ ਸਿਰਫ ਛੇ ਡਾਲਰ ਦਾ ਹਿੱਸਾ ਪਾ ਰਹੇ ਹੋ। ਮੂੰਗਫਲ਼ੀ ਤੁਹਾਡੇ ਪਾਸ ਕਿਧਰੇ ਦਿਸਦੀ ਨਹੀਂ। ਉਨ੍ਹਾਂ ਛੇਆਂ ਚੋਂ ਵੀ ਤੁਹਾਨੂੰ ਲਾਭ ਹੋ ਗਿਐ। ਰੇਵੜੀਆਂ ਵੀ ਤੁਸੀਂ 10 ਦੀਆਂ ਨਹੀਂ ਲਈਆਂ। ਥੁੱਕ ਨਾਲ਼ ਪਕੌੜੇ ਪਕਾਉਣ ਦੀ ਕੋਸ਼ਿਸ਼ ਕੀਤੀ। ਵੈਸੇ ਤੁਸੀਂ ਪੰਜਾਬ ਦੇ ਜੱਟ ਕਹਿਲਾਉਂਦੇ ਹੋ। ਲੰਗਰ ਦੇ ਮਾਮਲੇ ਵਿੱਚ ਏਨੀ ਹਲਕੀ ਰੂਹ ਜੱਟਾਂ ਦੀ ਕਦੇ ਨਹੀਂ ਹੁੰਦੀ। ਕੰਜੂਸ ਉਦੋਂ ਰੋਟੀ ਪਕਾਉਣੀ ਸ਼ੁਰੂ ਕਰਦਾ ਹੈ ਜਦੋਂ ਉਸਦੇ ਮਹਿਮਾਨ ਚਲੇ ਜਾਂਦੇ ਹਨ।""

"ਵੀਰ ਜੀ, ਜੋ ਹੋਣਾ ਸੀ ਉਹ ਹੋ ਗਿਆ। ਮੈਨੂੰ ਹੁਣ ਐਵੇਂ ਸ਼ਰਮਿੰਦਾ ਨਾ ਕਰੋ। ਫਿਰ ਕਿਤੇ ਅਜਮਾ ਕੇ ਦੇਖ ਲਿਓ। ਕੀ ਤੁਸੀਂ ਪ੍ਰੋਗਰਾਮ ਖਤਮ ਹੋਣ ਤੋਂ ਬਾਅਦ ਵੀ ਮੈਨੂੰ ਰੇਲਵੇ ਸਟੇਸ਼ਨ ਤੇ ਲਾਹ ਦਿਓਗੇ? ਜੇ ਨਹੀਂ, ਤਾਂ ਮੈਨੂੰ ਇੱਥੇ ਕਈ ਦੇਰ ਬੱਸ ਉਡੀਕਣੀ ਪਵੇਗੀ।"

ਮੈਂ ਹਾਂ ਕਰ ਦਿੱਤੀ। ਨਾਲ਼ੇ ਮੈਂ ਸੋਚਿਆ ਕਿ ਵੀਰ ਜੀ ਦਾ ਇੱਕ ਇਮਤਿਹਾਨ ਹੋਰ ਲੈ ਲਈਏ।

"ਬਾਈ ਜੀ, ਮੈਂ ਲੇਖਾਂ ਅਤੇ ਕਹਾਣੀਆਂ ਦੀਆਂ ਪੁਸਤਕਾਂ ਛਪਵਾਉਂਦਾ ਹਾਂ। ਤੁਹਾਨੂੰ ਪਤਾ ਹੀ ਹੈ ਕਿ ਮੈਂ ਕਈ ਸਾਲਾਂ ਤੋਂ ਅਖਬਾਰ ਵੀ ਕੱਢਦਾ ਆ ਰਿਹਾ ਹਾਂ। ਨਵੀਂ ਛਪੀ ਪੁਸਤਕ ਦੀਆਂ ਮੈਂ ਓਨੀਆਂ ਹੀ ਪਰਤਾਂ ਵੇਚਦਾ ਹਾਂ ਜਿੰਨੀਆਂ ਤੋਂ ਕਮਾਏ ਪੈਸਿਆਂ ਨਾਲ਼ ਮੈਂ ਅਗਲੀ ਪੁਸਤਕ ਛਪਵਾ ਸਕਾਂ। ਪ੍ਰਕਾਸ਼ਕ ਇੱਕ ਪੁਸਤਕ ਛਾਪਣ ਦੇ 40 ਕੁ ਜਜ਼ਾਰ ਰੁਪਏ ਤਾਂ ਲੈ ਹੀ ਲੈਂਦੇ ਹਨ। ਮੈਂ ਇਹ 40 ਹਜ਼ਾਰ ਪ੍ਰਾਪਤ ਕਰਨ ਲਈ 70-75 ਕੁ ਪੁਸਤਕਾਂ ਵੇਚ ਲੈਂਦਾ ਹਾਂ। ਬਾਕੀ ਕਾਪੀਆਂ ਮੈਂ ਲੋਕਾਂ ਵਿੱਚ ਮੁਫਤ ਵੰਡ ਦਿੰਦਾ ਹਾਂ। ਮੈਂ ਇਹ ਸਮਝਦਾ ਹਾਂ ਕਿ ਇਹ ਵੀ ਇੱਕ ਕਿਸਮ ਦੀ ਲੋਕ ਸੇਵਾ ਹੀ ਹੈ। ਲੋਕਾਂ ਨੂੰ ਪੁਸਤਕਾਂ ਤੋਂ ਵੀ ਸਿੱਖਣ ਨੂੰ ਬਹੁਤ ਕੁਝ ਮਿਲਦਾ ਹੈ। ਇਸ ਸਮਾਜ ਵਿੱਚ ਲੋਕ ਤਰ੍ਹਾਂ ਤਰ੍ਹਾਂ ਦੇ ਲੋਕ ਭਲਾਈ ਦੇ ਕੰਮ ਕਰਦੇ ਹਨ। ਕੋਈ



ਵਾਤਾਵਰਣ ਪ੍ਰੇਮੀ ਏ, ਕੋਈ ਗਰੀਬਾਂ ਬੇਸਹਾਰਾ ਤੇ ਲੰਗੜੇ ਲੂਲਿਆਂ ਦੀ ਸੇਵਾ ਵਿੱਚ ਮਸ਼ਰੂਫ ਏ, ਕੋਈ ਲੋੜਵੰਦਾਂ ਵਿੱਚ ਦਵਾਈਆਂ ਵੰਡਦਾ ਏ, ਕੋਈ ਅੱਖਾਂ ਦੇ ਮੁਫਤ ਕੈਂਪ ਲਗਾਉਂਦਾ ਏ, ਕੋਈ ਬਿਰਧ ਆਸ਼ਰਮ ਬਣਵਾ ਰਿਹਾ ਏ, ਕੋਈ ਸਰਕਾਰਾਂ ਦੀ ਨਾਕਾਮੀ ਕਰਕੇ ਟੁੱਟੀਆਂ ਫੁੱਟੀਆਂ ਸੜਕਾਂ ਬਣਾਉਣ ਤੇ ਲੱਗਾ ਹੋਇਆ ਏ, ਕੋਈ ਕਾਰਖਾਨਿਆਂ ਦੇ ਪ੍ਰਦੂਸ਼ਣ ਤੋਂ ਲੋਕਾਈ ਨੂੰ ਬਚਾਉਣ ਲਈ ਯਤਨਸ਼ੀਲ ਹੈ ਤੇ ਕੋਈ ਇਸ ਪ੍ਰਕਾਰ ਦਾ ਕੋਈ ਹੋਰ ਸਮਾਜ ਭਲਾਈ ਦਾ ਕੰਮ ਕਰ ਰਿਹਾ ਏ। ਮੈਂ ਲਿਖਦਾ ਰਹਿੰਦਾ ਹਾਂ ਤੇ ਦੋ ਤਿੰਨ ਸਾਲਾਂ ਬਾਅਦ ਉਸਨੂੰ ਪੁਸਤਕ ਦੇ ਰੂਪ ਵਿੱਚ ਛਪਵਾ ਦਿੰਦਾ ਹਾਂ। ਇਸ ਕੰਮ ਚੋਂ ਮੈਂ ਕੋਈ ਵੀ ਨਿੱਜੀ ਲਾਭ ਪ੍ਰਾਪਤ ਨਹੀਂ ਕਰਦਾ। ਇਹ ਬਸ ਮੇਰਾ ਬੁਢਾਪੇ ਦਾ ਸ਼ੁਗਲ ਤੇ ਦਿਲਲਗੀ ਹੈ। ਮੈਂ ਆਪਣੀਆਂ ਕੁਝ ਪੁਸਤਕਾਂ ਦੀਆਂ ਪਰਤਾਂ ਲੋਹੜੀ ਮਨਾਉਣ ਸਮੇਂ ਲੋਕਾਂ ਦੇ ਰੂ-ਬ-ਰੂ ਕਰਾਂਗਾ। ਤੁਸੀਂ ਤਾਂ ਇੱਕ ਪਰਤ ਖਰੀਦ ਹੀ ਲਓਗੇ?"

"ਨਹੀਂ, ਵੀਰ ਜੀ। ਮੈਂ ਪੁਸਤਕ ਨਹੀਂ ਖਰੀਦ ਸਕਦਾ।"

"ਵੈਸੇ, ਤੁਸੀਂ ਪੁੱਛਦੇ ਰਹਿੰਦੇ ਹੋ ਦੱਸੋ ਕੀ ਪੜ੍ਹੀਏ? ਹੁਣ ਤੁਹਾਨੂੰ ਨਵੀਂ ਆਈ ਪੁਸਤਕ ਦੇ ਰਿਹਾ ਹਾਂ। ਤੁਸੀਂ ਉਹ ਲੈਣ ਤੋਂ ਮੁਨਕਰ ਹੋ।

ਤੁਹਾਨੂੰ ਹੁਣੇ ਹੁਣੇ ਦੋ ਲਾਭ ਹੋਏ ਹਨ -

(1) ਮੈਂ ਤੁਹਾਨੂੰ ਕਾਰ ਤੇ ਲਈ ਫਿਰਿਆ। ਵਾਪਸ ਜਾਂਦੇ ਸਮੇਂ ਤੁਸੀਂ ਫਿਰ ਮੇਰੀ ਕਾਰ ਤੇ ਹੀ ਜਾਣਾ ਹੈ। ਸ਼ਾਇਦ ਮੈਂ ਤੁਹਾਨੂੰ ਤੁਹਾਡੇ ਘਰ ਦੇ ਮੂਹਰੇ ਹੀ ਛੱਡ ਆਵਾਂ।

(2) ਦੁਕਾਨ ਤੇ ਕੁੜੀ ਤੋਂ ਰੇਵੜੀਆਂ ਖਰੀਦਦੇ ਸਮੇਂ ਵੀ ਤੁਹਾਨੂੰ ਲਾਭ ਹੋ ਗਿਆ।

ਪੈਨਸ਼ਨਾਂ ਤੁਸੀਂ ਦੋ ਲੈ ਰਹੇ ਹੋ। ਤੁਸੀਂ ਇੱਕ ਪੁਸਤਕ ਤੇ 10 ਡਾਲਰ ਖਰਚ ਕੇ ਰਾਜ਼ੀ ਨਹੀਂ।"

ਮੈਂ ਇਵੇਂ ਉਸ ਨਾਲ਼ ਗੱਲ ਕਰ ਹੀ ਰਿਹਾ ਸੀ ਕਿ ਤਿੰਨ ਵਿਅਕਤੀ ਹੋਰ ਆ ਕੇ ਮੈਥੋਂ ਤਿੰਨ ਪੁਸਤਕਾਂ ਖਰੀਦ ਕੇ ਲੈ ਗਏ।

ਇੰਜ ਦੇਖ ਕੇ ਸ਼ਾਇਦ ਉਸਦੇ ਮਨ ਵਿੱਚ ਕੋਈ ਤਬਦੀਲੀ ਆ ਗਈ। ਕਹਿੰਦਾ,"ਚਲੋ ਵੀਰ ਜੀ, ਮੈਨੂੰ ਅੱਧੇ ਮੁੱਲ ਤੇ ਦੇ ਦਿਓ। ਆਹ ਲਓ ਪੰਜ ਡਾਲਰ।"

"ਤੂੰ ਯਾਰ ਮੁਫਤ ਹੀ ਲੈ ਜਾਹ।"

"ਨਹੀਂ ਇਵੇਂ ਨਹੀਂ। ਪੰਜ ਤਾਂ ਮੈਂ ਦੇਵਾਂਗਾ ਹੀ।"

ਪੰਜ ਉਸਨੇ ਮੇਰੀ ਜੇਬ ਵਿੱਚ ਪਾ ਦਿੱਤੇ ਤੇ ਕਿਤਾਬ ਲੈ ਗਿਆ।

ਮੈਨੂੰ ਹੈਰਾਨੀ ਇਹ ਹੋਈ ਕਿ ਮਨੁੱਖ ਜਿਓਂ ਜਿਓਂ ਜ਼ਿਆਦਾ ਉਮਰ ਦਾ ਹੁੰਦਾ

ਜਾਂਦਾ ਏ ਤਿਓਂ ਤਿਓਂ ਉਸਦਾ ਪੈਸੇ ਨਾਲ਼ ਮੋਹ ਵਧਦਾ ਜਾਂਦਾ ਹੈ। ਮੇਰੇ ਉਹਨੂੰ ਕਾਰ ਵਿੱਚ ਇੱਧਰ ਉੱਧਰ ਘੁਮਾਉਣ ਦੀ ਉਸਨੇ ਕੋਈ ਕਦਰ ਨਹੀਂ ਪਾਈ। ਦੁਕਾਨ ਤੇ ਲੜਕੀ ਕੋਲ਼ੋਂ ਬਚਿਆਂ ਪੈਸਿਆਂ ਨੇ ਵੀ ਉਸਦੀ ਸੋਚ ਨੂੰ ਝੰਜੋੜਿਆ ਨਹੀਂ। ਲੋਹੜੀ 'ਚ ਹਿੱਸਾ ਪਾਉਣ ਲਈ ਉਹ ਦਸ ਡਾਲਰ ਪੂਰੇ ਵੀ ਖਰਚ ਨਹੀਂ ਸਕਿਆ।

ਨਾਮ ਬੜੇ ਔਰ ਦਰਸ਼ਨ ਛੋਟੇ!

ਵਾਹ ਰੇ, ਮਨੁੱਖੀ ਮਨ!!

(1) 18.2.83 ਨੂੰ ਡੇਲ੍ਹੀ ਆਸ਼ਿਆਨਾ ਪਟਿਆਲਾ ਨੇ ਛਾਪੀ,
(2) 12.2.23 ਨੂੰ ਪੰਜਾਬੀ ਟ੍ਰਿਬਿਊਨ ਚੰਡੀਗੜ੍ਹ ਨੇ ਛਾਪੀ

*****



# ਚੂੰਢੀ ਮਾਸਟਰ

ਨਸੀਬ ਧਨੋਆ (ਅਸਲੀ ਨਾਮ ਨਹੀਂ) ਇੰਗਲੈਂਡ ਦੀ ਸਰਕਾਰ ਵਿੱਚ ਮੈਂਬਰ ਪਾਰਲੀਮੈਂਟ ਸੀ। ਇੱਕ ਦਿਨ ਉਹ ਆਪਣੇ ਘਰ ਬੜੇ ਹਲਕੇ ਫੁਲਕੇ ਮੂਡ ਵਿੱਚ ਬੈਠਾ ਸੀ। ਸੂਰਜ ਛਪਣ ਦਾ ਸਮਾਂ ਸੀ। ਉਸਨੇ ਬੀਅਰ ਦੀਆਂ ਦੋ ਛੋਟੀਆਂ ਛੋਟੀਆਂ ਗਲਾਸੀਆਂ ਲਗਾਈਆਂ ਹੋਈਆਂ ਸਨ। ਸੋਚਾਂ ਵਿੱਚ ਡੁੱਬੇ ਡੁੱਬੇ ਉਹਦੀਆਂ ਅੱਖਾਂ ਮੂਹਰੇ ਆਪਣਾ ਬਚਪਨ ਤੇ ਲੜਕਪਨ ਆ ਗਿਐ:

ਹੁਣ ਤੋਂ 50 ਸਾਲ ਪਹਿਲਾਂ ਮੈਂ ਪੰਜਾਬ ਵਿੱਚ ਦੁਆਬੇ ਦੇ ਆਪਣੇ ਪਿੰਡ ਰਸੂਲਪੁਰ ਤੋਂ ਇੰਗਲੈਂਡ ਗਿਆ ਸਾਂ। ਮੈਂ ਪੰਜਾਬ ਵਿੱਚ ਸਿਰਫ 10 ਜਮਾਤਾਂ ਹੀ ਪੜ੍ਹੀਆਂ ਸਨ---- ਘਰ ਵਿੱਚ ਪੂਰੀ ਅਨਪੜ੍ਹਤਾ ਸੀ ਤੇ ਜਮੀਨ ਵੰਡ ਹੋ ਕੇ ਬੜੀ ਥੋੜ੍ਹੀ ਰਹਿ ਗਈ ਸੀ। ਕਈ ਦੇਰ ਤਾਂ ਮੈਨੂੰ ਸਕੂਲ ਦਾਖਲ ਹੀ ਨਹੀਂ ਕਰਵਾਇਆ ਗਿਆ ਸੀ----- ਜਦ 8 ਕੁ ਸਾਲ ਦਾ ਹੋ ਗਿਆ ਤਾਂ ਕਿਤੇ ਮੈਨੂੰ ਸਕੂਲ ਛੱਡਿਆ ਗਿਆ--- ਸ਼ੁਰੂ ਵਿੱਚ ਮੈਂ ਪੜ੍ਹਾਈ ਵਿੱਚ ਕਮਜ਼ੋਰ ਹੀ ਸਾਂ-- ਖੈਰ ਪਿੰਡ ਦੀ ਪਾਠਸ਼ਾਲਾ ਤੋਂ ਪੰਜਵੀਂ ਪਾਸ ਕਰਕੇ ਮੈਂ ਨਾਲ ਦੇ ਸ਼ਹਿਰ ਦੇ ਹਾਈ ਸਕੂਲ ਤੋਂ ਦਸਵੀਂ ਪਾਸ ਕਰ ਗਿਆ ਸਾਂ---- ਦਸਵੀਂ ਤੱਕ ਪੜ੍ਹਦੇ ਪੜ੍ਹਦੇ ਮੈਂ ਘਰ ਦੇ ਸਾਰੇ ਕੰਮ ਕੀਤੇ ਸਨ--- ਡੰਗਰਾਂ ਦੀ ਸਾਂਭ ਸੰਭਾਲ ਤੋਂ ਲੈ ਕੇ ਖੇਤਾਂ ਨੂੰ ਪਾਣੀ ਲਗਾਉਣ ਤੱਕ, ਗੱਡਾ ਚਲਾਉਣ ਤੋਂ ਲੈ ਕੇ ਹਲਟ ਹੱਕਣ ਤੱਕ ਆਦਿ। ਰਹਿਣ ਸਹਿਣ ਉਦੋਂ ਪਿੰਡ ਦਾ ਬੜਾ ਸਾਧਾਰਨ ਹੋਇਆ ਕਰਦਾ ਸੀ--- ਬਾਈਸਾਈਕਲਾਂ, ਰੇੜ੍ਹਿਆਂ, ਗੱਡਿਆਂ, ਹਲਟਾਂ ਆਦਿ ਦਾ ਜਮਾਨਾ ਸੀ। ਮੈਂ ਪਿੰਡ ਚੋਂ ਅਣਗੌਲਿਆਂ ਮੁੰਡਾ ਸਾਂ। ਲੋਕ ਸੋਚਦੇ ਸਨ ਕਿ ਮੈਂ ਜਾਂ ਤਾਂ ਮਾੜੀ ਮੋਟੀ ਖੇਤੀ ਕਰਨ ਜੋਗਾ ਹੀ ਰਹਿ ਜਾਵਾਂਗਾ ਤੇ ਜਾਂ ਫਿਰ ਫੌਜ ਵਿੱਚ ਭਰਤੀ ਹੋ ਕੇ ਹੌਲਦਾਰ ਰਿਟਾਇਰ ਹੋ ਕੇ ਆ ਜਾਊਂ। ਇਸਤੋਂ ਵੱਧ ਕਿਸੇ ਨੂੰ ਮੇਰੇ ਤੇ ਕੋਈ ਆਸ ਨਹੀਂ ਸੀ। ਮੇਰੇ ਦੋ ਚਾਚੇ ਸੋਚਦੇ ਸਨ ਕਿ ਸ਼ਾਇਦ ਮੈਂ ਕਿਤੇ ਚੱਜ ਨਾਲ਼ ਵਿਆਹ ਵੀ ਨਾ ਹੋ ਸਕੂੰ--- ਹਾਂ ਮੇਰਾ ਇੱਕ ਸਿਆਸੀ ਚਾਚਾ ਸੀ ਜਿਹੜਾ ਛੜਾ ਹੀ ਸੀ ਪਰ ਉਹ ਦੁਨੀਆ ਦਾ ਕਾਫੀ ਗਿਆਨ ਰੱਖਦਾ ਸੀ-- ਉਹ ਉਸ ਸਮੇਂ ਭਾਰਤੀ ਕਾਂਗਰਸ ਪਾਰਟੀ ਦਾ ਸਰਗਰਮ ਮੈਂਬਰ ਹੋਇਆ ਕਰਦਾ ਸੀ--- ਇਸੇ ਪਾਰਟੀ ਦੀ ਮਦਦ ਨਾਲ਼ ਉਹ ਪਿੰਡ ਦੀ ਪੰਚਾਇਤ ਦਾ ਮੈਂਬਰ ਬਣਿਆ

ਸੀ। ਘਰ ਵਿੱਚੋਂ ਹੋਰ ਕੋਈ ਵੀ ਪੜ੍ਹਿਆ ਲਿਖਿਆ ਨਹੀਂ ਸੀ। ਮੇਰੇ ਦਸ ਜਮਾਤਾਂ ਪਾਸ ਕਰ ਜਾਣ ਨਾਲ਼ ਹਰ ਇੱਕ ਨੂੰ ਬੜੀ ਖੁਸ਼ੀ ਹੋਈ ਸੀ।

ਮੇਰੇ ਸਿਆਸੀ ਚਾਚੇ ਨੇ ਮੈਨੂੰ ਨੇੜਲੇ ਸਕੂਲ ਵਿੱਚ ਜੇ.ਬੀ.ਟੀ. ਵਿੱਚ ਦਾਖਲਾ ਦਵਾ ਦਿੱਤਾ ਤੇ ਮੈ ਡੇਢ ਕੁ ਸਾਲ ਬਾਅਦ ਇਕ ਪ੍ਰਾਇਮਰੀ ਸਕੂਲ ਵਿੱਚ ਮਾਸਟਰ ਲੱਗ ਗਿਐਂ। ਗੁੱਸੇ ਵਿੱਚ ਆ ਕੇ ਮੈਂ ਕਈ ਵਾਰ ਬੱਚਿਆਂ ਨੂੰ ਕੁੱਟਦਾ ਸੀ--- ਦੋ ਤਿੰਨ ਪੰਜਵੀਂ ਵਾਲੇ ਮੁੰਡਿਆ ਦੇ ਮੈਂ ਜੋਰ ਨਾਲ ਚੁੰਢੀ ਵੱਢ ਦਿੱਤੀ--- ਪਿੰਡ ਵਾਲਿਆਂ ਮੇਰਾ ਨਾਮ ਚੁੰਢੀ ਮਾਸਟਰ ਪਾ ਲਿਆ। ਪੜ੍ਹਾਉਂਦਾ ਪੜ੍ਹਾਉਂਦਾ ਮੈਂ ਖੇਤੀ ਕਰਦਾ ਮਿੱਟੀ ਨਾਲ਼ ਮਿੱਟੀ ਹੋਇਆ ਰਹਿੰਦਾ ਸਾਂ--- ਆਖਰ ਮੇਰਾ ਸਿਆਸੀ ਚਾਚਾ ਮੇਰੀ ਮਦਦ ਤੇ ਇੱਕ ਵਾਰ ਫਿਰ ਆ ਗਿਆ--- ਹੁਣ ਤੱਕ ਉਹ ਪਾਰਟੀ ਦਾ ਬਲਾਕ ਲੈਵਲ ਦਾ ਸਰਗਰਮ ਮੈਂਬਰ ਬਣ ਗਿਆ ਸੀ। ਪਾਰਟੀ ਨੇ ਉਸਨੂੰ ਬਲਾਕ ਲੈਵਲ ਦਾ ਆਪਣਾ ਖਜਾਨਚੀ ਵੀ ਚੁਣ ਲਿਆ ਸੀ। ਉਸ ਪਾਸ ਪਾਰਟੀ ਦੇ ਪੈਸੇ ਅਕਸਰ ਪਏ ਰਹਿੰਦੇ ਸਨ-- ਇਹ ਪੈਸੇ ਆਉਂਦੇ ਤੇ ਜਾਂਦੇ ਰਹਿੰਦੇ ਸਨ-- ਉਸਨੇ ਸੋਚਿਆ ਕਿ ਇਨ੍ਹਾਂ ਪੈਸਿਆਂ ਦੇ ਸਿਰ ਤੇ ਮੈਨੂੰ ਕਿਸੇ ਤਰੀਕੇ ਆਪਣੀ ਜਾਣ ਪਹਿਚਾਣ ਵਰਤ ਕੇ ਬਾਹਰ ਕੱਢ ਦੇਵਾਂ-- ਉਦੋਂ ਇੰਗਲੈਂਡ ਜਾਣਾ ਬਹੁਤਾ ਔਖਾ ਨਹੀਂ ਸੀ ਹੁੰਦਾ-- ਮੇਰਾ ਇਹ ਸਿਆਸੀ ਚਾਚਾ ਇੱਕ ਟਰੈਵਲ ਏਜੰਟ ਨੂੰ ਮਿਲਿਆ ਤੇ ਉਸਨੇ ਉਸ ਨਾਲ਼ ਮੇਰੇ ਭਵਿੱਖ ਦੀ ਗੱਲ ਕੀਤੀ-- ਏਜੰਟ ਨੇ ਕੁੱਝ ਹਾਂ ਪੱਖੀ ਹੁੰਗਾਰਾ ਭਰ ਦਿੱਤਾ--- ਸਕੀਮ ਦੱਸ ਕੇ ਉਸ ਏਜੰਟ ਨੇ ਉਦੋਂ ਮੈਨੂੰ ਇੰਗਲੈਂਡ ਭਿਜਵਾ ਦਿੱਤਾ---

ਨਸੀਬ ਇਵੇਂ ਸੋਚੀ ਜਾ ਰਿਹਾ ਸੀ। ਉਸਦੇ ਮਨ ਦੀਆਂ ਬਾਕੀ ਗੱਲਾਂ ਮੈਂ ਆਪਣੇ ਵਲੋਂ ਬਿਆਨ ਕਰ ਰਿਹਾ ਹਾਂ: ਨਸੀਬ ਇੰਗਲੈਂਡ ਤਾਂ ਪਹੁੰਚ ਹੀ ਗਿਆ। ਬੱਸ ਫਿਰ ਕੀ ਸੀ। ਉੱਥੇ ਜਾ ਕੇ ਨਸੀਬ ਨੂੰ ਅੱਗੇ ਤੋਂ ਅੱਗੇ ਰਾਹ ਲੱਭਦੇ ਗਏ। ਕੁੱਝ ਚਿਰ ਸਟੋਰਾਂ ਵਿੱਚ ਕੰਮ ਕਰਨ ਤੋਂ ਬਾਅਦ ਉਸਨੇ ਉੱਥੇ ਪੜ੍ਹਾਈ ਸ਼ੁਰੂ ਕਰ ਦਿੱਤੀ। ਉਸਨੇ ਕਾਮਰਸ ਵਿੱਚ ਬੈਚਲਰ ਡਿਗਰੀ ਕਰ ਲਈ। ਫਿਰ ਉਹ ਅਕਾਉਂਟਸ ਅਫਸਰ ਬਣ ਗਿਐ। ਉਹ ਲੋਕਾਂ ਵਿੱਚ ਵੀ ਸੋਹਣਾ ਵਿਚਰਦਾ ਰਿਹਾ। ਉਸਦੀ ਪਹਿਲਾਂ ਹੇਠਲੇ ਪੱਧਰ ਤੇ ਸਿਆਸੀ ਦਿਲਚਸਪੀ ਵਧੀ। ਫਿਰ ਉਹ ਕੌਂਸਲ ਲੈਵਲ ਤੇ ਸਰਗਰਮ ਹੋਇਆ ਤੇ ਆਖਰਕਾਰ ਇੱਕ ਦਿਨ ਐਸਾ ਆਇਆ ਕਿ ਉਹ ਕੌਂਸਲ ਦਾ ਮੇਅਰ ਬਣ ਗਿਆ। ਹੁਣ ਉਹ ਸੰਸਦ ਦਾ ਮੈਂਬਰ ਵੀ ਸੀ ਤੇ ਉਸਨੂੰ ਆਪਣੀ ਪੰਜਾਬ ਵਿਚਲੀ ਜਿੰਦਗੀ ਯਾਦ ਆ ਰਹੀ ਸੀ।

ਨਸੀਬ ਸਿੰਘ ਧਨੋਆ ਐਮ.ਪੀ. ਬਣ ਗਿਆ ਸੀ। 90ਵਿਆਂ 'ਚ ਉਹਨੇ ਫਿਰ ਇੱਕ ਵਾਰ ਆਪਣਾ ਪਿੰਡ ਦੇਖਣਾ ਚਾਹਿਆ। ਯੂ.ਕੇ. ਦੀ ਸਰਕਾਰ ਨੇ ਭਾਰਤ ਦੇ ਵਿਦੇਸ਼ੀ ਮੰਤਰਾਲੇ ਨਾਲ਼ ਮਿਲ ਕੇ ਉਸਦੀ ਭਾਰਤ ਵਿੱਚ ਪੂਰੀ ਸੁਰੱਖਿਅਤਾ ਦਾ ਪ੍ਰਬੰਧ



ਕਰ ਦਿੱਤਾ। ਜਦ ਉਸਨੇ ਆਉਣਾ ਸੀ ਤਾਂ ਰਸੂਲਪੁਰ ਵਿੱਚ ਚਾਰੇ ਪਾਸੇ ਪੁਲਿਸ ਹੀ ਪੁਲਿਸ ਸੀ। ਇਲਾਕੇ ਦੀ ਨਵੀਂ ਪੀੜ੍ਹੀ ਨੂੰ ਬੜੀ ਹੈਰਾਨੀ ਸੀ ਪ੍ਰੰਤੂ ਪੁਰਾਣੀ ਪੀੜ੍ਹੀ ਉਹਦੀ ਪੁਰਾਣੇ ਸੀਬੇ ਦੇ ਤੌਰ ਤੇ ਹੀ ਕਲਪਨਾ ਕਰ ਰਹੀ ਸੀ। ਪੰਚਾਇਤ ਨੇ ਵੀ ਉਸਨੂੰ ਜੀ ਆਇਆ ਕਹਿਣ ਲਈ ਵਿਆਪਕ ਇੰਤਜਾਮ ਕਰ ਲਏ ਸਨ! ਪਿੰਡ ਦੇ ਨਜਦੀਕ ਇੱਕ ਕਾਲਜ ਦੇ ਪ੍ਰਿੰਸੀਪਲ ਨੇ ਵੀ ਸਟਾਫ ਅਤੇ ਕਮੇਟੀ ਨਾਲ਼ ਸਲਾਹ ਕਰਕੇ ਨਸੀਬ ਸਿੰਘ ਧਨੋਆ ਨੂੰ ਕਾਨਵੋਕੇਸ਼ਨ ਤੇ ਬੁਲਾਉਣ ਦਾ ਨਿਸ਼ਚਾ ਕਰ ਲਿਆ। ਕਾਲਜ ਨੂੰ ਉਮੀਦ ਸੀ ਕਿ ਉਹ ਕਾਲਜ ਨੂੰ ਕੁੱਝ ਦਾਨ ਦੇ ਜਾਵੇਗਾ ਕਿਉਂਕਿ ਹੁਣ ਉਹ ਵੱਡਾ ਬੰਦਾ ਸੀ ਤੇ ਵਿੱਦਿਆ ਦੀ ਮਹੱਤਤਾ ਨੂੰ ਵੀ ਵੱਧ ਸਮਝ ਚੁੱਕਾ ਸੀ। ਸ਼ਹਿਰੀ ਲਾਲੇ ਜਿਹੜੇ ਪੇਂਡੂ ਜੱਟਾਂ ਜ਼ਿੰਮੀਦਾਰਾਂ ਨੂੰ ਐਂਵੇ ਜਿਹੇ ਸਮਝਦੇ ਰਹਿੰਦੇ ਸਨ ਉਹ ਵੀ ਨਸੀਬ ਧਨੋਆ ਨੂੰ ਦੇਖਣ ਲਈ ਕਾਹਲੇ ਸਨ। ਕਈ ਦੁਕਾਨਦਾਰਾਂ ਨੂੰ ਆਸ ਸੀ ਕਿ ਉਹਨਾਂ ਦੀਆਂ ਦੁਕਾਨਾ ਤੋਂ ਕਾਫੀ ਮਾਲ਼ ਖਰੀਦ ਹੋਵੇਗਾ ਕਿਉਂਕਿ ਐਮ.ਪੀ. ਆ ਕੇ ਪਾਠ ਕਰਵਾਉਣਗੇ। ਕੱਪੜਾ ਲੱਤਾ ਵੀ ਖਰੀਦਿਆ ਜਾ ਸਕਦਾ ਸੀ।

ਮਾਨਯੋਗ ਨਸੀਬ ਸਿੰਘ ਧਨੋਆ ਜੀ ਪਿੰਡ ਆਏ। ਪਾਠ ਕਰਵਾਇਆ ਗਿਆ। ਪੰਚਾਇਤ ਨੇ ਵੀ ਇਕੱਠ ਕੀਤਾ। ਕਾਲਜ ਦੀ ਕਾਨਵੋਕੇਸ਼ਨ ਵੀ ਗੱਜ ਵੱਜ ਕੇ ਹੋਈ। ਐਮ.ਪੀ. ਨੇ ਇੱਕ ਲੱਖ ਰੁਪਏ ਕਾਲਜ ਲਈ ਦਾਨ ਵਜੋਂ ਵੀ ਦੇ ਦਿੱਤੇ। ਬੱਲੇ ਬੱਲੇ ਹੋ ਗਈ। ਐਮ.ਪੀ. ਸਾਹਿਬ ਕਾਲਜ ਵਿਖੇ ਵਿੱਦਿਆ ਦੀ ਮਹੱਤਤਾ ਤੇ ਬੋਲੇ ਵੀ। ਕਾਲਜ ਨੇ ਉਸਨੂੰ ਯਾਦ ਚਿੰਨ੍ਹ ਵੀ ਦਿੱਤਾ। ਨਸੀਬ ਸਿੰਘ ਪਿੰਡ ਦੇ ਪੁਰਾਣੇ ਬੁੱਢਿਆਂ ਲਈ ਉਹੀ ਸੀਬਾ ਸੀ, ਭਾਈਏ ਨਿਹਾਲੇ ਦਾ ਮੁੰਡਾ ਤੇ ਬਾਬੇ ਦਲੇਲੇ ਦਾ ਪੋਤਾ। 'ਜੇ ਉਹਨੂੰ ਮਿਲ ਕੇ ਕੁੱਝ ਸਿੱਧੀਆਂ ਪੱਧਰੀਆਂ ਗੱਲਾਂ ਕੀਤੀਆਂ ਜਾਣ ਤਾਂ ਉਹ ਕੀ ਕਰ ਲਊ', ਭਾਈਆ ਮਹਿੰਗਾ ਸਿੰਘ ਇਵੇਂ ਸੋਚੀ ਜਾਵੇ, 'ਮੈਨੂੰ ਤਾਂ ਲਗਦਾ ਏ ਕਿ ਉਹ ਮੇਰਾ ਵੱਧ ਸਤਿਕਾਰ ਕਰੂ। ਕਿਉਂ ਨਾ ਮਿਲ ਕੇ ਆਪਣੇ ਪੋਤੇ ਬਾਰੇ ਗੱਲ ਕਰ ਲਈ ਜਾਵੇ। ਸੀਬੇ ਲਈ ਹੁਣ ਕੀ ਔਖਾ?-- ਉਹਦੇ ਤਾਂ ਬਾਏਂ ਹੱਥ ਦਾ ਖੇਲ ਏ-- ਉਹ ਤਾਂ ਜੇ ਕਾਗਜਾਂ ਤੇ ਮਾੜੀ ਜਿਹੀ ਘੁੱਗੀ ਮਾਰ ਦੇਵੇ ਤਾਂ ਸਾਡੇ ਭਾਗ ਜਾਗ ਪਊਗੇ--- ਜਿਹਨੇ ਆਪ ਮਾੜੇ ਦਿਨ ਦੇਖੇ ਹੋਣ ਉਹ ਤਾਂ ਮਦਦ ਕਰਨ ਵਿੱਚ ਮਿੰਟ ਵੀ ਨਾ ਲਾਊ।' ਭਾਈਏ ਨੇ ਆਪਣੇ ਪੋਤੇ ਨੂੰ ਆਪਣੇ ਕੋਲ ਸੱਦਿਆ ਤੇ ਕਿਹਾ,"ਓਏ ਬੱਲੀ ਪੁੱਤ, ਸੀਬਾ ਆਪਣੇ ਕਿਹਰੇ ਤਾਏ ਦਾ ਭਤੀਜਾ ਏ। ਤੂੰ ਹੁਣ ਬੀ.ਆ. ਤਾਂ ਕਰ ਹੀ ਲਈ ਏ। ਤੇਰੇ ਬਾਰੇ ਪੁੱਛ ਕੇ ਦੇਖਾਂ? ਤੈਨੂੰ ਇੰਗਲੈਂਡ ਹੀ ਕੱਢ ਲਵੇ!"

"ਬਾਬਾ, ਉਹ ਕੋਈ ਸਾਡਾ ਸਕਾ ਥੋੜ੍ਹੀ ਏ ਤਾਏ ਦਾ ਭਤੀਜਾ ਕਿਵੇਂ ਹੋਇਆ? ਅਸੀਂ ਮੱਲ੍ਹੀ ਹਾਂ, ਉਹ ਧਨੋਆ ਏ। ਅਸੀਂ ਇੱਧਰ ਦੇ ਹਾਂ, ਉਹ ਪਾਕਿਸਤਾਨੋਂ ਆਏ ਹੋਏ ਨੇ। ਤੇਰੀ ਮਰਜੀ ਏ। ਨਾਲੇ ਕਿਸੇ ਕਾਨੂੰਨ ਤੋਂ ਬਗੈਰ ਕੋਈ ਕਿਵੇਂ ਕੰਮ ਕਰੂ?

ਇਹ ਦੂਜੇ ਦੇਸ਼ਾਂ ਵਿੱਚ ਰਹਿ ਕੇ ਤੇ ਉੱਥੇ ਪੜ੍ਹ ਲਿਖ ਕੇ ਵੱਧ ਕਾਨੂੰਨੀ ਬਣ ਜਾਂਦੇ ਨੇ।"

ਮੈਂ ਤਾਂ ਐਮ.ਪੀ. ਨਸੀਬ ਸਿੰਘ ਧਨੋਆ ਦੀ ਸੋਚ ਉਡਾਰੀ ਹੀ ਬਿਆਨ ਕੀਤੀ ਏ। ਉਹ ਸ਼ਾਮ ਨੂੰ ਆਪਣੇ ਘਰ ਬੈਠਾ ਬੈਠਾ ਦਾਰੂ ਦੀ ਚੁਸਕੀ ਲੈਂਦਾ ਲੈਂਦਾ ਉਸ ਦੁਨੀਆਂ ਵਿੱਚ ਪਹੁੰਚ ਗਿਆ ਸੀ ਜਿਸ ਵਿੱਚੋਂ ਉਸਨੂੰ ਕਿਸੇ ਦਿਨ ਆਪਣੇ ਪਿੰਡ ਗੇੜਾ ਮਾਰਨਾ ਤੇ ਗੁਜ਼ਰਨਾ ਪੈ ਸਕਦਾ ਸੀ। ਉਹ ਕਲਪਨਾ ਉਡਾਰੀ ਤੋਂ ਬਾਹਰ ਨਿਕਲਿਆ ਤੇ ਬੁੜਬੁੜਾਇਆ--- ਜੇ ਮੈਂ ਸਚਮੁੱਚ ਪਿੰਡ ਗੇੜਾ ਮਾਰਨ ਜਾਵਾਂ ਤਾਂ ਪਿੰਡ ਦੇ ਬਚਪਨ ਦੇ ਮੇਰੇ ਸਾਥੀ ਮੈਨੂੰ ਓਵੇਂ ਹੀ ਮਿਲਣ ਦੀ ਕੋਸ਼ਿਸ਼ ਕਰਨਗੇ ਜਿਵੇਂ ਮੈਂ ਉਹੀ ਸੀਬਾ ਹੋਵਾਂ ਜਿਹੜਾ 60 ਸਾਲ ਪਹਿਲਾਂ ਪਿੰਡ ਦੇ ਲਹਿੰਦੇ ਪਾਸੇ ਵਾਲੀ ਜੂਹ ਵਿੱਚ ਉਹਨਾਂ ਨਾਲ਼ ਮੱਝਾਂ ਚਾਰਦਾ ਹੁੰਦਾ ਸਾਂ। ਭਾਵੇਂ ਅਖਬਾਰਾਂ ਮੈਨੂੰ ਸੌ ਵਾਰੀ ਜਿਜ਼ ਹਾਈਨੈੱਥ ਨਸੀਬ ਸਿੰਘ ਧਨੋਆ ਲਿਖੀ ਜਾਣ ਪਰ ਪਿੰਡ ਦੇ ਪੁਰਾਣੇ ਸਾਥੀ ਮਹਿੰਗਾ ਸਿੰਘ, ਵਿਰਸਾ ਸਿੰਘ, ਬਘੇਲ ਸਿਹੁੰ, ਤਖਤੂ ਮੱਲ, ਕਰਮੂ ਤੇਲੀ ਤੇ ਹੋਰ ਕਿੰਨੇ ਸਾਰੇ ਕਹਿੰਦੇ ਫਿਰਨਗੇ- ਓਏ ਸੀਬਾ ਗਲੈਂਡੋਂ ਆਇਆ, ਆਪਣਾ ਈ ਤਾਂ ਏ, ਆਪਣੇ ਤਾਏ ਦਾ ਮੁੰਡਾ! ਕੀ ਹੋਇਆ ਕਿ ਉਹ ਗਲੈਂਡ ਚ ਰਾਜ ਕਰ ਰਹੀ ਪਾਰਟੀ ਦਾ ਮੈਂਬਰ ਹੈ, ਹੈ ਤਾਂ ਆਪਣੀ ਤਾਈ ਧਾਂਤੀ ਦਾ ਉਹ ਚੁੱਪ ਕੀਤਾ ਜਿਹਾ ਮੁੰਡਾ ਜਿਹੜਾ ਘੋੜੇ ਜਿਡਾ ਹੋ ਕੇ ਪੜ੍ਹਨਾ ਪਾਇਆ ਗਿਆ ਸੀ, ਪੈਰਾਂ ਤੋਂ ਗਿੱਟਲ ਨੰਗੇ ਪੈਰੀਂ ਪਿੰਡ ਕੱਛਾ ਪਾ ਕੇ ਤਰਿਆ ਫਿਰਦਾ ਹੁੰਦਾ ਸੀ। ਉੱਥੇ ਅਨਪੜ੍ਹਾਂ ਦਾ ਤਾਂ ਇਹ ਹਾਲ ਏ- ਆਪਣੀਆਂ ਕੱਛ 'ਚ ਦੂਜੇ ਦੀਆਂ ਹੱਥ 'ਚ!

ਹੁਣ ਨਸੀਬ ਨੂੰ ਸੋਹਣਾ ਸਰੂਰ ਹੋ ਗਿਆ ਸੀ।ਇੰਨੇ ਨੂੰ ਉਸਨੂੰ ਡਿਨਰ ਵਾਸਤੇ ਆਵਾਜ਼ ਪੈ ਗਈ। ਖਾਣਾ ਖਾਦੇ ਖਾਦੇ ਵੀ ਕੁੱਝ ਸਮਾਂ ਉਸਦੀਆਂ ਅੱਖਾਂ ਮੂਹਰੇ ਦੋ ਸੰਸਾਰ ਤੈਰਦੇ ਰਹੇ----- 60 ਸਾਲ ਪੁਰਾਣਾ ਰਸੂਲਪੁਰ ਤੇ ਉਸਦਾ ਹੁਣ ਵਾਲ਼ਾ ਲੰਡਨ ਦਾ ਜੀਵਨ! ਦੋਹਾਂ ਜੀਵਨਾਂ ਦਾ ਇੰਨਾ ਵੱਡਾ ਪਾੜਾ ਜਿਸਨੂੰ ਇੱਕ ਦੂਜੇ ਨਾਲ਼ ਮਿਲਾਉਣਾ ਬਹੁਤ ਔਖਾ ਲਗਦਾ ਸੀ। ਸੋਚ ਸਾਚ ਕੇ ਉਸਨੇ ਵਾਪਿਸ ਗੇੜਾ ਮਾਰਨ ਦਾ ਖਿਆਲ ਛੱਡ ਹੀ ਦਿੱਤਾ!!

ਉਸਨੂੰ ਡਰ ਸੀ ਕਿ ਉਹਨੂੰ ਕੋਈ ਹੁਣ ਵੀ ਚੂੰਢੀ ਮਾਸਟਰ ਕਹਿ ਕੇ ਉਸਦੀ ਜਵਾਨੀ ਯਾਦ ਨਾ ਕਰਾ ਦੇਵੇ!!

*****



# ਜੇ ਫੱਟੀ ਸਾਹ ਦਊ, ਤਾਂ ਹੀ ਬਾਜੀਗਰ ਛਾਲ ਮਾਰੂ

ਉਜਾਗਰ ਮੱਲ ਠੀਕ ਹੋ ਕੇ ਹੁਣ ਹਸਪਤਾਲ ਤੋਂ ਆਪਣੇ ਘਰ ਪਹੁੰਚ ਗਿਆ ਸੀ। ਉਸਦੀ ਸਿਹਤ ਹੁਣ ਠੀਕ ਹੀ ਸੀ। ਬਹਾਨਾ ਬਣਾ ਕੇ ਕੁੱਝ ਦਿਨਾ ਲਈ ਉਸਨੇ ਕਾਲਜ ਵਿੱਚ ਜਾਣ ਤੋਂ ਛੁੱਟੀ ਲੈ ਲਈ ਸੀ। ਜੇਕਰ ਕੋਈ ਸਟਾਫ ਮੈਂਬਰ ਇਮਤਿਹਾਨ ਵਿੱਚ ਡਿਊਟੀ ਤੇ ਨਾ ਹੋਵੇ ਤਾਂ ਉਸਨੂੰ ਕੁੱਝ ਸਮੇਂ ਲਈ ਕਾਲਜ ਜਾ ਕੇ ਬੈਠਣਾ ਹੀ ਹੁੰਦਾ ਸੀ। ਡਾਕਟਰ ਅਕਸਰ ਲਿਖ ਹੀ ਦਿੰਦੇ ਹਨ ਕਿ ਮਰੀਜ ਨੂੰ ਕੁੱਝ ਦਿਨ ਹੋਰ ਅਰਾਮ ਕਰਨਾ ਚਾਹੀਦਾ ਹੈ। ਡਾਕਟਰ ਦੀ ਇਸ ਲਿਖਤ ਨੇ ਉਸਨੂੰ ਕੁੱਝ ਹੋਰ ਦਿਨਾਂ ਲਈ ਕਾਲਜ ਜਾਣ ਤੋਂ ਵੀ ਛੁਟਕਾਰਾ ਦੁਆ ਦਿੱਤਾ ਸੀ।

ਪ੍ਰਸ਼ੋਤਮ ਨੇ ਉਜਾਗਰ ਮੱਲ ਨੂੰ ਮਿਲਣਾ ਚਾਹਿਆ। ਉਹ ਉਸਦੀ ਖਬਰ ਵੀ ਲੈਣੀ ਚਾਹੁੰਦਾ ਸੀ ਤੇ ਉਸ ਨਾਲ ਗੱਪ ਛੱਪ ਵੀ ਮਾਰਨਾ ਚਾਹੁੰਦਾ ਸੀ। ਅੱਜ ਪ੍ਰਸ਼ੋਤਮ ਦੀ ਇਮਤਿਹਾਨ ਵਿੱਚ ਡਿਊਟੀ ਨਹੀਂ ਸੀ। ਉਜਾਗਰ ਮੱਲ ਦੇ ਘਰ ਫੋਨ ਨਹੀਂ ਸੀ। ਉਸ ਸਮੇਂ ਵੈਸੇ ਵੀ ਫੋਨ ਸਭ ਘਰਾਂ ਵਿੱਚ ਨਹੀਂ ਹੋਇਆ ਕਰਦੇ ਸਨ। ਪ੍ਰਸ਼ੋਤਮ ਨੇ ਪਤਾ ਮੰਗਵਾ ਲਿਆ ਕਿ ਉਜਾਗਰ ਮੱਲ ਘਰ ਹੀ ਸੀ। ਸਮਾਂ ਕੱਢ ਕੇ ਸ਼ਾਮ ਨੂੰ ਉਹ ਉਸਦੇ ਘਰ ਚਲਾ ਗਿਆ।

"ਪ੍ਰੋਫੈਸਰ ਸਾਹਿਬ, ਸਤਿ ਸ਼੍ਰੀ ਅਕਾਲ!"

"ਪ੍ਰਸ਼ੋਤਮ ਕੀ ਹਾਲ ਏ? ਸੈਂਟਰ ਕਿਵੇਂ ਚੱਲ ਰਿਹਾ ਏ? ਕਹਿੰਦੇ, ਬਾਅਦ ਵਿੱਚ ਬੜੀਆਂ ਸਖਤੀਆਂ ਹੋ ਗਈਆਂ ਸੀ। ਸੁਣਿਐਂ, ਪਤਵੰਤ ਸਿੰਘ ਨੇ ਸੈਂਟਰ ਤੇ ਠੀਕਰੀ ਪਹਿਰਾ ਲਗਾ ਰੱਖਿਆ ਏ? ਜਿਹੜੇ ਜ਼ਿਆਦਾ ਹੀ ਵੱਡੇ ਠਾਣੇਦਾਰ ਬਣਦੇ ਹੁੰਦੈ ਕਈ ਵਾਰ ਫੁੰਡੇ ਵੀ ਜਾਂਦੇ ਆ। ਤੇਰਾ ਕੰਮ ਕਿਵੇਂ ਚਲ ਰਿਹਾ ਏ?"

"ਸਰ, ਮੇਰਾ ਕੰਮ ਤਾਂ ਠੀਕ ਹੀ ਚੱਲ ਰਿਹਾ ਏ। ਸਰ ਮੈਨੂੰ ਇੱਕ ਗੱਲ ਦੱਸੋ?"

"ਉਹ ਕੀ?"

"ਜਦ ਯੂਨੀਵਰਸਿਟੀ ਦੇ ਤਕਰੀਬਨ ਸਾਰੇ ਕਾਲਜਾਂ ਵਿੱਚ ਹੀ ਪ੍ਰੀਖਿਆਂਵਾਂ ਦਾ ਬੁਰਾ ਹਾਲ ਏ ਤਾਂ ਕੀ ਇੱਕ ਦੋ ਸੈਂਟਰਾਂ ਵਿੱਚ ਸਖਤੀ ਕਰਨੀ ਬੱਚਿਆਂ ਨਾਲ ਅਨਿਆ ਨਹੀ? ਕੀ ਸਖਤੀ ਕਰਨ ਨਾਲ ਪਤਵੰਤ ਸਿੰਘ ਨੂੰ ਸੋਨ ਤਮਗਾ ਮਿਲਜੂ?

ਸਖਤੀ ਹੋਵੇ ਤਾਂ ਸਾਰੇ ਹੀ ਹੋਵੇ। ਅਗਰ ਨਰਮੀ ਹੋਵੇ ਤਾਂ ਉਹ ਵੀ ਸਾਰੇ ਹੀ ਹੋਵੇ?"

"ਪ੍ਰਸ਼ੋਤਮ, ਤੇਰੀ ਇਹ ਧਾਰਨਾ ਅੱਜ ਦੇ ਹਾਲਾਤ ਮੁਤਾਬਕ ਤਾਂ ਠੀਕ ਏ ਪਰ ਆਮ ਹਾਲਾਤਾਂ ਵਿੱਚ ਇੰਝ ਨਹੀਂ ਹੋਇਆ ਕਰਦਾ। ਜਦ ਚੰਗੇ ਸਮੇਂ ਹੁੰਦੇ ਸਨ ਉਦੋਂ ਵੀ ਕਈ ਸੁਪਰਡੰਟ ਬੜੇ ਹੀ ਸਖਤ ਹੋਇਆ ਕਰਦੇ ਸਨ ਤੇ ਕਈ ਨਰਮ। ਇੱਕ ਵਾਰ ਸਾਡੇ ਕਾਲਜ ਵਿੱਚ ਇੱਕ ਸੁਪਰਡੰਟ ਬਰਾੜ ਆਇਆ ਸੀ। ਇਹ ਤੁਹਾਡੇ ਇੱਥੇ ਲੈਕਚਰਾਰ ਲੱਗਣ ਤੋਂ ਪਹਿਲਾਂ ਦੀ ਗੱਲ ਏ। ਉਹ ਗਲ ਵਿੱਚ ਪਿਸਤੋਲ ਪਾ ਕੇ ਰੱਖਦਾ ਹੁੰਦਾ ਸੀ। ਉਦੋਂ ਕਾਲਜ ਵਿੱਚ ਸਟੂਡੈਂਟ ਫੈਡਰੇਸ਼ਨ ਦਾ ਬੜਾ ਜ਼ੋਰ ਹੁੰਦਾ ਸੀ। ਇਕ ਪਾਸੇ ਕਾਂਗਰਸੀ ਮੁੰਡਿਆਂ ਦਾ ਧੜਾ ਹੁੰਦਾ ਸੀ। ਸਟੂਡੈਂਟ ਫੈਡਰੇਸ਼ਨ ਵਾਲੇ ਖੱਬੇ ਪੱਖੀ ਮੁੰਡੇ ਕਾਂਗਰਸੀਆਂ ਦਾ ਸਾਥ ਦਿਆ ਕਰਦੇ ਸਨ। ਦੂਜੇ ਪਾਸੇ ਗੁਰਜੰਟ ਹੋਰਾਂ ਦਾ ਖਾਲਸਿਆਂ ਦਾ ਗਰੁੱਪ ਹੁੰਦਾ ਸੀ। ਇੱਕ ਕਾਂਗਰਸੀ ਮੁੰਡਾ ਨਰਿੰਦਰ ਕਾਲਜ ਵਿੱਚ ਹਮੇਸ਼ਾ ਮਨ ਮਰਜੀਆਂ ਕਰਦਾ ਹੁੰਦਾ ਸੀ। ਗੁਰਜੰਟ ਹੋਰੀਂ ਉਸਨੂੰ ਸਬਕ ਸਿਖਾਉਣਾ ਚਾਹੁੰਦੇ ਸਨ। ਉਹਨਾ ਨੂੰ ਪਤਾ ਸੀ ਕਿ ਨਰਿੰਦਰ ਨੇ ਨਕਲ ਕਰਨੀ ਹੀ ਏ। ਉਹ ਬਰਾੜ ਨੂੰ ਜਾ ਮਿਲੇ। ਬਰਾੜ ਨੇ ਉਹਨਾਂ ਨੂੰ ਯਕੀਨ ਦੁਆ ਦਿੱਤਾ ਕਿ ਅਗਰ ਨਰਿੰਦਰ ਨਕਲ ਕਰੂਗਾ ਤਾਂ ਉਹ ਉਸਦਾ ਹਰ ਹਾਲਤ ਵਿੱਚ ਕੇਸ ਬਣਾ ਕੇ ਯੂਨੀਵਰਸਿਟੀ ਨੂੰ ਭੇਜੇਗਾ ਹੀ। ਪਰਚਾ ਸ਼ੁਰੂ ਹੋਇਆ। ਘੰਟੇ ਕੁ ਬਾਅਦ ਬਰਾੜ ਨੂੰ ਪਤਾ ਲਗ ਗਿਐ ਕਿ ਨਰਿੰਦਰ ਨਕਲ ਕਰ ਰਿਹਾ ਸੀ। ਨਰਿੰਦਰ ਵਾਲੇ ਕਮਰੇ ਵਿੱਚ ਇੱਕ ਮੈਡਮ ਡਿਊਟੀ ਦੇ ਰਹੀ ਸੀ। ਬਰਾੜ ਨੇ ਕਮਰੇ ਵਿੱਚ ਗੇੜਾ ਮਾਰਿਆ ਤੇ ਨਰਿੰਦਰ ਤੋਂ ਪਰਚੀ ਲੈ ਕੇ ਕੇਸ ਠੋਕ ਦਿੱਤਾ। ਮੈਡਮ ਨੂੰ ਤਾਂ ਕੇਸ ਉਪਰ ਸਹੀ ਪਾਉਣੀ ਹੀ ਪੈਣੀ ਸੀ।

"ਕੀ ਫਿਰ ਨਰਿੰਦਰ ਦੇ ਸਾਥੀਆਂ ਨੇ ਬਰਾੜ ਨੂੰ ਘੇਰਿਆ ਨਹੀਂ?"

"ਜਦ ਪਰਚਾ ਖਤਮ ਹੋਇਆ ਤਾਂ ਬਾਹਰ ਦੋਹਾਂ ਹੀ ਧੜਿਆ ਦੇ ਮੁੰਡੇ ਖੜ੍ਹੇ ਸਨ। ਦੋਨੋਂ ਹੀ ਬਰਾੜ ਨੂੰ ਉਡੀਕ ਰਹੇ ਸਨ। ਬਰਾੜ ਆਰਾਮ ਨਾ ਬਾਹਰ ਨਿਕਲਿਆ। ਗੁਰਜੰਟ ਹੁਰੀ ਉਸ ਨੂੰ ਉੱਡ ਕੇ ਮਿਲੇ। ਕਹਿਣ ਲੱਗੇ --'ਸਰ, ਆਓ ਪਹਿਲਾਂ ਗੁਰਦੁਆਰਾ ਸਾਹਿਬ ਚਲਦੇ ਹਾਂ। ਲੰਗਰ ਛਕ ਕੇ ਜਾਇਓ।' ਬਰਾੜ ਤੇ ਗੁਰਜੰਟ ਹੁਰੀਂ ਗੁਰਦੁਆਰਾ ਸਾਹਿਬ ਵੱਲ ਨੂੰ ਚਲ ਪਏ। ਪਿਛੇ ਪਿਛੇ ਨਰਿੰਦਰ ਦਾ ਗਰੁੱਪ ਵੀ ਉਧਰ ਨੂੰ ਚੱਲ ਪਿਆ। ਬਰਾੜ ਨੇ ਲੰਗਰ ਛਕਿਆ। ਗੁਰਜੰਟ ਹੋਰੀ ਬਾਅਦ ਵਿੱਚ ਉਸਨੂੰ ਕਾਰ ਤੱਕ ਛੱਡ ਕੇ ਆਏ ਤੇ ਉਹ ਆਰਾਮ ਨਾਲ ਚਲਾ ਗਿਆ। ਇਸ ਤੋਂ ਬਾਅਦ ਵੀ ਗੁਰਜੰਟ ਹੁਰੀਂ ਨਰਿੰਦਰ ਹੁਰਾਂ ਦੀ ਫੂਕ ਕੱਢੀ ਰੱਖੀ। ਨਰਿੰਦਰ ਤਿੰਨ ਸਾਲ ਲਈ ਅੜੰਗਿਆ ਗਿਆ ਸੀ। ਪ੍ਰਸ਼ੋਤਮ, ਅੱਜ ਦੇ ਤੇ ਉਦੋਂ ਦੇ ਸਮੇਂ ਵਿੱਚ ਬੜਾ ਫਰਕ ਏ।"



"ਕੀ ਭਾਵ, ਸਰ ਜੀ?"

"ਉਦੋਂ ਹਾਲਾਤ ਆਮ ਸਨ। ਅਗਰ ਬਰਾੜ ਨਾਲ ਕੋਈ ਮਾੜੀ ਕਰਦਾ ਤਾਂ ਇਕ ਦਮ ਪਤਾ ਲੱਗ ਜਾਣਾ ਸੀ ਕਿ ਨਰਿੰਦਰ ਦੇ ਸਾਥੀਆਂ ਨੇ ਕੀਤੀ ਹੈ ਜਾਂ ਕਰਵਾਈ ਹੈ। ਅੱਜ ਤਾਂ ਹਾਲਾਤ ਐਸੇ ਹਨ ਕਿ ਪਤਾ ਹੀ ਨਹੀਂ ਲੱਗਦਾ ਕਿ ਕੌਣ ਕਰ ਗਿਐ। ਮੰਨ ਲਓ ਮੈਂ ਸੈਂਟਰ ਵਿੱਚ ਸਖਤੀ ਕਰਕੇ ਕੋਈ ਕਾਰਨਾਮਾ ਕਰ ਦਿੰਦਾ। ਮੈਨੂੰ ਧਮਕੀ ਭਰੀ ਚਿੱਠੀ ਮੇਰੇ ਵਿਰੋਧੀ ਪ੍ਰੋਫੈਸਰਾਂ ਨੇ ਹੀ ਕਿਸੇ ਵੱਲੋਂ ਲਿਖ ਕੇ ਪਾ ਦੇਣੀ ਸੀ। ਅੱਜ ਕੱਲ ਤਾਂ ਇਸ ਪ੍ਰਕਾਰ ਦੇ ਹਾਲਾਤ ਹਨ ਕਿ ਜੇਕਰ ਕੋਈ ਆਮ ਜਿਹਾ ਖੁਲ੍ਹੀ ਦਾੜ੍ਹੀ ਵਾਲਾ ਬੰਦਾ ਵੀ ਕਿਸੇ ਵੱਲ ਗਹਿਰੀ ਅੱਖ ਕਰਕੇ ਦੇਖ ਜਾਵੇ ਤਾਂ ਬੰਦਾ ਸੋਚਾਂ ਵਿੱਚ ਪੈ ਜਾਂਦਾ ਏ। ਅੱਜ ਦੇ ਹਾਲਾਤ ਵਿੱਚ ਤਾਂ ਹੱਥਾਂ ਨਾਲ ਦਿੱਤੀਆਂ ਗੰਢਾ ਦੰਦਾਂ ਨਾਲ ਵੀ ਨਹੀਂ ਖੁਲ੍ਹਦੀਆਂ।"

'ਸਰ ਜੀ, ਇਸਦਾ ਮਤਲਬ ਇਹ ਹੋਇਆ ਕਿ ਸਮਾ ਲੰਘਾਉਣਾ ਹੀ ਠੀਕ ਏ। ਤੁਸੀਂ ਸੱਚਮੁੱਚ ਹੀ ਬੜੇ ਸਮਝਦਾਰ ਹੋ। ਮੌਕੇ ਦੀ ਨਜ਼ਾਕਤ ਨੂੰ ਪੂਰੀ ਤਰ੍ਹਾਂ ਭਾਂਪ ਲੈਂਦੇ ਹੋ। ਸਰ, ਹੋਰ ਆਪਣਾ ਹਾਲ ਚਾਲ ਸੁਣਾਓ। ਹੁਣ ਸਿਹਤ ਕਿਵੇਂ ਐ? ਸੀਰੀਅਸ ਅਟੈਕ ਸੀ ਜਾਂ ਹਲਕਾ ਹੀ ਸੀ?"

"ਪ੍ਰਸ਼ੋਤਮ, ਅਟੈਕ ਹਕਲਾ ਜਿਹਾ ਹੀ ਸੀ। ਮੈਂ ਅਟੈਕ ਦਾ ਬਹਾਨਾ ਵੱਧ ਬਣਾ ਲਿਆ ਸੀ। ਮੈਂ ਸੋਚਿਆ ਸੀ ਕਿ ਕਾਹਨੂੰ ਪੰਗੇ ਵਿੱਚ ਰਹਿਣਾ। ਡਿਊਟੀ ਕਟਵਾ ਹੀ ਲਈਏ ਤਾਂ ਚੰਗਾ। ਹਾਲਾਤ ਬੜੇ ਮਾੜੇ ਚੱਲਦੇ ਆ। ਇੱਦਾਂ ਦੇ ਹਾਲਾਤ ਵਿੱਚ ਡਿਊਟੀ ਦੇਣ ਦਾ ਕੀ ਫਾਈਦਾ? ਸ਼ੁਰੂ ਵਿੱਚ ਮੈਂ ਪ੍ਰਿੰਸੀਪਲ ਨੂੰ ਨਾਂਹ ਨਹੀਂ ਸੀ ਕਰ ਸਕਿਆ। ਮੈਂ ਚਾਹੁੰਦਾ ਸੀ ਕਿ ਪ੍ਰਿੰਸੀਪਲ ਨਾਲ ਵੀ ਬਣੀ ਰਹਿ ਜਾਵੇ ਤੇ ਇਧਰੋਂ ਵੀ ਜਾਨ ਛੁਟ ਜਾਵੇ। ਆਪਾਂ ਹੁਣ ਬੜੇ ਠੀਕ ਹਾਂ। ਕਾਲਜ ਤੋਂ ਵੀ ਕੁੱਝ ਦਿਨਾਂ ਦੀ ਛੁੱਟੀ ਮਿਲ ਗਈ ਏ। ਜਦੋਂ ਤੱਕ ਇਹ ਛੁੱਟੀ ਖਤਮ ਹੋਵੇਗੀ ਉਦੋਂ ਤੱਕ ਵੈਸੇ ਵੀ ਇਮਤਿਹਾਨ ਖਤਮ ਹੋ ਜਾਣਗੇ। ਗਰਮੀਆਂ ਦੀਆਂ ਲੰਬੀਆਂ ਛੁੱਟੀਆਂ ਸ਼ੁਰੂ ਹੋ ਜਾਣਗੀਆਂ। ਤੂੰ ਇਹ ਦੱਸ ਤੇਰਾ ਕਿਵੇਂ ਰਿਹਾ?"

"ਮੇਰਾ ਠੀਕ ਹੀ ਏ, ਸਰ।"

"ਸ਼ੁਰੂ ਸ਼ੁਰੂ ਵਿਚ ਤਾਂ ਬੜੀ ਸੇਵਾ ਕਰਵਾ ਲਈ ਸੀ ਮੁੰਡਿਆਂ ਤੋਂ। ਬੋਤਲਾਂ ਇਕੱਠੀਆਂ ਕਰਵਾਉਣ ਲੱਗ ਗਿਆ ਸੀ। ਮੈਂ ਤੁਹਾਨੂੰ ਕਿਹਾ ਸੀ ਕਿ ਇਸ ਤਰ੍ਹਾਂ ਦੇ ਹਾਲਾਤ ਵਿੱਚ ਪ੍ਰੀਖਿਆਰਥੀਆਂ ਤੋਂ ਸ਼ਰਾਬ ਨਹੀਂ ਲੈਣੀ ਚਾਹੀਦੀ।"

"ਸਰ, ਮੈਂ ਤਾਂ ਬਾਅਦ ਵਿੱਚ ਵੀ ਇਕ ਦੋ ਵਾਰੀ ਦਾਅ ਲਾ ਲਿਆ ਸੀ," ਇਹ ਕਹਿੰਦੇ ਹੋਏ ਪ੍ਰਸ਼ੋਤਮ ਨੇ ਮੇਜ਼ ਤੇ ਰੈਡ ਨਾਈਟ ਦੀ ਬੋਤਲ ਠਾਹ ਕਰਕੇ ਰੱਖ ਦਿੱਤੀ।

"ਇਹ ਕਿਸਤੋਂ ਲਈ?" ਉਜਾਗਰ ਮੱਲ ਨੇ ਪੁੱਛਿਆ।

"ਸਰ, ਲੈਣ ਦਾ ਤਰੀਕਾ ਬਣਾ ਹੀ ਲਈਦਾ ਏ। ਤੁਸੀਂ ਪੀਣ ਲਈ ਤਿਆਰ ਰਿਹਾ ਕਰੋ। ਹਿੰਮਤੇ ਮਰਦਾਂ, ਮੱਦਦੇ ਖੁਦਾ!"

"ਜਿਸ ਦਿਨ ਦਾ ਮੈਂ ਹਸਪਤਾਲ ਗਿਆ ਹਾਂ ਉਸ ਦਿਨ ਤੋਂ ਅੱਜ ਤੱਕ ਤਾਂ ਮੈਂ ਪੀਤੀ ਨਹੀਂ। ਅੱਜ ਪੂਰੇ ਵੀਹ ਕੁ ਦਿਨ ਤਾਂ ਹੋ ਹੀ ਗਏ ਹਨ।

"ਸਰ ਜੀ, ਡਾਕਟਰ ਕਹਿੰਦੇ ਹਨ ਕਿ ਥੋੜ੍ਹੀ ਪੀਣੀ ਦਿਲ ਦਾ ਦੌਰਾ ਪੈਣ ਹੀ ਨਹੀਂ ਦਿੰਦੀ। ਮੈਂ ਕਈ ਅਖਬਾਰਾਂ ਵਿੱਚ ਵੀ ਇਵੇਂ ਹੀ ਪੜ੍ਹਿਆ ਏ।"

"ਪ੍ਰਸ਼ੋਤਮ, ਤੁਸੀਂ ਇਹ ਦੱਸੋ ਕਿ ਤੁਸੀਂ ਇਹ ਲਈ ਕਿਹਦੇ ਕੋਲੋਂ?"

"ਇਮਤਿਹਾਨ ਦੇ ਰਹੇ ਇਕ ਲੜਕੇ ਤੋਂ।"

"ਉਹ ਕਿਵੇਂ? ਪਤਵੰਤ ਸਿੰਘ ਤਾਂ ਨਕਲ ਹੋਣ ਹੀ ਨਹੀਂ ਦਿੰਦਾ? ਜੇ ਫੱਟੀ ਸਾਹ ਦਊ ਤਾਂ ਹੀ ਬਾਜੀਗਰ ਛਾਲ ਮਾਰੂ।"

"ਛੱਡੋ ਜੀ, ਨਕਲ ਕਦੀ ਪੂਰੀ ਤਰ੍ਹਾਂ ਵੀ ਬੰਦ ਹੋਈ ਏ? ਹਰ ਕੰਮ ਕਰਨ ਦਾ ਸਲੀਕਾ ਹੁੰਦਾ ਏ। ਅਗਰ ਸਲੀਕਾ ਆਉਂਦਾ ਹੋਵੇ ਤਾਂ ਸਾਹ ਦੇਣ ਵਾਲਾ ਫੱਟਾ ਵੀ ਲੱਭ ਹੀ ਲਈਦਾ ਏ।"

"ਤੁਸੀਂ ਕੀ ਸਲੀਕਾ ਵਰਤ ਲਿਆ?"

"ਸਰ ਜੀ, ਇਕ ਲੜਕਾ ਮੇਰੇ ਤੋਂ ਮਦਦ ਲੈਣ ਲਈ ਆਇਆ ਮੈਂ ਉਸਨੂੰ ਕਿਹਾ, ਕੀ ਪਤਾ ਮੇਰੀ ਡਿਊਟੀ ਉਹਦੇ ਵਾਲੇ ਕਮਰੇ ਵਿੱਚ ਹੋਵੇ ਵੀ ਕਿ ਨਾ। ਮੈਂ ਕਿਵੇਂ ਮਦਦ ਕਰ ਸਕਾਂਗਾ? ਕਹਿਣ ਲੱਗਾ--- ਅਗਰ ਮੈਂ ਸੈਂਟਰ ਦੇ ਕਲਰਕ ਸੇਵਕ ਸਿੰਘ ਤੋਂ ਪਤਾ ਕਰ ਲਵਾਂ ਕਿ ਤੁਹਾਡੀ ਡਿਊਟੀ ਕਿਥੇ ਲੱਗਣੀ ਹੈ ਫਿਰ ਤਾਂ ਤੁਸੀਂ ਮਦਦ ਕਰ ਹੀ ਸਕਦੇ ਹੋ? ਮੈਂ ਕਿਹਾ-- ਡਿਊਟੀਆਂ ਤਾਂ ਸੁਪਰਡੰਟ ਸਵੇਰੇ ਪਰਚਾ ਸ਼ੁਰੂ ਕਰਵਾਉਣ ਤੋਂ ਪਹਿਲਾਂ ਲਗਾਉਂਦਾ ਹੈ। ਤੂੰ ਕਿਵੇਂ ਪਹਿਲਾਂ ਪਤਾ ਕਰਵਾ ਸਕਦਾ ਏਂ? ਕਹਿਣ ਲੱਗਾ 'ਕਮਰੇ ਸਿਰਫ ਦੋ ਹੀ ਲੱਗੇ ਹੋਏ ਹਨ। ਮੇਰਾ ਰੋਲ ਨੰਬਰ ਸੁਪਰਡੰਟ ਵਾਲੇ ਕਮਰੇ ਵਿੱਚ ਨਹੀਂ ਏ, ਦੂਸਰੇ ਵਿੱਚ ਏ। ਮੇਰੇ ਵਾਲੇ ਕਮਰੇ ਵਿੱਚ ਪ੍ਰੀਖਿਆਰਥੀਆਂ ਦੀ ਗਿਣਤੀ ੨੦ ਤੋਂ ਵੱਧ ਨਹੀਂ। ਜ਼ਾਹਰ ਹੈ ਕਿ ਉੱਥੇ ਇੱਕ ਨਿਗਰਾਨ ਦੀ ਡਿਊਟੀ ਹੀ ਹੋਵੇਗੀ। ਸੁਪਰਡੰਟ ਵਾਲੇ ਕਮਰੇ ਵਿੱਚ ਖੁਦ ਸੁਪਰਡੰਟ ਤੇ ਡਿਪਟੀ ਸੁਪਰਡੰਟ ਹੋਣਗੇ। ਅੱਜ ਸੁਪਰਡੰਟ ਨੇ ਡਿਪਟੀ ਅਤੇ ਸਿਰਫ ਤੁਹਾਨੂੰ ਹੀ ਸੱਦਿਆ ਹੋਇਆ ਏ। ਇਸ ਗੱਲ ਨੂੰ ਤਾਂ ਭੋਲੇ ਤੋਂ ਭੋਲਾ ਬੰਦਾ ਵੀ ਸਮਝ ਲਵੇਗਾ ਕਿ ਦੂਸਰੇ ਕਮਰੇ ਵਿੱਚ ਤੁਸੀਂ ਇਕੱਲੇ ਹੀ ਹੋਵੋਗੇ।' ਮੈਨੂੰ ਮੁੰਡੇ ਦੀ ਹੁਸ਼ਿਆਰੀ ਤੇ ਸੱਚਮੁੱਚ ਹੀ ਹੈਰਾਨੀ ਹੋਈ। ਮੈਂ ਨਕਲ ਕਰਵਾਉਣ ਲਈ ਉਸਨੂੰ ਹਾਮੀ ਭਰ ਦਿੱਤੀ। ਬੀ.ਏ. ਭਾਗ ਤੀਜਾ ਇਕਨਾਮਿਕਸ ਦਾ ਪਰਚਾ ਸੀ। ਉਹ ਸ਼ਾਮ ਨੂੰ ਹੀ ਮੈਨੂੰ ਦੋ ਬੋਤਲਾਂ ਫੜਾ ਗਿਆ ਸੀ। ਮੈਂ ਸੋਚਿਆਂ ਕਿ ਤੁਸੀਂ ਮੇਰੇ ਹਮਰਾਜ਼ ਹੋ। ਇਸ ਲਈ ਇਕ ਬੋਤਲ ਤੁਹਾਡੇ ਪਾਸ ਲੈ ਆਵਾਂ ਤੇ ਨਾਲੇ ਤੁਹਾਡਾ ਹਾਲ ਚਾਲ ਪੁੱਛ ਜਾਵਾਂ।"

"ਜਦੋਂ ਤੁਸੀਂ ਮੁੰਡੇ ਨੂੰ ਨਕਲ ਕਰਵਾਈ ਉਦੋਂ ਪਤਵੰਤ ਸਿੰਘ ਕਿੱਥੇ ਸੀ?"

"ਪਹਿਲਾਂ ਤਾਂ ਉਪਰ ਆਪਣੇ ਕਮਰੇ ਵਿੱਚ ਹੀ ਬੈਠਾ ਕਲਰਕ ਨਾਲ ਕਈ ਪ੍ਰਕਾਰ ਦੇ ਹਿਸਾਬ ਕਿਤਾਬ ਲਗਾਉਂਦਾ ਰਿਹਾ। ਮੈਂ ਦੋਹਾਂ ਕਮਰਿਆਂ ਦੇ ਸੈਂਟਰ ਵਿੱਚ ਖੜ੍ਹਾ ਰਿਹਾ। ਮੈਂ ਮੁੰਡੇ ਨੂੰ ਮਾੜੀ ਜਿਹੀ ਅੱਖ ਦੱਬ ਦਿੱਤੀ। ਉਹ ਆਪਣਾ ਕੰਮ ਕਰਦਾ ਰਿਹਾ। ਬਾਅਦ ਵਿੱਚ ਪਤਵੰਤ ਸਿੰਘ ਉੱਠ ਕੇ ਪ੍ਰਿੰਸੀਪਲ ਦੇ ਦਫਤਰ ਚਲਾ ਗਿਆ। ਪ੍ਰਿੰਸੀਪਲ ਨੇ ਚਾਹ ਮੰਗਵਾ ਲਈ। ਉਹ ਤਾਂ ਤਕਰੀਬਨ ਪੌਣੇ ਘੰਟੇ ਬਾਅਦ ਸੈਂਟਰ ਵਿੱਚ ਵਾਪਸ ਆਇਆ। ਉਸਨੇ ਸੋਚਿਆ ਸੀ ਕਿ ਸੈਂਟਰ ਛੋਟਾ ਏ। ਉਸਨੂੰ ਬਹੁਤਾ ਖੱਪਖਾਨਾ ਨਜ਼ਰ ਨਹੀਂ ਆਇਆ। ਨਾਲੇ ਇੱਕ ਹੋਰ ਅਜੀਬ ਗੱਲ ਹੋਈ।"

"ਉਹ ਕੀ?"

"ਕਾਲਜ ਦਾ ਸਟੈਨੋ ਬਿਮਲ ਆਪਣਾ ਹੀ ਕੰਮ ਕਰਵਾ ਗਿਆ। ਪਰਫੈਕਟ ਇਮਪਰਸੇਨਸ਼ਨ ਕੇਸ (perfect impersonation case) ।"

"ਉਹ ਕਿਵੇਂ? ਬਾਹਰ ਖਾਲੀ ਉੱਤਰਪੱਤਰੀ ਕਿਵੇਂ ਗਈ?"

"ਉਹਨੇ ਤੁਹਾਡੇ ਵੇਲੇ ਹੀ ਇੱਕ ਖਾਲੀ ਉੱਤਰਪੱਤਰੀ ਬੰਡਲਾਂ ਵਿੱਚੋਂ ਕੱਢ ਲਈ ਸੀ। ਸਾਰੀਆਂ ਉੱਤਰਪੱਤਰੀਆਂ ਉਸਦੀ ਕਸਟਡੀ ਵਿੱਚ ਹੀ ਤਾਂ ਹਨ। ਇਹ ਕਾਪੀ ਉਸਨੇ ਉਸ ਵੇਲੇ ਹੀ ਬਾਹਰ ਇੱਕ ਲੜਕੀ ਨੂੰ ਅਲੱਗ ਕਮਰੇ 'ਚ ਬਿਠਾ ਕੇ ਕਿਤਾਬ ਤੋਂ ਦੇਖ ਕੇ ਲਿਖਵਾ ਲਈ।"

"ਜਿਹੜੀ ਉੱਤਰਪੱਤਰੀ ਅੰਦਰ ਲੜਕੀ ਲਿਖ ਰਹੀ ਸੀ ਉਸਦਾ ਕੀ ਬਣਿਆ?"

"ਪਰਚਾ ਖਤਮ ਹੋਣ ਵੇਲੇ ਬਿਮਲ ਨੇ ਉਹ ਅੰਦਰ ਲਿਖੀ ਕਾਪੀ ਉਸਤੋਂ ਲੈ ਲਈ ਤੇ ਉਸਦੀ ਥਾਂ ਤੇ ਬਾਹਰ ਲਿਖੀ ਗਈ ਉਸਨੂੰ ਦੇ ਦਿੱਤੀ। ਉਸਤੋਂ ਅੰਦਰੋਂ ਲਈ ਗਈ ਮਾੜੀ ਕਾਪੀ ਨੂੰ ਡੈਮੇਜ (Damage) ਵਿੱਚ ਸ਼ੋਅ ਕਰ ਦਿੱਤਾ।"

"ਜੇ ਹੈਂਡਰਾਈਟਿੰਗ ਚੈੱਕ ਹੋ ਜਾਵੇ?"

"ਸਰ, ਜੇ ਕੋਈ ਸ਼ਕਾਇਤ ਕਰੂ ਤਾਂ ਹੀ ਹੈਂਡਰਾਈਟਿੰਗ ਚੈੱਕ ਹੋਓ। ਕਿਸੇ ਨੂੰ ਤਾਂ ਇਸ ਗੱਲ ਦਾ ਪਤਾ ਹੈ ਹੀ ਨਹੀਂ।"

"ਤੁਸੀਂ ਸ਼ਿਕਾਇਤ ਕਰ ਦਿਓ। ਕੀ ਤੁਹਾਨੂੰ ਉਸਦੇ ਰੋਲ ਨੰਬਰ ਦਾ ਪਤਾ ਏ?"

"ਸਰ, ਮੈਂ ਕਿਉਂ ਪੰਗੇ 'ਚ ਪਵਾਂ? ਇਹ ਕੁੱਝ ਵੀ ਤਾਂ ਮੇਰੇ ਕਮਰੇ ਵਿੱਚ ਹੀ ਹੋਇਆ ਏ। ਅਗਰ ਮੈਂ ਸ਼ਿਕਾਇਤ ਕਰਾਂ ਤਾਂ ਉਲਟੀ ਮੇਰੀ ਪੁੱਛ ਗਿੱਛ ਹੋ ਸਕਦੀ ਏ।"

"ਪ੍ਰਸ਼ੋਤਮ ਜੀ, ਕਿਸੇ ਤੋਂ ਬੇਨਾਮ ਚਿੱਠੀ ਪੁਆ ਦਿਓ। ਨਾਲੇ ਪਤਵੰਤ ਸਿੰਘ ਦੀ ਸਖਤੀ ਦਾ ਜ਼ਨਾਜਾ ਨਿਕਲਦਾ ਫਿਰੂ। ਜ਼ਿਆਦਾ ਹੀ ਆਪਣੇ ਆਪ ਨੂੰ ਗਾਜੀਆਣੇ

ਦਾ ਕੁੰਡਾ ਸਿਹੁੰ ਸਮਝੀ ਬੈਠਾ ਏ।"

"ਸਰ, ਛੱਡੋ ਪਰਾਂ। ਆਪਾਂ ਕਾਹਨੂੰ ਐਵੇਂ ਪੰਗਾ ਲੈਣਾ ਏ। ਨਾਲੇ ਮੇਰਾ ਨਾਮ ਵੀ ਵਿੱਚ ਆ ਸਕਦਾ ਏ ਕਿਉਂਕਿ ਮੈਂ ਉਥੇ ਨਿਗਰਾਨ ਸੀ।"

"ਉਹ ਕੁੜੀ ਬਿਮਲ ਦੀ ਕੀ ਲੱਗਦੀ ਏ?"

"ਸਰ, ਸੁਣਿਆ ਕੋਈ ਇਸ਼ਕ ਮਸ਼ੂਕ ਦਾ ਚੱਕਰ ਏ। ਬਿਮਲ ਪੂਰਾ ਬਹਿਬਤੀ ਏ। ਬਣ ਠਣ ਕੇ ਵੀ ਪੂਰਾ ਰਹਿੰਦਾ ਏ।"

"ਇਸਦਾ ਮਤਲਬ ਪਤਵੰਤ ਕਾਫੀ ਸਮਾਂ ਬਾਹਰ ਹੀ ਰਿਹਾ?"

"ਸਰ, ਭਾਵੇਂ ਬਾਹਰ ਨਾ ਵੀ ਰਹਿੰਦਾ ਫਿਰ ਕਿਹੜੀ ਇਹ ਹੇਰਾ ਫੇਰੀ ਹੋ ਨਹੀਂ ਸੀ ਸਕਦੀ? ਇਮਪ੍ਰਸਨੇਸ਼ਨ ਕਰਨ ਨੂੰ ਤਾਂ ਇੱਕ ਮਿੰਟ ਲਗਦਾ ਏ। ਬਾਹਰੋਂ ਲਿਆਂਦੀ ਉੱਤਰਪੱਤਰੀ ਕੈਂਡੀਡੇਟ ਨੂੰ ਫੜਾ ਦਿਓ ਤੇ ਅੰਦਰਲੀ ਉਸਤੋਂ ਲੈ ਕੇ ਬਾਹਰ ਲੈ ਆਓ। ਇਸ ਕੰਮ ਵਿੱਚ ਤਾਂ ਮਾੜਾ ਮੋਟਾ ਖੱਪਖਾਨਾ ਵੀ ਨਹੀਂ ਪੈਂਦਾ। ਜ਼ਿਆਦਾ ਚੌਕਸੀ ਤਾਂ ਕਿਸੇ ਦੇ ਲਗਾਤਾਰ ਨਕਲ ਕਰਨ ਜਾਂ ਕਰਵਾਉਣ ਵੇਲੇ ਰੱਖਣੀ ਪੈਂਦੀ ਏ। ਨਾਲੇ ਪਤਵੰਤ ਦੀ ਇੱਕ ਖਾਸ ਕਮਜ਼ੋਰੀ ਵੀ ਏ।"

"ਉਹ ਕੀ?"

"ਉਹ ਜਦ ਕਿਤੇ ਜਾ ਕੇ ਬਹਿਸ ਵਿੱਚ ਪੈ ਜਾਂਦਾ ਏ ਤਾਂ ਕਈ ਵਾਰ ਖਾਸਾ ਸਮਾਂ ਲਗਾ ਆਉਂਦਾ ਏ। ਜਦ ਪ੍ਰਿੰਸੀਪਲ ਤੇ ਪਤਵੰਤ ਸਿੰਘ ਇਕੱਠੇ ਹੁੰਦੇ ਹਨ ਤਾਂ ਉਹ ਅਕਸਰ ਡੂੰਘੀਆਂ ਵਿਚਾਰਾਂ ਵਿੱਚ ਪੈ ਜਾਂਦੇ ਹਨ। ਉਹ ਚਲ ਰਹੀ ਲਹਿਰ ਅਤੇ ਸਿੱਖ ਇਤਿਹਾਸ ਵਿੱਚ ਬੜੀ ਦਿਲਚਸਪੀ ਲੈਂਦੇ ਹਨ। ਪਤਵੰਤ ਸਿੰਘ ਪ੍ਰਿੰਸੀਪਲ ਨੂੰ ਸਿੱਖ ਇਤਿਹਾਸ ਦੀਆਂ ਬਰੀਕ ਪਰਤਾਂ ਫੋਲ ਫੋਲ ਕੇ ਵੀ ਦੱਸਦਾ ਰਹਿੰਦਾ ਏ। ਉਹ ਸੋਚਦਾ ਰਹਿੰਦਾ ਏ ਕਿ ਇਸ ਲਹਿਰ ਨੇ ਹਮੇਸ਼ਾ ਹੀ ਚਲਦਾ ਰਹਿਣਾ ਏ। ਉਸਨੂੰ ਇਹ ਨਹੀਂ ਪਤਾ ਕਿ ਇਤਿਹਾਸ ਵਿੱਚ ਵੱਡੀਆ ਵੱਡੀਆਂ ਲਹਿਰਾਂ ਵੀ ਬਥੇਰੀ ਵਾਰ ਕੁਚਲ ਦਿੱਤੀਆਂ ਗਈਆਂ ਸਨ। ਬਗਾਵਤਾਂ ਹਰ ਸਮੇਂ ਹੁੰਦੀਆਂ ਰਹੀਆਂ ਹਨ ਤੇ ਦਬਾਈਆਂ ਵੀ ਜਾਂਦੀਆਂ ਰਹੀਆਂ ਹਨ। ਹਕੂਮਤਾਂ ਬਾਗੀਆਂ ਤੇ ਹਮੇਸ਼ਾ ਨਜ਼ਰ ਰੱਖਦੀਆਂ ਰਹੀਆਂ ਹਨ ਤੇ ਬਾਗੀ ਹਕੂਮਤਾਂ ਨਾਲ ਹਮੇਸ਼ਾ ਆਢਾ ਲੈਂਦੇ ਰਹੇ ਹਨ। ਕਈ ਵਾਰ ਅੱਜ ਦੇ ਬਾਗੀ ਕੱਲ ਦੇ ਹੀਰੋ ਵੀ ਬਣਦੇ ਰਹੇ ਹਨ। ਆਪਾਂ ਤਾਂ ਨਾ ਲਹਿਰ ਦੇ ਵਿਰੁੱਧ ਹਾਂ ਤੇ ਨਾ ਹੀ ਹੱਕ ਵਿੱਚ ਹਾਂ। ਬਸ ਅੱਧ ਵਿਚਕਾਰ ਹੀ ਰਹੀਦਾ ਏ। ਜਿੱਦਾਂ ਦਾ ਬੰਦਾ ਹੋਵੇ ਓਦਾਂ ਦੀ ਉਸ ਨਾਲ ਗੱਲ ਕਰ ਲਈਦੀ ਏ। ਅਗਰ ਕੋਈ ਖੁੱਲ੍ਹੀ ਦਾੜ੍ਹੀ ਵਾਲਾ ਸਰਦਾਰ ਮਿਲ ਜਾਵੇ ਤਾਂ ਲਹਿਰ ਦੇ ਹੱਕ ਵਿੱਚ ਸਿਰ ਹਿਲਾ ਦਈਦਾ ਏ। ਜੇਕਰ ਕੋਈ ਹਿੰਦੂ ਮਿਲ ਜਾਵੇ ਤਾਂ ਲਹਿਰ ਦੇ ਖਿਲਾਫ ਹਾਮੀ ਭਰ ਦੇਈਦੀ ਏ। ਅੱਧਾ ਪਰਿਵਾਰ ਸਿੱਖ ਏ ਤੇ ਅੱਧਾ ਮੋਨਾ। ਅਗਰ ਲੋੜ ਪਈ ਤਾਂ



ਸਿਰ ਤੇ ਪਗੜੀ ਰੱਖਣ ਲੱਗ ਪਵਾਂਗੇ।"

"ਇਸਦਾ ਮਤਲਬ ਇਹ ਹੋਇਆ ਕਿ ਤੁਸੀਂ ਤਾਂ ਪੂਰੇ ਮੌਕਾਪ੍ਰਸਤ ਹੋ?"

"ਇਹਦੇ ਵਿੱਚ ਮੌਕਾਪ੍ਰਸਤੀ ਵਾਲੀ ਕਿਹੜੀ ਗੱਲ ਏ? ਫਰਕ ਤਾਂ ਰਾਜਿਆ ਨੂੰ ਪੈਂਦਾ ਏ, ਪਰਜਾ ਨੂੰ ਕੋਈ ਫਰਕ ਨਹੀਂ ਪੈਂਦਾ। ਪਰਜਾ ਹਮੇਸ਼ਾ ਮੌਕੇ ਦੇ ਅਨੁਸਾਰ ਢਲਦੀ ਹੀ ਰਹੀ ਏ। ਜਿਹੜੇ ਕਿਸੇ ਵਿਚਾਰਧਾਰਾ ਦੇ ਅਲੰਬਰਦਾਰ ਬਣ ਕੇ ਕੋਈ ਅਹੁਦਾ ਪ੍ਰਾਪਤ ਕਰਨਾ ਚਾਹੁੰਦੇ ਹਨ ਉਹ ਰਾਜੇ ਹੁੰਦੇ ਹਨ। ਜਿਹੜੇ ਲਹਿਰ ਵਿੱਚ ਵੱਧ ਚੜ੍ਹ ਕੇ ਹਿੱਸਾ ਲੈ ਕੇ ਮਰਨ ਤੱਕ ਨੂੰ ਤਿਆਰ ਹੋ ਜਾਂਦੇ ਹਨ ਉਹ ਰਾਜਿਆਂ ਦੇ ਵੀ ਪਿਓ ਹੁੰਦੇ ਹਨ। ਉਹ ਸੱਚਮੁੱਚ ਹੀ ਤਲਵਾਰ ਦੀ ਧਾਰ ਤੇ ਤੁਰਦੇ ਹਨ। ਅਸੀਂ ਇਹਨਾਂ ਵਿਚੋਂ ਕੋਈ ਵੀ ਨਹੀਂ ਹਾਂ। ਇਸ ਲਈ ਸਾਡਾ ਮਕਸਦ ਤਾਂ ਮਹਿਜ਼ ਟਾਈਮ ਪਾਸ ਕਰਨਾ ਹੀ ਏ। ਤੁਹਾਨੂੰ ਪਤਾ ਹੋਣਾ ਏ ਕਿ ਮਹਾਰਾਜਾ ਰਣਜੀਤ ਸਿੰਘ ਦੇ ਆਪਣੇ ਕਰਿੰਦਿਆਂ ਵਿੱਚ ਬਹੁਤ ਸਾਰੇ ਫਰਾਂਸ ਅਤੇ ਇਟਲੀ ਦੇ ਸਨ। ਮਹਾਰਾਜੇ ਦੇ ਰਾਜ ਦੀ ਮਹਿਮਾ ਅਤੇ ਚੜ੍ਹਤ ਸੁਣ ਕੇ ਬਹੁਤ ਸਾਰੇ ਬਾਹਰਲੇ ਕਰਿੰਦੇ ਉਸ ਪਾਸ ਨੌਕਰੀ ਲੈਣ ਲਈ ਆਏ। ਜਦ ਮਹਾਰਾਜਾ ਇਹਨਾਂ ਨੂੰ ਨੌਕਰੀਆਂ ਤੇ ਰੱਖਦਾ ਸੀ ਤਾਂ ਉਹ ਉਹਨਾਂ ਮੂਹਰੇ ਦੋ ਸ਼ਰਤਾਂ ਰੱਖਿਆ ਕਰਦਾ ਸੀ-(1) ਗਊ ਮਾਸ ਦੀ ਮਨਾਹੀ (2) ਤੰਬਾਕੂ ਪੀਣਾ ਬੰਦ ਕਰੋ। (੩) ਹਰ ਇਕ ਨੂੰ ਦਾਹੜਾ ਸੁੱਚਾ ਰੱਖਣਾ ਪਵੇਗਾ। (੪) ਖਾਲਸਾ ਸਰਕਾਰ ਦੀ ਪ੍ਰਵਾਨਗੀ ਵਗੈਰ ਤੁਸੀ ਨੌਕਰੀ ਨਹੀਂ ਛੱਡ ਸਕਦੇ। ਉਹਨਾਂ ਨੇ ਰਣਜੀਤ ਸਿੰਘ ਦੀਆਂ ਇਹ ਸ਼ਰਤਾਂ ਕਬੂਲ ਕਰ ਲਈਆ ਤੇ ਵੱਡੀਆ ਵੱਡੀਆ ਨੌਕਰੀਆਂ ਤੇ ਲੱਗ ਗਏ। ਜਨਰਲ ਵੈਨਤੂਰਾ ਤੇ ਐਲਰਡ ਦੇ ਨਾਮ ਇਸ ਪ੍ਰਕਾਰ ਦੇ ਅਫਸਰਾਂ ਵਿੱਚ ਵਰਣਨਯੋਗ ਹਨ। ਰਣਜੀਤ ਸਿੰਘ ਹਮੇਸ਼ਾਂ ਫਰਾਂਸੀਸੀਆਂ ਅਤੇ ਇਤਾਲਵੀ ਲੋਕਾਂ ਤੇ ਵੱਧ ਯਕੀਨ ਕਰਦਾ ਸੀ। ਅੰਗਰੇਜ਼ਾਂ ਤੇ ਯਕੀਨ ਇਸ ਲਈ ਨਹੀਂ ਕੀਤਾ ਜਾ ਸਕਦਾ ਸੀ ਕਿਉਂਕਿ ਉਹ ਮਹਾਰਾਜੇ ਦੇ ਸ਼ਰੀਕ ਸਨ ਤੇ ਭਾਰਤ ਦੇ ਬਾਕੀ ਸਾਰੇ ਹਿੱਸੇ ਤੇ ਰਾਜ ਕਰਦੇ ਸਨ।"

ਉਜਾਗਰ ਮੱਲ ਕਹਿਣ ਲਈ ਕਾਹਲਾ ਪੈ ਗਿਆ, "ਮੈਨੂੰ ਲਗਦਾ ਏ ਕਿ ਉਸਦੇ ਕਈ ਕਰਿੰਦੇ ਅੰਗਰੇਜ਼ ਸਨ?"

"ਸਰ, ਮੈਂ ਤੁਹਾਡੇ ਨਾਲ ਸਹਿਮਤ ਹਾਂ। ਇਹ ਬਹੁਤ ਹੀ ਥੋੜ੍ਹੇ ਸਨ। ਇਹਨਾਂ ਵਿਚ ਜੇਮਜ਼, ਜੋਨਜ਼, ਜਾਨ ਗੋਲਡ, ਗਿਲਮੋਰ, ਮੈਕਡਾਨਲਡ, ਹਾਰਵੇ, ਕੋਰਟਲੈਂਡ, ਜਾਨ ਬ੍ਰਾਨ, ਫੋਲਕਸ, ਜਾਨ ਹੋਲਮਜ, ਪਰੀਸ ਆਦਿ ਦੇ ਨਾਮ ਹੀ ਸੁਣਨ ਵਿਚ ਆਉਂਦੇ ਹਨ। ਇਹਨਾਂ ਵਿੱਚੋਂ ਜਾਨ ਹੋਲਮਜ ਨੇ ਤਾਂ ਖਾਲਸਾ ਰਾਜ ਨਾਲ ਗਦਾਰੀ ਵੀ ਕੀਤੀ ਸੀ। ਇਕ ਵਾਰੀ ਉਸਨੂੰ ਮਾਲਗੁਜਾਰੀ ਉਗਰਾਹਣ ਲਈ ਡੇਰਾ ਅਸਮਾਈਲ ਖਾਨ ਵੱਲ ਭੇਜਿਆ ਸੀ। ਉਥੋਂ ਉਸਨੇ ਹੈਨਰੀ ਲਾਰੈਂਸ ਨੂੰ ਇਕ ਖਤ ਲਿਖਿਆ ਸੀ

ਜਿਸ ਤੋਂ ਉਸਦੀ ਖਾਲਸਾ ਸਰਕਾਰ ਲਈ ਨਿਮਕ ਹਰਾਮੀ ਦਾ ਸਾਫ ਸਬੂਤ ਮਿਲਦਾ ਏ। ਇਸ ਜਾਸੂਸੀ ਕਾਰਨ ਅੱਧੀ ਰਾਤ ਨੂੰ ਬੰਨੂ ਦੇ ਕੈਂਪ ਵਿਚ ਕਈ ਖਾਲਸਾ ਫੌਜ ਦੇ ਅਖਰੀਲੇ ਜੁਆਨ ਹੋਲਮਜ਼ ਦੇ ਤੰਬੂ ਵਿਚ ਜਾ ਵੜੇ ਸਨ ਤੇ ਉਸਨੂੰ ਗੋਲੀ ਨਾਲ ਉਡਾ ਦਿੱਤਾ ਸੀ। ਇਸੀ ਪ੍ਰਕਾਰ ਦੀ ਗਦਾਰੀ ਇਕ ਹੋਰ ਅੰਗਰੇਜ਼ ਜੌਨ ਬ੍ਰਾਨ ਨੇ ਕੀਤੀ ਸੀ। ਇਸ ਨੇ ਆਪਣੀ ਕੌਮੀਅਤ ਇੰਗਲਿਸ਼ ਦੀ ਬਿਜਾਏ ਅਮਰੀਕਨ ਦੱਸੀ ਸੀ। ਇਹ ਬੰਗਾਲ ਆਰਮੀ ਦੇ ਤੋਪਖਾਨੇ ਤੋਂ ਭਗੋੜਾ ਹੋ ਗਿਆ ਸੀ। ਅੰਗਰੇਜਾਂ ਤੇ ਖਾਲਸੇ ਦੀ ਪਹਿਲੀ ਜੰਗ ਸਮੇਂ ਇਹ ਬ੍ਰਾਨ ਖਾਲਸਾ ਕੈਂਪ ਚੋਂ ਨਿਕਲ ਕੇ ਅੰਗਰੇਜ਼ਾਂ ਪਾਸ ਲੁਧਿਆਣੇ ਜਾ ਪੁੱਜਾ ਸੀ।''

''ਸਰ ਜੀ, ਉਹ ਸਮਾਂ ਰਣਜੀਤ ਸਿੰਘ ਦੀ ਅੰਗਰੇਜ਼ਾਂ ਨਾਲ ਦੋਸਤੀ ਤੇ ਦੁਸ਼ਮਣੀ ਦੇ ਸੁਮੇਲ ਦਾ ਸਮਾਂ ਸੀ। ਇਹ ਦੋਸਤੀ 40 ਸਾਲ ਚਲਦੀ ਰਹੀ ਕਿਉਂਕਿ ਦੋਵੇਂ ਧਿਰਾਂ ਬਰਾਬਰ ਦੀ ਟੱਕਰ ਦੀਆਂ ਸਨ। ਰਣਜੀਤ ਸਿੰਘ ਇਸ ਗੱਲ ਪ੍ਰਤੀ ਚੁਕੰਨਾ ਸੀ ਕਿ ਦਰਬਾਰ ਵਿੱਚ ਭਰਤੀ ਕੀਤਾ ਗਿਆ ਕੋਈ ਵੀ ਕਹਿੰਦਾ ਉਸਦੇ ਖਿਲਾਫ ਅੰਗਰੇਜਾਂ ਨੂੰ ਕੋਈ ਸੂਹ ਵੀ ਦੇ ਸਕਦਾ ਸੀ। ਅੰਗਰੇਜ਼ਾਂ ਦੀ ਹਮੇਸ਼ਾ ਇਹੀ ਸੋਚ ਹੁੰਦੀ ਸੀ ਕਿ ਕਿਸੇ ਤਰ੍ਹਾਂ ਪੰਜਾਬ ਨੂੰ ਆਪਣੇ ਰਾਜ ਭਾਗ ਵਿੱਚ ਮਿਲਾਇਆ ਜਾਵੇ। ਸਰ, ਇਕ ਇਤਿਹਾਸਕਾਰ ਅੰਗਰੇਜ਼ਾਂ ਅਤੇ ਰਣਜੀਤ ਸਿੰਘ ਦੇ ਰਾਜ ਨੂੰ ਇੱਕ ਮਿਆਨ ਵਿੱਚ ਦੋ ਤਲਵਾਰਾਂ ਦੇ ਸਮਾਨ ਵੀ ਕਹਿੰਦਾ ਏ। ਜਦ ਕੋਈ ਰਣਜੀਤ ਸਿੰਘ ਨੂੰ ਕਹਿੰਦਾ ਸੀ ਕਿ ਉਸ ਪਾਸ ਅੰਗਰੇਜ਼ਾਂ ਨੂੰ ਜਿੱਤਣ ਦੀ ਪੂਰੀ ਸਮਰੱਥਾ ਹੈ ਤਾਂ ਰਣਜੀਤ ਸਿੰਘ ਇਹ ਕਹਿ ਕੇ ਟਾਲ ਦਿੰਦਾ ਸੀ--ਸਭ ਲਾਲ ਹੋ ਜਾਵੇਗਾ......''

ਉਜਾਗਰ ਮੱਲ ਗੱਲ ਕੱਟ ਕੇ ਵਿੱਚ ਹੀ ਬੋਲ ਪਿਆ,

''ਇਸਦਾ ਮਤਲਬ ਇਹ ਕਿ ਰਣਜੀਤ ਸਿੰਘ ਖੂਨ ਖਰਾਬੇ ਤੋਂ ਡਰਦਾ ਸੀ? ਜੇ ਉਹ ਖੂਨ ਖਰਾਬੇ ਤੋਂ ਡਰਦਾ ਹੁੰਦਾ ਤਾਂ ਉਸਨੇ ਬਾਕੀ ਸਾਰੀਆਂ ਲੜਾਈਆਂ ਕਿਵੇਂ ਲੜੀਆਂ? ਹਰੀ ਸਿੰਘ ਨਲੂਆ ਅਤੇ ਸ਼ੇਰ ਸਿੰਘ ਨੇ ਉਸਨੂੰ ਬਥੇਰੇ ਇਲਾਕੇ ਜਿੱਤ ਕੇ ਦਿੱਤੇ ਸਨ। ਇਸ ਪ੍ਰਕਾਰ ਉਸਦਾ ਰਾਜ ਪੇਸ਼ਾਵਰ ਤੇ ਕਸ਼ਮੀਰ ਤੱਕ ਫੈਲ ਗਿਆ ਸੀ।''

''ਪ੍ਰੋਫੈਸਰ ਸਾਹਿਬ, ਤੁਸੀਂ 'ਲਾਲ ਹੋ ਜਾਣ' ਦਾ ਮਤਲਬ ਨਹੀਂ ਸਮਝਦੇ। ਇਥੇ 'ਲਾਲ ਹੋ ਜਾਣ' ਦਾ ਮਤਲਬ ਖੂਨ ਖਰਾਬਾ ਨਹੀਂ ਏ।''

''ਹੋਰ ਲਾਲ ਹੋ ਜਾਣ ਦਾ ਮਤਲਬ ਕੀ ਹੋ ਸਕਦਾ ਏ?''

''ਉਸ ਸਮੇਂ ਹਿੰਦੁਸਤਾਨ ਦੇ ਨਕਸ਼ੇ ਵਿੱਚ ਅੰਗਰੇਜ਼ਾਂ ਦੇ ਇਲਾਕੇ ਦਾ ਰੰਗ ਲਾਲ ਹੋਇਆ ਕਰਦਾ ਸੀ ਤੇ ਸਿਖਾਂ ਦੇ ਇਲਾਕੇ ਦਾ ਪੀਲਾ। ਜਦ ਰਣਜੀਤ ਸਿੰਘ ਕਹਿੰਦਾ ਸੀ ਕਿ 'ਸਭ ਲਾਲ ਹੋ ਜਾਵੇਗਾ' ਤਾਂ ਇਸ ਦਾ ਮਤਲਬ ਇਹ ਹੁੰਦਾ ਸੀ ਕਿ ਉਹ ਅੰਗਰੇਜਾਂ ਨਾਲ ਲੜਾਈ ਵਿੱਚ ਹਾਰ ਵੀ ਸਕਦਾ ਸੀ। ਇਸ ਪ੍ਰਕਾਰ ਸਾਰੇ ਨਕਸ਼ੇ ਵਿੱਚ ਲਾਲ ਰੰਗ ਵੀ ਭਰ ਹੋ ਸਕਦਾ ਸੀ।''



''ਅੱਛਾ ਤਾਂ ਇਹ ਮਤਲਬ ਹੈ ਇਸਦਾ। ਪ੍ਰਸ਼ੋਤਮ, ਛੱਡ ਇਤਿਹਾਸ ਦੀਆਂ ਗੱਲਾਂ ਨੂੰ, ਕੋਈ ਹੋਰ ਗੱਲ ਕਰ?''

''ਸਰ, ਹੋਰ ਬਾਅਦ ਵਿੱਚ ਕਰਾਂਗੇ, ਪਹਿਲਾਂ ਪੈੱਗ ਤਾਂ ਪਾਓ। ਤੁਸੀਂ ਵੱਡੇ ਹੋ।ਤੁਸੀਂ ਹੀ ਪੈੱਗ ਪਾਓਗੇ।''

''ਪ੍ਰਸ਼ੋਤਮ, ਮੈਂ ਤਾਂ ਚਾਹੁੰਦਾ ਸੀ ਕਿ ਮੈਂ ਨਾ ਪੀਂਦਾ।''

''ਸਰ, ਅੱਜ ਤਾਂ ਮੈਂ ਪਿਆ ਕਿ ਹੀ ਛੱਡਣੀ ਏ, ਭਾਵੇਂ ਥੋੜ੍ਹੀ ਹੀ ਪੀਓ।''

''ਮੈਂਨੂੰ ਕੁੱਝ ਖਾਣ ਲਈ ਵੀ ਮੰਗਵਾਉਣਾ ਚਾਹੀਦਾ ਏ। ਮੈਂ ਆਪ ਹੀ ਬਾਜ਼ਾਰ ਜਾ ਕੇ ਆਉਂਦਾ ਹਾਂ।''

''ਨਹੀਂ ਸਰ, ਮੈਂ ਤੁਹਾਨੂੰ ਬਾਜ਼ਾਰ ਜਾਣ ਦਾ ਕਸ਼ਟ ਨਹੀਂ ਦੇ ਸਕਦਾ, ਮੈਂ ਖੁਦ ਜਾਂਦਾ ਹਾਂ। ਸਕੂਟਰ ਮੇਰੇ ਪਾਸ ਹੈ ਹੀ। ਦੱਸੋ ਕੀ ਲਿਆਵਾਂ? ''ਇੱਕ ਤਲਿਆ ਹੋਇਆ ਮੁਰਗਾ ਫੜ੍ਹ ਲਿਆਵਾਂ?''

''ਚਲੋ ਠੀਕ ਏ। ਪੈਸੇ ਮੈਂ ਦੇ ਦਿੰਦਾ ਹਾਂ?''

''ਜਾਣ ਦਿਓ, ਸਰ। ਅੱਜ ਐਨੀ ਦੇਰ ਬਾਅਦ ਮਸਾਂ ਮਸਾਂ ਤੁਹਾਡੇ ਨਾਲ ਬੈਠਣ ਦਾ ਮੌਕਾ ਮਿਲਿਆ ਏ। ਸ਼ਰਾਬ ਤਾਂ ਮੁਫਤ ਦੀ ਹੀ ਏ। ਅਗਰ ਮੈਂ ਚਿਕਨ ਦੇ ਪੈਸੇ ਖਰਚ ਕਰ ਦਿੱਤੇ ਤਾਂ ਕੀ ਕਹਿਰ ਆ ਜਾਓ? ਨਾਲੇ ਤੁਹਾਡੀ ਮਿਹਰਬਾਨੀ ਕਰਕੇ ਤਾਂ ਮੈਂ ਸੈਂਟਰ ਵਿੱਚ ਡਿਊਟੀ ਤੇ ਲੱਗਾ ਸੀ। ਜੇ ਤੁਸੀਂ ਮੈਨੂੰ ਆਪਣੇ ਨਾਲ ਨਾ ਲੈ ਕੇ ਜਾਂਦੇ ਤਾਂ ਮੈਂ ਡਿਊਟੀ ਤੋਂ ਵਾਂਝਾ ਰਹਿ ਜਾਣਾ ਸੀ।''

ਚੰਗਾ ਤੇਰੀ ਮਰਜੀ। ਜਾਓ, ਫੜ ਲਿਆਓ।''

*****

# ਮੰਗਵੇਂ ਕੋਟ ਦਾ ਨਿੱਘ

ਰਿੰਪੀ ਦੇ ਪਿਓ ਦੀ ਹੁਣ ਤੱਕ ਮੌਤ ਹੋ ਗਈ ਸੀ। ਇਸ ਮੌਤ ਤੋਂ ਬਾਅਦ ਮਾਂ ਧੀ ਹੋਰ ਵੀ ਜਿਆਦਾ ਆਜਾਦ ਮਹਿਸੂਸ ਕਰਨ ਲੱਗ ਗਈਆਂ ਸਨ। ਇੱਕ ਦਿਨ ਉਸ ਨੇ ਉਸੇ ਮਾਈ ਨੂੰ ਫੋਨ ਕੀਤਾ, ਜਿਹੜੀ ਕੈਨੇਡਾ ਤੋਂ ਆਉਂਦੀ ਹੋਈ ਨੂੰ ਉਸ ਨੂੰ ਰਸਤੇ ਵਿੱਚ ਮਿਲੀ ਸੀ ਤੇ ਉਸ ਨੇ ਉਸ ਨਾਲ ਦਿੱਲੀ ਤੱਕ ਆਉਂਦੇ ਬੜੀਆਂ ਗੱਲਾਂ ਮਾਰੀਆਂ ਸਨ।

--ਮਾਂ ਜੀ, ਮੈਂ ਰਿੰਪੀ ਬੋਲ ਰਹੀ ਹਾਂ।

ਰਿੰਪੀ?

--ਹਾਂ ਰਿੰਪੀ, ਤੁਸੀਂ ਮੈਨੂੰ ਭੁੱਲ ਵੀ ਗਏ? ਮੈਂ ਤੁਹਾਡੇ ਨਾਲ ਸਿੰਗਾਪੁਰ ਤੋਂ ਜਹਾਜ ਵਿੱਚ ਗੱਲਾਂ ਮਾਰਦੀ ਆਈ ਸੀ।

--ਕੁੜੇ, ਸਤਿ ਸ੍ਰੀ ਅਕਾਲ। ਮੈਂ ਹੁਣ ਤੇਰੀ ਆਵਾਜ ਪਹਿਚਾਣੀ ਏ। ਕੁੜੇ ਤੂੰ ਤਾਂ ਆਪਣੀ ਹੀ ਕੁੜੀ ਏਂ। ਹੋਰ ਭੈਣ ਜੀ ਦਾ ਕੀ ਹਾਲ ਏ?

--ਉਹ ਠੀਕ ਨੇ।

--ਕੁੜੇ, ਤੂੰ ਵਾਪਿਸ ਆਸਟ੍ਰੇਲੀਆ ਨਹੀਂ ਗਈ?

--ਮੈਂ ਇੱਕ ਵਾਰ ਜਾ ਆਈ ਹਾਂ। ਛੇਆਂ ਮਹੀਨਿਆਂ ਵਿੱਚ ਹੀ ਮੈਨੂੰ ਵਾਪਿਸ ਆਉਣਾ ਪੈ ਗਿਆ।

--ਕੁੜੇ, ਤੂੰ ਆਪਣੇ ਘਰ ਵਾਲੇ ਤੋਂ ਤਲਾਕ ਲੈ ਲਿਆ ਸੀ ਜਾਂ ਨਹੀਂ?

--ਮਾਂ ਜੀ, ਅਸੀਂ ਤਾਂ ਇੱਕ ਮਹੀਨੇ ਵਿੱਚ ਹੀ ਤਲਾਕ ਲੈ ਲਿਆ ਸੀ। ਉਹਦੇ ਚਾਲੇ ਚੰਗੇ ਨਹੀਂ ਸਨ। ਮੈਂ ਤੁਹਾਨੂੰ ਜਹਾਜ ਵਿੱਚ ਸਾਰਾ ਕੁੱਝ ਦੱਸਿਆ ਹੀ ਸੀ। ਉਹ ਖੁਦ ਵੀ ਮੈਥੋਂ ਪਰ੍ਹੇ ਹੋ ਜਾਣਾ ਚਾਹੁੰਦਾ ਸੀ। ਮੈਨੂੰ ਇਹ ਲਾਭ ਹੋ ਗਿਆ ਕਿ ਮੈਂ ਉਸ ਦੇ ਸਿਰ 'ਤੇ ਪੱਕੀ ਹੋ ਗਈ।

--ਕੁੜੇ, ਹੁਣ ਫਿਰ ਸਾਡਾ ਕੰਮ ਹੀ ਕਰ ਦੇਹ। ਹੁਣ ਤਾਂ ਤੂੰ ਵਿਹਲੀ ਏਂ। ਮੇਰੀ ਭੈਣ ਦਾ ਲੜਕਾ ਕਰਮਜੀਤ ਆਸਟ੍ਰੇਲੀਆ ਜਾਣ ਲਈ ਤੜਫਿਆ ਪਿਆ ਏ। ਪੁੱਤ, ਉਹਨੂੰ ਕਿਸੇ ਤਰ੍ਹਾਂ ਸੈੱਟ ਕਰ ਦੇਹ। ਅਸੀਂ ਤੈਨੂੰ ਮੂੰਹ ਮੰਗੇ ਪੈਸੇ ਦੇਵਾਂਗੇ।



--ਚੰਗਾ ਮਾਂ ਜੀ, ਮੈਂ ਤੁਹਾਨੂੰ ਸੋਚ ਵਿਚਾਰ ਕਰਕੇ ਇੱਕ ਦੋ ਦਿਨ ਵਿੱਚ ਫੋਨ ਕਰਾਂਗੀ।

--ਚੰਗਾ ਬੇਟਾ, ਤੂੰ ਸਾਡਾ ਕੰਮ ਕਰਨਾ ਹੀ ਕਰਨਾ ਏ। ਮੈਨੂੰ ਪਤਾ ਏ, ਤੂੰ ਸਾਡਾ ਕੰਮ ਆਰਾਮ ਨਾਲ ਕਰ ਸਕਦੀ ਏਂ।

ਰਿੰਪੀ ਨੇ ਫੋਨ ਬੰਦ ਕਰ ਦਿੱਤਾ। ਬਾਹਰ ਅੰਤਾਂ ਦੀ ਬਾਰਿਸ ਪੈ ਰਹੀ ਸੀ। ਝੱਖੜ ਝੁੱਲਿਆ ਹੋਇਆ ਸੀ ਤੇ ਬਿਜਲੀ ਗਰਜ ਰਹੀ ਸੀ। ਮੁਹਾਲੀ ਦੀਆਂ ਸੜਕਾਂ 'ਤੇ ਪਾਣੀ ਘੁੰਮ ਰਿਹਾ ਸੀ। ਰਿੰਪੀ ਦੀ ਮਾਂ ਨੇੜਲੀ ਦੁਕਾਨ ਤੋਂ ਕੁੱਝ ਸੌਦਾ ਲੈ ਕੇ ਵਾਪਿਸ ਪਰਤੀ। ਬਾਰਿਸ ਇੰਨੀ ਤੇਜ ਸੀ ਕਿ ਛਤਰੀ ਪਾਸ ਹੋਣ ਦੇ ਬਾਵਜੂਦ ਵੀ ਉਹ ਅੱਧ-ਪਚੱਧੀ ਭਿੱਜ ਗਈ ਸੀ।

--ਮਾਂ, ਪਹਿਲਾਂ ਕੱਪੜੇ ਬਦਲ ਲੈ। ਫਿਰ ਮੈਂ ਤੈਨੂੰ ਇੱਕ ਖਸਖਬਰੀ ਦੱਸਦੀ ਹਾਂ।

--ਕੀ ਹੋ ਗਿਆ ਧੀਏ? ਕੋਈ ਹੋਰ ਮੁਰਗਾ ਫਸਾ ਲਿਆ? ਤੇਰੇ ਮੂਹਰੇ ਤਾਂ ਲੋਕ ਨੋਟ ਖਿਲਾਰੀ ਜਾ ਰਹੇ ਨੇ। ਕੁੜੇ, ਨੋਟ ਤਾਂ ਤੂੰ ਬਥੇਰੇ ਬਣਾ ਲਏ, ਪਰ ਤੇਰੀ ਜਿੰਦਗੀ 'ਤੇ ਮੈਨੂੰ ਤਰਸ ਆਈ ਜਾ ਰਿਹਾ ਏ। ਅਸਲੀ ਜਿੰਦਗੀ ਉਹ ਹੁੰਦੀ ਏ,ਜੋ ਬੰਦਾ ਕਿਤੇ ਪੱਕੀ ਤਰ੍ਹਾਂ ਸੈੱਟ ਹੋ ਕੇ ਬਿਤਾਵੇ। ਅਗਰ ਕਿਤੇ ਪੱਕੇ ਸੈੱਟ ਨਾ ਹੋਵੇ ਤਾਂ ਜਿੰਦਗੀ ਨਿਰਾ ਝੱਖੜ ਬਣੀ ਰਹਿੰਦੀ ਹੈ। ਆਹ, ਮੇਰੇ ਹੱਥ ਵਿੱਚ ਛਤਰੀ ਦੇਖ। ਤੂੰ ਲੋਕਾਂ ਲਈ ਛਤਰੀ ਬਣੀ ਜਾਂਦੀ ਏਂ, ਪਰ ਤੂੰ ਆਪ ਨੰਗੀ ਏਂ। ਲੜਕੀਆਂ ਤਾਂ ਹੀ ਚੰਗੀਆਂ ਲੱਗਦੀਆਂ ਨੇ ਜੇ ਉਹ ਕਿਤੇ ਟਿਕ ਕੇ ਇੱਕ ਮਰਦ ਨਾਲ ਸੈੱਟ ਹੋ ਕੇ ਰਹਿਣ। ਮੰਗਵੇਂ ਕੋਟ ਦਾ ਨਿੱਘ ਥੋੜ੍ਹ-ਚਿਰਾ ਹੁੰਦਾ ਏ।

--ਮਾਂ, ਜਦ ਹੁਣ ਅਸੀਂ ਉਸ ਸਟੇਜ ਤੋਂ ਖੁੰਝ ਗਏ ਤਾਂ ਪਛਤਾਉਣ ਦੀ ਬਹੁਤੀ ਜਰੂਰਤ ਨਹੀਂ। ਅਗਰ ਆਪਣਿਆਂ ਨਾਲ ਪੱਕੇ ਤੌਰ ਤੇ ਰਹਿਣਾ ਔਖਾ ਲੱਗਦਾ ਏ ਤਾਂ ਕਿਹੜੀ ਦੁਨੀਆਂ ਮੁੱਕ ਗਈ? ਸਿਡਨੀ ਵਿੱਚ ਬਥੇਰੇ ਗੋਰੇ ਕਈ ਕਈ ਸਾਦੀਆਂ ਕਰਕੇ ਬਾਅਦ ਵਿੱਚ ਕਿਸੇ ਇੱਕ ਨਾਲ ਰਹਿਣ ਲੱਗਦੇ ਹਨ। ਉੱਥੇ ਤਾਂ ਜਿਹੜੀ ਟਾਵੀਂ ਟਾਵੀਂ ਸਾਦੀ ੨੫-੩੦ ਸਾਲ ਲਗਾਤਾਰ ਚੱਲਦੀ ਰਹੇ, ਉਹ ਅਖਬਾਰ ਦੀ ਖਬਰ ਬਣ ਜਾਂਦੀ ਏ। ਪਹਿਲਾਂ ਆਪਣਿਆਂ ਨੂੰ ਬੁੱਧੂ ਬਣਾ ਕੇ ਪੈਸੇ ਇਕੱਠੇ ਕਰ ਲਈਏ, ਫਿਰ ਆਖਰ ਵਿੱਚ ਕਿਸੇ ਗੋਰੇ ਦੇ ਲੜ ਲੱਗ ਕੇ ਪੱਕੇ ਤੌਰ ਤੇ ਰਹਿਣ ਲੱਗ ਪਵਾਂਗੇ। ਆਹ, ਹੁਣੇ ਹੁਣੇ ਇੱਕ ਹੋਰ ਫੋਨ ਆਇਆ ਸੀ।

--ਉਹ ਕੀਹਦਾ?

--ਉਸੇ ਮਾਈ ਦਾ, ਜਿਹੜੀ ਮੇਰੇ ਨਾਲ ਜਹਾਜ ਵਿੱਚ ਸਿੰਗਾਪੁਰ ਤੋਂ ਦਿੱਲੀ ਤੱਕ

ਆਈ ਸੀ। ਬੜੀ ਗਲਾਕੜੋ ਸੀ।

--ਕੀ ਕਹਿੰਦੀ?

--ਮੈਨੂੰ ਉਦੋਂ ਵੀ ਕਹਿੰਦੀ ਸੀ। ਅੱਜ ਤਾਂ ਪੱਕਾ ਹੀ ਕਹਿ ਦਿੱਤਾ ਕਿ ਉਸਦੀ ਭੈਣ ਦਾ ਲੜਕਾ ਆਸਟ੍ਰੇਲੀਆ ਜਾਣ ਲਈ ਕੋਈ ਕੁੜੀ ਲੱਭ ਰਿਹਾ ਏ। ਮੂੰਹ ਮੰਗੇ ਪੈਸੇ ਦੇਣ ਲਈ ਵੀ ਤਿਆਰ ਹਨ।

--ਜਿਹੜਾ ਤੂੰ ਪਹਿਲਾਂ ਛੱਡ ਕੇ ਆਈ ਏਂ, ਉਹ ਤਾਂ ਕੁੱਝ ਪੜ੍ਹਿਆ-ਲਿਖਿਆ ਵੀ ਸੀ। ਉਹਨੇ ਖੁਦ ਉੱਧਰ ਛੇ ਮਹੀਨਿਆਂ ਵਿੱਚ ਹੀ ਹੋਰ ਰਿਸਤਾ ਲੱਭ ਲਿਆ। ਤੇਰਾ ਉਸ ਤੋਂ ਪਿੱਛਾ ਛੁੱਟ ਗਿਆ। ਅਗਰ ਕੋਈ ਐਸਾ ਮਿਲ ਗਿਆ, ਜਿਹੜਾ ਤੇਰੇ ਨਾਲ ਦੋ ਤਿੰਨ ਸਾਲ ਲਸੂੜੀ ਵਾਂਗ ਚਿਮਟਿਆ ਰਹੇ, ਫਿਰ ਤੂੰ ਤੰਗ ਹੋ ਜਾਵੇਂਗੀ। ਅਗਰ ਵਿੱਚ ਛੱਡੇਂਗੀ ਤਾਂ ਤੇਰੇ ਨਾਲ ਝਗੜਾ ਵੀ ਕਰ ਸਕਦਾ ਏ। ਤੇਰੇ 'ਤੇ ਉਲਟਾ ਕੇਸ ਵੀ ਠੋਕ ਸਕਦਾ ਏ। ਸੋਚ ਸਮਝ ਕੇ ਹਾਂ ਕਰੀਂ। ਜਿਆਦਾ ਝਾਕਾ ਖੁੱਲ੍ਹਣ 'ਤੇ ਕਈ ਵਾਰ ਨੁਕਸਾਨ ਵੀ ਹੋ ਜਾਇਆ ਕਰਦੇ ਨੇ। ਦੁਨੀਆਂ ਬੜੀ ਚਲਾਕ ਏ। ਆਸਟ੍ਰੇਲੀਆ ਵਿੱਚ ਹੋ ਰਹੀਆਂ ਵਾਰਦਾਤਾਂ ਦੀਆਂ ਕਨਸੋਆਂ ਆਈ ਹੀ ਜਾਂਦੀਆਂ ਨੇ। ਲੱਗਦਾ ਇੰਞ ਏ ਜਿਵੇਂ ਆਪਣੇ ਬੰਦੇ ਹੀ ਆਪਸ ਵਿੱਚ ਲੜ-ਝਗੜ ਕੇ ਦੋਸ ਗੋਰਿਆਂ ਸਿਰ ਮੜ੍ਹੀ ਜਾ ਰਹੇ ਆ। ਕੁੜੇ, ਤੇਰਾ ਕੀ ਖਿਆਲ ਏ?

--ਮਾਂ, ਅਸੀਂ ਕੀ ਲੈਣਾ ਇਸ ਪ੍ਰਕਾਰ ਦੀਆਂ ਵਾਰਦਾਤਾਂ ਤੋਂ? ਮੈਨੂੰ ਚੰਗੀ ਤਰ੍ਹਾਂ ਪਤਾ ਏ ਕਿ ਆਪਣੇ ਹੀ ਆਪਣਿਆਂ ਨੂੰ ਬਦਨਾਮ ਕਰੀ ਜਾ ਰਹੇ ਨੇ। ਸਾਰੀ ਲੜਾਈ ਪੈਸੇ ਤੇ ਪੱਕੀ ਰਿਹਾਇਸ ਲਈ ਏ। ਤੀਵੀਂ ਨੂੰ ਪੱਕੀ ਰਿਹਾਇਸ ਲਈ ਜਰੀਆ ਬਣਾਇਆ ਜਾਂਦਾ ਏ। ਦੇਖਣ ਵਿੱਚ ਇੱਥੋਂ ਤੱਕ ਆਉਣ ਲੱਗ ਪਿਆ ਏ ਕਿ ਹੁਣ ਤਾਂ ਕਈ ਕੁੜੀਆਂ ਵੀ ਉੱਥੇ ਪੱਕੇ ਮਰਦਾਂ ਨੂੰ ਪੱਕੀ ਰਿਹਾਇਸ ਲਈ ਜਰੀਆ ਬਣਾਉਣ ਲੱਗ ਪਈਆਂ ਹਨ। ਉਸ ਸਮਾਜ ਵਿੱਚ ਤੀਵੀਂ ਮਰਦ ਬਰਾਬਰ ਏ। ਸਾਡੇ ਇੱਥੇ ਬਰਾਬਰਤਾ ਦੇ ਐਵੇਂ ਨਾਅਰੇ ਮਾਰੇ ਜਾਂਦੇ ਹਨ, ਬਰਾਬਰਤਾ ਹੈ ਕੋਈ ਨਹੀਂ। ਅਗਰ ਮਰਦ ਉੱਥੇ ਨਿੱਕਰਾਂ ਪਾ ਕੇ ਸਾਪਿੰਗ ਸੈਂਟਰਾਂ ਵਿੱਚ ਘੁੰਮ ਸਕਦੇ ਹਨ ਤਾਂ ਤੀਵੀਆਂ ਤੇ ਵੀ ਕਿਸੇ ਕਿਸਮ ਦੀ ਪਾਬੰਦੀ ਨਹੀਂ। ਨਾਲੇ ਤੂੰ ਦੇਖ ਪੰਜਾਬੀ ਉੱਥੇ ਸੌ ਸਾਲ ਤੋਂ ਵੀ ਵੱਧ ਸਮੇਂ ਤੋਂ ਰਹਿ ਰਹੇ ਹਨ। ਪਹਿਲਾਂ ਤਾਂ ਇਸ ਪ੍ਰਕਾਰ ਦੀਆਂ ਵਾਰਦਾਤਾਂ ਕਦੀ ਨਹੀਂ ਹੋਈਆਂ। ਜਦ ਉੱਥੇ ਨੂੰ ਜਣਾ-ਖਣਾ ਗਲਤ ਮਲਤ ਤਰੀਕਿਆਂ ਨਾਲ ਤੁਰ ਪਿਆ ਤਾਂ ਇਹ ਵਾਰਦਾਤਾਂ ਹੋਣੀਆਂ ਸੁਰੂ ਹੋਈਆਂ ਹਨ। ਅਨਪੜ੍ਹ, ਘੱਟ ਪੜ੍ਹੇ-ਲਿਖੇ ਤੇ ਪਿਛਾਂਹ-ਖਿੱਚੂ ਲੋਕਾਂ ਦਾ ਅਗਾਂਹ-ਵਧੂ ਸਮਾਜ ਵਿੱਚ ਪਹੁੰਚਣਾ ਵੀ ਇੱਕ ਸਰਾਪ ਏ।



--ਕੁੜੇ, ਉਹ ਅਗਾਂਹ-ਵਧੂ ਸਮਾਜ ਕਿਵੇਂ ਹੋਇਆ?

--ਸੁਣਿਆ, ਉੱਥੇ ਤਾਂ ਜਿਹੜਾ ਮਰਜੀ ਜੀਹਦੇ ਨਾਲ ਮਰਜੀ ਤੁਰਿਆ ਫਿਰਦਾ। ਲੋਕਾਂ ਵਿੱਚ ਕਿਸੇ ਕਿਸਮ ਦੀ ਮਰਿਆਦਾ ਤੇ ਸਰਮ ਹਿਆ ਵੀ ਤਾਂ ਹੋਣੀ ਚਾਹੀਦੀ ਏ।

--ਮਾਂ, ਇਹ ਤੇਰਾ ਭੁਲੇਖਾ ਏ ਕਿ ਉੱਥੇ ਸਰਮ ਹਿਆ ਖਤਮ ਹੋ ਗਈ ਏ। ਕਿਸੇ ਦੀ ਰਜਾਮੰਦੀ ਤੋਂ ਬਗੈਰ ਉੱਥੇ ਕਿਸੇ ਨੂੰ ਕੋਈ ਕੁੱਝ ਨਹੀਂ ਕਹਿ ਸਕਦਾ।। ਸਾਡੇ ਇੱਥੇ ਰਜਾਮੰਦੀ ਤੋਂ ਬਗੈਰ ਹੀ ਅਨੇਕਾਂ ਵਾਰਦਾਤਾਂ ਹੋ ਜਾਂਦੀਆਂ ਹਨ। ਇਸ ਲਈ ਇਹ ਸਮਾਜ ਉਸਤੋਂ ਜਿਆਦਾ ਘਟੀਆ ਏ। ਸਾਡੇ ਤਾਂ ਇੱਥੇ ਕਾਨੂੰਨ ਦੇ ਰਾਖੇ ਹੀ ਅਪਰਾਧੀ ਹਨ। ਇਸ ਸਮਾਜ ਵਿੱਚ ਕੋਈ ਕਿਵੇਂ ਸੁਰੱਖਿਅਤ ਮਹਿਸੂਸ ਕਰ ਸਕਦਾ ਏ? ਅੱਜ ਅਸੀਂ ਜੋ ਕੁੱਝ ਮੋਹਾਲੀ ਬੈਠ ਕੇ ਕਰੀ ਜਾ ਰਹੇ ਹਾਂ, ਅਗਰ ਮੈਂ ਇਹੀ ਕੁੱਝ ਪਿੰਡ ਬੈਠ ਕੇ ਕਰਦੀ ਤਾਂ ਹੁਣ ਤੱਕ ਪਤਾ ਨਹੀਂ ਕੀ ਹੋ ਜਾਂਦਾ। ਜੋ ਕੁੱਝ ਦਿੱਲੀ, ਬੰਬਈ ਤੇ ਕਲਕੱਤੇ ਜਿਹੇ ਸਹਿਰਾਂ ਵਿੱਚ ਬੈਠ ਕੇ ਕੀਤਾ ਜਾ ਸਕਦਾ ਏ ਉਹ ਤਾਂ ਇੱਥੇ ਮੋਹਾਲੀ ਜਾਂ ਚੰਡੀਗੜ੍ਹ ਵਿੱਚ ਵੀ ਨਹੀਂ ਕੀਤਾ ਜਾ ਸਕਦਾ। ਪਿੰਡਾਂ ਵਿੱਚ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।

--ਰਿੰਪੀ, ਪਿੰਡ ਤਾਂ ਅਸਲ ਵਿੱਚ ਬਣੇ ਹੀ ਸਰੀਫ ਬੰਦਿਆਂ ਲਈ ਹਨ। ਉੱਥੇ ਜਿਹੜੀ ਤੀਵੀਂ ਕਿਸੇ ਹੋਰ ਨਾਲ ਇੱਕ-ਅੱਧੀ ਵਾਰੀ ਤੁਰੀ ਦਿਸ ਪਵੇ, ਉਸ ਨੂੰ ਲੋਕ ਬਦਮਾਸ ਤੀਵੀਂ ਕਹਿਣ ਲੱਗ ਪੈਂਦੇ ਹਨ। ਅਗਰ ਵੱਡੇ ਸਹਿਰਾਂ ਦੇ ਪਰਦੇ ਫੋਲੇ ਜਾਣ ਤਾਂ ਅਜਿਹੀਆਂ ਤੀਵੀਆਂ ਤੇ ਮਰਦਾਂ ਦੀ ਪਤਾ ਨਹੀਂ ਕਿੰਨੇ ਹਜਾਰਾਂ ਵਿੱਚ ਗਿਣਤੀ ਹੋਣੀ ਏ। ਭਾਰਤੀ ਸੱਭਿਆਚਾਰ ਦੀ ਕਸੌਟੀ ਅਨੁਸਾਰ ਇਹ ਵਿਗੜੇ ਹੋਏ ਮਰਦ ਤੀਵੀਆਂ ਵੀ ਸਹਿਰੀ ਸਮਾਜ ਵਿੱਚ ਇੰਞ ਵਿਚਰਦੇ ਹਨ, ਜਿਵੇਂ ਸਮਾਜ ਦੇ ਰਹਿਬਰ ਹੋਣ।

--ਮਾਂ, ਛੋਟੀਆਂ ਮੋਟੀਆਂ ਵਾਰਦਾਤਾਂ ਹਰ ਸਮਾਜ ਵਿੱਚ ਹੀ ਹੁੰਦੀਆਂ ਰਹਿੰਦੀਆਂ ਹਨ। ਚੋਰ-ਉਚੱਕੇ ਹਰ ਸਮਾਜ ਵਿੱਚ ਹੀ ਹਨ। ਆਸਟ੍ਰੇਲੀਆ ਵਿੱਚ ਬਥੇਰੇ ਨਸਈ ਘੁੰਮਦੇ ਹਨ। ਇਹ ਕਈ ਵਾਰ ਕਿਸੇ ਨੂੰ ਵੀ ਲੁੱਟ ਸਕਦੇ ਹਨ। ਸਿਰਫ ਪੰਜਾਬੀ ਜਾਂ ਭਾਰਤੀ ਇਕੱਲੇ ਹੀ ਇਨ੍ਹਾਂ ਦੀਆਂ ਲੁੱਟਾਂ-ਖੋਹਾਂ ਦਾ ਸਿਕਾਰ ਨਹੀਂ ਹੁੰਦੇ। ਨਾਲੇ ਇਹ ਲੁਟੇਰੇ ਸਾਰੇ ਗੋਰੇ ਨਹੀਂ ਹਨ। ਇਹ ਕਿਸੇ ਵੀ ਦੇਸ ਦੇ ਉਸ ਦੇਸ ਵਿੱਚ ਵਸੇ ਲੋਕ ਹੋ ਸਕਦੇ ਹਨ। ਉਸ ਦੇਸ ਵਿੱਚ ਸਾਰੇ ਮੁਲਕਾਂ ਦੇ ਲੋਕ ਰਹਿੰਦੇ ਹਨ। ਲੋਕ ਕਈ ਵਾਰ ਉੱਥੇ ਆਦਿ-ਵਾਸੀਆਂ ਤੋਂ ਡਰਦੇ ਰਹਿਣਗੇ, ਕਿਉਂਕਿ ਆਈਲੈਂਡਰ ਸਰੀਰ ਦੇ ਮੋਟੇ ਹਨ ਤੇ ਸਕਲ ਤੋਂ ਕੁੱਝ ਕਰੂਪ। ਅਸਲ ਵਿੱਚ ਮੈਂ ਦੇਖਿਆ ਹੈ ਕਿ

ਆਦਿ-ਵਾਸੀ ਤੇ ਆਈਲੈਂਡਰ ਕਈ ਵਾਰ ਬੜਾ ਹੀ ਵਧੀਆ ਵਰਤਾਓ ਕਰਦੇ ਹਨ। ਇੱਕ ਆਦਿ-ਵਾਸੀ ਜਸਦੀਪ ਨੂੰ ਅਕਸਰ ਮਿਲਣ ਆਇਆ ਕਰਦਾ ਸੀ। ਹਮੇਸਾਂ ਬ੍ਰਦਰ ਬ੍ਰਦਰ ਕਹਿ ਕੇ ਬੁਲਾਇਆ ਕਰਦਾ ਸੀ। ਮਾੜੇ ਬੰਦੇ ਕਿਸੇ ਵੀ ਫਿਰਕੇ ਵਿੱਚ ਹੋ ਸਕਦੇ ਹਨ। ਜਿਹੜੇ ਬੰਦੇ ਅਸਲ ਵਿੱਚ ਨਿਕੰਮੇ ਹਨ, ਭਾਵ ਕੰਮ ਨਹੀਂ ਕਰਦੇ ਤੇ ਨਸੇ ਕਰਦੇ ਹਨ, ਉਹ ਹੀ ਲੁੱਟਣ-ਖੋਹਣ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ। ਇਸ ਪ੍ਰਕਾਰ ਦੇ ਬੰਦੇ ਹਰ ਫਿਰਕੇ ਵਿੱਚ ਹਨ।

ਮਾਵਾਂ ਧੀਆਂ ਇਸ ਪ੍ਰਕਾਰ ਦੀਆਂ ਗੱਲਾਂ ਕਰ ਰਹੀਆਂ ਸਨ ਕਿ ਫਿਰ ਉਸੇ ਮਾਈ ਦਾ ਫੋਨ ਆ ਗਿਆ।

--ਧੀਏ, ਕੀ ਸੋਚਿਆ ਫਿਰ? ਸਾਡਾ ਮੁੰਡਾ ਤਾਂ ਬੜਾ ਕਾਹਲਾ ਪਿਆ ਹੋਇਆ ਏ। ਨੋਟ ਹੱਥ ਵਿੱਚ ਫੜੀ ਫਿਰਦਾ ਏ।

--ਮਾਂ ਜੀ, ਉਸ ਨੂੰ ਨਾਲ ਲੈ ਕੇ ਕੱਲ੍ਹ ੧੨ ਵਜੇ ਦੁਪਹਿਰ ਮੋਹਾਲੀ ਮੇਰੇ ਪਾਸ ਆ ਜਾਵੋ। ਬੈਠ ਕੇ ਗੱਲ ਕਰ ਲਵਾਂਗੇ। ਤੁਹਾਡੇ ਪਾਸ ਮੇਰੀ ਰਿਹਾਇਸ-ਗਾਹ ਦਾ ਸਿਰਨਾਵਾਂ ਹੈ?

ਹਾਂ, ਧੀਏ ਤੂੰ ਦੱਸਿਆ ਤਾਂ ਸੀ, ਪਰ ਮੈਨੂੰ ਘਰ ਦਾ ਅਸਲੀ ਨੰਬਰ ਪਤਾ ਨਹੀਂ।

--ਮੈਂ ਅੱਠ ਫੇਜ ਵਿੱਚ ਰਹਿੰਦੀ ਹਾਂ। ਮੈਂ ਘਰ ਦਾ ਨੰਬਰ ਕਿਸੇ ਨੂੰ ਵੀ ਨਹੀਂ ਦਿੰਦੀ। ਤੁਸੀਂ ਇੰਜ ਕਰਿਓ, ਅੱਠ ਫੇਜ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬੜੀ ਵੱਡੀ ਇਮਾਰਤ ਏ, ਤੁਸੀਂ ਉਸ ਇਮਾਰਤ ਦੇ ਸਾਹਮਣੇ ਆ ਜਾਇਓ। ਮੈਂ ਤੇ ਮੇਰੀ ਮਾਂ ਜੀ ਤੁਹਾਨੂੰ ਉੱਥੇ ਮਿਲਾਂਗੇ। ਉੱਥੇ ਬੈਠ ਕੇ ਹੀ ਗੱਲਬਾਤ ਪੱਕੀ ਕਰ ਲਈ ਜਾਵੇਗੀ। ਕੀ ਲੜਕੇ ਪਾਸ ਪਾਸਪੋਰਟ ਤਿਆਰ ਹੈ?

--ਹਾਂ ਪੁੱਤ, ਪਾਸਪੋਰਟ ਤਾਂ ਉਹਨੇ ਕਈ ਦੇਰ ਦਾ ਬਣਾ ਕੇ ਰੱਖਿਆ ਹੋਇਆ ਏ।

--ਹਾਈ ਕਮਿਸਨ ਨੂੰ ਵਿਆਹ ਦੇ ਕੁੱਝ ਸਬੂਤ ਚਾਹੀਦੇ ਹੁੰਦੇ ਹਨ। ਉਨ੍ਹਾਂ ਬਾਰੇ ਬੈਠ ਵਿਚਾਰ ਕਰ ਲਵਾਂਗੇ। ਚੰਗਾ, ਮਾਂ ਜੀ, ਕੱਲ੍ਹ ਮਿਲਾਂਗੇ।

--ਚੰਗਾ ਧੀਏ।

ਫਿਰ ਰਿੰਪੀ ਆਪਣੀ ਮਾਂ ਨਾਲ ਹੋਰ ਵਿਚਾਰ-ਵਟਾਂਦਰਾ ਕਰਨ ਲੱਗ ਪਈ।

--ਮਾਂ, ਕਿਵੇਂ ਕਰਨਾ ਏ? ਉਹ ਕੱਲ੍ਹ ਮੋਹਾਲੀ ਆ ਰਹੇ ਹਨ। ਪਤਾ ਨਹੀਂ ਕਿੰਨੇ ਜਣੇ ਹੋਣਗੇ।

--ਧੀਏ, ਤੈਨੂੰ ਜਿਆਦਾ ਪਤਾ ਏ। ਤੂੰ ਫਿਰ ਵਾਪਿਸ ਚਲੀ ਜਾਵੇਂਗੀ। ਮੈਂ



ਇਕੱਲੀ ਰਹਿ ਜਾਵਾਂਗੀ। ਹੁਣ ਮੈਂ ਉਂਵ ਵੀ ਕਾਫੀ ਸਿਆਣੀ ਹੋ ਗਈ ਹਾਂ। ਮੇਰੀ ਦੇਖ-ਭਾਲ ਲਈ ਵੀ ਕੋਈ ਚਾਹੀਦਾ ਏ।

--ਮਾਂ, ਮੈਂ ਇਸ ਵਾਰ ਜਾ ਕੇ ਤੈਨੂੰ ਵੀ ਉੱਧਰ ਹੀ ਬੁਲਾ ਲਵਾਂਗੀ। ਕਾਨੂੰਨ ਅਨੁਸਾਰ ਤੂੰ ਵੀ ਉੱਧਰ ਮੇਰੇ ਪਾਸ ਜਾ ਹੀ ਸਕਦੀ ਏਂ, ਕਿਉਂਕਿ ਇੱਧਰ ਤੇਰੀ ਦੇਖ-ਭਾਲ ਲਈ ਹੋਰ ਕੋਈ ਹੈ ਹੀ ਨਹੀਂ।

--ਚੰਗਾ ਪੁੱਤਾ, ਜਿਵੇਂ ਮਰਜੀ ਕਰ ਲੈ। ਮੈਂ ਤਾਂ ਚਾਹੁੰਦੀ ਸੀ ਕਿ ਤੂੰ ਕਿਤੇ ਪੱਕੀ ਵਸ ਜਾਂਦੀ। ਹੁਣ ਅਗਰ ਤੂੰ ਇਸ ਮੁੰਡੇ ਦੇ ਪੱਕੇ ਹੋਣ ਤੱਕ ਉਡੀਕਦੀ ਰਹੀ ਤਾਂ ਕਈ ਸਾਲ ਬੀਤ ਜਾਣਗੇ। ਕੀ ਇਹ ਤੇਰੇ ਨਾਲ ਪੱਕਾ ਵਿਆਹ ਕਰਨ ਲਈ ਰਾਜੀ ਨਹੀਂ ਹੋ ਸਕਦਾ?

--ਇੰਵ ਵੀ ਪੁੱਛ ਲਵਾਂਗੇ। ਮੈਨੂੰ ਲੱਗਦਾ ਏ ਕਿ ਇੰਵ ਉਹ ਨਹੀਂ ਮੰਨਣਗੇ। ਅਗਰ ਉਨ੍ਹਾਂ ਇੰਵ ਕਰਨਾ ਹੁੰਦਾ ਤਾਂ ਉਨ੍ਹਾਂ ਪੈਸਿਆਂ ਦੀ ਗੱਲ ਨਹੀਂ ਸੀ ਕਰਨੀ। ਪੰਜਾਬ ਵਿੱਚ ਤਾਂ ਹਰ ਮੁੰਡਾ ਉੱਧਰ ਨੂੰ ਜਾਣਾ ਚਾਹੁੰਦਾ ਏ। ਸਾਰਾ ਜੋਰ ਸਿਰਫ ਪੱਕਾ ਹੋਣ ਤੇ ਹੀ ਲੱਗਾ ਹੋਇਆ ਏ। ਵਿਆਹ ਤਾਂ ਬਾਅਦ ਵਿੱਚ ਆ ਕੇ ਦੁਆਰਾ ਹੀ ਕਰਵਾ ਕੇ ਲੈ ਜਾਂਦੇ ਹਨ। ਆਹ ਜਿਹੜੇ ਪੜ੍ਹਨ ਲਈ ਜਾਂਦੇ ਹਨ, ਇਨ੍ਹਾਂ ਦਾ ਮਕਸਦ ਪੱਕਾ ਹੋਣਾ ਜਿਆਦਾ ਏ, ਪੜ੍ਹਾਈ ਤਾਂ ਬਹਾਨਾ ਹੁੰਦਾ ਏ। ਕਿੰਨੀ ਹਾਸੋ-ਹੀਣੀ ਗੱਲ ਏ, ਜਿਹੜੇ ਇੱਧਰ ਚੱਜ ਨਾਲ ਨਹੀਂ ਪੜ੍ਹਦੇ, ਉਹ ਉਹ ਉੱਧਰ ਨੂੰ ਪੜ੍ਹਾਈ ਕਰਨ ਤੁਰੇ ਹੋਏ ਨੇ। ਉੱਧਰ ਪੜ੍ਹ ਕੇ ਵੀ ਬਹੁਤਿਆਂ ਨੂੰ ਚੰਗੀਆਂ ਨੌਕਰੀਆਂ ਨਹੀਂ ਮਿਲਦੀਆਂ। ਦਿਨ-ਰਾਤ ਪੈਸੇ ਕਮਾਉਣ ਲਈ ਦੌੜੇ-ਭੱਜੇ ਫਿਰਦੇ ਰਹਿੰਦੇ ਹਨ। ਫਿਰ ਉਨੀਂਦਰੇ ਕਲਾਸ ਲਾਉਣ ਜਾਂਦੇ ਹਨ। ਅੱਧੇ ਕੁ ਤਾਂ ਏਧਰੋਂ ਓਧਰੋਂ ਸਾਮੱਗਰੀ ਚੋਰੀ ਕਰਕੇ ਅਸਾਈਨਮੈਂਟਾਂ ਤਿਆਰ ਕਰਦੇ ਹਨ। ਔਖੇ-ਸੌਖੇ ਕੋਈ ਡਿਗਰੀ ਜਾਂ ਸਰਟੀਫੀਕੇਟ ਤਾਂ ਪ੍ਰਾਪਤ ਕਰ ਲੈਂਦੇ ਹਨ, ਪ੍ਰੰਤੂ ਪੱਲੇ ਕੁੱਝ ਵੀ ਨਹੀਂ ਹੁੰਦਾ। ਬਾਅਦ ਵਿੱਚ ਜਦ ਨੌਕਰੀ ਲੈਣ ਲਈ ਟੈੱਸਟ ਦਿੰਦੇ ਹਨ ਤਾਂ ਬਹੁਤੇ ਫੇਲ੍ਹ ਹੋ ਜਾਂਦੇ ਹਨ। ਆਖਰ ਅੱਕ-ਥੱਕ ਕੇ ਜਾਂ ਤਾਂ ਸਕਿਊਰਿਟੀ ਦੀਆਂ ਜਾਬਾਂ ਕਰਦੇ ਹਨ ਤੇ ਜਾਂ ਫਿਰ ਟੈਕਸੀਆਂ ਚਲਾਉਂਦੇ ਹਨ। ਇਹ ਦੋਨੋਂ ਕੰਮ ਤਾਂ ਉੱਥੇ ਏਧਰੋਂ ਘੱਟ ਪੜ੍ਹੇ ਲਿਖੇ ਗਏ ਹੋਏ ਲੋਕ ਵੀ ਕਰੀ ਜਾ ਰਹੇ ਹਨ। ਕਈਆਂ ਨੇ ਇੱਧਰ ਡਾਕਟਰ, ਇੰਜੀਨੀਅਰ, ਵਕੀਲ ਤੇ ਪ੍ਰੋਫੈਸਰ ਬਣਨਾ ਸੀ। ਉੱਧਰ ਜਾ ਕੇ ਉਹ ਨਿਰੇ ਚੌਕੀਦਾਰ ਤੇ ਡਰਾਈਵਰ ਬਣ ਗਏ। ਦੂਜੇ ਨੰਬਰ ਤੇ ਜਿਹੜੇ ਇੱਧਰੋਂ ਕੱਚੇ ਜਾਂਦੇ ਹਨ, ਉਨ੍ਹਾਂ ਨੂੰ ਕੋਈ ਵੀ ਸਹੂਲਤਾਂ ਨਹੀਂ ਮਿਲਦੀਆਂ। ਉੱਧਰ ਦੇ ਪੱਕੇ ਬਾਸਿੰਦੇ ਦਾ ਡਾਕਟਰੀ ਇਲਾਜ ਮੁਫਤ ਏ। ਇੱਧਰੋਂ ਗਏ ਕੱਚੇ ਬੰਦੇ ਨੂੰ ਇਲਾਜ ਕਰਵਾਉਣ ਲਈ ਅੰਤਾਂ ਦੇ ਡਾਲਰ ਖਰਚਣੇ

ਪੈਂਦੇ ਹਨ। ਉਧਰਲੇ ਪੱਕੇ ਵਿਦਿਆਰਥੀਆਂ ਨੂੰ ਬੜੀਆਂ ਘੱਟ ਫੀਸਾਂ ਦੇਣੀਆਂ ਪੈਂਦੀਆਂ ਨੇ। ਇੱਧਰ ਦੇ ਕੱਚੇ ਵਿਦਿਆਰਥੀਆਂ ਨੂੰ ਕਈ ਗੁਣਾ ਜਿਆਦਾ ਫੀਸਾਂ ਭਰਨੀਆਂ ਪੈਂਦੀਆਂ ਹਨ। ਅਗਰ ਉਹ ਇੱਧਰੋਂ ਪੈਸੇ ਮੰਗਵਾਉਣ ਤਾਂ ਉਹ ਪੈਸੇ ਡਾਲਰ ਵਿੱਚ ਤਬਦੀਲ ਹੋ ਕੇ ਬੜੇ ਘੱਟ ਰਹਿ ਜਾਂਦੇ ਹਨ। ਜਿਹੜਾ ਕੱਚਾ ਬੰਦਾ ਸਾਰੇ ਖਰਚੇ ਉੱਧਰੋਂ ਕੱਢੇਗਾ, ਤੂੰ ਆਪ ਹੀ ਦੇਖ ਲੈ ਕਿ ਉਸ ਨੂੰ ਪੜ੍ਹਨ ਦਾ ਕਿੰਨਾ ਕੁ ਸਮਾਂ ਮਿਲ ਸਕਦਾ ਏ। ਡਾਲਰ ਦੀ ਚਮਕ ਤੇ ਢਾਂਚੇ ਦੇ ਉੱਚੇ ਮਿਆਰ ਨੇ ਲੋਕਾਂ ਦੀ ਉੱਧਰ ਨੂੰ ਦੌੜ ਲਗਾ ਦਿੱਤੀ ਏ। ਬਾਕੀ ਸਾਡੇ ਇੱਧਰ ਸਭ ਕਾਸੇ ਦਾ ਬੇੜਾ ਬੈਠ ਗਿਆ ਏ।

--ਇੱਕ ਹੋਰ ਹਾਸੋਹੀਣੀ ਗੱਲ ਇਹ ਹੈ ਕਿ ਜਿਹੜਾ ਬੰਦਾ ਆਪਣੇ ਦੇਸ ਦੇ ਹੋਰ ਹਿੱਸਿਆਂ ਤੱਕ ਵੀ ਨਹੀਂ ਗਿਆ, ਉਹ ਕਹਿ ਦਿੰਦਾ ਏ ਕਿ ਮੈਂ ਕੈਨੇਡਾ, ਆਸਟ੍ਰੇਲੀਆ ਤੇ ਅਮਰੀਕਾ ਦੀ ਸੈਰ ਕਰਨ ਜਾ ਰਿਹਾ ਹਾਂ। ਸੈਰ ਕਰਨ ਜਾਣ ਦਾ ਮਕਸਦ ਵੀ ਪੱਕੇ ਹੋਣ ਲਈ ਕੋਈ ਤਰੀਕਾ ਲੱਭਣਾ ਹੁੰਦਾ ਏ। ਸਾਡੇ ਦੇਸ ਦੇ ਲੋਕਾਂ ਦੀਆਂ ਕਈ ਗੱਲਾਂ ਤੇ ਸੱਚਮੁੱਚ ਹੀ ਹਾਸਾ ਆਉਂਦਾ ਰਹਿੰਦਾ ਏ।

--ਕੁੜੇ ਸੁਣਿਆ, ਆਸਟ੍ਰੇਲੀਆ ਵਿੱਚ ਵੀ ਜਾਤ-ਪਾਤ ਬਹੁਤ ਏ। ਆਹ ਜਿੰਨੇ ਵੀ ਮੁੰਡੇ ਕੁੜੀਆਂ ਪਿੱਛੇ ਜਿਹੇ ਪੜ੍ਹਨ ਗਏ ਸੀ, ਉਨ੍ਹਾਂ ਸਾਰਿਆਂ ਦੇ ਮਾਪੇ ਇਹੀ ਕਹੀ ਜਾਂਦੇ ਨੇ ਕਿ ਉੱਥੇ ਰੰਗ ਅਤੇ ਨਸਲ ਦੇ ਨਾਂ ਤੇ ਬੜਾ ਵਿਤਕਰਾ ਏ। ਤੂੰ ਤਾਂ ਸਾਰਾ ਕੁੱਝ ਦੇਖਿਆ ਏ। ਤੈਨੂੰ ਕਿਵੇਂ ਲੱਗਾ?

--ਮਾਂ, ਸਾਡੇ ਲੋਕ ਉਸਨੂੰ ਜਾਤ-ਪਾਤ ਨਹੀਂ, ਨਸਲਵਾਦ ਕਹਿੰਦੇ ਨੇ। ਸਾਡੇ ਦੇਸ ਵਾਂਗ ਉੱਥੇ ਜਾਤ-ਪਾਤ ਤਾਂ ਹੈ ਹੀ ਨਹੀਂ। ਗੋਰਿਆਂ ਵਿੱਚ ਜਾਤਾਂ ਨਹੀਂ ਹਨ। ਸਾਡੇ ਤਾਂ ਇੱਥੇ ਜਾਤਾਂ ਹਨ, ਜਿਵੇਂ ਬ੍ਰਾਹਮਣ, ਖੱਤਰੀ, ਝਿਓਰ, ਹਰੀਜਨ, ਬਾਲਮੀਕੀ, ਨਾਈ, ਲੋਹਾਰ, ਤਰਖਾਣ ਆਦਿ। ਉੱਥੇ ਇਹ ਬਿਲਕੁਲ ਵੀ ਨਹੀਂ ਏ। ਬਾਕੀ ਰਹੀ ਨਸਲਵਾਦ ਦੀ ਗੱਲ, ਥੋੜ੍ਹਾ ਬਹੁਤ ਨਸਲਵਾਦ ਹਰ ਸਮਾਜ ਵਿੱਚ ਹੁੰਦਾ ਹੀ ਏ। ਭਾਰਤ ਵਿੱਚ ਇਹ ਕਿਹੜਾ ਘੱਟ ਏ। ਹੁਣ ਜਦ ਨੌਕਰੀਆਂ ਅਨੁਸੂਚਿਤ ਜਾਤਾਂ ਨੂੰ ਵੱਧ ਮਿਲੀ ਜਾ ਰਹੀਆਂ ਹਨ, ਤਾਂ ਜਨਰਲ ਕੈਟਾਗਰੀ ਵਾਲੇ ਬਥੇਰੀ ਖੱਪ ਪਾਈ ਜਾਂਦੇ ਨੇ। ਤੂੰ ਹੁਣ ਤੱਕ ਵੀ ਬਾਲਮੀਕੀਆਂ ਤੇ ਹਰੀਜਨਾਂ ਦੇ ਘਰ ਜਾ ਕੇ ਚਾਹ ਪੀਣ ਤੋਂ ਝਿਜਕਦੀ ਰਹਿੰਦੀ ਏਂ। ਪਿਛਲੀ ਵਾਰੀ ਜਦ ਤੈਨੂੰ ਵੋਟਾਂ ਲਈ ਘਰੋਂ ਘਰ ਫਿਰਨ ਵਾਲੇ ਆਪਣੇ ਨਾਲ ਲੈ ਗਏ ਸੀ ਤੇ ਤੈਨੂੰ ਕਈ ਹਰੀਜਨਾਂ ਦੇ ਘਰ ਚਾਹ ਪੀਣੀ ਪਈ ਸੀ ਤਾਂ ਘਰ ਆ ਕੇ ਐਵੇਂ ਕੁਰਲੀਆਂ ਕਰੀ ਜਾਂਦੀ ਸੀ। ਨਾਲੇ ਕਹੀ ਜਾਂਦੀ ਸੀ ਕਿ ਤੇਰਾ ਮੂੰਹ ਖਰਾਬ ਹੋ ਗਿਆ। ਫਿਰ ਤੂੰ ਬਾਲਮੀਕੀਆਂ ਦੇ ਘਰ ਚਾਹ ਪੀਣ



ਤੋਂ ਇਨਕਾਰ ਹੀ ਕਰ ਦਿੱਤਾ ਸੀ। ਤੂੰ ਕਿਹਾ ਸੀ ਕਿ ਪਹਿਲਾਂ ਹੀ ਕਈ ਵਾਰ ਪੀ ਚੁੱਕੇ ਹਾਂ। ਤੈਨੂੰ ਆਪਣੀ ਹਾਲਤ ਦਾ ਪਤਾ ਹੀ ਏ। ਜਿਹੜੀ ਚਾਹ ਤੂੰ ਪੀਤੀ ਸੀ, ਉਹ ਤੈਨੂੰ ਇਸ ਕਰਕੇ ਪੀਣੀ ਪਈ ਸੀ ਕਿਉਂਕਿ ਤੁਹਾਨੂੰ ਉਨ੍ਹਾਂ ਤੱਕ ਲੋੜ ਸੀ। ਤੁਸੀਂ ਉਨ੍ਹਾਂ ਦਾ ਮਨ ਜਿੱਤ ਕੇ ਉਨ੍ਹਾਂ ਤੋਂ ਵੋਟਾਂ ਲੈਣੀਆਂ ਸਨ।। ਤੂੰ ਹੁਣ ਵੀ ਕਈ ਲੀਡਰ ਦੇਖੇ ਹੋਣੇ ਆ ਟੈਲੀਵੀਜਨ ਤੇ। ਆਮ ਜਨਤਾ ਵਿੱਚ ਜਾ ਕੇ ਕਈ ਵਾਰ ਐਵੇਂ ਉਨ੍ਹਾਂ ਦੇ ਬੱਚਿਆਂ ਨੂੰ ਪਿਆਰ ਕਰੀ ਜਾਣਗੇ। ਕਈ ਪਛੜੀਆਂ ਜਾਤਾਂ ਦੇ ਬੱਚਿਆਂ ਨੂੰ ਘੜੀ ਕੁ ਲਈ ਕੁੱਛੜ ਚੁੱਕ ਲੈਣਗੇ। ਲੀਡਰਾਂ ਦਾਆਂ ਇਹ ਸਭ ਚੁਸਤੀਆਂ ਹੁੰਦੀਆਂ ਹਨ, ਕਿਉਂਕਿ ਉਨ੍ਹਾਂ ਆਉਣ ਵਾਲੀ ਚੋਣ ਵਿੱਚ ਵੋਟਾਂ ਲੈਣ ਲਈ ਲੋਕਾਂ ਦੇ ਦਿਲ ਜਿੱਤਣੇ ਹੁੰਦੇ ਹਨ। ਇੰਞ ਉਨ੍ਹਾਂ ਨੂੰ ਮਖੌਟੇ ਪਹਿਨਣੇ ਹੀ ਪੈਂਦੇ ਹਨ।

--ਹਾਂ, ਉਨ੍ਹਾਂ ਦੇਸਾਂ ਵਿੱਚ ਇੱਕ ਚੀਜ ਮੈਨੂੰ ਕਦੀ-ਕਦੀ ਅਕਸਰ ਨਜਰ ਆਉਂਦੀ ਰਹਿੰਦੀ ਏ। ਗੋਰੇ ਕਿਸੇ ਨੂੰ ਵੱਡੀ ਨੌਕਰੀ ਲਈ ਤਰੱਕੀ ਦੇਣ ਲੱਗੇ ਜਰੂਰ ਸੋਚਦੇ ਹਨ। ਆਮ ਨੌਕਰੀਆਂ ਲਈ ਆਮ ਜਨਤਾ ਦੀ ਚੋਣ ਹੁੰਦੀ ਰਹਿੰਦੀ ਏ। ਬਹੁਤੀਆਂ ਨੌਕਰੀਆਂ ਲਈ ਛੋਟੇ-ਮੋਟੇ ਟੈੱਸਟ ਹੁੰਦੇ ਹਨ। ਕਈਆਂ ਲਈ ਔਖੇ ਟੈੱਸਟ ਵੀ ਹੁੰਦੇ ਹਨ। ਜੋ ਪਾਸ ਕਰ ਲੈਂਦੇ ਹਨ, ਉਹ ਇਨ੍ਹਾਂ ਨੌਕਰੀਆਂ ਲਈ ਚੁਣ ਲਏ ਜਾਂਦੇ ਹਨ। ਜਦ ਵੱਡੀਆਂ ਨੌਕਰੀਆਂ ਲਈ ਤਰੱਕੀ ਦੇਣੀ ਹੁੰਦੀ ਹੈ ਤਾਂ ਵੱਧ ਸੋਚਿਆਂ ਜਾਂਦਾ ਏ। ਸਖਤ ਇਮਤਿਹਾਨ 'ਚੋਂ ਕੱਢਿਆ ਜਾਂਦਾ ਏ। ਵੈਸੇ ਉੱਥੇ ਸਾਰੇ ਦੇਸਾਂ ਦੇ ਲੋਕ ਸਭ ਪ੍ਰਕਾਰ ਦੀਆਂ ਨੌਕਰੀਆਂ ਤੇ ਕਿੱਤਿਆਂ ਵਿੱਚ ਹਨ। ਸਭ ਪ੍ਰਕਾਰ ਦੇ ਧਰਮਾਂ ਦਾ ਬਰਾਬਰ ਸਤਿਕਾਰ ਏ। ਅਗਰ ਕੋਈ ਉੱਥੇ ਜਾ ਕੇ ਪੂਰੀ ਪੂਰੀ ਪੜ੍ਹਾਈ ਕਰ ਲਵੇ ਤੇ ਯੂਨੀਵਰਸਿਟੀ ਦੀ ਡਿਗਰੀ ਵੀ ਕਰ ਲਵੇ ਤਾਂ ਨੌਕਰੀ ਪ੍ਰਾਪਤ ਕਰਨ ਵਿੱਚ ਕਿਸੇ ਪ੍ਰਕਾਰ ਦਾ ਭੇਦ-ਭਾਵ ਨਹੀਂ ਏ।

ਦੂਜੇ ਦਿਨ ੧੨ ਵਜੇ ਮਾਂ-ਧੀ ਉਸੇ ਥਾਂ ੮ ਫੇਜ ਵਿੱਚ ਪਹੁੰਚ ਗਈਆਂ। ਜਦ ਉਨ੍ਹਾਂ ਦੇਖਿਆ ਤਾਂ ਦੂਜੀ ਮਾਈ ਲੜਕੇ ਅਤੇ ਇੱਕ ਹੋਰ ਇਸਤਰੀ ਤੇ ਮਰਦ ਨੂੰ ਨਾਲ ਲੈ ਕੇ ਉੱਥੇ ਪਹੁੰਚੀ ਹੋਈ ਸੀ।

--ਮਾਂ ਜੀ, ਸਤਿ ਸ੍ਰੀ ਅਕਾਲ।

--ਸਤਿ ਸ੍ਰੀ ਅਕਾਲ ਧੀਏ। ਕਿਤੇ ਨੇੜੇ ਹੀ ਰਹਿੰਦੇ ਹੋ?

--ਹਾਂ, ਅਸੀਂ ਇੱਥੋਂ ਜਿਆਦਾ ਦੂਰ ਨਹੀਂ ਰਹਿੰਦੇ। ਫਿਰ ਵੀ ਆਉਣ ਨੂੰ ੨੦ ਕੁ ਮਿੰਟ ਤਾਂ ਲੱਗ ਹੀ ਗਏ।

--ਅੱਛਾ। ਇਹ ਕਰਮਜੀਤ ਏ ਜਿਹੜਾ ਬਾਹਰ ਜਾਣ ਲਈ ਕਾਹਲਾ ਏ?

--ਹਾਂ, ਇਹ ਕਰਮਜੀਤ ਏ ਤੇ ਨਾਲ ਇਹਦੇ ਮਾਂ-ਪਿਉ ਜਾਨੀ ਕਿ ਮੇਰੀ ਭੈਣ

ਤੇ ਮੇਰਾ ਭਣਵੱਈਆ।

--ਮੁੰਡਾ ਤਾਂ ਸਮਾਰਟ ਲੱਗਦਾ ਏ। ਕਰਮਜੀਤ ਦੀ ਕਿੰਨੀ ਪੜ੍ਹਾਈ ਏ। ਪਿੰਡ ਹੀ ਪੜ੍ਹਿਆ ਸੀ ਜਾਂ ਕਿਸੇ ਸਹਿਰ ਵਿੱਚ? ਕਿੰਨੀ ਉਮਰ ਏ ਤੇਰੀ? ਬਾਹਰ ਕਿਉਂ ਜਾਣਾ ਚਾਹੁੰਦਾ ਏਂ?

--ਜੀ, ਮੈਂ ੧੨ਵੀਂ 'ਚੋਂ ਫੇਲ੍ਹ ਹੋ ਗਿਆ ਸੀ। ਪਿੰਡ ਦੇ ਸਕੂਲ ਵਿੱਚ ਪੰਜਵੀਂ ਕੀਤੀ ਤੇ ਫਿਰ ਨੇੜੇ ਦੇ ਪਿੰਡ ਦੇ ਸੀਨੀਅਰ ਸੈਕੰਡਰੀ ਸਕੂਲ ਤੋਂ ਅਗਲੀ ਪੜ੍ਹਾਈ ਕੀਤੀ। ਫੇਲ੍ਹ ਹੋਣ ਤੋਂ ਬਾਅਦ ਬਸ ਪੜ੍ਹਾਈ ਕਰਨ ਨੂੰ ਦਿਲ ਹੀ ਨਹੀਂ ਕੀਤਾ। ਫਿਰ ਸੋਚਿਆ ਕਿ ਬਾਹਰ ਹੀ ਜਾਣਾ ਏ। ਤੁਹਾਨੂੰ ਪਤਾ ਹੀ ਏ ਇੱਥੇ ਕਿੰਨਾ ਮਾੜਾ ਹਾਲ ਏ। ਜਦ ਪੜ੍ਹਿਆਂ-ਲਿਖਿਆਂ ਨੂੰ ਨੌਕਰੀਆਂ ਨਹੀਂ ਮਿਲਦੀਆਂ ਤਾਂ ਸਾਨੂੰ ਘੱਟ ਪੜ੍ਹਿਆਂ-ਲਿਖਿਆਂ ਨੂੰ ਕੀ ਮਿਲਣਾ ਏ? ਜਿਹੜੇ ਵੀ ਬਾਹਰ ਸੈਟ ਹੋ ਗਏ, ਬੱਸ ਮਾਲਾ-ਮਾਲ ਹੋ ਗਏ। ਹੁਣ ਜਦ ਛੁੱਟੀ ਆਉਂਦੇ ਨੇ, ਤਾਂ ਬਸ ਪੈਸੇ ਹੀ ਖਿਲਾਰਦੇ ਫਿਰਦੇ ਰਹਿੰਦੇ ਨੇ। ਪਰਸੋਂ ਪੰਡੋਰੀ ਵਾਲਾ ਸੁੱਖਾ ਮਿਲਿਆ। ਇੱਕ ਰੈਂਸਟੋਰੈਂਟ ਤੇ ਨੂੰ ਖਿੱਚ ਕੇ ਲੈ ਗਿਆ। ਮਸਾਂ ਦੋ ਕੁ ਘੰਟੇ ਹੀ ਬੈਠੇ। ਬਿੱਲ ਬਣਿਆ ਦੋ ਹਜਾਰ ਰੁਪਿਆ। ਦੁਕਾਨਦਾਰ ਮੂਹਰੇ ਪੰਜੀ ਸੌ ਸੁੱਟ ਕੇ ਔਹ ਗਿਆ, ਔਹ ਗਿਆ। ਗਲ ਵਿੱਚ ਸੋਨੇ ਦੀ ਮੋਟੀ ਸਾਰੀ ਚੈਨੀ ਪਾਈ ਹੋਈ ਸੀ। ਬਾਂਹ 'ਚ ਪੰਜ ਕੁ ਤੋਲੇ ਦਾ ਕੜਾ। ਉਂਗਲਾਂ ਵਿੱਚ ਦੋ ਮੁੰਦੀਆਂ ਤੇ ਕੰਨ ਵਿੱਚ ਇੱਕ ਨੱਤੀ ਜਿਹੀ। ਬਸ ਕਾਰ 'ਤੇ ਆਇਆ ਤੇ ਮੇਰੇ ਕੋਲ ਦੋ ਕੁ ਘੰਟੇ ਹੀ ਰਿਹਾ। ਕਹਿੰਦਾ ਹੋਰ ਦੋਸਤਾਂ ਨੂੰ ਵੀ ਮਿਲਣਾ ਏ। ਛੁੱਟੀ ਬੜੀ ਘੱਟ ਏ। ਮੈਂ ਬਥੇਰਾ ਜੋਰ ਲਾਇਆ ਪਾਰਟੀ ਦੇਣ ਨੂੰ। ਕਹਿੰਦਾ ਅਗਰ ਮੇਰੇ ਪਾਸ ਸਮਾਂ ਹੋਇਆ ਤਾਂ ਦੱਸਾਂਗਾ, ਨਹੀਂ ਤਾਂ ਅਗਲੀ ਵਾਰ ਸਹੀ।

ਮੁੰਡੇ ਵਾਲੇ ਇੰਨੇ ਕਾਹਲੇ ਪਏ ਹੋਏ ਸੀ ਕਿ ਉਪਰੋਕਤ ਗੱਲਾਂ ਦੋਹਾਂ ਪਾਰਟੀਆਂ ਨੇ ਖੜ੍ਹੇ-ਖੜ੍ਹੇ ਹੀ ਕਰ ਲਈਆਂ। ਦੋਹਾਂ ਪਾਰਟੀਆਂ ਨੂੰ ਪਤਾ ਵੀ ਨਾ ਲੱਗਾ ਕਿ ਇੱਕ ਦੂਜੇ ਨੂੰ ਕਿਸੇ ਦੁਕਾਨ 'ਤੇ ਬੈਠਣ ਲਈ ਕਹਿਣ। ਫਿਰ ਰਿੰਪੀ ਨੇ ਕਰਮਜੀਤ ਤੇ ਉਸ ਦੇ ਨਾਲ ਆਏ ਮਾਂ, ਮਾਸੀ ਤੇ ਮਾਸੜ ਨੂੰ ਨੇੜੇ ਲੱਗਦੀ ਚਾਹ ਦੀ ਦੁਕਾਨ 'ਤੇ ਬੈਠਣ ਨੂੰ ਕਿਹਾ। ਇਸਤੋਂ ਬਾਅਦ ਆਪਸੀ ਵਿਚਾਰਾਂ ਸੁਰੂ ਹੋਈਆਂ।

--ਅੱਛਾ, ਮਾਂ ਜੀ, ਤੁਸੀਂ ਦੱਸੋ ਕਿ ਤੁਸੀਂ ਕਿਸ ਕਿਸਮ ਦਾ ਵਿਆਹ ਚਾਹੁੰਦੇ ਹੋ?

--ਰਿੰਪੀ, ਮੇਰੀ ਭੈਣ ਤੇ ਭਣਵੱਈਆ ਤਾਂ ਇਹੀ ਚਾਹੁੰਦੇ ਹਨ ਕਿ ਤੂੰ ਮੁੰਡੇ ਦੇ ਪੱਕਾ ਹੋਣ ਤੱਕ ਨਾਲ ਹੀ ਰਹੇਂ।



--ਮਾਂ ਜੀ, ਪੱਕਾ ਹੋਣ ਨੂੰ ਤਾਂ ਕਾਫੀ ਸਮਾਂ ਲੱਗ ਜਾਂਦਾ ਏ। ਇੰਨਾ ਜਿਆਦਾ ਸਮਾਂ ਉਡੀਕਣਾ ਔਖਾ ਹੋ ਜਾਂਦਾ ਏ। ਬਿਹਤਰ ਇਹ ਹੈ ਕਿ ਲੜਕਾ ਛੇ ਕੁ ਮਹੀਨਿਆਂ ਵਿੱਚ ਉੱਧਰ ਕੋਈ ਹੋਰ ਲੜਕੀ ਲੱਭ ਲਵੇ ਤੇ ਉਸ ਨਾਲ ਪੱਕੇ ਤੌਰ ਤੇ ਵਿਆਹ ਕਰਵਾ ਲਵੇ।

--ਧੀਏ, ਅਗਰ ਉੱਧਰ ਲੜਕੀ ਲੱਭੇਗਾ ਵੀ ਤਾਂ ਉਸਨੂੰ ਵੀ ਪੈਸੇ ਦੇਣੇ ਪੈਣਗੇ। ਅਸੀਂ ਦੋ ਪਾਸੇ ਪੈਸੇ ਖਰਚ ਨਹੀਂ ਕਰ ਸਕਦੇ। ਸਾਨੂੰ ਤਾਂ ਇੰਵ ਵੀ ਲੱਗ ਰਿਹਾ ਏ ਕਿ ਲੜਕੇ ਨੂੰ ਹੋਰ ਕੋਈ ਲੜਕੀ ਲੱਭਣੀ ਔਖੀ ਏ। ਲੜਕਾ ਇੰਨਾ ਤੇਜ ਨਹੀਂ ਕਿ ਉੱਧਰ ਜਾ ਕੇ ਜਲਦੀ ਕੋਈ ਪੂਰੀ ਪਾ ਸਕੇ। (ਵਿੱਚ ਹੀ ਕਰਮਜੀਤ ਬੋਲ ਪਿਆ) ਕਹਿੰਦੇ ਨੇ ਉੱਧਰ ਸਾਰੇ ਅੰਗਰੇਜੀ ਹੀ ਬੋਲਦੇ ਨੇ। ਅਸੀਂ ਪਿੰਡਾਂ ਵਿੱਚ ਰਹੇ ਤੇ ਪਿੰਡਾਂ ਵਿੱਚ ਹੀ ਪੜ੍ਹੇ। ਅਸੀਂ ਇੱਕਦਮ ਕਿਵੇਂ ਅੰਗਰੇਜੀ ਬੋਲਣ ਲੱਗ ਸਕਦੇ ਹਾਂ? ਪੰਜਾਬੀ ਕੁੜੀਆਂ ਤਾਂ ਵਿਆਹ ਵਾਸਤੇ ਇਕ ਦਮ ਹੱਥ ਨਹੀਂ ਆ ਸਕਦੀਆਂ। ਪੰਜਾਬੀ ਪੰਜਾਬੀਆਂ ਦੇ ਸਾਰੇ ਭੇਤ ਜਾਣਦੇ ਨੇ। ਗੋਰੀਆਂ ਜਾਂ ਕੋਈ ਹੋਰ ਕੁੜੀਆਂ ਨਾਲ ਤਾਂ ਹੀ ਗੱਲਬਾਤ ਕੀਤੀ ਜਾ ਸਕਦੀ ਏ, ਜੇਕਰ ਬੰਦੇ ਨੂੰ ਅੰਗਰੇਜੀ ਚੰਗੀ ਤਰ੍ਹਾਂ ਆਉਂਦੀ ਹੋਵੇ। ਕੀ ਉੱਧਰ ਕੋਈ ਹੋਰ ਲੋਕ ਵੀ ਹਨ, ਜੋ ਕਿਸੇ ਨੂੰ ਸੈਟ ਕਰ ਸਕਦੇ ਨੇ?

--ਹਾਂ ਉਸ ਦੇਸ ਵਿੱਚ ੧੩੫ ਤੋਂ ਵੀ ਵੱਧ ਦੇਸਾਂ ਦੇ ਲੋਕ ਰਹਿੰਦੇ ਹਨ। ਬਹੁਤ ਸਾਰੇ ਪੰਜਾਬੀਆਂ ਨੂੰ ਸਮੋਆ ਤੇ ਟੌਂਗਾ ਟਾਪੂਆਂ ਦੀਆਂ ਤੀਵੀਆਂ ਨੇ ਪੱਕੇ ਕਰਵਾਇਆ ਸੀ। ਹੁਣੇ ਹੁਣੇ ਮੇਰੇ ਉੱਥੇ ਨੇੜੇ ਰਹਿੰਦੀ ਇੱਕ ਤੀਵੀਂ ਨਵਾਂ ਸਹਿਰ ਦੇ ਇਲਾਕੇ ਵਿੱਚ ਇੱਕ ਵਿਆਹ 'ਤੇ ਆਈ ਸੀ। ਉਸ ਦਾ ਘਰ ਵਾਲਾ ਉਸ ਨੂੰ ਬੰਗਾ ਤੇ ਨਵਾਂ ਸਹਿਰ ਵਿੱਚਕਾਰ ਮੋਟਰ ਸਾਈਕਲ 'ਤੇ ਘੁਮਾਉਂਦਾ ਰਿਹਾ। ਉਹ ਮੋਟਰ ਸਾਈਕਲ ਦੀ ਸਵਾਰੀ ਤੋਂ ਬੜੀ ਹੈਰਾਨ ਹੋਈ। ਰਾਹ ਵਿੱਚ ਮੱਝਾਂ ਨੇ ਜਦ ਉਨ੍ਹਾਂ ਦੇ ਮੋਟਰ ਸਾਈਕਲ ਨੂੰ ਇੱਕ ਦੋ ਵਾਰ ਕੱਟਿਆ ਤਾਂ ਉਹ ਬੜੀ ਡਰੀ। ਉਹ ਉੱਧਰ ਜਾ ਕੇ ਸਾਰੀਆਂ ਗੱਲਾਂ ਦੱਸਦੀ ਸੀ। ਉੱਧਰ ਆਸਟ੍ਰੇਲੀਆ ਵਿੱਚ ਮੋਟਰ ਸਾਈਕਲ ਬਹੁਤ ਘੱਟ ਹਨ। ਬਸ ਕਾਰਾਂ ਹੀ ਕਾਰਾਂ ਹਨ। ਉਂਝ ਪੰਜਾਬ ਵਿੱਚ ਆ ਕੇ ਉਸ ਨੇ ਬਹੁਤ ਵਧੀਆ ਮਹਿਸੂਸ ਕੀਤਾ ਸੀ। ਸਾਰਾ ਕੁੱਝ ਆਪਣੀ ਕੋਸਿਸ 'ਤੇ ਨਿਰਭਰ ਕਰਦਾ ਏ। ਅਗਰ ਤੂੰ ਉੱਧਰ ਜਾ ਕੇ ਕੋਸਿਸ ਕਰੇਂ ਤਾਂ ਕੋਈ ਕੁੜੀ ਲੱਭ ਸਕਦਾ ਏਂ। ਤੈਨੂੰ ਉੱਧਰ ਜਾ ਕੇ ਕਲੱਬਾਂ ਪੱਬਾਂ ਵਿੱਚ ਜਾਣਾ ਪਿਆ ਕਰੇਗਾ। ਉੱਥੇ ਕਿਸੇ ਨਾਲ ਵਾਕਫੀਅਤ ਪਾਈ ਜਾ ਸਕਦੀ ਏ।

ਭਾਸਾ ਤੋਂ ਬਗੈਰ ਵਾਕਫੀਅਤ ਕਿਵੇਂ ਪਾਈ ਜਾ ਸਕਦੀ ਏ?

--ਉੱਧਰ ਜਾ ਕੇ ਤੇਰਾ ਅੰਗਰੇਜੀ ਦਾ ਝਾਕਾ ਕਾਫੀ ਘੱਟ ਜਾਵੇਗਾ। ਵੱਡੀ ਗੱਲ

ਭਾਸ਼ਾ ਦੀ ਨਹੀਂ ਹੁੰਦੀ।

--ਹੋਰ ਵੱਡੀ ਗੱਲ ਕੀ ਹੁੰਦੀ ਏ?

--ਤੂੰ ਆਪ ਹੀ ਸਮਝ। ਮੈਨੂੰ ਤਾਂ ਦੱਸਦੀ ਨੂੰ ਸਰਮ ਆਉਂਦੀ ਏ।

--ਚੱਲ ਛੱਡ ਧੀਏ, ਤੂੰ ਐਂ ਦੱਸ ਪਈ ਸਾਡੇ ਪੈਸੇ ਕਿੰਨੇ ਲੱਗਣਗੇ?

--ਮਾਂ ਜੀ, ਤੁਹਾਨੂੰ ੨੦ ਲੱਖ ਦੇਣਾ ਪਵੇਗਾ, ਅਗਰ ਮੈਂ ਕਰਮਜੀਤ ਨਾਲ ਛੇ ਮਹੀਨੇ ਰਹਿਣਾ ਏ। ਇਸ ਤੋਂ ਇਲਾਵਾ ਇਹਦੀ ਰਿਹਾਇਸ ਦਾ ਤੇ ਸਾਡੇ ਦੋਹਾਂ ਦੇ ਕਿਰਾਏ ਦਾ ਪ੍ਰਬੰਧ ਵੀ ਤੁਸੀਂ ਹੀ ਕਰਨਾ ਏ। ਅਗਰ ਤੁਸੀਂ ਚਾਹੁੰਦੇ ਹੋ ਤਾਂ ਮੈਂ ਇਹਦੇ ਨਾਲ ਵੀ ਰਹਿ ਸਕਦੀ ਹਾਂ। ਵੈਸੇ ਮੈਂ ਇਸ ਤੋਂ ਪਰ੍ਹੇ ਰਹਿਣਾ ਜਿਆਦਾ ਪਸੰਦ ਕਰਾਂਗੀ। ਅਗਰ ਇਹ ਮੇਰੇ ਨਾਲ ਮੇਰੀ ਮਰਜੀ ਤੋਂ ਬਗੈਰ ਕੁੱਝ ਵੀ ਕਰੇਗਾ ਤਾਂ ਉਸ ਲਈ ਇਹ ਖੁਦ ਜਿੰਮੇਵਾਰ ਹੋਵੇਗਾ। ਉਸ ਦੇਸ ਵਿੱਚ ਮਰਜੀ ਤੋਂ ਬਗੈਰ ਕੁੱਝ ਵੀ ਕਰਨ ਦੀ ਇਜਾਜਤ ਨਹੀਂ। ਮਰਜੀ ਨਾਲ ਹੀ ਸੱਭ ਕੁੱਝ ਕਰਨ ਦੀ ਇਜਾਜਤ ਏ।

--ਕੁੜੇ, ਸੁਣਿਆ, ਉੱਥੇ ਮੁੰਡੇ ਕੁੜੀਆਂ ਬਾਹਾਂ 'ਚ ਬਾਹਾਂ ਪਾਈ ਇਕੱਠੇ ਤੁਰੇ ਫਿਰਦੇ ਨੇ। ਇਹ ਵੀ ਸੁਣਿਆਂ ਕਿ ਉੱਥੇ ਮੁੰਡੇ ਕੁੜੀਆਂ ਇਕੱਠੇ ਹੀ ਇੱਕ ਹੀ ਮਕਾਨ ਵਿੱਚ ਰਹਿੰਦੇ ਨੇ। ਪਿੱਛੇ ਜਿਹੇ ਇੱਥੇ ਉੱਧਰ ਨੂੰ ਗਈ ਇੱਕ ਡਾਕਟਰ ਤੀਵੀਂ ਨੇ ਤਾਂ ਇਹ ਬਿਆਨ ਵੀ ਦਿੱਤਾ ਸੀ ਕਿ ਉੱਥੇ ਗਈਆਂ ਕੁੜੀਆਂ ਪੂਰੀਆਂ ਵਿਗੜ ਚੁੱਕੀਆਂ ਨੇ।

--ਤੁਹਾਨੂੰ ਸਾਰਿਆਂ ਨੂੰ ਇੱਕ ਰੱਸੇ ਨਾਲ ਨਹੀਂ ਬੰਨ੍ਹਣਾ ਚਾਹੀਦਾ। ਬਥੇਰੀਆਂ ਕੁੜੀਆਂ ਉੱਥੇ ਵੀ ਚੰਗੀਆਂ ਹਨ। ਜਿਹੜੇ ਇਸ ਪ੍ਰਕਾਰ ਦੇ ਬਿਆਨ ਦਿੰਦੇ ਹਨ, ਉਹ ਬੇਵਕੂਫ ਹਨ। ਕਦੀ ਵੀ ਕਿਸੇ ਨੂੰ ਅੰਕੜੇ ਦੱਸ ਕੇ ਬਿਆਨ ਨਹੀਂ ਦੇਣਾ ਚਾਹੀਦਾ। ਹਰ ਜਗ੍ਹਾ ਚੰਗੇ ਬੰਦੇ ਵੀ ਹੁੰਦੇ ਹਨ ਤੇ ਮੰਦੇ ਵੀ। ਬਥੇਰੀਆਂ ਲੜਕੀਆਂ ਹਰ ਜਗ੍ਹਾ ਹੀ ਅਣਖੀ ਤੇ ਇੱਜਤ ਬਚਾਊ ਹਨ। ਮੇਰੀ ਗੱਲ ਛੱਡੋ, ਮੈਂ ਹਰ ਕੁੱਝ ਕਰਨ ਲਈ ਤਿਆਰ ਹਾਂ। ਮੈਨੂੰ ਤਾਂ ਪੈਸੇ ਚਾਹੀਦੇ ਹਨ। ਅਗਰ ਤੁਸੀਂ ਪੰਜ ਲੱਖ ਹੋਰ ਦੇ ਦਿਓ ਤਾਂ ਮੈਂ ਕਰਮਜੀਤ ਨਾਲ ਉਸ ਤਰੀਕੇ ਨਾਲ ਰਹਿ ਸਕਦੀ ਹਾਂ, ਜਿਸ ਤਰੀਕੇ ਨਾਲ ਤੁਸੀਂ ਚਾਹੁੰਦੇ ਹੋ ਕਿ ਮੈਂ ਰਹਾਂ। ਮੇਰਾ ਤਾਂ ਮੁੰਡਿਆਂ ਨੂੰ ਇੱਧਰੋਂ ਲਿਜਾ ਕੇ ਉੱਧਰ ਸੈੱਟ ਕਰਨਾ ਕਿੱਤਾ ਏ। ਮੈਂ ਉਹੀ ਕੁੱਝ ਕਰ ਸਕਦੀ ਹਾਂ, ਜੋ ਮੈਨੂੰ ਕੋਈ ਪਾਰਟੀ ਕਹੇ।

--ਤੂੰ ਸਾਡੀ ਵਾਕਫ ਏਂ। ਮੈਂ ਤੇਰੇ ਨਾਲ ਜਹਾਜ ਵਿੱਚ ਅੰਤਾਂ ਦੀਆਂ ਗੱਲਾਂ ਕਰਦੀ ਆਈ ਸੀ। ਵਾਕਫੀਅਤ ਦੇ ਨਾਂ ਤੇ ਤੂੰ ਸਾਡੇ ਨਾਲ ਕੋਈ ਵੀ ਰਿਆਇਤ



ਨਹੀਂ ਕਰੇਂਗੀ?

--ਮਾਂ ਜੀ, ਕਾਰੋਬਾਰ ਵਿੱਚ ਵਾਕਫੀਅਤ ਦਾ ਕੋਈ ਅਰਥ ਨਹੀਂ ਹੁੰਦਾ। ਕਈ ਵਾਰੀ ਵਾਕਫੀਅਤ ਕਾਰੋਬਾਰ ਨੂੰ ਵਧਾਉਣ ਲਈ ਵੀ ਕੀਤੀ ਜਾਂਦੀ ਏ। ਤੁਹਾਨੂੰ ਸਿੰਗਾਪੁਰ ਏਅਰਪੋਰਟ ਤੇ ਮੇਰੇ ਪਾਸੋਂ ਫਾਰਮ ਭਰਾਉਣ ਦੀ ਜਰੂਰਤ ਪਈ। ਮੈਂ ਤੁਹਾਡਾ ਕੰਮ ਕਰ ਦਿੱਤਾ। ਇੱਕੋ ਭਾਸ਼ਾ ਦੇ ਹੋਣ ਕਰਕੇ ਤੁਸੀਂ ਮੇਰੇ ਨਾਲ ਵੱਧ ਗੱਲਾਂ ਕਰਨ ਲੱਗ ਪਏ। ਗੱਲਾਂ ਗੱਲਾਂ ਵਿੱਚ ਸਫਰ ਵੀ ਹੁੰਦਾ ਗਿਆ ਤੇ ਵਾਕਫੀਅਤ ਵੀ ਵੱਧਦੀ ਗਈ। ਹੁਣ ਤੁਹਾਨੂੰ ਮੇਰੇ ਤੱਕ ਲੋੜ ਪੈ ਗਈ। ਮੈਂ ਤੁਹਾਡੀ ਲੋੜ ਪੂਰੀ ਕਰਨ ਲਈ ਤਿਆਰ ਹਾਂ। ਤੁਹਾਨੂੰ ਇਸ ਕੰਮ ਲਈ ਪੈਸਾ ਤਾਂ ਖਰਚਣਾ ਹੀ ਪਵੇਗਾ। (ਵਿੱਚ ਹੀ ਕਰਮਜੀਤ ਬੋਲ ਪਿਆ)।

--ਉੱਥੇ ਕੰਮ ਕਿਸ ਤਰ੍ਹਾਂ ਦੇ ਮਿਲਦੇ ਨੇ? ਅਗਰ ਮੈਂ ਉੱਥੇ ਜਾ ਕੇ ਕੁੱਝ ਕੰਮ ਹੀ ਨਾ ਕਰ ਸਕਿਆ ਤਾਂ ਅਸੀਂ ਪੈਸੇ ਕਿਵੇਂ ਪੂਰੇ ਕਰਾਂਗੇ? ਮੈਨੂੰ ਤਾਂ ਉਸ ਦੇਸ ਬਾਰੇ ਬਹੁਤਾ ਪਤਾ ਨਹੀਂ। ਸਿਰਫ ਸੱਤਵੀਂ ਜਮਾਤ ਦੀ ਪੰਜਾਬੀ ਦੀ ਪੁਸਤਕ ਵਿੱਚ ਇੱਕ ਲੇਖ ਹੁੰਦਾ ਸੀ। ਉਸ ਲੇਖ ਦਾ ਨਾਂ ਹੁੰਦਾ ਸੀ 'ਦੁੱਧ ਘਿਓ ਦਾ ਦੇਸ ਆਸਟ੍ਰੇਲੀਆ'। ਕੀ ਉਹ ਸੱਚਮੁੱਚ ਹੀ ਦੁੱਧ ਘਿਓ ਦਾ ਦੇਸ ਏ? ਕੀ ਉਹ ਸੱਚਮੁੱਚ ਹੀ ਬਹੁਤ ਵੱਡਾ ਦੇਸ ਏ? ਕੀ ਉੱਥੇ ਲੁਕਣਾ ਸੌਖਾ ਏ? ਵਾਤਾਵਰਣ ਕਿਹੋ ਜਿਹਾ ਏ? ਭਾਵੇਂ ਮੇਰੇ ਵਾਕਫ ਮੁੰਡੇ ਉੱਥੇ ਬਾਰੇ ਕਾਫੀ ਕੁੱਝ ਕਹਿੰਦੇ ਰਹਿੰਦੇ ਹਨ, ਪਰ ਤੂੰ ਵੀ ਸਾਨੂੰ ਦੱਸ ਕਿ ਉਹ ਦੇਸ ਕਿਸ ਪ੍ਰਕਾਰ ਦਾ ਏ?

--ਸਾਡੀ ਇਹ ਮਿਲਣੀ ਬਹੁਤੀ ਲੰਬੀ ਮਿਲਣੀ ਨਹੀਂ ਏ। ਤੁਹਾਡੇ ਸਵਾਲ ਬੜਾ ਲੰਬਾ ਚੌੜਾ ਜਵਾਬ ਮੰਗਦੇ ਨੇ। ਬਾਕੀ ਮੈਂ ਕਿਹੜੀ ਉਸ ਦੇਸ ਬਾਰੇ ਪੜ੍ਹਾਈ ਕੀਤੀ ਹੋਈ ਏ। ਫਿਰ ਵੀ ਮੈਂ ਤੁਹਾਨੂੰ ਮੋਟੀਆਂ-ਮੋਟੀਆਂ ਗੱਲਾਂ ਦੱਸ ਸਕਦੀ ਹਾਂ। ਮੇਰੇ ਖਿਆਲ ਅਨੁਸਾਰ ਅੱਜ ਦੇ ਸਮੇਂ ਵਿੱਚ ਆਸਟ੍ਰੇਲੀਆ ਰਹਿਣ- ਸਹਿਣ ਲਈ ਦੁਨੀਆਂ ਦਾ ਸਭ ਤੋਂ ਵਧੀਆ ਦੇਸ ਏ। ਸੱਭ ਤੋਂ ਵੱਡੀ ਗੱਲ ਵਾਤਾਵਰਣ ਦੀ ਏ। ਸਿਡਨੀ ਜਿਹੇ ਸਹਿਰਾਂ ਵਿੱਚ ਮੌਸਮ ਸਾਰਾ ਸਾਲ ਹੀ ਬਹੁਤ ਵਧੀਆ ਰਹਿੰਦਾ ਹੈ। ਉੱਥੇ ਸਰਦੀ ਤਾਂ ਪੰਜਾਬ ਜਿਹੀ ਹੀ ਪੈਂਦੀ ਹੈ। ਪੰਜਾਬ ਵਿੱਚ ਸਰਦੀ ਵਿੱਚ ਧੁੰਦ ਬੜੀ ਪੈਂਦੀ ਹੈ, ਪਰ ਉੱਥੇ ਧੁੰਦ ਘੱਟ ਪੈਂਦੀ ਹੈ। ਕਦੀ ਕਦੀ ਅੱਧੀ ਰਾਤ ਨੂੰ ਪਾਣੀ ਦੇ ਖਾਲਿਆਂ ਦੇ ਲਾਗੇ ਹੀ ਧੁੰਦ ਦੇਖੀ ਜਾ ਸਕਦੀ ਏ। ਉੱਥੇ ਗਰਮੀ ਸਿਰਫ ਜਨਵਰੀ ਵਿੱਚ ਹੀ ਪੈਂਦੀ ਏ। ਕਦੀ ਕਦੀ ਹੀ ਪਾਰਾ ੩੦ ਡਿਗਰੀ ਤੋਂ ਉੱਪਰ ਜਾਂਦਾ ਏ। ਸਿਰਫ ਚੰਦ ਕੁ ਦਿਨ ਹਨ, ਜਦ ਗਰਮੀ ਜਿਆਦਾ ਲੱਗਦੀ ਏ। ਉੱਥੇ ਦੇ ਮੁਕਾਬਲੇ ਪੰਜਾਬ ਵਿੱਚ ਤਾਂ ਅੰਤਾਂ ਦੀ ਗਰਮੀ ਪੈਂਦੀ ਹੈ। ਬਹੁਤ ਵੱਡਾ ਦੇਸ ਏ। ਭਾਰਤ ਨਾਲੋਂ

ਤਾਂ ਸਾਇਦ ਉਹ ਢਾਈ ਕੁ ਗੁਣਾ ਵੱਡਾ ਹੋਵੇ। ਇੱਕ ਵੱਖਰਾ ਮਹਾਂਦੀਪ ਤਾਂ ਹੈ ਉਹ। ਸਾਇਦ ਉਹ ਦੁਨੀਆਂ ਦਾ ਪੰਜਵਾਂ ਜਾਂ ਛੇਵਾਂ ਸੱਭ ਤੋਂ ਵੱਡਾ ਦੇਸ ਏ। ਜਨ-ਸੰਖਿਆ ਬੜੀ ਹੀ ਘੱਟ ਏ, ਢਾਈ ਕਰੋੜ ਦੇ ਕਰੀਬ।

(ਕਰਮਜੀਤ ਵਿੱਚ ਹੀ ਬੋਲ ਪਿਆ) --ਸਿਰਫ ਢਾਈ ਕਰੋੜ? ਭਾਰਤ ਤਾਂ ਸਵਾ ਸੌ ਕਰੋੜ ਤੋਂ ਵੀ ਵੱਧ ਏ।

--ਉੱਥੇ ਤਾਂ ਜੀਹਦੇ ਵੱਧ ਬੱਚੇ ਹੋਣ, ਉਹਨੂੰ ਭਾਗਾਂ ਵਾਲਾ ਮੰਨਿਆ ਜਾਂਦਾ ਏ। ਬੱਚਿਆਂ ਨੂੰ ਸਰਕਾਰ ਪੈਸੇ ਦਿੰਦੀ ਏ। ਉੱਥੇ ਦੇ ਕਈ ਲੋਕ ਤਾਂ ਕੰਮ ਹੀ ਨਹੀਂ ਕਰਦੇ। ਆਪ ਨੂੰ ਤੇ ਬੱਚਿਆਂ ਨੂੰ ਸਰਕਾਰ ਵੱਲੋਂ ਪੈਸੇ ਮਿਲਣ ਨਾਲ ਹੀ ਗੁਜਾਰਾ ਕਰੀ ਜਾ ਰਹੇ ਹਨ। ਜਿਹੜੇ ਕੰਮ ਕਰਦੇ ਹਨ, ਉਨ੍ਹਾਂ ਨੂੰ ਘੰਟੇ ਦੇ ਤਕਰੀਬਨ ੨੪ ਕੁ ਡਾਲਰ ਮਿਲਦੇ ਹਨ। ਕੈਨੇਡਾ ਤੇ ਅਮਰੀਕਾ ਵਿੱਚ ਇਹ ਰੇਟ ੧੩-੧੪ ਡਾਲਰ ਏ। ਭਾਵੇਂ ਆਸਟ੍ਰੇਲੀਆ ਦਾ ਡਾਲਰ ਅਮਰੀਕਾ ਦੇ ਡਾਲਰ ਤੋਂ ਥੋੜ੍ਹਾ ਜਿਹਾ ਘੱਟ ਹੈ, ਪਰ ਘੰਟੇ ਦੇ ਪੈਸੇ ਵੱਧ ਮਿਲਣ ਕਰਕੇ ਉੱਥੇ ਸਮੁੱਚੀ ਕਮਾਈ ਜਿਆਦਾ ਹੋ ਜਾਂਦੀ ਏ। ਖਾਣ-ਪੀਣ ਦੀਆਂ ਚੀਜਾਂ ਦੀ ਭਰਮਾਰ ਏ। ਇਹ ਚੀਜਾਂ ਸਸਤੀਆਂ ਵੀ ਹਨ। ਦੁੱਧ ਘਿਓ ਦਾ ਅੰਤ ਕੋਈ ਨਹੀਂ। ਡਰਾਈ ਫਰੂਟ, ਜੂਸ ਤੇ ਆਈਸਕ੍ਰੀਮ ਜਿੰਨੇ ਮਰਜੀ ਖਾਵੋ ਪੀਵੋ। ਬਹੁਤ ਵੱਡੇ ਵੱਡੇ ਸਾਪਿੰਗ ਸੈਂਟਰ ਹਨ। ਸਭ ਏਅਰ ਕੰਡੀਸਨਡ ਹਨ। ਪਿੰਡ ਸਹਿਰਾਂ ਜਿਹੇ ਹਨ ਤੇ ਸਹਿਰ ਪਿੰਡਾਂ ਜਿਹੇ।

--ਉਹ ਦੇਸ ਕਾਰਾਂ ਤੇ ਕੰਪਿਊਟਰਾਂ ਦਾ ਦੇਸ ਏ। ਮੋਟਰ ਸਾਈਕਲ ਤਾਂ ਕੋਈ ਟਾਵਾਂ-ਟਾਵਾਂ ਹੀ ਏ। ਉੱਥੇ ਦੀਆਂ ਸੜਕਾਂ ਦੀ ਸਪੀਡ ਨਿਸਚਿਤ ਹੈ। ਨਿਸਚਿਤ ਸਪੀਡ ਵਿੱਚ ਕਾਰਾਂ ਹੀ ਸਹੀ ਚੱਲ ਸਕਦੀਆਂ ਹਨ, ਸਕੂਟਰ ਆਦਿ ਨਹੀਂ। ਸੜਕਾਂ ਬੜੀਆਂ ਤੇਜ ਹਨ। ਵੱਡੇ ਵੱਡੇ ਮੋਟਰਵੇਅ ਵੀ ਹਨ, ਜਿੰਨ੍ਹਾਂ ਦੀ ਸਪੀਡ ੧੧੦ ਕਿਲੋਮੀਟਰ ਜਾਂ ਇਸ ਤੋਂ ਵੱਧ ਦੀ ਵੀ ਏ। ਲੁੱਟਾਂ ਖੋਹਾਂ ਹਨ, ਪਰ ਬਹੁਤ ਘੱਟ।

(ਕਰਮਜੀਤ ਵਿੱਚ ਫਿਰ ਬੋਲ ਪਿਆ) --ਖਬਰਾਂ ਤਾਂ ਬੜੀਆਂ ਅਜੀਬ ਕਿਸਮ ਦੀਆਂ ਛਪ ਰਹੀਆਂ ਹਨ?

--ਕਰਮਜੀਤ, ਜਰਾ ਕੈਨੇਡਾ ਬਾਰੇ ਸੋਚ ਕੇ ਦੇਖ। ਵੈਨਕੂਵਰ ਦੇ ਇਲਾਕੇ 'ਚ ਆਏ ਮਹੀਨੇ ਕੋਈ ਨਾ ਕੋਈ ਪੰਜਾਬੀ ਮਾਰਿਆ ਜਾਂਦਾ ਏ। ਉੱਥੇ ਅਸਲ ਵਿੱਚ ਨਸਿਆਂ ਦੀ ਤਸਕਰੀ ਦਾ ਕੰਮ ਬਹੁਤ ਚੱਲਦਾ ਏ। ਬਰੈਂਪਟਨ ਦੇ ਇਲਾਕੇ ਵਿੱਚ ਕਦੀ ਪੰਜਾਬੀ ਮੁੰਡੇ-ਕੁੜੀਆਂ ਦਾ ਹਾਲ ਸੁਣਿਐ? ਤੈਨੂੰ ਪਤੈ, ਉੱਥੇ ਪਿੱਛੇ ਜਿਹੇ ਇੱਕ ਰਾਤ ਵਿੱਚ ਕਿੰਨੇ ਹਜਾਰ ਕਾਰਾਂ ਚੋਰੀ ਹੋਈਆਂ ਸਨ? ਆਸਟ੍ਰੇਲੀਆ ਬਾਰੇ ਜਿਹੜੀਆਂ ਵੀ ਮਾੜੀਆਂ-ਮੋਟੀਆਂ ਖਬਰਾਂ ਛਪ ਰਹੀਆਂ ਹਨ, ਉਨ੍ਹਾਂ ਪਿੱਛੇ ਸਾਡੇ ਆਪਣਿਆਂ



ਦਾ ਹੱਥ ਜਿਆਦਾ ਏ। ਮੈਂ ਮੰਨਦੀ ਹਾਂ ਕਿ ਉੱਥੇ ਵੀ ਥੋੜ੍ਹੀਆਂ-ਬਹੁਤੀਆਂ ਲੁੱਟਾਂ ਖੋਹਾਂ ਹਨ। ਇਸ ਪ੍ਰਕਾਰ ਦੀਆਂ ਲੁੱਟਾਂ ਖੋਹਾਂ ਹਰ ਜਗ੍ਹਾ ਹੁੰਦੀਆਂ ਹਨ। ਜਿਹੜੀਆਂ ਲੜਾਈਆਂ ਹੋ ਰਹੀਆਂ ਹਨ, ਉਹ ਜਿਆਦਾ ਇੱਧਰੋਂ ਗਏ ਪੰਜਾਬੀਆਂ ਦੀਆਂ ਆਪਸ ਵਿੱਚ ਹੁੰਦੀਆਂ ਹਨ।

--(ਕਰਮਜੀਤ ਫਿਰ ਬੋਲ ਪਿਆ) ਨਾਲੇ ਕਹਿੰਦੇ ਉੱਥੇ ਨਸਲਵਾਦ ਬਹੁਤ ਏ?

--ਸਭ ਬਕਵਾਸ ਏ। ਥੋੜ੍ਹਾ ਬਹੁਤਾ ਨਸਲਵਾਦ ਹਰ ਜਗ੍ਹਾ ਹੁੰਦਾ ਏ। ਕੀ ਤੂੰ ਗੱਡੀਆਂ ਵਾਲਿਆਂ ਤੇ ਗਧੀਲਿਆਂ ਨਾਲ ਬੈਠ ਕੇ ਖਾਣਾ ਖਾਵੇਂਗਾ? ਉਹ ਤਾਂ ਬਿੱਲੇ ਮਾਰ ਕੇ ਵੀ ਖਾ ਲੈਂਦੇ ਹਨ। ਕੀ ਤੂੰ ਕਦੀ ਬਿੱਲੇ ਦਾ ਮੀਟ ਖਾਧਾ ਏ? ਕੀ ਤੁਹਾਡੇ ਪਿੰਡ ਵਿੱਚ ਨਸਲਵਾਦ ਨਹੀਂ ਏ? ਤੁਸੀਂ ਹਰੀਜਨਾਂ ਨੂੰ ਵੱਖਰਾ ਗੁਰਦੁਆਰਾ ਬਣਾਉਣ ਲਈ ਕਿਉਂ ਮਜਬੂਰ ਕੀਤਾ, ਜਦ ਕਿ ਗੁਰੂ ਸਾਹਿਬਾਨ ਨੇ ਜਾਤ-ਪਾਤ ਖਤਮ ਕੀਤੀ ਸੀ? ਆਹ ਬੈਠੀ ਤੇਰੀ ਮਾਂ, ਇਹਨੂੰ ਪੁੱਛ ਲੈ। ਅਜੇ ਹੁਣੇ ਜਿਹੇ ਦੀ ਗੱਲ ਏ ਕਿ ਪਿੰਡਾਂ ਵਿੱਚ ਹਰੀਜਨਾਂ ਨੂੰ ਜੱਟ ਜਿਮੀਂਦਾਰ ਆਪਣੇ ਗੁਰਦੁਆਰੇ ਦੇ ਅੰਦਰ ਵੀ ਨਹੀਂ ਬੈਠਣ ਦਿਆ ਕਰਦੇ ਸਨ। ਭਾਰਤ ਵਿੱਚ ਅਜੇ ਵੀ ਅੰਤਾਂ ਦਾ ਨਸਲਵਾਦ ਏ। ਯੂ.ਪੀ., ਬਿਹਾਰ ਦੇ ਗਰੀਬ ਇਲਾਕਿਆਂ ਵਿੱਚ ਜਾ ਕੇ ਦੇਖੀਂ। ਫਿਰ ਤੈਨੂੰ ਪਤਾ ਲੱਗੂ ਕਿ ਅਸਲੀ ਭਾਰਤ ਕਿੱਥੇ ਵੱਸਦਾ ਏ। ਪੰਜਾਬ ਤੋਂ ਟਰੱਕਾਂ ਵਾਲੇ ਬਿਹਾਰ ਰਾਹੀਂ ਕਲਕੱਤੇ ਵੱਲ ਜਾਂਦੇ ਹੀ ਰਹਿੰਦੇ ਹਨ। ਲੁਟੇਰੇ ਟਰੱਕ ਲੁੱਟ ਲੈਂਦੇ ਹਨ ਤੇ ਬੰਦਿਆਂ ਨੂੰ ਮਾਰ ਦਿੰਦੇ ਹਨ। ਸਾਡੇ ਲੋਕਾਂ ਨੇ ਐਵੇਂ ਖੌਰੂ ਪਾਇਆ ਹੋਇਆ ਏ ਕਿ ਉੱਥੇ ਮੁੰਡੇ ਕੁੜੀਆਂ ਨੂੰ ਮਿਲਣ ਦੀ ਆਜਾਦੀ ਬਹੁਤ ਏ। ਮੈਂ ਮੰਨਦੀ ਹਾਂ ਕਿ ਉੱਥੇ ਇਸ ਪ੍ਰਕਾਰ ਦੇ ਮਿਲਣ ਨੂੰ ਅਵਾਰਾਗਰਦੀ ਨਹੀਂ ਮੰਨਿਆ ਜਾਂਦਾ।

ਭਾਰਤ ਵਿੱਚ ਅਵਾਰਾਗਰਦੀ ਗੈਰ-ਕਾਨੂੰਨੀ ਮੰਨੀ ਜਾਂਦੀ ਏ। ਭਾਵੇਂ ਉੱਥੇ ਅੰਤਾਂ ਦੀ ਆਜਾਦੀ ਏ, ਫਿਰ ਵੀ ਜੋ ਕੁੱਝ ਇੱਥੇ ਭਾਰਤ ਵਿੱਚ ਹੋ ਰਿਹਾ ਏ, ਉਹ ਉਸ ਤੋਂ ਕਿਤੇ ਜਿਆਦਾ ਮਾੜਾ ਤੇ ਕੋਝਾ ਏ। ਭਾਰਤ ਵਿੱਚ ਅਵਾਰਾ-ਗਰਦੀ ਗੈਰ-ਕਾਨੂੰਨੀ ਹੋਣ ਦੇ ਬਾਵਜੂਦ ਵੀ ਅੰਦਰੋ-ਗਤੀ ਸਭ ਕੁੱਝ ਹੋ ਰਿਹਾ ਏ। ਗੋਰੇ ਅੰਦਰੋਗਤੀ ਬਹੁਤਾ ਕੁੱਝ ਨਹੀਂ ਕਰਦੇ। ਉਨ੍ਹਾਂ ਦੀਆਂ ਨੀਤਾਂ ਸਾਫ ਹਨ, ਸਾਡੇ ਇੱਥੇ ਨੀਤਾਂ ਸਾਫ ਨਹੀਂ ਹਨ। ਉੱਥੇ ਘੁੰਮਣ-ਫਿਰਨ ਤੇ ਮਿਲਣ-ਗਿਲਣ ਦੀ ਖੁੱਲ੍ਹ ਹੈ, ਪਰ ਮੈਂ ਮੰਨਦੀ ਹਾਂ, ਇੱਕ ਦੂਜੇ ਦੀ ਮਰਜੀ ਤੋਂ ਬਗੈਰ ਬਿਲਕੁੱਲ ਵੀ ਨਹੀਂ। ਜਦ ਸਾਡੇ ਲੋਕ ਇੱਧਰੋਂ ਬੰਦ ਸੱਭਿਆਚਾਰ ਵਿੱਚੋਂ ਉੱਧਰਲੇ ਖੁੱਲ੍ਹੇ ਸੱਭਿਆਚਾਰ ਵਿੱਚ ਦਾਖਲ ਹੁੰਦੇ ਹਨ, ਤਾਂ ਭਮੱਤਰ ਜਾਂਦੇ ਹਨ। ਉਹ ਸੋਚਣ ਲੱਗ ਪੈਂਦੇ ਹਨ ਕਿ ਉੱਥੇ ਜਿਹਨੂੰ ਮਰਜੀ ਜੋ ਕੁੱਝ ਮਰਜੀ ਕਹਿ ਦੇਵੋ। ਪ੍ਰਤੀਕ੍ਰਿਆ ਬੜੀ ਹੀ ਤਿੱਖੀ ਹੁੰਦੀ ਏ। ਇੰਝ ਇਹ ਆਪਣੇ

ਵਿਛਾਏ ਜਾਲ ਵਿੱਚ ਆਪ ਹੀ ਫਸ ਜਾਂਦੇ ਹਨ। ਇਸੇ ਨੂੰ ਹੀ ਬਹੁਤੀ ਵਾਰ ਨਸਲਵਾਦ ਦਾ ਨਾਂ ਦੇ ਦਿੱਤਾ ਜਾਂਦਾ ਏ। ਮੇਰਾ ਖਿਆਲ ਏ ਕਿ ਤੁਹਾਡੀ ਇਨ੍ਹਾਂ ਗੱਲਾਂ ਨਾਲ ਤਸੱਲੀ ਹੋ ਗਈ ਹੋਵੇਗੀ। ਹੋਰ ਕੁੱਝ?

--ਕਰਮਜੀਤ ਬੋਲਿਆ, "ਬਾਕੀ ਠੀਕ ਏ। ਆਓ ਕੋਈ ਕੰਮ ਦੀ ਗੱਲ ਕਰੀਏ।"

--ਮੈਂ ਤਾਂ ਤੁਹਾਨੂੰ ਸੱਭ ਕੁੱਝ ਦੱਸ ਦਿੱਤਾ ਏ। ਅਗਰ ਤੁਹਾਡਾ ਮਨ ਬਣਦਾ ਹੈ ਤਾਂ ਹੁਣ ਦੱਸ ਦਿਓ। ਅਗਰ ਹੁਣ ਨਹੀਂ ਦੱਸਣਾ ਤਾਂ ਘਰ ਜਾ ਕੇ ਸਲਾਹ ਕਰ ਲਿਓ ਤੇ ਫਿਰ ਫੋਨ ਤੇ ਦੱਸ ਦਿਓ। ਮੇਰੇ ਪਾਸ ਬਹੁਤਾ ਸਮਾਂ ਨਹੀਂ। ਮੈਂ ਜਲਦੀ ਹੀ ਵਾਪਿਸ ਜਾਣ ਬਾਰੇ ਸੋਚ ਰਹੀ ਹਾਂ।

--(ਕਰਮਜੀਤ ਆਪਣੀ ਮਾਂ, ਮਾਸੀ ਤੇ ਮਾਸੜ ਨੂੰ) ਇਸ ਦਾ ਮਤਲਬ ਇਹ ਕਿ ੨੨-੨੩ ਲੱਖ ਰੁਪਿਆ ਤਾਂ ਲੱਗੂਗਾ ਹੀ। ਅਗਰ ਮੈਨੂੰ ਉੱਥੇ ਕੱਚੇ ਨੂੰ ਕੋਈ ਕੰਮ ਨਾ ਮਿਲਿਆ, ਫਿਰ ਕਿਵੇਂ ਹੋਊ? ਮੇਰਾ ਇੱਕ ਦੋਸਤ ਕਹਿੰਦਾ ਸੀ ਕਿ ਉੱਥੇ ਕੰਮ ਤੇ ਜਾਣ ਲਈ ਬੰਦੇ ਪਾਸ ਕਾਰ ਹੋਣੀ ਬੜੀ ਜਰੂਰੀ ਏ। ਸੁਣਿਐ, ਉੱਥੇ ਤਾਂ ਕੱਚੇ ਨੂੰ ਕਾਰ ਚਲਾਉਣ ਦਾ ਲਸੰਸ ਵੀ ਨਹੀਂ ਮਿਲਦਾ।

--ਦੇਖ ਕਰਮਜੀਤ, ਮੈਂ ਤੈਨੂੰ ਇੱਕ ਸੰਤਰਿਆਂ ਦੇ ਫਾਰਮ ਤੱਕ ਪਹੁੰਚਾ ਦੇਵਾਂਗੀ। ਫਾਰਮ ਵਾਲੇ ਕਈ ਵਾਰ ਰਿਹਾਇਸ ਫਾਰਮ ਦੇ ਵਿੱਚ ਹੀ ਦੇ ਦਿੰਦੇ ਹਨ। ਬਹੁਤੀ ਵਾਰੀ ਲਗਾਤਾਰ ਕੰਮ ਨਹੀਂ ਮਿਲਦਾ। ਸੁਣਨ ਵਿੱਚ ਆਇਆ ਏ ਕਿ ਕੰਮ ਮਿਲਦਾ ਵੀ ਰਹਿੰਦਾ ਏ। ਤੈਨੂੰ ਫਾਰਮ ਦੇ ਮਾਲਕ ਨਾਲ ਆਪ ਵਧੀਆ ਸੰਬੰਧ ਬਣਾਉਣੇ ਹੋਣਗੇ। ਕਈ ਮਾਲਕ ਬੰਦਿਆਂ ਦੀ ਮਦਦ ਵੀ ਕਰ ਦਿੰਦੇ ਹਨ।

--ਰਿੰਪੀ, ਅਸੀਂ ਪਹਿਲਾਂ ਤੇਰੇ ਨਾਲ ਛੇ ਮਹੀਨੇ ਵਾਸਤੇ ਗੱਲ ਕਰਾਂਗੇ। ਅਗਰ ਤੂੰ ਮੇਰੇ ਪੱਕੇ ਹੋਣ ਤੱਕ ਮੇਰੇ ਨਾਲ ਰਹਿਣਾ ਹੋਵੇ ਤਾਂ ?

--ਇਸ ਤਰ੍ਹਾਂ ਦਾ ਸੌਦਾ ਮੈਂ ਕਰਦੀ ਹੀ ਨਹੀਂ। ਹਾਂ ਮੈਂ ਛੇ ਮਹੀਨੇ ਹੋਰ ਲੰਘਾ ਸਕਦੀ ਹਾਂ। ਸਰਤ ਤੁਹਾਨੂੰ ਪਹਿਲਾਂ ਹੀ ਦੱਸ ਚੁੱਕੀ ਹਾਂ।

--ਚੰਗਾ, ਅਸੀਂ ਘਰ ਜਾ ਕੇ ਹੋਰ ਸੋਚ ਲੈਂਦੇ ਹਾਂ। ਅਗਰ ਸਾਡਾ ਮਨ ਬਣਿਆ ਤਾਂ ਅਸੀਂ ਬੜੀ ਛੇਤੀ ਤੈਨੂੰ ਦੱਸਾਂਗੇ।

--ਚੰਗਾ, ਸਤਿ ਸ੍ਰੀ ਅਕਾਲ।

ਕਰਮਜੀਤ ਤੇ ਉਸਦੇ ਰਿਸ਼ਤੇਦਾਰਾਂ ਨਾਲ਼ ਮਿਲਣੀ ਕਰਨ ਤੋਂ ਬਾਅਦ ਰਿੰਪੀ ਤੇ ਉਸਦੀ ਮਾਂ ਆਪਣੇ ਘਰ ਨੂੰ ਵਾਪਸ ਚੱਲ ਪਈਆਂ। ਰਾਹ ਵਿੱਚ ਰਿੰਪੀ ਦੀ ਮਾਂ ਤੋਂ ਫਿਰ ਬੋਲਣੋਂ ਨਾ ਰਿਹਾ ਗਿਆ।



"ਕੁੜੇ, ਜਿਹੜੇ ਕੰਮਾਂ ਵਿੱਚ ਤੂੰ ਪਈ ਹੋਈ ਏਂ ਉਨ੍ਹਾਂ ਕੰਮਾਂ ਦੀ ਨਾ ਸਾਡਾ ਧਰਮ ਆਗਿਆ ਦਿੰਦਾ ਏ ਤੇ ਨਾ ਹੀ ਸਾਡਾ ਸੱਭਿਆਚਾਰ। ਮਨੁੱਖੀ ਕਦਰਾਂ ਕੀਮਤਾਂ ਨੂੰ ਛਿੱਕੇ ਟੰਗ ਕੇ ਕੀਤੀਆਂ ਗਈਆਂ ਸੌਦੇਬਾਜ਼ੀਆਂ ਸਾਡੇ ਵਿਲੱਖਣ ਵਿਰਸੇ ਦਾ ਘਾਣ ਹਨ। ਇਹ ਸ਼ਬਦ ਤੇਰਾ ਪਿਓ ਬੋਲਿਆ ਕਰਦਾ ਸੀ। ਉਹ ਬਥੇਰੀਆਂ ਕਿਤਾਬਾਂ ਪੜ੍ਹਦਾ ਰਹਿੰਦਾ ਸੀ।"

ਇੰਝ ਕਹਿੰਦੀ ਮਾਈ ਕਾਰ ਦੀ ਸੀਟ ਤੇ ਟੇਢੀ ਹੋ ਗਈ। ਇੰਝ ਲੱਗਾ ਜਿਵੇਂ ਉਸਦੇ ਅੰਦਰ ਕੋਈ ਤਿੱਖੀ ਚੀਸ ਉੱਠੀ ਹੋਵੇ। ਰਿੰਪੀ ਅੰਤਾਂ ਦੀ ਘਬਰਾ ਗਈ। ਉਸਨੇ ਡਰਾਇਵਰ ਨੂੰ ਕਾਰ ਨੂੰ ਤਾਬਿਆਦਾਰ ਨਰਸਿੰਗ ਹੋਮ ਵਲ ਨੂੰ ਮੋੜਨ ਨੂੰ ਕਿਹਾ। ਥੋੜੀ ਦੇਰ ਬਾਅਦ ਕਾਰ ਇਸ ਨਰਸਿੰਗ ਹੋਮ ਦੇ ਬਾਹਰ ਖੜ੍ਹੀ ਸੀ। ਮਾਈ ਨੂੰ ਚੈੱਕ ਅੱਪ ਕਰਨ ਲਈ ਅੰਦਰ ਲਿਜਾਇਆ ਜਾ ਚੁੱਕਾ ਸੀ। ਰਿੰਪੀ ਦੇ ਚਿਹਰੇ ਤੇ ਪ੍ਰਸ਼ਨ ਚਿੰਨ੍ਹ ਸੀ -- ਕੀ ਮਾਂ ਨੂੰ ਬਚਾਉਣ ਲਈ ਮੈਨੂੰ ਆਪਣੀਆਂ ਘਤਿੱਤਾਂ ਛੱਡ ਨਹੀਂ ਦੇਣੀਆਂ ਚਾਹੀਦੀਆਂ ?

*****

(1) ਅਪ੍ਰੈਲ 2023 ਨੂੰ Punjab Media ਜਰਮਨੀ ਨੇ ਛਾਪੀ,
(2) ਅਪ੍ਰੈਲ 2023 ਨੂੰ ਪੰਜ ਦਰਿਆ ਯੂ.ਕੇ. ਨੇ ਛਾਪੀ,
(3) ਮਈ 2023 ਵਿੱਚ ਡੇਲ੍ਹੀ ਪੰਜਾਬ ਵਰਲਡ ਯੂ.ਐਸ.ਏ. ਨੇ ਛਾਪੀ

# ਮਾਲਤੀ ਲੈਬ

ਉਸ ਦਿਨ ਮੈਂ ਮਾਲਤੀ ਲੈਬ ਦੇ ਨੇੜੇ ਖੜ੍ਹਾ ਜੂਸ ਪੀ ਰਿਹਾ ਸਾਂ। ਲੈਬ ਦੇ ਮੂਹਰੇ ਮੋਟੇ ਅੱਖਰਾਂ ਵਿਚ ਲਿਖਿਆ ਹੋਇਆ ਸੀ ਜੋ ਜੀਅ ਆਵੇ, ਰਾਜੀ ਜਾਵੇ। ਥੋੜ੍ਹੇ ਸਮੇਂ ਵਿਚ ਉੱਥੇ ਇਕ ਆਦਮੀ ਆਇਆ। ਸ਼ਾਇਦ ਉਹ ਕਿਸੇ ਜਥੇਬੰਦੀ ਦਾ ਸਰਗਰਮ ਮੈਂਬਰ ਸੀ। ਉਹਨੇ ਬੋਲਣਾ ਸ਼ੁਰੂ ਕਰ ਦਿੱਤਾ ਤੇ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ:-

"ਅਜੇ ਕੁਝ ਦਿਨ ਪਹਿਲਾਂ ਮਾਲਤੀ ਲੈਬ ਪਾਸ ਇਕ ਨਵਾਂ ਕੇਸ ਆਇਆ ਸੀ। ਇਹ ਕਰੋਨਾ ਪਾਜ਼ਿਟਵ ਕੇਸ ਸੀ। ਕੇਸ ਨੇ ਮੁਹੱਲੇ ਵਿਚ ਅੰਤਾਂ ਦਾ ਡਰ ਅਤੇ ਸਹਿਮ ਪੈਦਾ ਕਰ ਦਿੱਤਾ ਸੀ। ਚੰਦ ਹੀ ਮਿੰਟਾਂ ਵਿਚ ਮਾਲਤੀ ਲੈਬ ਦੇ ਕਰਮਚਾਰੀ ਉਸ ਮੁਹੱਲੇ ਵਿਚ ਪਹੁੰਚੇ ਤੇ ਮਰੀਜ ਨੂੰ ਲੈ ਆਏ। ਮਰੀਜ ਨੂੰ ਕੁਆਰਨਟਾਈਨ ਕਰਕੇ ਇਕਾਂਤਵਾਸ ਕਰ ਦਿੱਤਾ ਗਿਆ। ਕੇਸ ਦੇ ਮਾਲਕਾਂ ਨੂੰ ਦੱਸਿਆ ਗਿਆ ਕਿ ਕੇਸ ਬਾਰੇ ਪੂਰੀ ਜਾਣਕਾਰੀ ਸ਼ਾਮ ਨੂੰ ਦਿੱਤੀ ਜਾਵੇਗੀ। ਸ਼ਾਮ ਨੂੰ ਇਹ ਜਾਣਕਾਰੀ ਦਿੱਤੀ ਗਈ ਕਿ ਮਰੀਜ ਸਚਮੁੱਚ ਕਰੋਨਾ ਪਾਜ਼ਿਟਵ ਹੈ। ਇਸਦਾ ਇਲਾਜ ਕੀਤਾ ਜਾਵੇਗਾ। ਖਰਚਾ ਚਾਰ ਲੱਖ ਰੁਪਏ ਦੇ ਕਰੀਬ ਆਵੇਗਾ। ਖਰਚਿਆਂ ਵਿਚ ਇਕਾਂਤਵਾਸ ਬੈੱਡ ਦੇ ਖਰਚੇ, ਆਈ.ਸੀ.ਯੂ ਵਿਚ ਇਲਾਜ, ਲੈਬ ਵਿਚ ਦਾਖਲ ਹੋਣ ਦੇ ਖਰਚੇ, ਦਾਖਲ ਹੋਣ ਤੋਂ ਬਾਦ ਪ੍ਰਤੀ ਦਿਨ ਖਰਚੇ ਆਦਿ ਸਭ ਲਗਾਏ ਗਏ ਹਨ। ਪੰਦਰਾਂ ਕੁ ਦਿਨਾਂ ਬਾਦ ਇਹ ਕਿਹਾ ਗਿਆ ਕਿ ਮਰੀਜ਼ ਠੀਕ ਹੋ ਗਿਆ ਏ। ਉਸਨੂੰ ਆ ਕੇ ਲੈ ਜਾਓ। ਘਰ ਵਾਲੇ ਬੜੇ ਖੁਸ਼ ਹੋਏ। ਮਰੀਜ਼ ਠੀਕ ਹੋ ਕੇ ਘਰ ਪਹੁੰਚ ਗਿਆ। ਕਹਾਵਤ ਹੇ ਤੁਸੀਂ ਕਿੰਨੇ ਵੀ ਚਾਲਾਕ ਕਿਉਂ ਨਾ ਹੋਵੋਂ ਆਪਣੇ ਪਰਛਾਵੇਂ ਤੋਂ ਛੁਟਕਾਰਾ ਨਹੀਂ ਪਾ ਸਕਦੇ। ਕੁਝ ਦਿਨਾਂ ਬਾਦ ਇਕ ਖਬਰ ਉੱਡੀ। ਨੇੜਲੇ ਇਕ ਹੋਰ ਸੈਂਟਰ ਕਪੂਰ ਨਰਸਿੰਗ ਹੋਮ ਨੇ ਖਬਰ ਉਡਾਈ ਕਿ ਠੀਕ ਹੋਇਆ ਮਰੀਜ਼ ਪਾਜ਼ਿਟਵ ਨਹੀਂ ਸੀ। ਉਸਨੂੰ ਝੂਠਾ ਮੂਠਾ ਪਾਜ਼ਿਟਵ ਕਹਿ ਦਿਤਾ ਗਿਆ ਸੀ। ਮਕਸਦ ਸਿਰਫ ਪੈਸੇ ਵਟੋਰਨਾ ਸੀ।"

ਉਪਰੋਕਤ ਲੈਕਚਰ ਦਿੰਦਾ ਹੋਇਆ ਨੇਤਾ ਇਹ ਵੀ ਕਹਿ ਰਿਹਾ ਸੀ ਕਿ ਮਾਲਤੀ ਲੈਬ ਨੇ ਕਈ ਕੇਸ ਝੂਠੇ ਮੂਠੇ ਭਰਤੀ ਕਰਕੇ ਇਹਨਾਂ ਚੋਂ ਚੋਖੇ ਪੈਸੇ ਕਮਾਏ ਸਨ। ਇਸ ਲਈ ਇਸ ਸੈਂਟਰ ਤੇ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਏ।



ਫਿਰ ਇਸ ਨੇਤਾ ਨੇ ਮਾਲਤੀ ਲੈਬ ਦੇ ਇਕ ਹੋਰ ਪਹਿਲੂ ਬਾਰੇ ਬੋਲਣਾ ਸ਼ੁਰੂ ਕਰ ਦਿੱਤਾ:

"ਮਾਲਤੀ ਲੈਬ ਬੱਚੇ ਦਾ ਲਿੰਗ ਪਤਾ ਲਗਾਉਣ ਦਾ ਗੈਰਕਾਨੂੰਨੀ ਕੰਮ ਵੀ ਕਰਦੀ ਏ। ਇਕ ਕੇਸ ਬਾਰੇ ਦੱਸਿਆ ਗਿਆ ਸੀ ਕਿ ਇਸਤਰੀ ਦੇ ਗਰਭ ਵਿਚ ਲੜਕੀ ਏ। ਜੋੜੇ ਨੇ ਗਰਭਪਾਤ ਕਰਵਾ ਲਿਆ। ਗਰਭ ਗਿਰਾਉਣ ਦੇ ਇਹ ੫੦,੦੦੦ ਰੁਪਏ ਲੈਂਦੇ ਹਨ। ਜੇ ਸਿਰਫ ਲਿੰਗ ਦੱਸਣਾ ਹੋਵੇ ਤਾਂ ਰੇਟ ੧੦,੦੦੦ ਰੁਪਏ ਹੈ। ਇਸਤੋਂ ਬਾਦ ਸਾਡੀ ਜਥੇਬੰਦੀ ਨੇ ਇਸ ਲੈਬ ਤੇ ਨਿਗ੍ਹਾ ਰੱਖਣੀ ਸ਼ੁਰੂ ਕਰ ਦਿਤੀ। ਸਾਡੇ ਬੰਦਿਆਂ ਨੇ ਆਪਣਾ ਇਕ ਵਾਕਫ ਕੇਸ ਇਸ ਲੈਬ ਪਾਸ ਭੇਜ ਦਿੱਤਾ। ਇਸ ਕੇਸ ਬਾਰੇ ਡਾਕਟਰ ਨੇ ਕਿਹਾ ਕਿ ਗਰਭ ਵਿਚ ਲੜਕੀ ਏ। ਪੁੱਛ ਪੜਤਾਲ ਤੋਂ ਬਾਦ ਇਸ ਦੰਪਤੀ ਨੇ ਘਰ ਜਾ ਕੇ ਸਲਾਹ ਬਣਾ ਲਈ ਕਿ ਭਾਵੇਂ ਲੜਕੀ ਏ ਉਹ ਗਰਭ ਨਹੀਂ ਗਿਰਾਉਣਗੇ। ਇਸ ਦੰਪਤੀ ਨੇ ਘਰ ਜਾ ਕੇ ਆਪਣੀ ਸੱਸ/ਮਾਂ ਨੂੰ ਝੂਠਾ ਕਹਿ ਦਿੱਤਾ ਕਿ ਇਸ ਵਾਰ ਮੁੰਡਾ ਏ। ਜਦ ਬੱਚਾ ਹੋਇਆ ਤਾਂ ਸਚਮੁੱਚ ਹੀ ਮੁੰਡਾ ਸੀ। ਦੰਪਤੀ ਡਾਕਟਰ ਪਾਸ ਗਏ:

'ਡਾਕਟਰ ਸਾਹਿਬ, ਤੁਸੀਂ ਤਾਂ ਕਹਿੰਦੇ ਸੀ ਕਿ ਸਾਡੇ ਲੜਕੀ ਹੋਵੇਗੀ। ਇਹ ਮੁੰਡਾ ਕਿਵੇਂ ਹੋ ਗਿਐ? ਅਸੀਂ ਤੁਹਾਡੇ ਪਾਸ ਦੋ ਵਾਰ ਪਹਿਲਾਂ ਵੀ ਗਰਭਪਾਤ ਕਰਵਾ ਚੁੱਕੇ ਹਾਂ। ਤੁਸੀਂ ਉਹ ਵੀ ਕੁੜੀਆਂ ਹੀ ਦੱਸੀਆਂ ਸਨ। ਇਸ ਲਈ ਅਸੀਂ ਗਰਭ ਗਿਰਾਉਣ ਲਈ ਮੰਨ ਗਏ ਸਾਂ। ਤੁਸੀਂ ਸਾਥੋਂ ਦੋਹਾਂ ਕੇਸਾਂ ਦੇ ੧੦੦੦੦੦ ਰੁਪਏ ਲਏ ਸਨ। ਇਸਦਾ ਮਤਲਬ ਇਹ ਹੈ ਕਿ ਤੁਸੀਂ ਲੋਕਾਂ ਨਾਲ ਦਗਾ ਕਰਦੇ ਹੋ। ਅਸੀਂ ਤੁਹਾਡਾ ਪਰਦਾਫਾਸ਼ ਵੀ ਕਰ ਸਕਦੇ ਹਾਂ।'

'ਵੀਰ ਜੀ, ਮੈਨੂੰ ਮੁਆਫ ਕਰ ਦਿਓ। ਅਸੀਂ ਕਈ ਵਾਰ ਇੰਜ ਕਰਦੇ ਹੀ ਹਾਂ। ਜੇ ਇੰਜ ਨਾ ਕਰੀਏ ਤਾਂ ਸਿਰਫ ੧੦,੦੦੦ ਰੁਪਏ ਮਿਲਦੇ ਹਨ। ਜੇ ਕਰ ਦੇਈਏ ਤਾਂ ੫੦,੦੦੦ ਮਿਲਦੇ ਹਨ। ਕੀ ਕਰੀਏ? ਗੱਲ ਬੈਠ ਕੇ ਨਿਬੇੜ ਲੈਂਦੇ ਹਾਂ। ਪਲੀਜ਼ ਸ਼ਾਂਤ ਰਹੋ।'

ਗਿਰਝਾਂ ਗਾਲੜ੍ਹ ਦੇਵਣ ਦਾਦ, ਉੱਲੂ ਸਾਉਣ ਬਸੰਤ ਬਹਾਰ। ਇੰਨੇ ਚਿਰ ਨੂੰ ਜਥੇਬੰਦੀ ਨੂੰ ਵੀ ਭਿਣਕ ਪੈ ਗਈ। ਜਥੇਬੰਦੀ ਦੇ ਕਰਿੰਦੇ ਨੇ ਡਾਕਟਰ ਨੂੰ ਮਿਲ ਕੇ ਕਿਹਾ, ਸਾਡੀ ਜਥੇਬੰਦੀ ਨੂੰ ਹੁਣ ਤੁਸੀਂ ੮੦,੦੦੦ ਰੁਪਏ ਦਿਓ, ਨਹੀਂ ਤਾਂ ਹੁਣ ਅਸੀਂ ਤੁਹਾਡੀ ਮਿੱਟੀ ਪਲੀਤ ਕਰਾਗੇ।

ਡਾਕਟਰ ਮਿੰਨਤ ਤਰਲਾ ਕਰਦਾ ਹੋਇਆ ਕਹਿਣ ਲੱਗਾ, ੮੦,੦੦੦ ਤਾਂ ਬਹੁਤ ਜਿਆਦਾ ਏ। ਸਾਨੂੰ ਤਾਂ ਫਿਰ ੨੦,੦੦੦ ਹੀ ਬਚਿਆ ਪਲੀਜ਼ ਸਾਥੋਂ ੬੦,੦੦੦ ਲੈ ਲਓ।'

'ਇਕ ਵਾਰ ਤਾਂ ਤੁਹਾਨੂੰ ਸਬਕ ਸਿਖਾਉਣਾ ਹੀ ਪਊ। ਤੁਸੀਂ ਵੀ ਤਾਂ ਦੱਸੀ ਕਸਤੂਰੀ ਸੀ ਤੇ ਵੇਚੀ ਹਿੰਗ ਏ। ਜਦ ਗਧਾ ਮਸਤੀ ਵਿਚ ਆਉਂਦਾ ਏ ਤਾਂ ਸੁਆਤੇ ਲਿਟਦਾ ਏ। ਇਕ ਵਾਰ ਤਾਂ ਤੁਹਾਨੂੰ ਜਿਆਦਾ ਹੀ ਦੇਣੇ ਪੈਣਗੇ। ਚਲੋ ਇਵੇਂ ਕਰੋ। ੭੦,੦੦੦ ਦੇ ਦਿਓ।'

'ਵੈਸੇ ਵੀਰ ਜੀ, ਤੁਸੀਂ ਇਹ ਦੱਸੋ ਕਿ ਤੁਸੀਂ ਇਹ ਪੈਸੇ ਕਿਉਂ ਲੈਂਦੇ ਹੋ? ਕੀ ਇਹ ਵੱਢੀ ਨਹੀਂ ਏ?' ਡਾਕਟਰ ਨੇ ਮਿੰਨਤ ਕਰਦੇ ਹੋਏ ਸਵਾਲ ਕੀਤਾ।

'ਡਾਕਟਰ ਸਾਹਿਬ, ਤੁਹਾਨੂੰ ਨਹੀਂ ਪਤਾ ਕਿ ਅਸੀਂ ਇਸ ਵਿਚੋਂ ਪਾਰਟੀ ਲਈ ਬਣਦਾ ਸਰਦਾ ਚੰਦਾ ਰਖ ਕੇ ਬਾਕੀ ਪੈਸੇ ਉਸੇ ਪਾਰਟੀ ਨੂੰ ਮੋੜਨੇ ਹਨ ਜਿਸ ਤੋਂ ਤੁਸੀਂ ਇਹ ਲਏ ਸਨ। ਅਸੀਂ ਉਸ ਦੰਪਤੀ ਨੂੰ ੬੦,੦੦੦ ਮੋੜ ਦਿਆਂਗੇ। ਸਿਰਫ ੧੦,੦੦੦ ਰੁਪਏ ਚੰਦਾ ਕੱਟਾਂਗੇ।'

'ਇਸ ਵਰਤਾਰੇ ਦਾ ਸਬੂਤ ਕੀ ਹੋਵੇਗਾ?'

'ਅਸੀਂ ਉਸ ਦੰਪਤੀ ਤੋਂ ੬੦,੦੦੦ ਦੀ ਰਸੀਦ ਲਵਾਂਗੇ।'

'ਅੱਛਾ? ਕੀ ਤੁਸੀਂ ਉਹ ਰਸੀਦ ਮੈਨੂੰ ਵੀ ਦਿਖਾ ਸਕੋਗੇ?'

'ਕਿਉਂ ਨਹੀਂ? ਕੱਲ ਹੀ ਦਿਖਾ ਦਿਆਂਗਾ। ਕਹੋ ਤਾਂ ਅਸੀਂ ਤੁਹਾਨੂੰ ਰਸੀਦ ਦੀ ਇਕ ਪਰਤ ਵੀ ਦੇ ਦੇਵਾਂਗੇ।'

ਜਦ ਇਹ ਨੇਤਾ ਚੁੱਪ ਹੋ ਗਿਆ ਤਾਂ ਮੈਂ ਵੀ ਇਸ ਨਾਲ ਆਪਣੀ ਸੁਲਾਹ ਮਾਰਨੀ ਚਾਹੀ। ਮੈਨੂੰ ਉਹਨਾਂ ਨੂੰ ਦੇਖ ਕੇ ਇਵੇਂ ਲੱਗ ਰਿਹਾ ਸੀ ਜਿਵੇਂ ਲੰਡੇ ਨੂੰ ਮੀਣਾ ਕੋਹਾਂ ਦਾ ਵਲ਼ ਪਾ ਕੇ ਮਿਲਿਆ ਹੋਵੇ।

"ਸਾਥੀ, ਕੀ ਹਾਲ ਏ? ਤੁਹਾਡੇ ਵਿਚਾਰ ਸੁਣੇ ਸੀ। ਬੜ੍ਹੇ ਅੱਛੇ ਵਿਚਾਰ ਸਨ। ਤੁਸੀਂ ਸਮਾਜਕ ਬੁਰਾਈਆਂ ਦਾ ਪਰਦਾਫਾਸ਼ ਕਰਕੇ ਅੱਛਾ ਕੰਮ ਕਰ ਰਹੇ ਹੋ। ਆਓ ਚਾਹ ਪੀਂਦੇ ਹਾਂ। ਤੁਹਾਡਾ ਜੋਰ ਵੀ ਕਾਫੀ ਲੱਗਾ ਸੀ। ਫਿਰ ਕੁਝ ਮਿੰਟਾਂ ਲਈ ਤੁਸੀਂ ਇਥੋਂ ਅਲੋਪ ਹੋ ਗਏ ਸੀ। ਮੈਂ ਤੁਹਾਨੂੰ ਇਧਰ ਉਧਰ ਲੱਭਦਾ ਰਿਹਾ।"

ਪਹਿਲਾਂ ਤਾਂ ਉਹ ਚਾਹ ਪੀਣ ਲਈ ਨਾ ਮੰਨਿਆ।

ਫਿਰ ਮੇਰੇ ਜੋਰ ਪਾਉਣ ਤੇ ਮੰਨ ਗਿਆ। ਮੈਂ ਚਾਹ ਦਾ ਆਰਡਰ ਕਰ ਦਿਤਾ।

"ਵੀਰ ਜੀ, ਤੁਹਾਡੇ ਪਾਸ ਇਸ ਪ੍ਰਕਾਰ ਦੇ ਕਰੋਨਾ ਕੇਸ ਹੋਰ ਵੀ ਹੋਣਗੇ। ਕ੍ਰਿਪਾ ਕਰਕੇ ਮੈਨੂੰ ਇਸ ਪ੍ਰਕਾਰ ਦਾ ਕਰੋਨਾ ਕੇਸ ਹੋਰ ਦੱਸੋ। ਅੱਜ ਕੱਲ੍ਹ ਤੇ ਇਸ ਪ੍ਰਕਾਰ ਦੇ ਕੇਸਾਂ ਦਾ ਬਾਜ਼ਾਰ ਗਰਮ ਏ। ਕਰੋਨਾ ਦੇ ਨਾਂ ਤੇ ਨਾਟਕ ਵੀ ਹੋ ਰਹੇ ਹਨ। ਕੋਈ ਕਹਿੰਦਾ ਏ ਕਿ ਝੂਠੇ ਕੇਸ ਫੜ੍ਹ ਕੇ ਉਹਨਾਂ ਦੇ ਅੰਗ ਕੱਢ ਕੇ ਵੇਚੇ ਜਾ ਰਹੇ ਹਨ ਤੇ ਕੋਈ ਕਹਿ ਰਿਹਾ ਏ ਕਿ ਜਿਆਦਾ ਪ੍ਰਭਾਵਸ਼ਾਲੀ ਮਰੀਜ ਹਸਪਤਾਲ ਤੋਂ ਬਚ ਕੇ ਆ ਜਾਂਦੇ ਹਨ ਤੇ ਸਾਧਾਰਨ ਮਰੀਜਾਂ ਦੀ ਲਾਸ਼ ਘਰ ਆਉਂਦੀ ਏ। ਕਈ



ਵੱਡੇ ਸਿਆਸੀ ਬੰਦਿਆਂ ਨੂੰ ਅੰਤਾਂ ਦੇ ਇਕਾਂਤਵਾਸ ਵਿਚ ਰਹਿੰਦਿਆਂ ਨੂੰ ਵੀ ਇਹ ਬਿਮਾਰੀ ਹੋਈ ਦਰਸਾਈ ਜਾ ਰਹੀ ਏ। ਕਰੋਨਾ ਸਾਰੀ ਦੁਨੀਆਂ ਵਿਚ ਬੜੀ ਤੇਜੀ ਨਾਲ ਆਪਣੇ ਪੈਰ ਪਸਾਰ ਰਿਹਾ ਹੈ। ਅਮਰੀਕਾ, ਇੰਗਲੈਂਡ, ਬੈਲਜ਼ੀਅਮ, ਫਰਾਂਸ, ਇਟਲੀ, ਬ੍ਰਾਜ਼ੀਲ, ਰੂਸ ਆਦਿ ਵਿਚ ਤਾਂ ਲਾਸ਼ਾ ਦਫਨਾਉਣ ਲਈ ਥਾਂ ਨਹੀਂ ਮਿਲ ਰਿਹਾ। ਹੁਣ ਤਾਂ ਭਾਰਤ ਵਿਚ ਵੀ ਇਸਦੀ ਰਫਤਾਰ ਬਹੁਤ ਤੇਜ ਹੋ ਗਈ ਹੈ। ਸੁਣਿਐ ਦਿੱਲੀ ਦੇ ਤਿੰਨਾਂ ਸ਼ਮਸ਼ਾਨਘਾਟਾਂ ਵਿਚ ਦਾਹ ਸੰਸਕਾਰ ਕਰਨ ਲਈ ਹਫਤਾ ਹਫਤਾ ਇੰਤਜ਼ਾਰ ਕਰਨੀ ਪੈਂਦੀ ਏ। ਸੁਣਾਓ ਕੋਈ ਹੋਰ ਗੱਲ। ਕੋਈ ਐਸੀ ਹੋਰ ਘਟਨਾ ਜਿਸਦਾ ਤੁਸੀਂ ਪਰਦਾਫਾਸ਼ ਕੀਤਾ ਹੋਵੇ। ਤੁਹਾਨੂੰ ਵੀ ਚੰਦੇ ਦੇ ਰੂਪ ਵਿਚ ਸੋਹਣੇ ਪੈਸੇ ਬਣ ਜਾਂਦੇ ਹੋਣਗੇ? ਤੁਸੀਂ ਸਚਮੁੱਚ ਇਹ ਪੈਸੇ ਪਾਰਟੀ ਦੇ ਕੰਮ ਲਗਾਉਂਦੇ ਹੋ ਜਾਂ.......?" ਮੈਨੂੰ ਲੱਗਦਾ ਹੈ ਕਿ ਰਾਖੀ ਵਾਲੀ ਕੁੱਤੀ ਚੋਰਾਂ ਨਾਲ ਰਲ਼ੀ ਹੋਈ ਏ।

"ਇਸਤੋਂ ਤੁਹਾਡਾ ਕੀ ਭਾਵ ਏ? ਤੂੰ ਸਾਨੂੰ ਵੀ ਠੱਗ ਸਮਝਦਾ ਏਂ? ਅਸੀਂ ਅੰਤਾਂ ਦੀਆਂ ਰੈਲੀਆਂ ਕਰਦੇ ਹਾਂ। ਰੋਸ ਮੁਜ਼ਹਾਰੇ ਕਰਦੇ ਹਾਂ। ਰੋਸ ਮੁਜ਼ਹਾਰੇ ਕਰਨ ਲਈ ਦੂਰ ਦੂਰ ਜਾਣਾ ਪੈਂਦਾ ਏ। ਪਾਰਟੀ ਦਫਤਰ ਦਾ ਕਿਰਾਇਆ, ਟਰਾਂਸਪੋਰਟ ਦੇ ਖਰਚੇ, ਹੋਰ ਅੰਤਾਂ ਦੇ ਖਰਚੇ। ਅਸੀਂ ਆਪਣੀ ਜਥੇਬੰਦੀ ਦੀ ਰਸੀਦ ਵੀ ਕੱਟ ਕੇ ਦਿੰਦੇ ਹਾਂ। ਅਸੀਂ ਮਾੜੀਆਂ ਜਥੇਬੰਦੀਆਂ ਜਿਹੇ ਨਹੀਂ । ਕਈ ਵਾਰ ਫਟੇ ਕੱਪੜਿਆਂ ਹੇਠ ਸੋਨੇ ਦਾ ਦਿਲ ਵੀ ਛੁਪਿਆ ਹੁੰਦਾ ਏ, ਮੇਰੇ ਵੀਰ।"

"ਭਾਜੀ, ਤੁਸੀਂ ਤਾਂ ਗੁੱਸਾ ਕਰ ਗਏ। ਅਸਲ ਵਿਚ ੫੦-੫੦ ਹਜ਼ਾਰ ਕਿਸੇ ਤੋਂ ਚੰਦਾ ਲੈਣਾ ਜਿਆਦਾ ਰਕਮ ਏ। ਮੰਨਿਆ ਦਸ ਬਾਰ੍ਹਾਂ ਹਜ਼ਾਰ ਤੱਕ ਚੰਦਾ ਲੈ ਲਿਆ । ਸੁਣਿਐ, ਤੁਸੀਂ ਕਾਫੀ ਚੰਦਾ ਲੈਂਦੇ ਹੋ। ਇਸ ਲਈ ਮੈਨੂੰ ਤੁਹਾਡਾ ਵੀ ਗੋਰਖ ਧੰਦਾ ਹੀ ਲੱਗਦਾ ਏ। ਬਾਬੇ ਦੇ ਯਾਰ ਗਿੱਦੜ ਤੇ ਬਘਿਆੜ!"

"ਤੂੰ ਸਾਨੂੰ ਠਿਠਪੂੰਜ਼ੀਏ ਸਮਝਦਾ ਏਂ? ਸਾਡੇ ਅੰਤਾਂ ਦੇ ਖਰਚੇ ਹਨ। ਸਾਡੀ ਜਥੇਬੰਦੀ ਦੇਸ਼ ਪੱਧਰ ਦੀ ਏ। ਸਾਡੇ ਡੈਲੀਗੇਟ ਦੂਜਿਆਂ ਸੂਬਿਆਂ ਵਿਚ ਵੀ ਜਾਂਦੇ ਰਹਿੰਦੇ ਹਨ। ਉੱਥੇ ਕਾਨਫਰੰਸਾਂ ਅਤੇ ਵਿਚਾਰ ਗੋਸ਼ਟੀਆਂ ਵਿਚ ਹਿੱਸਾ ਲੈਂਦੇ ਹਨ। ਕੀ ਤੈਨੂੰ ਇਕ ਹੋਰ ਗੱਲ ਦਾ ਪਤਾ ਏ?"

"ਉਹ ਕੀ?"

"ਅਸੀਂ ਵਾਧੂ ਲਏ ਪੈਸੇ ਵਾਪਸ ਵੀ ਮੁੜਵਾ ਦਿੰਦੇ ਹਾਂ।"

"ਸੱਚੀਂ?"

"ਕੋਈ ਮਿਸਾਲ?"

"ਆਹ ਹੁਣੇ ਹੁਣੇ ਮੈਂ ਅੰਦਰ ਇਹੀ ਕੁਝ ਤਾਂ ਕਰਨ ਗਿਆ ਸੀ। ਡਾਕਟਰ

ਨੇ ਕਿਸੇ ਨਾਲ ਠੱਗੀ ਕੀਤੀ ਸੀ। ਮੈਂ ਉਹਨੂੰ ਯਾਦ ਕਰਾਈ। ਉਹ ਮੇਰੇ ਪੈਰੀਂ ਪੈ ਗਿਆ। ਕਹਿੰਦਾ- 'ਪਰਦਾਫਾਸ਼ ਨਾ ਕਰਿਓ। ਮੈਂ ਵਾਧੇ ਪੈਸੇ ਮੋੜ ਦਿੰਦਾ ਹਾਂ' ਉਸਤੋਂ ਵਾਧੂ ਪੈਸੇ ਲੈ ਕੇ ਉਹਨਾਂ ਨੂੰ ਵਾਪਸ ਮੋੜਨੇ ਹਨ ਜਿਹਨਾਂ ਨੇ ਫਸਿਆਂ ਹੋਇਆਂ ਨੇ ਕਿਸੇ ਵੇਲੇ ਡਾਕਟਰ ਨੂੰ ਦਿੱਤੇ ਸਨ।"

"ਇਵੇਂ ਵੀ ਕਰਦੇ ਹੋ ਤੁਸੀਂ? ਫਿਰ ਤਾਂ ਤੁਸੀਂ ਕਮਾਲਾਂ ਕਰੀ ਜਾ ਰਹੇ ਹੋ। ਸ਼ਾਬਾਸ਼!! ਕੀ ਠੱਗੀ ਦਾ ਕੋਈ ਹੋਰ ਕੇਸ ਬਿਆਨ ਕਰੋਗੇ?"

"ਲੈ ਹੋਰ ਸੁਣ ਲੈ। ਸਾਲ ਕੁ ਪਹਿਲਾਂ ਇਕ ਕੰਮ ਇਸੇ ਹੀ ਲੈਬ ਨੇ ਕੀਤਾ ਸੀ।"

"ਕੀ ਇਸ ਤੋਂ ਵੀ ਵੱਡੀ ਰਕਮ ਦੀ ਹੇਰਾ ਫੇਰੀ ਸੀ?"

"ਯੈਸ"

"ਮਾਜਰਾ ਕੀ ਸੀ?"

"ਮਾਲਤੀ ਲੈਬ ਵਾਲੇ ਬੱਚਿਆਂ ਦੇ ਜਨਮ ਵੀ ਕਰਵਾਉਂਦੇ ਹਨ। ਇਥੇ ਗਰਭਵਤੀ ਇਸਤਰੀਆਂ ਅਕਸਰ ਆਉਂਦੀਆਂ ਹੀ ਰਹਿੰਦੀਆਂ ਹਨ। ਪਿਛਲੇ ਸਾਲ ਇਹਨਾਂ ਨੇ ਇਕ ਦੰਪਤੀ ਦੇ ਪੈਦਾ ਹੋਏ ਬੱਚੇ ਨੂੰ ਮਰਿਆ ਹੋਇਆ ਦਿਖਾ ਦਿਤਾ ਸੀ ਤੇ ਉਸ ਦੰਪਤੀ ਦੇ ਪੈਦਾ ਹੋਇਆ ਬੱਚਾ ਇਕ ਐਸੇ ਧਨਾਢ ਜੋੜੇ ਨੂੰ ਦੇ ਦਿਤਾ ਸੀ ਜਿਸਦੇ ਸ਼ਾਦੀ ਤੋਂ ਵੀਹ ਸਾਲ ਬਾਦ ਤਕ ਬੱਚਾ ਹੀ ਨਹੀਂ ਹੋਇਆ ਸੀ। ਉਸ ਦੰਪਤੀ ਨੇ ਇਹਨਾਂ ਨੂੰ ਇਸ ਕਾਰਜ ਹਿੱਤ ਪੰਜ ਲੱਖ ਰੁਪਏ ਦਿੱਤੇ ਸਨ। ਕੰਮ ਇੰਨੀ ਚੁਸਤੀ ਨਾਲ ਕੀਤਾ ਗਿਆ ਸੀ ਕਿ ਕਿਸੇ ਨੂੰ ਪਤਾ ਹੀ ਨਹੀਂ ਲੱਗਾ ਸੀ। ਕਿਸੇ ਹੋਰ ਜਨਾਨੀ ਦਾ ਮਰਿਆ ਹੋਇਆ ਬੱਚਾ ਉਸ ਜਨਾਨੀ ਦੇ ਗਲ ਪਾ ਦਿੱਤਾ ਸੀ। ਸਾਡੀ ਜਥੇਬੰਦੀ ਨੂੰ ਵੀ ਇਸ ਭੇਦ ਦਾ ਕਈ ਦੇਰ ਬਾਦ ਪਤਾ ਲੱਗਿਆ ਸੀ। ਇਸ ਭੇਦ ਦਾ ਤਾਂ ਸਾਨੂੰ ਅੱਜ ਤੱਕ ਵੀ ਪਤਾ ਨਹੀਂ ਲੱਗ ਸਕਿਆ ਕਿ ਉਹ ਧਨਾਢ ਜੋੜਾ ਕੌਣ ਸੀ। ਸ਼ਾਇਦ ਉਹ ਚੰਡੀਗੜ੍ਹ ਵਲ ਦੇ ਸਨ। ਜਥੇਬੰਦੀ ਨੂੰ ਪਤਾ ਲੱਗ ਜਾਂਦਾ ਤਾਂ ਅਸੀਂ ਤਾਂ ਦੋਹਾਂ ਪਾਸਿਆਂ ਦਾ ਜਲੂਸ ਕੱਢ ਦੇਣਾ ਸੀ।"

"ਜੇ ਵਿਚੋਂ ਉਹ ਤੁਹਾਨੂੰ ਇਕ ਦੋ ਲੱਖ ਦੇ ਦਿੰਦੇ?"

"ਤੂੰ ਯਾਰ ਮੇਰਾ ਵਾਕਫ ਕੀ ਬਣਿਆ, ਸਾਡਾ ਹੀ ਪਰਦਾਫਾਸ਼ ਕਰਨ ਲੱਗ ਪਿਆ ਏਂ। ਗੱਲ ਵੀਰ ਸੋਚ ਕੇ ਕਰੀਦੀ ਏ। ਚੰਦ ਤੇ ਥੁੱਕਿਆਂ ਆਪਣੇ ਹੀ ਮੂੰਹ ਤੇ ਪੈਂਦਾ ਹੁੰਦੈ। ਤੈਨੂੰ ਪਤਾ ਏ, ਅੱਗ ਲੱਗੀ ਪੂਛ ਵਾਲਾ ਪੰਛੀ ਆਪਣੇ ਹੀ ਆਲ੍ਹਣੇ ਨੂੰ ਸਾੜ ਲੈਂਦਾ ਹੁੰਦਾ ਏ। ਤੇਰਾ ਹਾਲ ਵੀ ਇਕ ਡਾਕਟਰ ਜਿਹਾ ਏ ਜਿਹੜਾ ਪਹਿਲਾਂ ਮੈਨੂੰ ਮਿਲ ਚੁੱਕਾ ਏ। ਤੂੰ ਹੁਣ ਮੈਨੂੰ ਬਹੁਤਾ ਦੁੱਧ ਧੋਤਾ ਬਣ ਕੇ ਨਾ ਦੱਸ। ਜੇ ਮੈਂ ਤੈਨੂੰ ਸਭ ਸੱਚ ਦੱਸ ਦਿਤਾ ਏ ਤਾਂ ਵੀ ਤੂੰ ਮੇਰੇ ਸਿਰ ਚੜ੍ਹੀ ਜਾਂਦਾ ਏਂ। ਸਾਡੀ ਜਥੇਬੰਦੀ



ਨੇ ਤਾਂ ਬਸ ਚੰਦਾ ਹੀ ਲੈਣਾ ਹੁੰਦਾ ਏ। ਚੰਦਾ ਲੈਣਾ ਕੋਈ ਹੇਰਾ ਫੇਰੀ ਨਹੀਂ। ਪੌੜੀ ਚੜ੍ਹਨ ਤੋਂ ਪਹਿਲਾਂ ਉਸਦੇ ਡੰਡੇ ਗਿਣ ਲੈਣੇ ਚਾਹੀਦੇ ਹਨ।"

"ਉਗਰਾਹੀ ਕਰਨ ਵਾਂਗ?"

"ਤੂੰ ਫਿਰ ਵੀ ਨਹੀਂ ਹਟਿਆ? ਜਾਹ ਕੋਈ ਹੋਰ ਟਿਕਾਣਾ ਕਰ। ਮੈਨੂੰ ਆਪਣਾ ਕੰਮ ਕਰਨ ਦੇਹ। ਐਵੇਂ ਤੁਰੇ ਜਾਂਦੇ ਢੁੱਚਰਾਂ ਨਹੀਂ ਭੇੜੀਦੀਆਂ ਹੁੰਦੀਆਂ। ਜੇ ਤੈਨੂੰ ਸਾਡੇ ਤੇ ਅਜੇ ਵੀ ਸ਼ੱਕ ਹੈ ਤਾਂ ਆਹ ਦੇਖ ਰਸੀਦ ਬੁੱਕ। ਇਸ ਵਿਚ ਲਏ ਗਏ ਚੰਦਿਆਂ ਅਤੇ ਉਗਰਾਹੀਆਂ ਦੀ ਰਕਮ ਸਾਫ ਸਾਫ ਦਰਜ ਏ।"

ਜਦ ਮੈਂ ਦੇਖਿਆ ਤਾਂ ਇਹ ਜਥੇਬੰਦੀ ਸਚਮੁੱਚ ਹੀ ਲੋਕ ਭਲਾਈ ਦੇ ਕੰਮ ਕਰ ਰਹੀ ਸੀ। ਇਸਨੇ ਸਚਮੁੱਚ ਹੀ ਲੋਕਾਂ ਨੂੰ ਨਿਆਂ ਦਿਵਾਉਣ ਵਿਚ ਠੋਸ ਯੋਗਦਾਨ ਪਾਇਆ ਸੀ। ਇਸ ਪ੍ਰਕਾਰ ਦੀਆਂ ਜਥੇਬੰਦੀਆਂ ਸਚਮੁੱਚ ਹੀ ਬੜੀਆਂ ਥੋੜ੍ਹੀਆਂ ਹਨ। ਇਹਨਾਂ ਨੂੰ ਸਲਾਮ ਕਰਨਾ ਬਣਦਾ ਏ!

*****

# ਦਲੇਲ ਸਿੰਘ ਮੱਲ੍ਹੀ

ਇਕ ਦਿਨ ਮੈਨੂੰ ਇਕ ਫੋਨ ਆਇਆ। ਆਵਾਜ਼ ਜਾਣੀ ਪਹਿਚਾਣੀ ਸੀ। ਮੈਂ ਅੰਦਾਜ਼ਾ ਲਗਾਇਆ ਤੇ ਨਾਮ ਲੈ ਕੇ ਹੀ ਪੁੱਛਿਆ, "ਮੱਲੀ ਸਾਹਿਬ, ਕੀ ਹਾਲ ਏ?"

"ਭਾਈ ਸਾਹਿਬ, ਹਾਲ ਚੰਗਾ ਨਹੀ।"

"ਕੀ ਗੱਲ ਹੋਈ?"

"ਨੂੰਹ ਨੇ ਦੁਖੀ ਕਰ ਛੱਡਿਆ ਏ। ਹੁਣ ਵਾਪਸ ਹੀ ਜਾਣਾ ਪੈਣਾ ਏ।"

"ਤੁਸੀਂ ੯੨ ਸਾਲ ਦੇ ਹੋ ਤੇ ਤੁਹਾਡੀ ਘਰਵਾਲੀ ੭੯ ਦੀ। ਇਸ ਉਮਰ ਵਿਚ ਵਾਪਸ ਜਾ ਕੇ ਇਕੱਲੇ ਕਿਵੇਂ ਵਕਤ ਕੱਟੋਗੇ?"

"ਕੀ ਕੀਤਾ ਜਾਵੇ? ਬਥੇਰੀਆਂ ਕੋਸ਼ਿਸ਼ਾਂ ਕਰ ਲਈਆਂ। ਹੁਣ ਪੇਸ਼ ਹੀ ਨਹੀਂ ਜਾਂਦੀ ਤਾਂ ਕੀ ਕਰੀਏ? ਨੂੰਹ ਖਾਣ ਨੂੰ ਆਉਂਦੀ ਏ।"

"ਮੁੰਡੇ ਦਾ ਕੀ ਰਵੱਈਆ ਏ? ਉਹ ਤੁਹਾਡਾ ਪੱਖ ਨਹੀਂ ਪੂਰਦਾ? ਕੀ ਉਹ ਉਹਨੂੰ ਕੁਝ ਸਮਝਾਉਂਦਾ ਨਹੀਂ?" ਮੈਂ ਗੱਲ ਦੀ ਤਹਿ ਤਕ ਜਾਣਾ ਚਾਹੁੰਦਾ ਸੀ।

"ਉਹ ਸਮਝਾ ਸਮਝਾ ਕੇ ਥੱਕ ਚੁੱਕਿਆ ਏ। ਇਕ ਦੋ ਵਾਰ ਤਾਂ ਥਾਪੜ ਵੀ ਚੁੱਕਾ ਏ। ਮਿੰਤਾਂ ਕਰ ਕਰਾ ਕੇ ਪੁਲਿਸ ਆਉਣੋਂ ਰੋਕ ਲਈ ਸੀ। ਸਭ ਤਰੀਕੇ ਵਰਤ ਕੇ ਦੇਖ ਲਏ ਹਨ।"

"ਤੁਹਾਡਾ ਵੀਜ਼ਾ ਕਿਸ ਕੈਟੇਗਰੀ ਦਾ ਏ?"

"ਬਰਿਜਿੰਗ ਵੀਜ਼ਾ। ਵੀਜ਼ੇ ਨੂੰ ਕੀ ਕਰੀਏ? ਜਦ ਉਹ ਸੂੰ ਰੱਖਣ ਨੂੰ ਹੀ ਤਿਆਰ ਨਹੀਂ ਤਾਂ ਵੀਜ਼ਾ ਜਿਹੜੀ ਮਰਜ਼ੀ ਕੈਟੇਗਰੀ ਦਾ ਹੋਵੇ। ਅਸੀਂ ਕੁਝ ਸਮਾਂ ਆਪਣੀ ਰੋਟੀ ਅਲੱਗ ਬਣਾ ਲਿਆ ਕਰਦੇ ਸਾਂ। ਘਰਵਾਲੀ ਹੁਣ ਬਿਮਾਰ ਰਹਿੰਦੀ ਏ। ਉਹ ਰੋਟੀ ਬਣਾਉਣ ਦੇ ਵੀ ਅਸਮਰੱਥ ਏ। ਨੂੰਹ ਬਣਾ ਕੇ ਦਿੰਦੀ ਨਹੀਂ। ਨੂੰਹ ਤਾਂ ਬੱਚਿਆਂ ਨੂੰ ਵੀ ਸਾਡੇ ਨਾਲ ਬੋਲਣ ਨਹੀਂ ਦਿੰਦੀ। ਬਰੈਡ ਖਾ ਕੇ ਗੁਜ਼ਾਰਾ ਕਰਦੇ ਹਾਂ। ਸਾਡੇ ਲਈ ਜਿਊਣਾ ਧਿਰਗ ਏ। ਮੁੰਡਾ ਵਿਚ ਉਲਟਾ ਫਸਿਆ ਹੋਇਆ ਏ। ਮੈਂ ਇਕ ਖੇਤ ਵੇਚ ਕੇ ੫੦ ਲੱਖ ਵੀ ਮੁੰਡੇ ਨੂੰ ਦੇ ਚੁੱਕਿਆ ਹਾਂ। ਮੈਂ ਸੋਚਿਆ ਸੀ ਘਰ ਕੁਝ ਵੱਡਾ ਲੈ ਲਵੇ। ਸਾਡਾ ਵੀ ਵਿਚ ਹੀ ਸਰਦਾ ਰਹੂ। ਮੁੰਡਾ ਇਕੱਲਾ ਇਕੱਲਾ ਹੀ ਏ। ਬਿਮਾਰੀ ਠਮਾਰੀ ਵੇਲੇ ਵੀ ਪੈਸੇ ਲੱਗਦੇ ਹਨ। ਨੂੰਹ ਪਿੱਛਿਓਂ ਸਾਧਾਰਨ ਘਰ ਦੀ



ਏ। ਸਾਡੇ ਘਰ ਆ ਕੇ ਟਾਟ ਦੀ ਜੁੱਲੀ ਨੂੰ ਸੋਨੇ ਦਾ ਬਖੀਆ ਲਗ ਗਿਐ। ਵੀਰ ਜੀ, ਹੁਣ ਤਾਂ ਪਿੱਦੀਆਂ ਵੀ ਪੀਂਘਾਂ ਪਾਉਣ ਲੱਗ ਪਈਆਂ ਨੇ।"

"ਹੋਰ ਜ਼ਮੀਨ ਕਿੰਨੀ ਕੁ ਏ?"

"ਤਿੰਨ ਖੇਤ ਹੋਰ ਨੇ।"

"ਘਰ?"

"ਘਰ ਸੁਹਣਾ ਵੱਡਾ ਬਣਿਆ ਹੋਇਆ ਏ। ਸਾਰੀ ਉਮਰ ਇਕ ਮਿਲਟਰੀ ਸਕੂਲ ਵਿਚ ਸੁਪਰਡੈਂਟ ਰਿਹਾ ਹਾਂ। ਸੇਵਾ ਮੁਕਤੀ ਵੇਲੇ ਵੀ ਸੁਹਣੇ ਪੈਸੇ ਮਿਲ ਗਏ ਸਨ। ਭਾਰਤ ਦੇ ਕਈ ਸੂਬਿਆਂ ਵਿਚ ਨੌਕਰੀ ਕੀਤੀ ਸੀ।"

"ਕਿੰਨੇ ਪੜ੍ਹੇ ਲਿਖੇ ਹੋ?"

"ਪੁਰਾਣੀ ਦਸਵੀਂ ਪਾਸ ਹੀ ਹਾਂ। ਟਾਈਪ ਤੇ ਸ਼ਾਰਟ ਹੈਂਡ ਵਿਚ ਬੜਾ ਚੰਗਾ ਹਾਂ।"

"ਹੁਣ ਪੰਜਾਬ ਵਿਚ ਤੁਹਾਡੀ ਇਸ ਉਮਰੇ ਦੇਖਭਾਲ ਕੌਣ ਕਰੂ?"

"ਵੀਰ ਜੀ, ਬੱਸ ਰੱਬ ਆਸਰੇ। ਵੈਸੇ ਇਕ ਇਸਤਰੀ ਏ ਜਿਹੜੀ ਘਰ ਦਾ ਕੰਮ ਕਾਰ ਕਰ ਜਾਂਦੀ ਏ। ਉਸਦਾ ਪਰਿਵਾਰ ਸਾਡੇ ਪਰਿਵਾਰ ਨਾਲ ਲੰਬੇ ਸਮੇਂ ਤੋਂ ਜੁੜਿਆ ਹੋਇਆ ਏ। ਰਾਅਸਿੱਖ ਲੋਕ ਨੇ।"

"ਰਾਅਸਿੱਖ ਤਾਂ ਤੁਹਾਡੇ ਇਲਾਕੇ ਵਿਚ ਕਾਫੀ ਨੇ। ਸੁਣਿਐ ਕਾਫੀ ਚੰਗੇ ਲੋਕ ਨੇ।"

"ਹਾਂ, ਇਹ ਗੱਲ ਠੀਕ ਏ, ਫਿਰੋਜ਼ਪੁਰ ਦਾ ਆਲਾ ਦੁਆਲਾ ਇਸ ਪ੍ਰਕਾਰ ਦਾ ਹੀ ਏ।"

"ਬਾਕੀ ਰਹਿੰਦੀ ਜ਼ਮੀਨ ਕੀਹਨੂੰ ਦੇਵੋਗੇ?"

"ਜੋ ਸਾਡੀ ਦੇਖ ਭਾਲ ਕਰੂ।"

"ਕੀ ਮੁੰਡੇ ਨੂੰ ਨਹੀਂ ਦੇਵੋਗੇ?"

"ਵੀਰ ਜੀ, ਦੇਣੀ ਤਾਂ ਆਖਰ ਮੁੰਡੇ ਨੂੰ ਹੀ ਪੈਣੀ ਏ। ਕਿਸੇ ਹੋਰ ਨੂੰ ਦੇਣ ਨੂੰ ਦਿਲ ਨਹੀਂ ਮੰਨਦਾ। ਵੈਸੇ ਕਈ ਵਾਰ ਦਿਲ 'ਚ ਆਉਂਦਾ ਏ- ਬਾਂਦਰਾਂ ਨੂੰ ਬਨਾਰਸ ਦੀਆਂ ਟੋਪੀਆਂ? ਫਿਰ ਮਨ ਬਦਲ ਜਾਂਦਾ ਏ। ਪੋਤੇ ਨੂੰ ਵੀ ਦੇ ਸਕਦਾ ਹਾਂ। ਕਿਸੇ ਧਾਰਮਿਕ ਅਸਥਾਂ ਦੇ ਨਾਮ ਵੀ ਲਗਵਾ ਸਕਦਾ ਹਾਂ। ਸਾਡੇ ਪਿੰਡ ਇਕ ਬੁੱਢੇ ਨੇ ਅੱਠ ਖੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੀ ਦੇ ਦਿੱਤੇ ਸਨ। ਪਿੰਗਲਵਾੜੇ ਨੂੰ ਵੀ ਦਿਤੀ ਜਾ ਸਕਦੀ ਏ।"

"ਵਾਪਸ ਚੱਕਰ ਮਾਰੋਗੇ?"

"ਕੀ ਕਹਿ ਸਕਦਾ ਹਾਂ? ਪਹਿਲੀ ਗੱਲ ਸਿਹਤ ਦੀ ਏ। ਸਿਆਣੇ ਹੋ ਹੀ ਚੁੱਕੇ

ਹਾਂ। ਐਡੇ ਲੰਬੇ ਸਫਰ ਕਰਨੇ ਸੌਖੇ ਨੇ? ਵੈਸੇ ਵੀ ਸਿਆਣੇ ਬੰਦੇ ਦਾ ਕੀ ਪਤਾ? ਨਦੀ ਕਿਨਾਰੇ ਰੁੱਖੜਾ! ਜੇ ਮੁੰਡਾ ਚਾਹੂ ਤਾਂ ਗੇੜਾ ਮਾਰ ਵੀ ਸਕਦੇ ਹਾਂ। ਉਹ ਕਲਹਿਣੀ ਮੁੰਡੇ ਨੂੰ ਕੁਝ ਕਰਨ ਦੇਊ ਤਾਂ ਹੀ ਮੁੰਡਾ ਕੁਝ ਕਰੂ। ਤੈਨੂੰ ਪਤਾ ਹੀ ਏ ਟੁੱਟੇ ਦਿਲ ਨਿਰੇ ਅੱਥਰੂਆਂ ਦੀ ਗੂੰਦ ਨਾਲ ਨਹੀਂ ਜੁੜਦੇ ਹੁੰਦੇ।"

"ਇਥੇ ਹੁੰਦੇ ਹੋਏ ਲੇਖ ਲਿਖਣਾ ਤੁਹਾਡਾ ਸ਼ੌਕ ਸੀ। ਕੀ ਉੱਥੇ ਜਾ ਕੇ ਵੀ ਲਿਖਦੇ ਰਹੋਗੇ?"

"ਬਿਲਕੁਲ ਲਿਖਦਾ ਰਹਾਂਗਾ।"

"ਏਨੀ ਉਮਰ ਵਿਚ ਵੀ ਤੁਸੀਂ ਪੂਰੇ ਚੇਤੰਨ ਹੋ? ਕੀ ਕਾਰਨ ਏ?"

"ਵਾਹਿਗੁਰੂ ਦੀ ਕ੍ਰਿਪਾ ਏ, ਭਾਈ ਸਾਹਿਬ।"

"ਕੀ ਪੰਜਾਬ ਵਿਚ ਬੁਢਾਪਾ ਘਰ ਵੀ ਹਨ?" ਮੈਂ ਜਾਂਣਾ ਚਾਹਿਆ।

"ਸੁਣਿਐ ਫਿਰੋਜ਼ਪੁਰ ਵਿਚ ਛੋਟੇ ਛੋਟੇ ਘਰ ਬਣੇ ਹੋਏ ਹਨ। ਕਿਸੇ ਸਮਾਜ ਸੇਵੀ ਸੰਸਥਾ ਨੇ ਬਣਾਏ ਹਨ। ਜਿਹੜਾ ਵਿਅਕਤੀ ਉਸ ਸੰਸਥਾ ਨੂੰ ਚਾਰ ਲੱਖ ਰੁਪਏ ਦੇਵੇ ਉਸਨੂੰ ਉਹ ਰਹਿੰਦੀ ਉਮਰ ਤੱਕ ਸੰਭਾਲਦੇ ਹਨ। ਰਹਾਇਸ਼ ਤਾਂ ਦਿੰਦੇ ਹੀ ਹਨ, ਖਾਣ ਪੀਣ ਲਈ ਵੀ ਦਿੰਦੇ ਹਨ, ਦੇਖਭਾਲ ਵੀ ਕਰਦੇ ਹਨ। ਇਕ ਵਾਰ ਪੈਸੇ ਦੇ ਦਿਓ, ਬਾਦ ਵਿਚ ਕੋਈ ਫਿਕਰ ਨਹੀਂ। ਬੁੱਢਿਆਂ ਦੀ ਪੂਰੀ ਦੇਖਭਾਲ ਹੁੰਦੀ ਏ। ਜੇ ਕਿਸੇ ਹੀਲੇ ਨਾ ਸਰਿਆ ਤਾਂ ਚਾਰ ਲੱਖ ਵਿਚ ਉਹ ਬੁੱਕ ਕਰਾ ਦੇਵਾਂਗੇ। ਕਿਸੇ ਵੇਲੇ ਦੋਹਾਂ ਵਿਚੋਂ ਇਕ ਨੇ ਰਹਿ ਜਾਣਾ ਏ। ਦੋਹਾਂ ਵਿਚੋਂ ਇਕ ਰਹਿ ਜਾਊ ਤਾਂ ਉਹ ਉਸ ਬੁਢਾਪਾ ਘਰ ਵਿਚ ਚਲਾ ਜਾਊ। ਸਾਡਾ ਪਿੰਡ ਫਿਰੋਜ਼ਪੁਰ ਤੋਂ ਬਹੁਤਾ ਦੂਰ ਨਹੀਂ।"

"ਅੱਜ ਕੱਲ ਕੀ ਲਿਖ ਰਹੇ ਹੋ?"

"ਯਾਤਰਾ ਲਿਖ ਰਿਹਾ ਹਾਂ।"

"ਜਾਂ ਕਿ ਸਫਰਨਾਮਾ?"

"ਜੀ ਹਾਂ।"

"ਕਿੱਥੇ ਜਾ ਕੇ ਆਏ ਹੋ?"

"ਜਾ ਕੇ ਨਹੀਂ ਆ ਕੇ ਜਾ ਰਿਹਾ ਹਾਂ।"

"ਇਸਦਾ ਮਤਲਬ ਕਿ ਤੁਸੀਂ ਆਪਣੀ ਆਸਟਰੇਲੀਆ ਦੀ ਯਾਤਰਾ ਬਾਰੇ ਕੁਝ ਲਿਖ ਰਹੇ ਹੋ। ਕਿੰਨਾ ਚਿਰ ਇਥੇ ਬਿਤਾ ਕੇ ਜਾ ਰਹੇ ਹੋ?"

"ਦੋ ਸਾਲ।"

"ਕੀ ਕੀ ਦੇਖਿਆ ਇੱਥੇ?"

"ਬਸ ਸਾਰੀ ਸਿਡਨੀ। ਹੋਰ ਕਿਤੇ ਸਾਨੂੰ ਕੋਈ ਲੈ ਕੇ ਹੀ ਨਹੀਂ ਗਿਆ। ਕਾਰ



ਅਸੀਂ ਚਲਾ ਹੀ ਨਹੀਂ ਸਕਦੇ। ਹਾਂ, ਗੁਰਦੁਆਰੇ ਵਾਲੇ ਸਾਨੂੰ ਸੀਨੀਅਰਜ਼ ਦੇ ਟੂਰਾਂ ਨਾਲ ੫-੬ ਜਗਾਹ ਜਰੂਰ ਲੈ ਗਏ ਸਨ। ਉਹ ਸੀਨੀਅਰਜ਼ ਦੀ ਬਹੁਤ ਸੁਹਣੀ ਦੇਖ ਭਾਲ ਕਰਦੇ ਹਨ। ਉਹਨਾਂ ਨੇ ਸਾਨੂੰ ਪਹਾੜਾਂ ਅਤੇ ਸਮੁੰਦਰੀ ਤੱਟਾਂ ਦੀ ਸੈਰ ਵੀ ਕਰਵਾ ਦਿੱਤੀ। ਸਾਡਾ ਪੈਸਾ ਵੀ ਕੋਈ ਖਰਚ ਨਹੀਂ ਆਇਆ। ਬੁਢਾਪੇ ਵਿਚ ਇੱਧਰ ਨੂੰ ਆਏ ਸੀ।"

"ਛਪਣ ਲਈ ਤਾਂ ਤੁਸੀਂ ਸਿੱਖ ਇਤਿਹਾਸ ਬਾਰੇ ਵੀ ਭੇਜਿਆ ਕਰਦੇ ਸੀ। ਤੁਹਾਡੇ ਵਿਸ਼ੇ ਕਾਫੀ ਸਾਦੇ ਹੋਇਆ ਕਰਦੇ ਸਨ। ਤੁਸੀਂ ਬਹੁਤੀ ਕਿਤਾਬੀ ਸਮੱਗਰੀ ਲਿਖ ਕੇ ਭੇਜ ਦਿੰਦੇ ਹੋ ਜਦ ਕਿ ਅਖਬਾਰਾਂ ਤੇ ਰਸਾਲਿਆਂ ਵਿਚ ਛਪਣ ਲਈ ਨਵੀਂ ਨਕੋਰ ਸਮਗਰੀ ਚਾਹੀਦੀ ਹੁੰਦੀ ਏ। ਜੇ ਤੁਸੀਂ ਪਾਣੀਪਤ ਦੀਆਂ ਲੜਾਈਆਂ, ਅਕਬਰ ਦਾ ਰਾਜਤਿਲਕ ਤੇ ਅਹਿਮਦ ਸ਼ਾਹ ਅਬਦਾਲੀ ਦੇ ਹੱਲਿਆਂ ਜਿਹੀਆਂ ਘਟਨਾਵਾਂ ਲਿਖ ਕੇ ਭੇਜ ਦਿਓ ਤਾਂ ਇਹ ਅਖਬਾਰਾਂ ਲਈ ਵਧੀਆ ਨਹੀਂ ਹਨ। ਇਹ ਸਭ ਕੁਝ ਤਾਂ ਸਲੇਬਸਾਂ ਦੀਆਂ ਕਿਤਾਬਾਂ ਵਿਚ ਹੀ ਮਿਲ ਜਾਂਦਾ ਏ।"

"ਫਿਰ ਤੁਸੀਂ ਛਾਪ ਵੀ ਦਿੰਦੇ ਹੋ?"

"ਛਾਪਣ ਦੇ ਕਈ ਕਾਰਨ ਹੁੰਦੇ ਹਨ। ਇਕ ਕਾਰਨ ਇਹ ਹੈ ਕਿ ਸਾਡੀਆਂ ਅਖਬਾਰਾਂ ਛੋਟੀਆਂ ਛੋਟੀਆਂ ਹਨ। ਹਰ ਵਿਅਕਤੀ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰੀਦੀ ਏ। ਲਿਖਤਾਂ ਦਾ ਮਿਹਨਤਾਂਾ ਅਸੀਂ ਦੇ ਹੀ ਨਹੀਂ ਸਕਦੇ। ਸਾਨੂੰ ਬਹੁਤ ਵਧੀਆ ਲਿਖਾਰੀ ਮਿਲਦੇ ਵੀ ਨਹੀਂ। ਜਿਆਦਾ ਵਧੀਆ ਲਿਖਾਰੀ ਪੰਜਾਬ ਵਿਚ ਹਨ। ਉਹਨਾਂ ਦਾ ਛਪਣ ਦਾ ਚਾਅ ਉੱਥੇ ਹੀ ਪੂਰਾ ਹੋ ਜਾਂਦਾ ਏ। ਕਈਆਂ ਨੂੰ ਕੰਪਿਊਟਰ ਤੇ ਸਮਗਰੀ ਭੇਜਣੀ ਵੀ ਨਹੀਂ ਆਉਂਦੀ। ਅੱਜ ਕੱਲ ਡਾਕ ਰਾਂਹੀ ਭੇਜਣ ਦਾ ਤਰੀਕਾ ਪੁਰਾਣਾ ਹੋ ਚੁੱਕਿਆ ਏ। ਕੋਰੀਅਰ ਕਾਫੀ ਮਹਿੰਗੇ ਪੈਂਦੇ ਹਨ। ਹੋਰ ਅੱਜ ਕੱਲ ਕੀ ਰਹੇ ਹੋ।"

"ਇਕ ਪੁਸਤਕ ਛਪਵਾਈ ਏ।"

"ਕਾਹਦੇ ਬਾਰੇ ?"

"ਮਧੂ ਮੱਖੀਆਂ ਬਾਰੇ।"

"ਕਿਹੜੀ ਭਾਸ਼ਾ ਵਿਚ ਏ?"

"ਅੰਗਰੇਜ਼ੀ ਵਿਚ। ਤੁਹਾਨੂੰ ਇਕ ਲੇਖ ਵੀ ਭੇਜਿਆ ਸੀ? ਕੀ ਤੁਹਾਨੂੰ ਯਾਦ ਭੁੱਲ ਗਿਐ?"

"ਯੈਸ, ਮੈਨੂੰ ਯਾਦ ਆ ਗਿਆ। ਤੁਸੀਂ ਮਧੂ ਮੱਖੀਆਂ ਪਾਲਣ ਬਾਰੇ ਲਿਖਿਆ ਸੀ।"

"ਜੋ ਕੁਝ ਮੈਂ ਲਿਖਿਆ ਸੀ ਉਹ ਬਿਲਕੁਲ ਨਵਾਂ ਸੀ। ਪਹਿਲਾਂ ਅਜਿਹਾ ਕਿਸੇ

ਨੇ ਵੀ ਨਹੀਂ ਲਿਖਿਆ। ਮੈਂ ਤਾਂ ਖੇਤੀਬਾੜੀ ਯੂਨਿਵਰਸਿਟੀ ਨੂੰ ਚੂਹੇ ਮਾਰਨ ਦੇ ਨਵੇਂ ਨਵੇਂ ਤਰੀਕਿਆਂ ਬਾਰੇ ਵੀ ਲਿਖ ਕੇ ਭੇਜਿਆ ਸੀ। ਮੈਂ ਸੀਮੈਂਟ ਨਾਲ ਚੂਹੇ ਮਾਰਨ ਦੀ ਤਕਨੀਕ ਖੋਜੀ। ਉਹਨਾਂ ਨੇ ਕੋਈ ਜਵਾਬ ਹੀ ਨਹੀਂ ਦਿੱਤਾ। ਬਾਕੀ ਮੇਰੀ ਪੁਸਤਕ ਹੈ ਬਿਮਾਰੀਆਂ ਦੇ ਦੇਸੀ ਇਲਾਜ ਬਾਰੇ। ਇਹ ਬਿਮਾਰੀਆਂ ਹਨ ਦਮਾ, ਟੀ.ਬੀ., ਸ਼ੂਗਰ, ਦਿਲ ਦੇ ਰੋਗ, ਮਿਰਗੀ, ਗਠੀਆ, ਮਿਹਦੇ ਵਿਚ ਫੋੜਾ, ਅਧਰੰਗ ਤੇ ਬਵਾਸੀਰ। ਮੈਂ ਦੇਸੀ ਇਲਾਜ ਦੇ ਨਵੇਂ ਨਵੇਂ ਨੁਸਖੇ ਤਿਆਰ ਕੀਤੇ ਹਨ। ਇਹਨਾਂ ਨੂੰ ਲੋਕਾਂ ਵਲੋਂ ਬੜਾ ਵਧੀਆ ਹੁੰਗਾਰਾ ਮਿਲਿਆ ਏ। ਮੈਂ ਬਹੁਤ ਲੋਕਾਂ ਦੇ ਇਲਾਜ ਵੀ ਕੀਤੇ ਹਨ। ਐਲੋਪੈਥੀ ਤਾਂ ਨਿਰੀ ਜ਼ਹਿਰ ਏ। ਦੇਸੀ ਨੁਸਖੇ ਜੈਵਿਕ ਖੇਤੀ ਵਾਂਗ ਹਨ। ਦੇਸੀ ਦਵਾਈਆਂ ਦਾ ਸਰੀਰ ਤੇ ਸਾਈਡ ਪ੍ਰਭਾਵ ਨਹੀਂ ਪੈਂਦਾ। ਮੈਂ ਇਹ ਪੁਸਤਕ ਤੁਹਾਨੂੰ ਇਕ ਵਾਰ ਦਿਖਾਈ ਵੀ ਸੀ।"

"ਹਾਂ, ਮੈਨੂੰ ਯਾਦ ਆ ਗਿਐ। ਮੈਂ ਤੁਹਾਨੂੰ ਕਿਹਾ ਸੀ ਕਿ ਇਸਦੀ ਭਾਸ਼ਾ ਸੁਧਰਨ ਵਾਲੀ ਏ। ਤੁਸੀਂ ਲਿਖੀ ਅੰਗਰੇਜ਼ੀ ਵਿਚ ਏ।"

"ਤੁਸੀਂ ਤਾਂ ਭਾਸ਼ਾ ਦੇ ਸੁਧਾਰ ਦੀਆਂ ਐਵੇਂ ਗੱਲਾਂ ਕਰਦੇ ਰਹਿੰਦੇ ਹੋ। ਮੈਨੂੰ ਤਾਂ ਪੂਰਾ ਯਕੀਨ ਏ ਮੈਨੂੰ ਇਸ ਪੁਸਤਕ ਤੇ ਵੱਡਾ ਈਨਾਮ ਮਿਲਣ ਵਾਲਾ ਏ। ਇਹ ਪੁਸਤਕ ਮੇਰੀ ਮੌਲਿਕ ਖੋਜ ਤੇ ਆਧਾਰਤ ਏ। ਇੱਕ ਵਿਲੱਖਣ ਕ੍ਰਿਤ ਏ।"

"ਮੱਲੀ ਸਾਹਿਬ, ਵੱਡੇ ਈਨਾਮ ਤੋਂ ਤੁਹਾਡਾ ਕੀ ਭਾਵ ਏ?"

"ਨੋਬਲ ਪ੍ਰਾਈਜ਼! ਮੈਂ ਤਾਂ ਇਹ ਪੁਸਤਕ ਨੋਬਲ ਫਾਊਂਡੇਸ਼ਨ ਨੂੰ ਵੀ ਭੇਜ ਚੁੱਕਾ ਹਾਂ।"

"ਮੱਲੀ ਸਾਹਿਬ, ਮੰਨ ਗਏ ਤੁਹਾਨੂੰ! ਨੋਬਲ ਫਾਊਂਡੇਸ਼ਨ ਹੈ ਕਿਥੇ?"

"ਸਟਾਕਹਾਲਮ ਵਿਚ।"

"ਤੁਸੀਂ ਮਾਜੂਦਾ ਬਵਾ ਕਰੋਨਾਵਾਇਰਸ ਬਾਰੇ ਤਾਂ ਦੇਖ ਹੀ ਰਹੇ ਹੋ। ਇਸ ਬਵਾ ਨੇ ਪੂਰੀ ਦੁਨੀਆਂ ਵਿਚ ਤਬਾਹੀ ਮਚਾ ਦਿੱਤੀ ਏ। ਸਾਰੇ ਪਾਸੇ ਹਾਹਾਕਾਰ ਮੱਚ ਗਈ ਏ। ਕੀ ਤੁਸੀਂ ਇਸ ਬਵਾ ਦਾ ਦੇਸੀ ਤਰੀਕੇ ਨਾਲ ਇਲਾਜ ਨਹੀਂ ਕਰ ਸਕਦੇ?" ਮੈਂ ਦੂਜਾ ਚਲੰਤ ਵਿਸ਼ਾ ਛੇੜ ਕੇ ਬੁੱਢੇ ਨੂੰ ਝੰਜੋੜਨ ਦੀ ਕੋਸ਼ਿਸ਼ ਕੀਤੀ।

"ਇਸ ਵਾਇਰਸ ਦਾ ਈਲਾਜ ਤਾਂ ਮੈਂ ਲੱਭ ਹੀ ਲਵਾਂਗਾ।"

"ਕਿੰਨੇ ਚਿਰ ਵਿਚ? ਲ਼ੋਕ ਧੜਾਧੜ ਮਰ ਰਹੇ ਹਨ।"

"ਬਸ ਦੋ ਕੁ ਹਫਤੇ ਲਗਣਗੇ।"

ਮੈਂ ਬੁੱਢੇ ਦੇ ਭੋਲੇਪਨ ਤੇ ਸਾਦੇ ਸਵੈ-ਵਿਸ਼ਵਾਸ ਤੇ ਹੈਰਾਂ ਰਹਿ ਗਿਆ। ਮੈਨੂੰ ਇਵੇਂ ਮਹਿਸੂਸ ਹੋਇਆ ਜਿਵੇਂ ਬੁੱਢੇ ਨੇ ਸਿਰਫ ਨੋਬਲ ਪੁਰਸਕਾਰ ਦਾ ਨਾਮ ਹੀ ਸੁਣਿਆ ਹੋਵੇ। ਸ਼ਾਇਦ ਇਸਤੋਂ ਛੋਟੇ ਹੋਰ ਅੰਤਾਂ ਦੇ ਪੁਰਸਕਾਰਾਂ ਦਾ ਤਾਂ ਉਸਨੂੰ ਨਾਮ ਤੱਕ



ਵੀ ਪਤਾ ਨਹੀਂ ਸੀ। ਮੇਰੇ ਮਨ 'ਚ ਅੰਗਰੇਜ਼ੀ ਦੀ ਇਕ ਅਖਾਣ ਆਈ ਜਾਵੇ ਜਿਸਦਾ ਪੰਜਾਬੀ 'ਚ ਮਤਲਬ ਏ- ਜਿਥੇ ਪੈਰ ਧਰਨ ਲਈ ਸਮਝਦਾਰ ਬੰਦਾ ਸੌ ਵਾਰ ਸੋਚਦਾ ਏ ਉਥੇ ਪੈਰ ਧਰਨ ਲਈ ਮੂਰਖ ਛਾਲਾਂ ਮਾਰ ਮਾਰ ਕੇ ਅੱਗੇ ਨੂੰ ਆਉਂਦਾ ਏ (Fools rush in where angels fear to tread)। ਫਿਰ ਉਹ ਪੂਰੇ ਯਕੀਨ ਨਾਲ ਕਹਿਣ ਲੱਗਾ- ਜੇ ਨੋਬਲ ਪੁਰਸਕਾਰ ਰਵਿੰਦਰ ਨਾਥ ਟੈਗੋਰ ਨੂੰ ਮਿਲ ਸਕਦਾ ਏ ਤਾਂ ਮੈਨੂੰ ਕਿਉਂ ਨਹੀਂ ਮਿਲ ਸਕਦਾ? ਇਹੀ ਨੂੰਹ ਸਾਡੇ ਮਗਰ ਮਗਰ ਫਿਰੂ ਜਿਸ ਦਿਨ ਮੈਨੂੰ ਇਹ ਈਨਾਮ ਮਿਲ ਗਿਆ। ਮੈਂ ਹੈਰਾਂ ਸਾਂ ਕਿ ਕਈ ਬੰਦੇ ਆਪਣੀ ਛੋਟੀ ਜਿਹੀ ਪ੍ਰਾਪਤੀ ਨੂੰ ਇੰਨੀ ਵੱਡੀ ਸਮਝ ਲੈਂਦੇ ਹਨ। ਮੈਂ ਸੋਚ ਸੋਚ ਕੇ ਨਿੰਮੋਝੂਣਾ ਹੋ ਰਿਹਾ ਸਾਂ। ਮੈਨੂੰ ਤਾਂ ਇਹ ਵੀ ਨਹੀਂ ਪਤਾ ਕਿ ਲਿਖਤਾਂ ਜਾਂ ਖੋਜਾਂ ਨੋਬਲ ਫਾਊਂਡੇਸ਼ਨ ਨੂੰ ਕਿਵੇਂ ਭੇਜੀਆਂ ਜਾਂਦੀਆਂ ਹਨ। ਮੈਂ ਤਾਂ ਇਹ ਸਮਝਦਾ ਹਾਂ ਕਿ ਖੋਜਾਂ ਜਾਂ ਲਿਖਤਾਂ ਦੀ ਸਮਾਜ ਰੂਪੀ ਪ੍ਰਯੋਗਸ਼ਾਲਾ ਵਿਚ ਵਾਛੜ ਹੁੰਦੀ ਰਹਿੰਦੀ ਏ। ਮੀਡੀਆ ਰਾਂਹੀ ਇਹ ਪੁਣ ਛਾਣ ਹੁੰਦੀਆਂ ਰਹਿੰਦੀਆ ਹੋਣਗੀਆਂ। ਇਹ ਨੁਕਤਾਚੀਨ ਗੁਲਿਆਰਿਆਂ ਵਿਚੋਂ ਹੁੰਦੀਆਂ ਹੋਈਆਂ ਕਈ ਪਰਖਾਂ ਅਤੇ ਪ੍ਰੀਖਿਆਵਾਂ ਚੋਂ ਨਿਕਲਦੀਆਂ ਹੋਣਗੀਆਂ। ਫਿਰ ਚੰਦ ਕੁ ਖੋਜਾਂ ਇਸ ਮੁਕਾਮ ਤੇ ਪਹੁੰਚ ਜਾਂਦੀਆਂ ਹੋਣਗੀਆਂ ਕਿ ਉਹ ਕਿਸੇ ਵੱਡੇ ਈਨਾਮ ਲਈ ਚੁਣ ਹੋ ਜਾਂਦੀਆਂ ਹੋਣਗੀਆਂ। ਮੈਂ ਬੁੱਢੇ ਦੇ ਸਾਦੇ ਯਕੀਨ ਤੇ ਹੱਸ ਸਕਦਾ ਸਾਂ ਤੇ ਹੈਰਾਂ ਹੋ ਸਕਦਾ ਸੀ। ਉਹ ਇੰਨਾ ਭੋਲਾ ਤੇ ਸਾਦਾ ਸੀ ਕਿ ਉਸਨੂੰ ਸੌ ਫੀਸਦੀ ਯਕੀਨ ਸੀ ਕਿ ਉਸਨੂੰ ਇਹ ਪੁਰਸਕਾਰ ਮਿਲੇਗਾ ਹੀ।

*********

# 24 ਘੰਟੇ

ਦਸ ਕੁ ਸਾਲ ਪਹਿਲਾਂ ਮੇਰੀ ਜਿੰਦਗੀ 'ਚ ਇਕ ਦਿਨ ਐਸਾ ਆਇਆ ਸੀ, ਜਿਸ ਦਿਨ ਰਾਤ ਦੇ ਸਮੇਂ ਲੇਟ ਸੌਣ ਤੋਂ ਲੈ ਕੇ ਦੂਜੇ ਦਿਨ ਸਾਮ ਤੱਕ ਮੈਂ ਡਰ ਅਤੇ ਖੌਫ ਦਾ ਹੀ ਸਿਕਾਰ ਰਿਹਾ ਸੀ। ਰਾਤ ਨੂੰ ਸੌਣ ਤੋਂ ਪਹਿਲਾਂ ਮੈਂ ਸਿਵ ਕੁਮਾਰ ਬਟਾਲਵੀ ਦੀ ਉਹ ਕਵਿਤਾ ਦੁਬਾਰਾ ਪੜ੍ਹ ਬੈਠਾ, ਜਿਹੜੀ ਮੈਂ ਸਿਵ ਨੂੰ 1973-74 ਵਿੱਚ ਸਾਰੇ ਦਾ ਸਾਰਾ ਪੜ੍ਹਨ ਸਮੇਂ ਪੜ੍ਹੀ ਸੀ। ਮਹੀਨਾ ਉਦੋਂ ਵੀ ਜੇਠ ਦਾ ਹੀ ਸੀ:

"ਜੇਠ ਹਾੜ ਦੀ
ਬਲਦੀ ਰੁੱਤੇ
ਪੀਲੀ ਪਿੱਤਲ ਰੰਗੀ ਧੁੱਪੇ
ਮੜੀਆਂ ਵਾਲੇ
ਮੰਦਰ ਉੱਤੇ
ਬੈਠੀ ਚੁਪ ਤ੍ਰਿੰਜਣ ਕੱਤੇ
ਧੁੱਪ-ਛਾਵਾਂ ਦਾ
ਮੁੱਢਾ ਲੱਥੇ
ਗਿਰਝਾਂ ਦਾ ਪਰਛਾਵਾਂ ਨੱਸੇ
ਨੰਗੀ ਡੈਣ
ਪਈ ਇਕ ਨੱਚੇ
ਪੁੱਠੇ ਥਣ ਮੋਢੇ ਤੇ ਰੱਖੇ
ਛੱਜ ਪੌਣ ਦਾ
ਕੱਲਰ ਛੱਟੇ
ਬੋਦੀ ਵਾਲਾ ਵਾਵਰੋਲਾ
ਰੱਕੜ ਦੇ ਵਿਚ ਚੱਕਰ ਕੱਟੇ
ਹਿੱਲਣ ਪਏ
ਥੋਹਰਾਂ ਦੇ ਪੱਤੇ
ਵਿਚ ਕਰੀਰਾਂ ਸੱਪਣੀ ਵੱਸੇ



ਮੱਕੜੀਆਂ ਦੇ
ਜਾਲ ਪਲੱਚੇ
ਅੱਕ ਕੱਕੜੀ ਦੇ ਫੰਭਿਆਂ ਤਾਈਂ
ਭੂਤ ਭੂਤਾਣਾ
ਮਾਰੇ ਧੱਕੇ
ਬੁੱਢੇ ਬੋਹੜ ਦੀਆਂ ਖੋੜਾਂ ਵਿਚ
ਚਾਮ ਚੜਿੱਕਾਂ ਦਿੱਤੇ ਬੱਚੇ
ਮੜ੍ਹੀਆਂ ਵਾਲਾ
ਬਾਬਾ ਹੱਸੇ
ਪਾਟੇ ਕੰਨ ਭਬੂਤੀ ਮੱਥੇ
ਤੇ ਮੇਰੇ ਖਾਬਾਂ ਦੇ ਬੱਚੇ
ਜਾਵਣ ਨੱਸੇ
ਨੰਗੇ ਪੈਰ ਧੂੜ ਥੀਂ ਅੱਟੇ
ਦਿਲ ਧੜਕਣ
ਤੇ ਚਿਹਰੇ ਲੱਥੇ
ਪੀਲੀ ਪਿੱਤਲ ਰੰਗੀ ਧੁੱਪ ਦਾ
ਦੂਰ ਦੂਰ ਤਕ
ਮੀਂਹ ਪਿਆ ਵੱਸੇ

ਰਾਤ ਭਰ ਇਹ ਕਵਿਤਾ ਮੇਰੇ ਖੁਆਬਾਂ ਵਿੱਚ ਘੁੰਮਦੀ ਰਹੀ। ਡਰ ਅਤੇ ਖੌਫ ਦਾ ਆਲਮ ਛਾਇਆ ਰਿਹਾ। ਮੈਂ ਅਰਧ ਸੁੱਤਾ ਰਹਿ ਗਿਆ। ਸਵੇਰੇ ਮੇਰੀ ਗਰੈਜੂਏਟ ਡਿਪਲੋਮਾ ਇਨ ਐਜੂਕੇਸਨ (Graduate Diploma in Education) ਦੀ ਪ੍ਰੈਕਟਿਸ ਟੀਚਿੰਗ ਸੀ। ਡਿਪਲੋਮਾ ਵਿੱਚ ਮੇਰੇ ਪ੍ਰਮੁੱਖ ਮਜਮੂਨ ਅੰਗਰੇਜੀ ਅਤੇ ਇਤਿਹਾਸ ਸਨ। ਮੇਰੀ ਪਤਨੀ ਲੜਕੀ ਪਾਸ ਕੈਨਬਰਾ ਗਈ ਹੋਈ ਸੀ ਅਤੇ ਮੇਰਾ ਲੜਕਾ ਆਪਣੇ ਵਿਆਹ ਤੋਂ ਬਾਅਦ ਯੂਰਪ ਵਿਚ ਹਨੀਮੂਨ 'ਤੇ ਗਿਆ ਹੋਇਆ ਸੀ। ਘਰ ਵਿਚ ਮੈਂ ਅਤੇ ਸਾਡਾ ਕੁੱਤਾ ਰੈਂਬੋ ਹੀ ਸਾਂ। ਕੁੱਤੇ ਦਾ ਜਿਆਦਾ ਖਿਆਲ ਮੇਰੇ ਘਰ ਵਾਲੇ ਹੀ ਰੱਖਿਆ ਕਰਦੇ ਸਨ।

ਮੈਨੂੰ ਸਵੇਰੇ ਜਲਦੀ ਉੱਠ ਕੇ ਮੇਰੇ ਘਰ ਤੋਂ ਕੋਈ 20 ਕੁ ਕਿਲੋਮੀਟਰ ਦੂਰ ਉਸ ਸਕੂਲ ਵਿੱਚ ਪਹੁੰਚਣਾ ਸੀ, ਜਿੱਥੇ ਮੇਰੀ ਪ੍ਰੈਕਟਿਸ ਟੀਚਿੰਗ ਚੱਲ ਰਹੀ ਸੀ। ਉਸ ਦਿਨ ਮੇਰੀ ਪ੍ਰੈਕਟਿਸ ਨੂੰ ਪਰਖਣ ਲਈ ਯੂਨੀਵਰਸਿਟੀ ਦੇ ਤਜਰਬਾ ਪਾਰਖੂ ਵਿਭਾਗ ਦੇ ਕੋਆਰਡੀਨੇਟਰ ਪ੍ਰੋਫੈਸਰ ਜੌਹਨ ਮੋਰਿਸ ਨੇ ਆਉਣਾ ਸੀ। ਸਵੇਰੇ ਉੱਠ

ਕੇ ਮੈਂ ਕਾਰ ਸਟਾਰਟ ਕਰਕੇ ਦੇਖਣੀ ਹੁੰਦੀ ਸੀ। ਫਿਰ ਅੰਦਰ ਜਾ ਕੇ ਤਿਆਰੀ ਕਰਨੀ ਹੁੰਦੀ ਸੀ। ਉਸ ਦਿਨ ਘਰ ਵਿੱਚ ਇੱਕਲਾ ਹੋਣ ਕਰਕੇ ਮੇਰੀ ਦੌੜ ਭੱਜ ਵਿੱਚ ਭੂਤਨੀ ਭੁੱਲੀ ਪਈ ਸੀ। ਚਾਹ ਆਪ ਬਣਾਈ। ਫਿਰ ਗੁਸਲਖਾਨੇ ਦੇ ਕਾਰਜ ਸੰਪੂਰਨ ਕੀਤੇ। ਮਨ 'ਤੇ ਸਕੂਲ ਦੀ ਜਮਾਤ ਦਾ ਇੰਨਾ ਡਰ ਕਿ ਰੈਂਬੋ ਦਾ ਖਿਆਲ ਰੱਖਣ ਦਾ ਚੇਤਾ ਹੀ ਭੁੱਲ ਗਿਆ। ਰੈਂਬੋ ਛੋਟੇ ਕੱਦ ਦਾ ਮਾਲਟੀਜ ਸਿਲਕੀ ਟੈਰੀਅਰ ਨਸਲ ਦਾ ਕੁੱਤਾ ਸੀ ਤੇ ਘਰ ਵਿੱਚ ਇਹ ਹਮੇਸਾ ਖੁੱਲ੍ਹਾ ਹੀ ਫਿਰਦਾ ਰਹਿੰਦਾ ਸੀ। ਆਪਣਾ ਨਾਸਤਾ ਲਿਆ। ਦੁਪਹਿਰ ਦੇ ਖਾਣੇ ਦਾ ਟਿਫਨ ਤਿਆਰ ਕੀਤਾ ਤੇ ਰੈਂਬੋ ਨੂੰ ਆਵਾਜ ਮਾਰੀ। ਹੈਰਾਨੀ ਹੋਈ ਕਿ ਰੈਂਬੋ ਕਿਤੇ ਨਜਰ ਹੀ ਨਾ ਆਵੇ। ਡਰ ਪੈ ਗਿਆ ਕਿ ਰੈਂਬੋ ਕਿਤੇ ਉਸ ਵੇਲੇ ਬਾਹਰ ਨਾ ਨਿਕਲ ਗਿਆ ਹੋਵੇ, ਜਦ ਮੈਂ ਕਾਰ ਸਟਾਰਟ ਕਰ ਕੇ ਦੇਖੀ ਸੀ। ਸਕੂਲ ਨੂੰ ਜਾਣ ਦੀ ਕਾਹਲੀ ਅਤੇ ਰੈਂਬੋ ਨੂੰ ਲੱਭਣ ਦਾ ਪੁਆੜਾ! ਰੈਂਬੋ ਬਾਹਰ ਕਿਸੇ ਨੂੰ ਕੱਟ ਵੀ ਸਕਦਾ ਸੀ। ਇਹ ਆਸਟ੍ਰੇਲੀਆ ਏ। ਇੱਥੇ ਤੁਹਾਡਾ ਕੁੱਤਾ ਕਿਸੇ ਨੂੰ ਕੱਟ ਦੇਵੇ ਤਾਂ ਹਜਾਰਾਂ ਡਾਲਰ ਮਾਲਕ ਦੇ ਸਿਰ ਪੈ ਸਕਦੇ ਹੁੰਦੇ ਹਨ। ਕੀ ਕੀਤਾ ਜਾਵੇ? ਮੈਂ ਰੈਂਬੋ ਨੂੰ ਆਵਾਜਾਂ ਮਾਰੀ ਜਾਵਾਂ, ਉਹ ਕਿਤੇ ਦਿਖੇ ਹੀ ਨਾ। ਜੇ ਪ੍ਰੈਕਟਿਸ ਟੀਚਿੰਗ 'ਚੋਂ ਗੈਰਹਾਜਰ ਹੁੰਦਾ ਹਾਂ, ਤਾਂ ਡਿਪਲੋਮਾ 'ਚੋਂ ਫੇਲ੍ਹ ਹੋ ਜਾਵਾਂਗਾ। ਰੈਂਬੋ!....... ਰੈਂਬੋ!!....... ਰੈਂਬੋ!!!........ ਕਹਿ ਕੇ ਉੱਚੀ ਉੱਚੀ ਆਵਾਜਾਂ ਮਾਰੀਆਂ। ਰੈਂਬੋ ਕਿਤੇ ਵੀ ਨਾ ਦਿਖਿਆ। ਲੜਕਾ ਤੇ ਬਹੂ ਰੈਂਬੋ ਨੂੰ ਇਕ ਦਮ ਲੱਭ ਲਿਆ ਕਰਦੇ ਸਨ। ਮੇਰੀ ਪਤਨੀ ਦਾ ਤਾਂ ਉਹ ਇੰਨਾ ਚਹੇਤਾ ਸੀ ਕਿ ਉਸ ਦੇ ਬੁਲਾਏ 'ਤੇ ਇਕ ਦਮ ਸਾਹਮਣੇ ਆ ਜਾਇਆ ਕਰਦਾ ਸੀ। ਉਹ ਐਸੀ ਤਰਜ ਨਾਲ ਆਵਾਜ ਕੱਢ ਕੇ ਉਸ ਦਾ ਨਾਮ ਲੈਂਦੀ ਸੀ ਕਿ ਉਹ ਖੱਲਾਂ ਖੂੰਜਿਆਂ ਵਿੱਚੋਂ ਵੀ ਆ ਕੇ ਪ੍ਰਗਟ ਹੋ ਜਾਇਆ ਕਰਦਾ ਸੀ। ਮੈਂ ਉਸ ਨੂੰ ਲੱਭੇ ਬਗੈਰ ਸਕੂਲ ਨਹੀਂ ਜਾ ਸਕਦਾ ਸਾਂ। ਮੁੰਡੇ ਨੂੰ ਮੈਂ ਫੋਨ ਨਹੀਂ ਕਰ ਸਕਦਾ ਸਾਂ, ਕਿਉਂਕਿ ਯੂਰਪ ਵਿਚ ਉਸ ਸਮੇਂ ਰਾਤ ਸੀ। ਘਰ ਵਾਲੀ ਅਜੇ ਕੈਨਬਰਾ ਸੁੱਤੀ ਪਈ ਸੀ। ਉਹ ਲੜਕੀ ਪਾਸ ਗਈ ਹੋਈ ਅਕਸਰ ਲੇਟ ਸੌਂਦੀ ਸੀ। ਉਹ ਦੋਨੋਂ ਲੇਟ ਹੀ ਸਵੇਰੇ ਉੱਠਦੀਆਂ ਸਨ। ਆਖਰ ਕੌੜਾ ਘੁੱਟ ਕਰ ਕੇ ਘਰ ਵਾਲੀ ਨੂੰ ਫੋਨ ਕਰ ਹੀ ਲਿਆ।

"ਹੈਲੋ!"

"ਹੈਲੋ! ਕੀ ਹੋ ਗਿਐ, ਸਵੇਰੇ, ਸਵੇਰੇ", ਉਸ ਨੇ ਅੱਧ ਸੁੱਤੀ ਨੇ ਹੀ ਕਹਿ ਦਿੱਤਾ

"ਰੈਂਬੋ ਲੱਭ ਨਹੀਂ ਰਿਹਾ।"

"ਫਿਰ ਮੈਂ ਕੀ ਕਰਾਂ। ਘਰ ਵਿਚ ਧਿਆਨ ਨਾਲ ਦੇਖੋ। ਕਦੀ ਕੋਈ ਕੰਮ ਆਪ ਵੀ ਕਰ ਲਿਆ ਕਰੋ। ਹਰ ਵੇਲੇ ਕਿਤਾਬਾਂ ਵਿਚ ਰਹਿਣ ਤੋਂ ਇਲਾਵਾ ਹੋਰ ਕੰਮ ਵੀ ਕਰਨੇ ਆਉਣੇ ਚਾਹੀਦੇ ਹਨ।" ਉਹਨੇ ਅੱਧ ਸੁੱਤੀ ਨੇ ਹੀ ਮੈਨੂੰ ਹਲਕੀ ਜਿਹੀ



ਝਿੜਕ ਮਾਰ ਦਿੱਤੀ।

ਮੈਂ ਫਿਰ ਚੱਕਰ ਵਿੱਚ ਪੈ ਗਿਆ। ਫਿਰ ਹੌਂਸਲਾ ਕੀਤਾ।

"ਹੈਲੋ! ਮੈਂ ਪ੍ਰੇਸਾਨ ਹਾਂ। ਐਮਰਜੈਂਸੀ ਦਾ ਮਤਲਬ ਵੀ ਸਮਝ ਲਿਆ ਕਰੋ।"

"ਮੈਂ ਕੀ ਕਰਾਂ? ਦੂਰ ਬੈਠੀ ਹਾਂ।"

"ਤੂੰ ਚੰਗੀ ਤਰ੍ਹਾਂ ਜਾਗ। ਤੇਰੀ ਸਲਾਹ ਲਏ ਬਗੈਰ ਮਸਲਾ ਹੱਲ ਨਹੀਂ ਹੋਣਾ। ਤੈਨੂੰ ਪਤਾ ਹੈ ਕਿ ਅੱਜ ਮੇਰੇ ਸਕੂਲ ਦਾ ਖਾਸ ਦਿਨ ਏ। ਯੂਨੀਵਰਸਿਟੀ ਦਾ ਸੁਪਰਵਾਈਜਰ ਮੇਰੀ ਕਲਾਸ ਵਿੱਚ ਬੈਠਣ ਲਈ ਆ ਰਿਹਾ ਏ। ਇਹ ਆਮਦ ਮੇਰੀ ਸਲਾਹ ਲੈ ਕੇ ਪਹਿਲਾਂ ਤੋਂ ਨਿਸਚਤ ਏ। ਮੈਂ ਸਭ ਪਾਸਿਉਂ ਭੈਭੀਤ ਹਾਂ।"

"ਹੁਣ ਦੱਸੋ, ਕੀ ਆਫਤ ਆ ਗਈ?" ਉਹ ਪੂਰੀ ਤਰ੍ਹਾਂ ਜਾਗ ਕੇ ਬੋਲੀ।

"ਮੈਨੂੰ ਰੈਂਬੋ ਨਹੀਂ ਲੱਭਦਾ। ਸਕੂਲ ਜਾਣ ਦਾ ਸਮਾਂ ਹੋ ਰਿਹਾ ਏ। ਜੇ ਸਵੇਰੇ ਸਵੇਰੇ ਬਾਹਰ ਨਿਕਲ ਗਿਆ ਹੋਇਆ, ਤਾਂ ਵੱਡਾ ਪੁਆੜਾ ਬਣ ਸਕਦਾ ਏ। ਦੱਸ ਕੀ ਕਰਾਂ?"

"ਮੈਂ ਐਂਡੀ ਦੂਰ ਬੈਠੀ ਕੀ ਕਰ ਸਕਦੀ ਹਾਂ? ਉਸ ਨੂੰ ਆਵਾਜਾਂ ਮਾਰ ਕੇ ਲੱਭੋ। ਉਸ ਦੀ ਖੁਰਾਕ ਪਾ ਕੇ ਦੇਖੋ।"

"ਮੈਂ ਖੁਰਾਕ ਪਾਈ। ਉਹ ਬਾਹਰ ਆਇਆ ਹੀ ਨਹੀਂ। ਤੂੰ ਸਿਮਰਨ ਨੂੰ ਜਗਾ। ਉਸ ਦੀ ਸਲਾਹ ਲਉ।"

"ਉਹ ਰਾਤ ਲੇਟ ਸੁੱਤੀ ਸੀ। ਜੇ ਜਗਾਈ ਤਾਂ ਮੈਨੂੰ ਬੁਰਾ ਭਲਾ ਬੋਲੂ।"

"ਮਸਲੇ ਦਾ ਹੱਲ ਤਾਂ ਤੁਹਾਨੂੰ ਲੱਭਣਾ ਹੀ ਪਊ।" ਮੈਂ ਲੇਲੜ੍ਹੀ ਕੱਢੀ।

ਉਸ ਨੇ ਲੜਕੀ ਸਿਮਰਨ ਨੂੰ ਆਵਾਜਾਂ ਮਾਰੀਆਂ। ਉਹ ਜਾਗੇ ਹੀ ਨਾ। ਆਖਰਕਾਰ ਜੋਰ ਦੇ ਕੇ ਉਸ ਨੇ ਉਸ ਨੂੰ ਜਗਾ ਹੀ ਲਿਆ ਅਤੇ ਮਸਲੇ ਦਾ ਹੱਲ ਪੁਛਿਆ।

ਦੋ ਕੁ ਮਿੰਟ ਸੋਚਾਂ 'ਚ ਪਈ ਰਹੀ।

"ਸੱਪ ਵੀ ਕੱਢੋਗੀਆਂ ਜਾਂ ਬੀਨ ਹੀ ਵਜਾਈ ਜਾਉਗੀਆਂ?" ਮੈਂ ਥੋੜ੍ਹਾ ਸਖਤ ਹੋਇਆ।

ਫਿਰ ਸਿਮਰਨ ਤ੍ਰਬਕ ਕੇ ਬੋਲੀ,"ਮੰਮੀ! ਰੈਂਬੋ ਨੂੰ ਉਸੇ ਹੀ ਤਰਜ 'ਤੇ ਆਵਾਜ ਮਾਰੋ, ਜਿਸ ਤਰਜ ਨਾਲ ਉਹਨੂੰ ਉੱਥੇ ਬੁਲਾਂਦੇ ਹੁੰਦੇ ਸੀ। ਕਹੋ.... ਰੈਂ .....ਬੋ!!"

"ਮੈਂ ਐਂਡੀ ਦੂਰ ਤੋਂ ਇਵੇਂ ਕਿਵੇਂ ਉਹਨੂੰ ਆਪਣੀ ਆਵਾਜ ਸੁਣਾ ਸਕਦੀ ਹਾਂ?"

"ਮੰਮੀ ਤੁਹਾਨੂੰ ਇਹ ਵੀ ਨਹੀਂ ਪਤਾ?"

"ਨਹੀਂ।"

"ਆਹ ਫੜੋ ਫੋਨ। ਉਧਰ ਡੈਡੀ ਨੂੰ ਕਹੋ ਕਿ ਉਹ ਆਪਣੇ ਫੋਨ ਦੀ ਆਵਾਜ

ਪੂਰੀ ਉੱਚੀ ਕਰ ਲੈਣ। ਉਹਨਾਂ ਦਾ ਫੋਨ ਬਥੇਰਾ ਵਧੀਆ ਏ। ਤੁਸੀਂ ਆਪ ਹੀ ਇਹ ਵਧੀਆ ਫੋਨ ਉਹਨਾਂ ਨੂੰ ਪਿੱਛਲੇ ਮਹੀਨੇ ਲੈ ਕੇ ਦਿੱਤਾ ਸੀ। ਆਪਣੀ ਸੰਗੀਤਮਈ ਆਵਾਜ ਵਿੱਚ ਕਹੋ.... ਰੈਂ .....ਬੋ!!"

"ਸਿਮਰਨ, ਕਮਾਲ ਕਰ ਤੀ। ਮੈਨੂੰ ਤਾਂ ਇਵੇਂ ਸੁੱਝਿਆ ਹੀ ਨਹੀਂ। ਮੈਂ ਹੁਣੇ ਇਵੇਂ ਕਰ ਕੇ ਦੇਖਦੀ ਹਾਂ। ਸਾਇਦ ਕੰਮ ਲੋਟ ਆ ਹੀ ਜਾਵੇ।"

ਮੇਰੀ ਘਰਵਾਲੀ ਨੇ ਐਸੀ ਸੰਗੀਤਮਈ ਤਰਜ ਨਾਲ ਸਬਦ "ਰੈਂਬੋ" ਦੋ ਤਿੰਨ ਵਾਰ ਉਚਾਰਿਆ ਕਿ ਇਧਰ "ਰੈਂਬੋ" (ਡੀ.ਓ.ਜੀ. ਸਾਹਿਬ) ਮੈਨੂੰ ਮੇਰੇ ਵੱਲ ਨੂੰ ਧੀਰੇ ਧੀਰੇ ਤੁਰੇ ਆਉਂਦੇ ਦਿਖ ਪਏ। ਮੈਂ ਹੈਰਾਨ ਹੋ ਗਿਆ ਸਿਮਰਨ ਦੀ ਇਸ ਖੋਜ ਤੇ।

ਕੈਲੰਡਰ ਨਾਲੋਂ ਡੱਡੂ ਨੂੰ ਮੀਂਹ ਬਾਰੇ ਜਿਆਦਾ ਪਤਾ ਹੁੰਦਾ ਏ ----ਇਹ ਕਹਾਵਤ ਸੱਚੀਂ ਹੋ ਗਈ।

ਮੈਂ ਰੈਂਬੋ ਨੂੰ ਖੁਰਾਕ ਪਾਈ। ਘੜੀ ਕੁ ਲਈ ਉਸ ਨੂੰ ਪਿੱਛੇ ਵਿਹੜੇ ਵਿੱਚ ਕੱਢਿਆ। ਕਾਰ ਸਟਾਰਟ ਕੀਤੀ ਤੇ ਸਕੂਲ ਨੂੰ ਚੱਲ ਪਿਆ।

ਸਕੂਲ ਨੂੰ ਜਾਂਦੇ ਸਮੇਂ ਫਿਰ ਮੇਰੇ ਮਨ ਵਿੱਚ ਡਰ ਪੈਦਾ ਹੋਈ ਜਾਵੇ। ਯੂਨੀਵਰਸਿਟੀ ਤੋਂ ਪ੍ਰੈਕਟਿਸ ਟੀਚਿੰਗ ਮਹਿਕਮੇ ਦਾ ਡਾਇਰੈਕਟਰ ਆ ਰਿਹਾ ਏ....... ਸਾਇਦ ਸਾਰਾ ਪੀਰੀਅਡ ਜਮਾਤ ਵਿੱਚ ਬੈਠੂ......... ਸੁਣਿਆ ਬੜਾ ਸਖਤ ਏ...... ਗੋਰੇ ਕਿਸੇ ਨੂੰ ਪਾਸ ਤਾਂ ਹੀ ਕਰਦੇ ਹਨ, ਜੇ ਬੰਦਾ ਠੀਕ ਪ੍ਰਫਾਰਮੈਂਸ ਦੇਵੇ ........ ਉਹ ਸੱਚ, ਇੱਕ ਗੱਲ ਹੋਰ ........ ਜੇ ਯੀਅਰ ਟੈੱਨ ਵਿਚ ਬੈਠ ਗਿਆ ਤਾਂ ਉਹ ਡਾ ਜੌਹਨ ਫਾਲਿਨ ਵਾਲਾ ਚੈਪਟਰ ਪੜਾਉਣ ਲਈ ਵੀ ਕਹਿ ਸਕਦਾ ਏ.......ਜੌਹਨ ਫਾਲਿਨ ਦੀ ਆਸਟ੍ਰੇਲੀਆ ਦੇ ਵੀਹ ਡਾਲਰ ਦੇ ਕਰੰਸੀ ਨੋਟ ਤੇ ਤਸਵੀਰ ਏ ......... ਇਹ ਬੰਦਾ ਇਕ ਦੇਸੀ ਜਿਹਾ ਡਾਕਟਰ ਸੀ........ਜਿਸ ਨੇ ਪਹਿਲੀ ਵਿਸਵ ਜੰਗ ਸਮੇਂ ਦਿਰਾਤ ਵਿੱਚ ਦੂਰ ਦੂਰ ਜਾ ਕੇ ਜਖਮੀ ਫੌਜੀਆਂ ਦੀ ਸੇਵਾ ਅਤੇ ਦੇਖਭਾਲ ਕੀਤੀ ਸੀ ....... ਪਹਿਲਾਂ ਇਸ ਪਾਸ ਆਉਣ ਜਾਣ ਲਈ ਵਾਹਨ ਵੀ ਸਾਦਾ ਜਿਹਾ ਸੀ ......... ਫਿਰ ਇਸ ਨੇ ਇੱਕ ਹਵਾਈ ਪਾਇਲਟ ਨਾਲ ਮਿਲ ਕੇ ਇਸ ਵਾਹਨ ਨੂੰ ਇੱਕ ਏਅਰ ਐਂਬੂਲੈਂਸ ਵਿੱਚ ਤਬਦੀਲ ਕਰ ਲਿਆ ਸੀ। ਦੁਨੀਆਂ ਦੇ ਬਹੁਤੇ ਦੇਸਾਂ ਦੇ ਕਰੰਸੀ ਨੋਟਾਂ ਉੱਤੇ ਉੱਥੋਂ ਦੇ ਰਾਜੇ ਰਾਣੀਆਂ ਦੀਆਂ ਤਸਵੀਰਾਂ ਹਨ........ ਆਸਟ੍ਰੇਲੀਆ ਨੇ ਇਸ ਨੋਟ ਤੇ ਇੱਕ ਸਿਰੜੀ ਅਤੇ ਈਮਾਨਦਾਰ ਦੇਸੀ ਡਾਕਟਰ ਦੀ ਤਸਵੀਰ ਛਾਪ ਕੇ ਇਕ ਨਿਵੇਕਲਾ ਕੰਮ ਕੀਤਾ ਹੋਇਆ ਏ........ ਸੱਚ ਇੱਕ ਗੱਲ ਦਾ ਮੈਂ ਖਿਆਲ ਰੱਖਿਆ ਈ ਨਹੀਂ........ ਮੇਰੀ ਰੈਂਬੋ ਨੇ ਸੁੱਧ ਬੁੱਧ ਭੁਲਾ ਈ ਛੱਡੀ...... ਕੀ ਮੇਰੀ ਜੇਬ ਵਿੱਚ 20 ਦਾ ਕਰੰਸੀ ਨੋਟ ਹੈ ਵੀ? ਜੇ ਮੈਨੂੰ ਇਹ ਚੈਪਟਰ ਯੀਅਰ ਟੈੱਨ ਨੂੰ ਪੜ੍ਹਾਉਣ ਨੂੰ ਕਹਿ ਦਿੱਤਾ, ਤਾਂ ਮੈਨੂੰ ਵੀਹ ਦਾ ਕਰੰਸੀ ਨੋਟ ਜਮਾਤ



ਵਿੱਚ ਬੱਚਿਆਂ ਨੂੰ ਜਰੂਰ ਦਿਖਾਉਣਾ ਚਾਹੀਦਾ ਏ.........।

ਮੈਂ ਕਾਰ ਰੋਕ ਕੇ ਸੜਕ ਦੇ ਇੱਕ ਪਾਸੇ ਖੜ੍ਹੀ ਕਰ ਲਈ। ਆਪਣਾ ਪਰਸ ਜੇਬ 'ਚੋਂ ਕੱਢਿਆ। ਜਦ ਦੇਖਿਆ ਤਾਂ ਉਸ ਵਿੱਚੋਂ ਦੋ 50, 50 ਡਾਲਰ ਦੇ ਨੋਟ ਸਨ। ਮੈਂ ਸੋਚਾਂ 'ਚ ਪੈ ਗਿਆ ਕਿ ਮੈਂ 20 ਦਾ ਨੋਟ ਕਿੱਥੋਂ ਪੈਦਾ ਕਰਾਂ।

ਮੈਂ ਕਾਰ ਫਿਰ ਸਟਾਰਟ ਕਰ ਲਈ। ਕਾਰ ਸਕੂਲ ਦੀ ਪਾਰਕਿੰਗ ਵਿਚ ਲਗਾ ਕੇ ਤੇਜੀ ਨਾਲ ਲਾਇਬ੍ਰੇਰੀ ਵੱਲ ਵਧਿਆ। ਉੱਥੇ ਦੋ ਕੁ ਲਾਇਬ੍ਰੇਰੀ ਦੀਆਂ ਸਟਾਫ ਮੈਂਬਰਾਂ ਬੈਠੀਆਂ ਸਨ ਤੇ ਇਕ ਗੋਰੀ ਲੜਕੀ ਪਰੇ ਪੁਸਤਕਾਂ ਦੀਆਂ ਅਲਮਾਰੀਆਂ ਵੱਲ ਬੈਠੀ ਸੀ। ਸਟਾਫ ਮੈਂਬਰਾਂ ਨਾਲ ਮੈਂ ਗੱਲ ਕਰਨ ਤੋਂ ਹਿਚਕਿਚਾ ਗਿਆ। ਮੈਂ ਪਰੇ ਬੈਠੀ ਲੜਕੀ ਪਾਸ ਗਿਆ।

"ਐਕਸਕਿਊਜ ਮੀ ਪਲੀਜ।"

"ਹੈਲੋ ਸਰ, ਹਊ ਆਈ ਕੈਨ ਹੈਲਪ ਯੂ?"

"ਕੀ ਤੁਹਾਡੇ ਪਾਸ 20 ਡਾਲਰ ਦਾ ਨੋਟ ਹੈ?"

ਮੈਂ ਅੰਗ੍ਰੇਜੀ ਵਿੱਚ ਬੋਲਦਾ ਗਿਆ। ਲੜਕੀ ਨੇ ਆਪਣਾ ਪਰਸ ਫੋਲਿਆ ਤੇ ਬੋਲੀ,"ਯੈੱਸ ਆਈ ਡੂ ਹੈਵ ਇੱਟ।"

ਪੈਰ ਪੈਰ ਤੇ ਖੌਫ!! ਅੱਜ ਦੀ ਜਮਾਤ ਆਮ ਰੋਜ ਦੀਆਂ ਜਮਾਤਾਂ ਵਾਂਗ ਨਹੀਂ ਸੀ। ਆਫਟਰ ਆਲ ਯੂਨੀਵਰਸਿਟੀ ਦੇ ਕਿਸੇ ਵੱਡੇ ਅਧਿਕਾਰੀ ਦੀ ਦੇਖ-ਰੇਖ ਵਿਚ ਵਧੀਆ ਪੇਸਕਾਰੀ ਦੇਣੀ ਸੀ। ਸੀ।

ਜਮਾਤ ਸੁਰੂ ਹੋਣ ਦਾ ਵਕਤ ਹੋ ਗਿਆ। ਮੈਂ ਜਾ ਕੇ ਕਮਰੇ ਦੇ ਮੂਹਰੇ ਖੜ ਗਿਆ। ਬੱਚੇ ਆ ਕੇ ਕਤਾਰ ਵਿੱਚ ਕਮਰੇ ਦੇ ਮੂਹਰੇ ਖੜ੍ਹ ਗਏ। ਮੈਂ ਉਨ੍ਹਾਂ ਨੂੰ ਤਰੀਕੇ ਨਾਲ ਬਿਨਾਂ ਕਿਸੇ ਧੱਕਾ ਮੁੱਕੀ ਦੇ ਕਮਰੇ ਅੰਦਰ ਦਾਖਲ ਕਰਵਾ ਦਿੱਤਾ। ਮੇਰਾ ਨਿਰੀਖਕ ਮੇਰੇ ਸੁਪਰਵਾਇਜਰ ਅਧਿਆਪਕ ਨਾਲ ਆਇਆ ਅਤੇ ਆ ਕੇ ਜਮਾਤ ਦੇ ਪਿੱਛੇ ਲੱਗੀ ਕੁਰਸੀ ਤੇ ਬੈਠ ਗਿਆ। ਮੈਂ ਦੋਹਾਂ ਨੂੰ 'ਗੁੱਡ ਡੇ' ਕਿਹਾ ਤੇ ਪੁੱਛਿਆ ਕਿ ਮੈਂ ਕੀ ਪੜ੍ਹਾਵਾਂ?

"ਮਿਸਟਰ ਸਿੰਘ! ਤੁਸੀਂ ਪਿਛਲੇ ਪੱਚੀ ਦਿਨ ਤੋਂ ਜਮਾਤ ਲੈਂਦੇ ਆ ਰਹੇ ਹੋ। ਪੜ੍ਹਾਉਦੇ-ਪੜ੍ਹਾਉਦੇ ਪੁਸਤਕ ਦੇ ਕਿਸ ਚੈਪਟਰ ਤੱਕ ਪਹੁੰਚੇ ਹੋ?" ਜੌਹਨ ਮੋਰਿਸ ਅੰਗਰੇਜੀ ਵਿੱਚ ਬੋਲਿਆ।

"ਜੌਹਨ! ਹੈ ਅੱਜ ਕੱਲ ਆਸਟ੍ਰੇਲੀਅਨ ਫੈਡਰੇਸਨ ਪੜ੍ਹਾ ਰਿਹਾ ਹਾਂ।"

"ਬਸ ਉਥੋਂ ਵੀ ਅੱਗੇ ਸੁਰੂ ਕਰ ਲਓ।"

ਮੈਂ ਪੜ੍ਹਾਉਣਾ ਸੁਰੂ ਕਰ ਦਿੱਤਾ। ਪੀਰੀਅਡ ਖਤਮ ਹੋ ਗਿਆ।

ਮੈਂ ਜਲਦੀ ਜਲਦੀ ਫਿਰ ਲਾਇਬ੍ਰੇਰੀ ਵੱਲ ਗਿਆ। ਉਹ ਲੜਕੀ ਨੇੜੇ ਹੀ ਖੜੀ ਸੀ। ਮੈਂ ਉਸ ਨੂੰ ਵੀਹ ਦਾ ਕਰੰਸੀ ਨੋਟ ਵਾਪਸ ਕਰਦੇ ਹੋਏ ਉਸ ਦਾ ਧੰਨਵਾਦ ਕੀਤਾ ਤੇ ਸੁਖ ਦਾ ਸਾਹ ਲਿਆ। ਮੈਨੂੰ ਇੰਝ ਕਰੰਸੀ ਨੋਟ ਉਸ ਲੜਕੀ ਨੂੰ ਦੇਂਦੇ ਨੂੰ ਫਿਰ ਕਈਆਂ ਨੇ ਵੇਖਿਆ। ਮੈਂ ਡਰਦਾ ਰਿਹਾ, ਪਰ ਅਣਹੋਣੀ ਕੋਈ ਨਾ ਵਾਪਰੀ। ਸਾਇਦ ਇਸ ਕਰਕੇ ਕਿ ਮੇਰੀ ਸੋਚ ਅਜੇ ਭਾਰਤੀ ਹੀ ਸੀ ਅਤੇ ਉਸ ਲੜਕੀ ਅਤੇ ਆਲੇ ਦੁਆਲੇ ਮੌਜੂਦ ਲੋਕਾਂ ਦੀ ਸੋਚ ਆਸਟ੍ਰੇਲੀਅਨ ਸੀ। ਮੈਨੂੰ ਮਹਿਸੂਸ ਹੋਇਆ ਕਿ ਉੱਚੀਆਂ ਪੌਣਾਂ ਉੱਚਿਆਂ ਪਹਾੜਾਂ 'ਤੇ ਹੀ ਵਗਦੀਆਂ ਹਨ।

ਇਸ ਪ੍ਰਕਾਰ ਮੇਰੇ ਤਰ੍ਹਾਂ ਤਰ੍ਹਾਂ ਦੇ ਡਰ ਅਤੇ ਖੌਫ ਦੇ ਉਹ ਚੌਵੀ ਘੰਟੇ ਤਾਂ ਪੂਰੇ ਹੋ ਗਏ। ਨਤੀਜਾ ਅਜੇ ਪੰਜ ਕੁ ਦਿਨ ਬਾਅਦ ਪਤਾ ਲੱਗਣਾ ਸੀ। ਭਾਵੇਂ ਆਸਟ੍ਰੇਲੀਆ ਵਿੱਚ ਜੇਠ ਹਾੜ ਪੰਜਾਬ ਵਾਂਗ ਨਹੀਂ ਤੱਪਦਾ, ਪਰ ਫਿਰ ਵੀ ਸਿਵ ਦੀ ਕਵਿਤਾ ਵਿਚ ਬਿਆਨ ਕੀਤਾ ਜੇਠ ਹਾੜ ਡੇਢ ਕੁ ਦਿਨ ਮੇਰੀ ਕਲਪਨਾ 'ਤੇ ਪੂਰੀ ਤਰ੍ਹਾਂ ਛਾਇਆ ਰਿਹਾ।

*****



# ਸ਼ਾਦੀਸ਼ੁਦਾ ਛੜਾ

***ਅਵਤਾਰ ਐਸ. ਸੰਘਾ***

ਰਿੱਕ ਦੇ ਮਾਪੇ ਉਸਤੋਂ ਅੰਤਾਂ ਦੇ ਦੁਖੀ ਸਨ। ਪੰਜਾਬ ਵਿੱਚ ਰਹਿੰਦੇ ਹੋਏ ਉਸਨੇ ਨਾ ਤਾਂ ਪੜ੍ਹਾਈ ਚੱਜ ਨਾਲ਼ ਕੀਤੀ ਤੇ ਨਾ ਹੀ ਕੋਈ ਕੰਮ ਕੀਤਾ। ਮਾਪਿਆਂ ਦੀ ਪੂਰੀ ਕੋਸ਼ਿਸ਼ ਕਰਨ ਤੇ ਉਹ ਬਾਹਰਵੀਂ ਜਮਾਤ ਵੀ ਪਾਸ ਨਾ ਕਰ ਸਕਿਆ। ਖੇਤੀ ਦੇ ਕੰਮ ਤੋਂ ਤਾਂ ਉਸਨੇ ਪੂਰਾ ਮੂੰਹ ਮੋੜ ਲ਼ਿਆ ਸੀ। ਜਦ ਪਿਓ ਨੇ ਕਹਿਣਾ, 'ਜਾਹ ਮੱਝ ਲਈ ਚਾਰਾ ਹੀ ਲੈ ਆ', ਤਾਂ ਉਸਨੇ ਪਿਓ ਨੂੰ ਟੁੱਟ ਕੇ ਪੈ ਜਾਣਾ, ਖੇਤੀ ਦੇ ਕੰਮ ਤਾਂ ਦੂਰ ਦੀ ਗੱਲ ਸੀ। ਜਦ ਉਹ ਖੇਤੀ ਤੋਂ ਪੂਰਾ ਮੂੰਹ ਮੋੜ ਗਿਆ ਤਾਂ ਪਿਓ ਨੇ ਉਸਨੂੰ ਕਾਰ ਲੈ ਦਿੱਤੀ। ਪਿਓ ਨੇ ਸੋਚਿਆ ਕਿ ਹੌਲ਼ੀ ਹੌਲ਼ੀ ਟੈਕਸੀ ਦੇ ਕਿੱਤੇ ਵਿੱਚ ਪੈ ਜਾਊ। ਜਦ ਰਿੱਕ ਨੂੰ ਟੈਕਸੀ ਦਾ ਕੰਮ ਕਰਦੇ ਨੂੰ ਦੋ ਕੁ ਮਹੀਨੇ ਹੋ ਗਏ ਤਾਂ ਉਸਨੇ ਇਸ ਕਿੱਤੇ ਨੂੰ ਵੀ ਗਾਲ਼ਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ, "ਮੈਂ ਇਹ 24 ਘੰਟੇ ਚਲੋ ਚਲੀ ਵਾਲ਼ਾ ਕੰਮ ਨਹੀਂ ਕਰ ਸਕਦਾ। ਸਵੇਰੇ ਨੂੰ ਇੱਥੇ। ਸ਼ਾਮ ਨੂੰ ਦਿੱਲੀ। ਸਾਥੀ ਡਰਾਇਵਰਾਂ ਨਾਲ਼ ਨਿਘੋਚਾਂ। ਹਰ ਵੇਲ਼ੇ ਬੰਦਾ ਸੜਕ ਤੇ। ਹਰ ਵੇਲ਼ੇ ਐਕਸੀਡੈਂਟ ਦਾ ਡਰ। ਪਰਸੋਂ ਕਰਨਾਲ ਨੇੜੇ ਕਾਰ ਖਰਾਬ ਹੋ ਗਈ। ਸਾਰੀ ਰਾਤ ਠੀਕ ਕਰਨ ਨੂੰ ਲੱਗ ਗਈ। ਥਾਂ ਥਾਂ ਬੈਰੀਅਰ। ਪੈਸਿਆਂ ਦਾ ਖੌਅ। ਮਾੜੇ ਮੁਸਾਫਰ। ਲੁੱਟ ਖੋਹ ਦਾ ਹਰ ਵੇਲ਼ੇ ਡਰ। ਪਿਛਲੇ ਹਫਤੇ ਦੋ ਮਾੜੇ ਬੰਦੇ ਬਹਿ ਗਏ। ਜਦ ਤੱਕ ਆਪਣੇ ਟਿਕਾਣੇ ਤੇ ਨਹੀਂ ਪਹੁੰਚ ਗਏ, ਡਰ ਹੀ ਡਰ। ਇਵੇਂ ਲੱਗੀ ਜਾਵੇ ਜਿਵੇਂ ਕਾਰ ਨੂੰ ਹਾਈਜੈਕ ਕਰਕੇ ਅਸੰਧ ਤੇ ਰੋਹਤਕ ਵਲ ਨੂੰ ਨਾ ਲੈ ਜਾਣ। ਮੈਂ ਨਹੀਂ ਇਹ ਕੰਮ ਕਰਨਾ। ਟੈਕਸੀ ਸਟੈਂਡ ਦੇ ਮੂਹਰੇ 'ਛੜਾ ਮਕੈਨੀਕਲ ਵਰਕਸ' ਹੈ। ਮਾਲਕ ਕੇਵਲ ਸਿੰਘ ਛੜਾ ਹੈ। ਉਹਦੇ ਨਾਲ਼ ਗੱਲ ਕਰਕੇ ਮੈਨੂੰ ਮਕੈਨਕੀ ਸਿੱਖਣ ਲਗਾ ਦਿਓ। ਸਾਲ ਕੁ ਕੰਮ ਸਿੱਖ ਕੇ ਆਪਣੀ ਵਰਕਸ਼ਾਪ ਖੋਲ੍ਹ ਲਵਾਂਗੇ।"

"ਛੜਾ ?" ਪਿਓ ਨੇ ਹੈਰਾਨ ਹੋ ਕੇ ਪੁੱਛਿਆ।

"ਉਹ ਬੜੇ ਪਿੰਡ ਵਾਲ਼ਾ।"

"ਕੇਵਲ?"

"ਹਾਂ, ਕੇਵਲ।"

"ਕੀ ਉਹ ਹੁਣ ਤੱਕ ਛੜਾ ਹੀ ਏ? ਬੁੱਢ ਬਲੇਦ ਹੋ ਗਿਆ ਏ?"

"ਪਿਤਾ ਜੀ, ਉਹ ਵਿਆਹਿਆ ਵਰਿਆ ਹੋਇਆ ਸੀ। ਉਹਦੇ ਦੋ ਬੱਚੇ ਵੀ ਹਨ।"

"ਫਿਰ ਉਹਨੂੰ ਛੜਾ ਕਿਓਂ ਕਹਿੰਦੇ ਹੋ?"

"ਅਸਲ ਵਿੱਚ ਉਸਦੀ ਘਰਵਾਲ਼ੀ ਕਿਸੇ ਨਾਲ਼ ਦੌੜ ਗਈ ਸੀ। ਸ਼ੁਗਲ ਵਿੱਚ ਟੈਕਸੀ ਡਰਾਇਵਰਾਂ ਨੇ ਉਸਦੀ ਅੱਲ 'ਛੜਾ' ਹੀ ਪਾ ਲਈ। ਆਪਣੇ ਇੱਕ ਡਰਾਇਵਰ ਏ--ਭੀਲਾ। ਬੜਾ ਬਹਿਬਤੀ ਏ। ਉਹਦੀ ਦੁਕਾਨ ਮੂਹਰੇ ਦਰਵਾਜੇ ਤੇ ਹਰੇ ਰੰਗ ਨਾਲ਼ 'ਛੜੇ ਦੀ ਦੁਕਾਨ' ਲਿਖ ਆਇਆ। ਮੂਹਰੇ ਉਹ ਭੀਲੇ ਦਾ ਵੀ ਪਤੰਦਰ! ਉਹਨੇ ਇਹ ਆਪਣੇ ਫੱਟੇ ਤੋਂ ਸਾਫ ਹੀ ਨਹੀਂ ਕਰਵਾਇਆ। ਹੌਲ਼ੀ ਹੌਲ਼ੀ ਲੋਕ ਉਸ ਦੁਕਾਨ ਨੂੰ ਛੜੇ ਦੀ ਵਰਕਸ਼ਾਪ ਹੀ ਸੱਦਣ ਲੱਗ ਪਏ।"

ਇਸ ਪ੍ਰਕਾਰ ਰਿੱਕ ਨੇ ਟੈਕਸੀ ਕਿੱਤਾ ਛੱਡ ਦਿੱਤਾ ਤੇ ਛੜੇ ਨਾਲ਼ ਕੰਮ ਸਿੱਖਣ ਲੱਗ ਪਿਆ। ਉਹਨੂੰ ਇੱਥੇ ਵੀ ਸੰਤੁਸ਼ਟੀ ਨਾ ਹੋਈ। ਛੇ ਕੁ ਮਹੀਨੇ ਵਿੱਚ ਹੀ ਉਹ ਇਸ ਕੰਮ ਤੋਂ ਵੀ ਉਕਤਾ ਗਿਆ। ਅਸਲ ਵਿੱਚ ਉਸਦੇ ਪਿੰਡ ਚੋਂ ਵੀ ਤੇ ਆਲ਼ੇ ਦੁਆਲ਼ੇ ਦੇ ਪਿੰਡਾਂ ਚੋਂ ਵੀ ਬਹਤ ਸਾਰੇ ਮੁੰਡੇ ਬਾਹਰਲੇ ਦੇਸ਼ਾਂ ਨੂੰ ਜਾ ਰਹੇ ਸਨ। ਕੋਈ ਸਹੀ ਤਰੀਕੇ ਨਾਲ਼ ਜਾ ਰਿਹਾ ਸੀ ਤੇ ਕੋਈ ਗਲਤ ਤਰੀਕੇ ਨਾਲ਼। ਟਰੈਵਲ ਏਜੰਟ ਜਵਾਨ ਤਬਕੇ ਨੂੰ ਕੈਨੇਡਾ, ਆਸਟਰੇਲੀਆ, ਇਟਲੀ, ਅਮਰੀਕਾ, ਨਿਊਜ਼ੀਲੈਂਡ ਆਦਿ ਵਿੱਚ ਸੈਟ ਕਰਨ ਦੇ ਝਾਂਸੇ ਦੇ ਰਹੇ ਸਨ। ਰਿੱਕ ਵੀ ਇਨ੍ਹਾਂ ਝਾਂਸਿਆਂ ਦਾ ਸ਼ਿਕਾਰ ਹੋਣ ਤੋਂ ਨਾ ਬਚ ਸਕਿਆ। ਏਜੰਟਾਂ ਨੇ ਇੱਕ ਨਵਾਂ ਤਰੀਕਾ ਵੀ ਖੋਜ ਕਰ ਮਾਰਿਆ ਸੀ। ਇਹ ਸੀ ਠੇਕੇ ਦਾ ਵਿਆਹ ਜਾਂ ਕੰਟਰੈਕਟ ਵਿਆਹ। ਬਾਹਰਲੇ ਦੇਸ਼ਾਂ ਵਿੱਚ ਪੱਕੀ ਹੋ ਚੁੱਕੀ ਲੜਕੀ ਨੇ ਤਾਂ ਰਿੱਕ ਨੂੰ ਵਿਆਹ ਦੇ ਆਧਾਰ ਤੇ ਕੀ ਬੁਲਾਉਣਾ ਸੀ? ਕਾਰਨ ਸੀ ਰਿੱਕ ਦੀ ਘੱਟ ਪੜ੍ਹਾਈ ਤੇ ਅਨਪੜ੍ਹ ਪਿਛੋਕੜ। ਠੇਕੇ ਦੇ ਵਿਆਹ ਦੇ ਆਧਾਰ ਤੇ ਉਸਦਾ ਕੇਸ ਗੌਰਿਆ ਜਾ ਸਕਦਾ ਸੀ ਕਿਉਂਕਿ ਉਹ ਪਾਸ ਜਮੀਨ ਦੇ ਪੰਜ ਕੁ ਖੇਤ ਸਨ। ਅਖਬਾਰਾਂ ਵਿੱਚ ਵਿਆਹ ਦੇ ਆਧਾਰ ਤੇ ਬਾਹਰ ਜਾਣ ਲਈ ਇਸ ਪ੍ਰਕਾਰ ਦੇ ਇਸ਼ਤਿਹਾਰ ਲੋਕਾਂ ਦਾ ਆਮ ਧਿਆਨ ਖਿੱਚਦੇ ਸਨ:-

"ਆਈਲੈਟਸ ਪਾਸ ਲੜਕੀ ਲਈ ਉਸ ਲੜਕੇ ਦੀ ਜਰੂਰਤ ਹੈ ਜਿਹੜਾ 20 ਲੱਖ ਰੁਪਏ ਖਰਚ ਕਰ ਸਕਦਾ ਹੋਵੇ। ਇਹ ਸਿਰਫ ਕਾਗਜ਼ੀ ਵਿਆਹ ਹੋਵੇਗਾ ਤੇ ਸਿਰਫ ਉਦੋਂ ਤੱਕ ਚਲਦਾ ਰਹੇਗਾ ਜਦ ਤੱਕ ਲੜਕੀ ਆਪ ਪੱਕੀ ਹੋ ਕੇ ਲੜਕੇ ਨੂੰ ਪੱਕਾ



ਨਹੀਂ ਕਰਵਾ ਦਿੰਦੀ।"

ਏਜੰਟਾਂ ਪਾਸ ਇਹੋ ਜਿਹੇ ਹੋਰ ਵੀ ਕਈ ਕੇਸ ਸਨ।

"ਡੈਡੀ, ਸਾਰਾ ਪੰਜਾਬ ਤਾਂ ਬਾਹਰ ਨੂੰ ਤੁਰਿਆ ਹੋਇਆ ਏ। ਤੁਸੀਂ ਮੈਨੂੰ ਐਵੇਂ ਇੱਥੇ ਟੁੱਟੀਆਂ ਫੁੱਟੀਆਂ ਨੌਕਰੀਆਂ ਜਾਂ ਕੰਮਕਾਰਾਂ ਵਿੱਚ ਨੂੰ ਧੱਕੀ ਜਾ ਰਹੇ ਹੋ। 'ਰਿਸ਼ਤੇ ਹੀ ਰਿਸ਼ਤੇ' ਮੈਰਿਜ ਬਿਊਰੋ ਦੇ ਰੋਜ਼ ਅਖਬਾਰ ਵਿੱਚ ਅੰਤਾਂ ਦੇ ਇਸ਼ਤਿਹਾਰ ਹੁੰਦੇ ਹਨ। ਜਿਹੜੇ ਪੈਸੇ ਤੁਸੀਂ ਇੱਥੇ ਮੈਨੂੰ ਕੰਮ ਖੋਲ ਕੇ ਦੇਣ ਤੇ ਲਗਾਉਣੇ ਚਾਹੁੰਦੇ ਹੋ ਪਲੀਜ਼ ਉਹ ਪੈਸੇ ਕਿਸੇ ਲੜਕੀ ਵਾਲ਼ਿਆਂ ਨੂੰ ਦੇ ਕੇ ਮੈਨੂੰ ਮੈਲਬੌਰਨ ਭਿਜਵਾ ਦਿਓ। ਜਿੰਦਗੀ ਭਰ ਦਾ ਸੁੱਖ ਤੁਹਾਡੇ ਲਈ ਵੀ ਤੇ ਮੇਰੇ ਲਈ ਵੀ। ਰੋਜ਼ ਲੜਕੀਆਂ ਧੜਾ ਧੜ ਆਈਲੈਟਸ ਪਾਸ ਕਰੀ ਜਾ ਰਹੀਆਂ ਹਨ ਤੇ ਲੜਕੇ ਕਾਗਜ਼ੀ ਵਿਆਹ ਕਰਵਾ ਕੇ ਜਹਾਜ ਚੜ੍ਹੀ ਜਾ ਰਹੇ ਹਨ। ਪਿਛਲੇ ਇੱਕ ਹਫਤੇ ਵਿੱਚ ਵਿੱਚ ਨਾਲ਼ ਦੇ ਪਿੰਡਾਂ ਦੇ 12 ਮੁੰਡੇ ਜਹਾਜ ਚੜ੍ਹੇ ਹਨ। ਅੱਧੇ ਕੁ ਕੈਨੇਡਾ ਨੂੰ ਗਏ ਹਨ ਤੇ ਬਾਕੀ ਆਸਟਰੇਲੀਆ ਤੇ ਇਟਲੀ ਨੂੰ।"

"ਬੇਟੇ ਰਿੱਕ, ਕੀ ਅਜੀਬ ਗੱਲਾਂ ਕਰੀ ਜਾ ਰਿਹਾ ਏਂ। ਇੱਕ ਕੰਵਾਰੀ ਲੜਕੀ ਇੱਕ ਅਣਜਾਣ ਮੁੰਡੇ ਨਾਲ਼ ਵਿਆਹ ਕਰਵਾ ਕੇ ਦੂਜੇ ਦੇਸ਼ ਵਿੱਚ ਜਾਵੇ। ਕਿੰਨੀ ਅਜੀਬ ਗੱਲ ਏ ਕਿ ਲੜਕਾ ਕਿਤੇ ਰਹੇ ਤੇ ਲੜਕੀ ਕਿਸੇ ਹੋਰ ਸ਼ਹਿਰ ਵਿੱਚ। ਜਵਾਨ ਖੂਨ! ਕੀ ਮਹਿਕਮੇ ਵਾਲ਼ੇ ਛਾਪੇ ਨਹੀਂ ਮਾਰਦੇ ਹੋਣਗੇ? ਮਹਿਕਮੇ ਨੂੰ ਵਿਆਹ ਵਿਆਹ ਲਗਣਾ ਚਾਹੀਦਾ ਏ। ਇਹ ਖੇਡ ਕੁਝ ਮਹੀਨਿਆਂ ਦੀ ਨਹੀਂ, ਸਾਲਾਂ ਦੀ ਏ। ਨਵੇਂ ਦੇਸ਼ਾਂ ਵਿੱਚ ਇਹ ਖੇਡ ਸਿਰੇ ਕਿਵੇਂ ਚੜ੍ਹਦੀ ਹੋਊ? ਬਹੁਤੇ ਕੇਸਾਂ ਵਿੱਚ ਮੁੰਡੇ ਅਨਪੜ੍ਹ ਜਿਹੇ ਹਨ ਤੇ ਕੁੜੀਆਂ ਗਰੈਜੂਏਟ। ਜੇ ਫੜ੍ਹ ਹੋ ਜਾਣ ਤਾਂ ਦੋਨੋ ਵਾਪਸ ਆਪਣੇ ਦੇਸ਼। ਕੇਸ ਦੀਆਂ ਕੜੀਆਂ ਜੋੜ ਕੇ ਰੱਖਣੀਆਂ ਬਹੁਤ ਮੁਸ਼ਕਿਲ ਹਨ। ਤੈਨੂੰ ਪਤਾ ਹੀ ਏ, ਇੱਕ ਜੋੜ ਟੁੱਟ ਜਾਵੇ ਤਾਂ ਸਾਰੀ ਮਾਲ਼ਾ ਟੁੱਟ ਜਾਂਦੀ ਏ। ਲੱਖਾਂ ਰੁਪਏ ਬਰਬਾਦ! ਰਿੱਕ, ਤੂੰ ਮੈਨੂੰ ਪਰੇਸ਼ਾਨੀ ਵਿੱਚ ਪਾਵੇਂਗਾ ਹੀ।"

"ਨਹੀਂ, ਡੈਡੀ ਬਿਲਕੁਲ ਵੀ ਨਹੀਂ। ਤੁਸੀਂ ਮਾੜੀ ਮੋਟੀ ਗੱਲ ਤੇ ਪਰੇਸ਼ਾਨ ਹੋ ਜਾਂਦੇ ਹੋ। ਜਿਹੜੇ ਮੁੰਡੇ ਗਏ, ਉਹਨਾਂ ਚੋਂ ਕੋਈ ਵੀ ਵਾਪਸ ਨਹੀਂ ਆਇਆ। ਸੁਣਨ ਵਿੱਚ ਆਇਆ ਹੈ ਕਿ ਆਸਟਰੇਲੀਆ ਬਹੁਤ ਹੀ ਸੁਰੱਖਿਅਤ ਦੇਸ਼ ਹੈ। ਲੋਕ ਤਾਂ ਜਰਮਨੀ ਤੇ ਗਰੀਸ ਨੂੰ ਵੀ ਜਾਈ ਜਾ ਰਹੇ ਹਨ। ਆਸਟਰੇਲੀਆ ਤਾਂ ਵੱਡਾ ਵੀ ਬਹੁਤ ਏ। ਬੰਦਾ ਲੁਕ ਛਿਪ ਵੀ ਆਰਾਮ ਨਾਲ਼ ਸਕਦਾ ਏ। ਸਹੂਲਤਾਂ ਨਾਲ਼ ਭਰਿਆ ਹੋਇਆ ਦੇਸ਼। ਆਬਾਦੀ ਸਿਰਫ ਢਾਈ ਕਰੋੜ। ਚੀਜ਼ਾਂ ਦੀ ਬਹੁਤਾਤ, ਬੰਦਿਆਂ ਦੀ ਘਾਟ! ਕਹਿੰਦੇ, ਅੰਤਾਂ ਦਾ ਸੈਰ ਸਪਾਟਾ ਏ। ਬਾਗਾਂ, ਬਗੀਚਿਆਂ, ਨਾਲ਼ ਭਰਿਆ ਦੇਸ਼! ਨਾਲ਼ੇ ਮੈਂ ਤਾਂ ਪੂਰੇ ਕਾਨੂੰਨੀ ਤਰੀਕੇ ਨਾਲ਼ ਜਾਵਾਂਗਾ। ਨਾਲ਼ੇ ਸਿੱਕਾ ਦੇਖ। 57

ਰੁਪਏ ਦਾ ਇੱਕ ਡਾਲਰ। ਸੁਣਿਐਂ, ਬੰਦਾ ਹਫਤੇ ਦੇ ਇੱਕ ਹਜ਼ਾਰ ਡਾਲਰ ਤਾਂ ਆਰਾਮ ਨਾਲ਼ ਬਣਾ ਲੈਂਦੇ। ਤੁਸੀਂ ਜਾਣਦੇ ਹੋ, ਮੈਂ ਕਿੰਨਾ ਮਿਹਨਤੀ ਹਾਂ। ਮੈਂ ਤਾਂ ਲਗਾ ਦੇਊਂ ਡਾਲਰਾਂ ਦੇ ਢੇਰ। ਜਮੀਨ ਗਹਿਣੇ ਰੱਖੋ। ਮੈਂ ਤਿੰਨ ਕੁ ਸਾਲ ਵਿੱਚ ਹੀ ਛੁਡਾ ਲਵਾਂਗਾ। ਡੈਡੀ, ਆਓ ਮੈਰਿਜ ਬਿਊਰੋ ਵਾਲ਼ਿਆਂ ਪਾਸ ਚਲੀਏ। ਜਲਦੀ ਕਰੋ। ਕਿਤੇ ਕਾਨੂੰਨ ਹੀ ਨਾ ਬਦਲ ਜਾਵੇ। ਕਈ ਵਾਰ ਦੇਸ਼ ਸਾਰੀ ਦੀ ਸਾਰੀ ਮਾਈਗਰੇਸ਼ਨ ਬੰਦ ਵੀ ਕਰ ਦਿੰਦੇ ਹਨ। ਸੁਣਿਐਂ, ਹੁਣ ਤੋਂ 70-80 ਸਾਲ ਪਹਿਲਾਂ ਆਸਟਰੇਲੀਆ ਨੇ ਪਾਲਿਸੀ ਬਣਾ ਕੇ ਉਹ ਸਾਰੇ ਲੋਕ ਆਉਣੇ ਬੰਦ ਕਰ ਦਿੱਤੇ ਸਨ ਜਿਹੜੇ ਗੋਰੇ ਨਹੀਂ ਸਨ। ਏਜੰਟ ਦੱਸਦਾ ਸੀ ਕਿ ਆਸਟਰੇਲੀਆ ਨੇ ਇਸ ਪਾਲਿਸੀ ਦਾ ਨਾਮ ਵਾਈਟ ਆਸਟਰੇਲੀਆ ਪਾਲਿਸੀ (White Australia Policy) ਰੱਖਿਆ ਸੀ। ਡੈਡੀ, ਵਗਦੀ ਗੰਗਾ ਵਿੱਚ ਹੱਥ ਧੋ ਲਓ। ਆਸਟਰੇਲੀਆ ਕਾਨੂੰਨ ਬਹੁਤ ਜਲਦੀ ਬਦਲਦਾ ਏ।"

ਦੂਜੇ ਦਿਨ ਦੋਨੋ ਪਿਓ ਪੁੱਤ ਮੈਰਿਜ ਬਿਊਰੋ ਦੀ ਦਹਿਲੀਜ਼ ਤੇ ਖੜ੍ਹੇ ਸਨ।

"ਸਰਦਾਰ ਜੀ, ਕਿਵੇਂ ਆਉਣਾ ਹੋਇਆ? ਕੀ ਖਿਦਮਤ ਕਰ ਸਕਦਾ ਹਾਂ?" ਮੈਨੇਜਰ ਦੀਆਂ ਅੱਖਾਂ ਵਿੱਚ ਚਮਕ ਸੀ।

"ਮੈਨੇਜਰ ਸਾਹਿਬ, ਇਹ ਮੇਰਾ ਲੜਕਾ ਰਿੱਕ ਹੈ। ਇਹ ਆਸਟਰੇਲੀਆ ਜਾਣ ਲਈ ਜ਼ਿੱਦ ਕਰ ਰਿਹਾ ਏ। ਕੋਈ ਤਰੀਕਾ ਦੱਸੋਗੇ?"

"ਇਹਦੀ ਪੜ੍ਹਾਈ ਕਿੰਨੀ ਏ? ਇਹ ਕੀ ਕੰਮ ਕਰਦਾ ਏ?"

"ਇਹ ਬਾਹਰਵੀਂ ਜਮਾਤ ਚੋਂ ਫੇਲ੍ਹ ਹੋ ਗਿਆ ਸੀ। ਕੁਝ ਸਮਾਂ ਟੈਕਸੀ ਚਲਾਉਂਦਾ ਰਿਹਾ। ਫਿਰ ਇੱਕ ਮਕੈਨਿਕ ਨਾਲ਼ ਲਗਾ ਕੇ ਕੰਮ ਸਿੱਖਣ ਲੱਗ ਪਿਆ। ਹੁਣ ਬਾਹਰ ਜਾਣ ਲਈ ਪਾਗਲ ਹੋਇਆ ਪਿਐ। ਮੈਂ ਦੁਚਿੱਤੀ ਵਿੱਚ ਹਾਂ। ਪਤਾ ਲੱਗਾ ਹੈ ਕਿ ਠੇਕੇ ਦੇ ਵਿਆਹਾਂ ਰਾਹੀਂ ਲੋਕ ਬਾਹਰ ਸੈੱਟ ਹੋ ਰਹੇ ਨੇ। ਤੁਹਾਡਾ ਕੀ ਵਿਚਾਰ ਏ?"

"ਆਹ ਪਿਛਲੇ ਛੇ ਮਹੀਨਿਆਂ ਦੀ ਲਿਸਟ ਹੈ ਕਨਟ੍ਰੈਕਟ ਵਿਆਹਾਂ ਦੀ। ਇਹ ਅਸੀਂ ਕਰਵਾਏ ਹਨ। ਆਹ ਲਿਸਟ ਹੈ ਜਿਹੜੇ ਰਿਸ਼ਤਾ ਲੱਭ ਰਹੇ ਹਨ," ਮੈਨੇਜਰ ਨੇ ਦੋਨੋ ਲਿਸਟਾਂ ਰਿੱਕ ਵੱਲ ਕਰ ਦਿੱਤੀਆਂ,"ਕਹੋ ਤਾਂ ਅਸੀਂ ਇਨ੍ਹਾਂ ਵਿੱਚੋਂ ਤੁਹਾਨੂੰ ਕੋਈ ਰਿਸ਼ਤਾ ਟਕਰਾ ਦਿੰਦੇ ਹਾਂ। ਸ਼ੁਰੂ ਸ਼ੁਰੂ ਵਿੱਚ ਕੁਝ ਪਰੇਸ਼ਾਨੀਆਂ ਤੇ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਹੌਲ਼ੀ ਹੌਲ਼ੀ ਸਭ ਠੀਕ ਹੋ ਜਾਂਦਾ ਏ। ਕਈ ਕੇਸਾਂ ਵਿੱਚ ਤਾਂ ਸਾਡਾ ਏਜੰਟ ਜੋੜੇ ਨੂੰ ਧੁਰ ਮੈਲਬੌਰਨ ਛੱਡ ਕੇ ਵੀ ਅਇਆ ਹੈ।"

"ਕੀ ਇਸ ਪ੍ਰਕਾਰ ਦੇ ਕੇਸਾਂ ਵਿੱਚ ਵੱਧ ਪੈਸੇ ਲਗਦੇ ਹਨ?"

"ਹਾਂ, ਦੋ ਲੱਖ ਵੱਧ ਖਰਚਣਾ ਪਊ। ਸਾਡਾ ਬੰਦਾ ਜੋੜੇ ਨੂੰ ਸਿਸਟਮ ਤੋਂ ਜਾਣੂ ਕਰਵਾ ਕੇ ਆਊ।"



"ਮੈਨੇਜਰ ਸਾਹਿਬ, ਅਣਜਾਣ ਮੁੰਡਾ ਕੁੜੀ ਇੱਕ ਛੱਤ ਹੇਠ ਕਿਵੇਂ ਰਹਿੰਦੇ ਹੋਣਗੇ? ਬਹੁਤ ਅਜੀਬ ਲਗਦਾ ਹੈ। ਸਾਰਾ ਪੈਸਾ ਕਿੰਨਾ ਲੱਗੂ?"

"ਸਭ ਕੁਝ ਯਕੀਨ ਤੇ ਸਵੈ ਕਾਬੂ ਤੇ ਨਿਰਭਰ ਕਰਦਾ ਹੈ। ਕਾਮਯਾਬ ਹੋਣ ਲਈ ਕੁਰਬਾਨੀ ਕਰਨੀ ਪੈਂਦੀ ਏ। ਲੜਕੀ ਪੜ੍ਹਨ ਲੱਗ ਜਾਂਦੀ ਏ ਤੇ ਲੜਕਾ ਕੰਮ ਕਰਦਾ ਏ। ਪਹਿਲਾਂ 2-3 ਸਾਲ ਬਾਅਦ ਲੜਕੀ ਪੱਕੀ ਹੋਊ ਤੇ ਫਿਰ ਉਹਦੇ ਸਿਰ ਤੇ ਲੜਕਾ। ਜੇ ਚਾਹੁਣ ਤਾਂ ਫਿਰ ਇਹ ਦੋਨੋ ਤਲਾਕ ਲੈ ਕੇ ਹੋਰ ਵਿਆਹ ਕਰਵਾ ਸਕਦੇ ਹਨ। ਇਸ ਸਭ ਕਾਸੇ ਤੇ ਤੁਹਾਡਾ 20-22 ਲੱਖ ਰੁਪਿਆ ਤਾਂ ਲੱਗ ਹੀ ਜਾਊ। ਬਹੁਤਾ ਖਰਚਾ ਲੜਕੀ ਤੇ ਹੋ ਜਾਂਦਾ ਏ। ਅਸੀਂ ਤਾਂ ਆਪਣਾ ਵਾਜਬ ਪੈਸਾ ਹੀ ਲੈਂਦੇ ਹਾਂ। ਹਵਾਈ ਟਿਕਟ ਇਸਤੋਂ ਅਲੱਗ ਹੈ। ਜੇ ਤਿਆਰ ਹੋ ਤਾਂ ਮੈਂ ਤੁਹਾਨੂੰ ਕੁਝ ਕੇਸ ਦਿਖਾ ਸਕਦਾ ਹਾਂ।"

"ਕੀ ਅਸੀਂ ਪੈਸਾ ਦੋ ਕਿਸ਼ਤਾਂ ਵਿੱਚ ਦੇ ਸਕਦੇ ਹਾਂ? ਅੱਧਾ ਹੁਣ ਤੇ ਅੱਧਾ ਉਦੋਂ ਜਦੋਂ ਰਿੱਕ ਆਸਟਰੇਲੀਆ ਪਹੁੰਚ ਜਾਊ?"

"ਨਹੀਂ, ਇਵੇਂ ਨਹੀਂ ਹੋ ਸਕਦਾ। ਸਾਰਾ ਪੈਸਾ ਸ਼ੁਰੂ ਵਿੱਚ ਹੀ ਦੇਣਾ ਪਊ। ਜਦ ਪੇਮੈਂਟ ਹੋ ਗਈ, ਫਿਰ ਸਾਰੀ ਜ਼ਿੰਮੇਵਾਰੀ ਸਾਡੀ। ਨੋ ਟੈਨਸ਼ਨ ਐਟ ਔਲ।"

ਰਿੱਕ ਤੇ ਉਸਦਾ ਬਾਪ ਮੈਰਿਜ਼ ਬਿਊਰੋ ਤੋਂ ਵਾਪਿਸ ਆ ਗਏ। ਕੇਸ ਤੇ ਹੋਰ ਬਾਰੀਕੀ ਨਾਲ਼ ਵਿਚਾਰ ਕਰਨ ਲੱਗੇ।

"ਡੈਡੀ, ਮੈਂ ਕੱਲ ਹੀ ਬਸੰਤਕੋਟੀਏ ਸੇਮੀ ਨੂੰ ਫੋਨ ਕੀਤਾ ਸੀ। ਉਹ ਕਹਿੰਦਾ ਕਿ ਉਹ ਗ੍ਰਿਫਤ ਸ਼ਹਿਰ ਵਿੱਚ ਗੰਢੇ ਪੁੱਟਣ ਦਾ ਕੰਮ ਕਰ ਰਿਹਾ ਏ। ਹਫਤੇ ਦੇ ਹਜ਼ਾਰ ਡਾਲਰ ਬਣਾ ਲੈਂਦਾ ਏ। ਧਿਆਨਪੁਰੀਆ ਨਿੰਮਾ ਵੂਲਗੂਲਗੇ ਕੇਲੇ ਤੇ ਬਲਿਊਬੇਰੀ ਤੋੜ ਰਿਹਾ ਏ। ਪੰਡੋਰੀ ਵਾਲ਼ਾ ਪਿੰਦਾ ਮੈਲਬੌਰਨ ਵਿੱਚ ਹੀ ਕਾਰਾਂ ਧੋਂਦਾ ਹੈ। ਇਨ੍ਹਾਂ ਨੂੰ ਮੈਂ ਅੱਜ ਫੋਨ ਕਰਾਂਗਾ। ਸਾਰੇ ਮੌਜਾਂ ਕਰਦੇ ਹਨ। ਜਿਨ੍ਹਾਂ ਲੜਕੀਆਂ ਦੇ ਸਿਰ ਤੇ ਉਹ ਗਏ ਹਨ ਉਹ ਕਾਲਜਾਂ ਵਿੱਚ ਪੜ੍ਹ ਰਹੀਆਂ ਹਨ। ਪੱਕੇ ਹੋ ਕੇ ਪੰਜਾਬ ਆਉਣਗੇ ਤੇ ਆਪਣੀ ਮਰਜੀ ਦੀਆਂ ਕੁੜੀਆਂ ਨਾਲ਼ ਵਿਆਹ ਕਰਵਾਉਣਗੇ। ਮਾਲਾ ਮਾਲ ਹੋ ਜਾਣਗੇ। ਉੱਧਰੋਂ ਵੀ ਪੈਸਾ ਲਿਆਉਣਗੇ। ਇੱਧਰ ਆ ਕੇ ਮੂੰਹ ਮੰਗਿਆ ਦਾਜ ਲੈਣਗੇ। ਡੈਡੀ, ਹੌਸਲਾ ਕਰ ਲੈ। ਵੈਸੇ ਉਨ੍ਹਾਂ ਦੇਸ਼ਾਂ ਵਿੱਚ ਇੱਕ ਹੋਰ ਕਾਨੂੰਨ ਬਾਰੇ ਸੁਣ ਕੇ ਸ਼ਾਇਦ ਉਹਾਨੂੰ ਹੈਰਾਨੀ ਹੋਵੇਗੀ। ਇਹ ਮੈਂ ਸ਼ੁਗਲ ਲਈ ਦੱਸ ਰਿਹਾ ਹਾਂ।"

"ਉਹ ਕੀ?"

"ਇਸਨੂੰ ਡੀ-ਫੈਕਟੋ ਵਿਆਹ (de-facto marriage) ਕਹਿੰਦੇ ਹਨ।"

"ਮਤਲਬ?"

"ਲੜਕਾ ਲੜਕੀ ਵਿਆਹ ਤੋਂ ਬਗੈਰ ਵੀ ਇਕੱਠੇ ਰਹਿ ਸਕਦੇ ਹਨ।"

"ਇਹ ਕੀ ਬਕਵਾਸ ਹੋਇਆ? ਇਸਦਾ ਮਤਲਬ ਉੱਥੇ ਮਨੁੱਖੀ ਕਦਰਾਂ ਕੀਮਤਾਂ ਦਾ ਪੂਰਾ ਵਢਾਂਗਾ ਹੋ ਰਿਹਾ ਏ। ਵਿਆਹ ਤੋਂ ਬਗੈਰ ਇਕੱਠੇ ਰਹਿਣਾ ਤਾਂ ਵਹਿਸ਼ੀਆਨਾ ਪ੍ਰਵਿਰਤੀ ਏ। ਮੈਂ ਹੈਰਾਨ ਹਾਂ ਕਿ ਤੇਰੇ ਜਿਹੇ ਬੰਦੇ ਇਸ ਬਾਰੇ ਗੱਲ ਕਰਕੇ ਖੁਸ਼ ਹੋ ਰਹੇ ਹਨ।"

"ਤੁਸੀਂ ਨਹੀਂ ਜਾਣਦੇ, ਇਸ ਪ੍ਰਕਾਰ ਦੇ ਵਿਆਹ ਦਾ ਇੱਕ ਲਾਭ ਵੀ ਏ। "

"ਲਾਭ?"

"ਹਾਂਜੀ, ਡੈਡੀ।"

"ਮੈਨੂੰ ਲਗਦਾ, ਇਹ ਹਰਾਮਜ਼ਦਗੀ ਦੀ ਸਿਖਰ ਹੈ। ਮੈਨੂੰ ਲਗਦਾ, ਤੂੰ ਪਾਗਲ ਹੋ ਗਿਆ ਏਂ।"

"ਇਸ ਪ੍ਰਕਾਰ ਦਾ ਵਿਆਹ ਕਰਨ ਵਾਲ਼ਿਆਂ ਨੂੰ ਸਰਕਾਰ ਪੈਸੇ ਦਿੰਦੀ ਏ।"

"ਤੂੰ ਇਹ ਛੱਡ। ਤੂੰ ਤਾਂ ਕਾਨੂੰਨੀ ਤੌਰ ਤੇ ਜਾ ਰਿਹਾ ਏਂ। ਜੇ ਪੱਕਾ ਨਾ ਹੋ ਸਕਿਆ?"

"ਡੈਡੀ, ਟੈਨਸ਼ਨ ਛੱਡੋ, ਲੜਕੀ ਵਾਲ਼ਿਆਂ ਨੂੰ ਉਨ੍ਹਾਂ ਦਾ ਹਿੱਸਾ ਮਿਲ਼ ਜਾਊ। ਮੈਰਿਜ ਬਿਊਰੋ ਆਪਣਾ ਕਮਿਸ਼ਨ ਲੈ ਲਊ। ਬਾਕੀ ਸਭ ਮੇਰੀ ਜ਼ੁੰਮੇਵਾਰੀ। ਮੈਂ ਕੰਮ ਵਿੱਚ ਲੱਗਾ ਰਹਾਂਗਾ। ਲੜਕੀ ਪੜ੍ਹਦੀ ਰਹੂ। ਜੇ ਕੋਈ ਲੜਕੀ ਤੋਂ ਪੁੱਛ ਗਿੱਛ ਕਰਦਾ ਹੈ ਤਾਂ ਉਹ ਕਹਿ ਦੇਵੇਗੀ ਕਿ ਲੋਕਲ ਕੰਮ ਨਾ ਮਿਲਣ ਕਰਕੇ ਉਹ ਪਤੀ, ਜਾਣੀ ਮੈਂ, ਕਿਸੇ ਹੋਰ ਇਲਾਕੇ ਵਿੱਚ ਕੰਮ ਕਰਨ ਗਿਆ ਹੋਇਆ ਏ। ਮੈਂ ਕੁੜੀ ਦੇ ਨਾਲ਼ ਘੱਟੋ ਘੱਟ ਸੰਪਰਕ ਰੱਖਾਂਗਾ। ਡੈਡੀ, ਮੈਂ ਤਾਂ ਹਰ ਪੱਖੋਂ ਕਾਨੂੰਨ ਨੂੰ ਮੰਨਦਾ ਹੋਇਆ ਜਾ ਰਿਹਾ ਹਾਂ। ਤੁਹਾਨੂੰ ਪਤਾ ਪਿੱਛੇ ਜਿਹੇ ਪੰਜਾਬ ਵਿੱਚ ਇੱਕ ਅਜੀਬ ਕੇਸ ਹੋਇਆ ਸੀ।"

"ਉਹ ਕੀ?"

"ਕੁਝ ਉਮੀਦਵਾਰ ਪੀ. ਸੀ. ਐਸ. ਵਾਸਤੇ ਨਾਮਜ਼ਦ ਹੋਏ ਸਨ। ਸਰਕਾਰ ਨੇ ਇਹ ਨਾਮਜ਼ਦਗੀਆਂ ਕੀਤੀਆਂ ਸਨ। ਜਲੰਧਰ ਦੇ ਇੱਕ ਗਰੀਬ ਪਰਿਵਾਰ ਦਾ ਲੜਕਾ ਵੀ ਨਾਮਜ਼ਦ ਹੋ ਗਿਆ। ਇੱਕ ਅਮੀਰ ਲੜਕੀ ਦੇ ਮਾਪਿਆਂ ਨੇ ਭੱਜ ਕੇ ਉਸ ਲੜਕੇ ਨੂੰ ਵਿਆਹ ਵਾਸਤੇ ਕਾਬੂ ਕਰ ਲਿਆ। ਸ਼ਾਦੀ ਧੂਮ ਧਾਮ ਨਾਲ਼ ਹੋ ਗਈ। ਦੰਪਤੀ ਨੇ ਦੋ ਮਹੀਨੇ ਵਿਆਹੁਤਾ ਜੀਵਨ ਦਾ ਖੂਬ ਆਨੰਦ ਮਾਣਿਆ। ਇੰਨੇ ਚਿਰ ਵਿੱਚ ਸੂਬੇ ਦੀ ਸਰਕਾਰ ਬਦਲ ਗਈ। ਨਵੀਂ ਬਣੀ ਸਰਕਾਰ ਨੇ ਇਹ ਨਾਮਜ਼ਦਗੀਆਂ ਰੱਦ ਕਰ ਦਿਤੀਆਂ। ਲੜਕੀ ਦੇ ਮਾਪੇ ਅੰਤਾਂ ਦੇ ਪਰੇਸ਼ਾਨ ਹੋਏ। ਉਨ੍ਹਾਂ ਆਪਣੀ ਲੜਕੀ ਵਾਪਸ ਬੁਲਾ ਲਈ ਤੇ ਕਿਹਾ ਕਿ ਉਹ ਉਸਨੂੰ ਇੱਕ ਨੰਗ



ਨਾਲ਼ ਵਿਆਹੀ ਹੋਈ ਨਹੀਂ ਦੇਖਣਾ ਚਾਹੁੰਦੇ। ਕਰ ਲਓ ਆਪਣੇ ਦੇਸ਼ ਦੀਆਂ ਕਦਰਾਂ ਕੀਮਤਾਂ ਦੀ ਗੱਲ। ਕਰ ਲੈ ਮਾਣ ਇਨ੍ਹਾਂ ਤੇ!! ਬੇੜਾ ਗਰਕ ਇੱਥੇ ਕਿਹੜਾ ਘੱਟ ਹੋਇਆ ਪਿਆ ਏ? ਦਾਮ ਚਲਾਏ ਕਾਮ! ਹੋ ਜਾਓ ਤਿਆਰ। ਹੌਸਲਾ ਰੱਖੋ। ਆਓ ਚੱਲੀਏ, ਮੈਰਿਜ ਬਿਊਰੋ।"

ਸਵੇਰੇ ਦੋਨੋ ਪਿਓ ਪੁੱਤ ਪੈਸਿਆਂ ਦਾ ਥੈਲਾ ਲਈ ਮੈਰਿਜ ਬਿਊਰੋ ਦੇ ਦਰਵਾਜੇ ਮੂਹਰੇ ਖੜ੍ਹੇ ਸਨ।

(1) 24 ਫਰਵਰੀ 2023 ਨੂੰ ਪੰਜ ਦਰਿਆ ਯੂ.ਕੇ. ਨੇ ਛਾਪੀ,
(2) ਫਰਵਰੀ 2023 ਵਿੱਚ Likhari.net UK ਨੇ ਛਾਪੀ

*****

# ਪੱਚੀ ਸਾਲ ਬਾਅਦ

ਡਾ: ਮਲਿਕ ਪੱਚੀ ਸਾਲ ਪਹਿਲਾਂ ਆਪਣਾ ਕਾਲਜ ਛੱਡ ਕੇ ਸਿਡਨੀ ਚਲਾ ਗਿਆ ਸੀ। ਕਾਲਜ ਵਿੱਚ ਉਸਦਾ ਸਾਥੀ ਪ੍ਰੋਫੈਸਰ ਡਾ: ਮਾਥੁਰ ਉਸਤੋਂ ਦੋ ਕੁ ਸਾਲ ਬਾਅਦ ਵੈਨਕੂਵਰ ਚਲਾ ਗਿਆ। ਦੋਨੋ ਅੰਗਰੇਜ਼ੀ ਪੜ੍ਹਾਇਆ ਕਰਦੇ ਸਨ। ਕਾਲਜ ਵਿੱਚ ਉਹ ਇੱਕ ਦੂਜੇ ਦੇ ਰਕੀਬ ਵੱਧ ਸਨ, ਦੋਸਤ ਘੱਟ। ਇੱਕ ਹੀ ਵਿਭਾਗ ਵਿੱਚ ਕੰਮ ਕਰਨ ਕਰਕੇ ਤੇ ਇੱਕ ਹੀ ਮਜ਼ਮੂਨ ਪੜ੍ਹਾਉਣ ਕਰਕੇ ਉਹਨਾਂ ਵਿੱਚ ਆਪਸੀ ਵਾਕਫੀਅਤ ਹੋਣੀ ਤਾਂ ਕੁਦਰਤੀ ਸੀ ਪਰ ਇਸ ਵਾਕਫੀਅਤ ਦੇ ਨਾਲ-ਨਾਲ ਉਹਨਾਂ ਵਿੱਚ ਆਪਸ ਵਿੱਚ ਇੱਕ ਖਾਸ ਕਿਸਮ ਦੀ ਕਸ਼ਮਕਸ਼ ਵੀ ਅਕਸਰ ਰਹਿੰਦੀ ਹੀ ਸੀ। ਇਸ ਕਸ਼ਮਕਸ਼ ਦਾ ਮੁੱਖ ਕਾਰਨ ਇਹ ਸੀ ਕਿ ਦੋਨੋ ਸਾਹਿਤ ਰਚਣ ਦਾ ਵੀ ਥੋੜ੍ਹਾ-ਥੋੜ੍ਹਾ ਸ਼ੌਂਕ ਰੱਖਦੇ ਸਨ। ਜਦ ਇੱਕ ਦੀ ਲਿਖਤ ਕਿਸੇ ਅਖਬਾਰ ਵਿੱਚ ਛਪ ਜਾਣੀ ਤਾਂ ਉਹਨੇ ਹਵਾ ਵਿੱਚ ਉਡਾਰੀਆਂ ਮਾਰਨ ਲੱਗ ਜਾਣਾ। ਉਸਨੇ ਇੰਜ ਸਮਝਣਾ ਕਿ ਉਹ ਬਹੁਤ ਲਾਇਕ ਹੈ। ਜਦ ਦੂਜੇ ਦਾ ਕਿਤੇ ਕੁੱਝ ਛਪ ਜਾਣਾ ਤਾਂ ਉਸਨੇ ਸੋਚਣਾ ਕਿ ਉਹ ਆਪਣੇ ਸਾਥੀ ਤੋਂ ਉੱਪਰ ਹੈ। ਸੰਨ 85 'ਚ ਚੰਡੀਗੜ੍ਹ ਤੋਂ ਛਪਣ ਵਾਲੇ ਇੱਕ ਮਸ਼ਹੂਰ ਅਖਬਾਰ ਨੇ ਡਾ: ਮਲਿਕ ਦਾ ਇੱਕ ਲੇਖ ਛਾਪ ਦਿੱਤਾ ਜਿਹਦੇ ਵਿੱਚ ਵਿਦਿਅਕ ਸੰਸਥਾਵਾਂ ਵਿੱਚ ਮਾੜੇ ਪ੍ਰਿੰਸੀਪਲਾਂ ਤੇ ਉਹਨਾ ਦੀ ਚਮਚਾਗਿਰੀ ਕਰਨ ਵਾਲੇ ਸਟਾਫ ਤੇ ਕਟਾਕਸ਼ ਕੀਤਾ ਹੋਇਆ ਸੀ। ਕਾਲਜ ਦਾ ਪ੍ਰਿੰਸੀਪਲ ਨਿਰਾ ਅਕਾਦਮਿਕ ਸਰਪੰਚ ਸੀ, ਲਾਈਲਗ ਸੀ, ਮਾੜਾ ਵਿਅਕਤੀ ਰਿਹਾ ਸੀ ਤੇ ਪਹਿਲਾਂ ਉਹ ਡਾ: ਮਲਿਕ ਦਾ ਕਿਸੇ ਵੇਲੇ ਅਧਿਆਪਕ ਵੀ ਰਿਹਾ ਸੀ। ਉਹ ਡੇਰਿਆਂ ਦੇ ਸਾਧਾਂ ਦਾ ਪੁਜਾਰੀ ਸੀ ਤੇ ਟੂਣੇ-ਟਾਮਣਾਂ ਵਿੱਚ ਵੀ ਵਿਸ਼ਵਾਸ਼ ਰੱਖਦਾ ਸੀ। ਜਦ ਉਹ ਪ੍ਰਿੰਸੀਪਲ ਦੀ ਪਦਵੀ ਲਈ ਚੁਣਿਆ ਗਿਆ ਸੀ ਤਾਂ ਉਸਨੇ ਸ਼ਹਿਰ ਦਾ ਇੱਕ ਪੁੱਛਾਂ ਦੇਣ ਵਾਲਾ ਬ੍ਰਾਹਮਣ ਬੁਲਾ ਕੇ ਕਾਲਜ ਦਾ ਚੌਹਾਂ ਪਾਸਿਆਂ ਤੋਂ ਬੰਨ੍ਹਣ ਵੀ ਕਰਵਾਇਆ ਸੀ ਤਾਂ ਕਿ ਮਾੜੀਆਂ ਸ਼ਕਤੀਆਂ ਤੇ ਭੂਤ-ਪ੍ਰੇਤ ਕਾਲਜ ਦੇ ਅੰਦਰ ਨਾ ਵੜ ਸਕਣ ਤੇ ਉਹ ਕਾਮਯਾਬ ਹੋਇਆ ਰਹੇ।

ਉਸਦੇ ਪ੍ਰਿੰਸੀਪਲ ਬਣਨ ਤੋਂ ਪਹਿਲਾਂ ਕਾਲਜ ਵਿੱਚ ਵਿਦਿਆਰਥੀਆਂ ਦੀ ਗਿਣਤੀ ਅੱਠ ਕੁ ਸੌ ਸੀ। ਜਦ ਉਸਨੂੰ ਬਣੇ ਨੂੰ ਪੰਜ ਕੁ ਸਾਲ ਹੋ ਗਏ ਤਾਂ ਇਹ ਨਫ਼ਰੀ



ਘੱਟ ਕੇ ਸਿਰਫ ਢਾਈ ਸੌ ਵਿਦਿਆਰਥੀ ਹੀ ਰਹਿ ਗਈ ਸੀ। ਡਾ. ਮਲਿਕ ਵਿਦਿਆਰਥੀ ਹੁੰਦਾ ਹੋਇਆ ਹਮੇਸ਼ਾ ਉਹਦੇ ਖਿਲਾਫ ਹੀ ਰਿਹਾ ਸੀ। ਬਾਅਦ ਵਿੱਚ ਉਹ ਪ੍ਰਿੰਸੀਪਲ ਬਣ ਗਿਆ ਤੇ ਮਲਿਕ ਉੱਥੇ ਲੈਕਚਰਾਰ ਲੱਗਣ ਵਿੱਚ ਕਾਮਯਾਬ ਹੋ ਗਿਆ। ਪ੍ਰਿੰਸੀਪਲ ਬਣਕੇ ਮਲਿਕ ਦੇ ਖਿਲਾਫ਼ ਬਦਲਾ ਲਊ ਭਾਵਨਾ ਉਸਦੇ ਮਨ ਤੇ ਹਮੇਸ਼ਾ ਹਾਵੀ ਰਹਿੰਦੀ ਸੀ। ਲੇਖ ਛਪਣ ਤੋਂ ਬਾਅਦ ਪ੍ਰਿੰਸੀਪਲ ਨੇ ਸੋਚਿਆ ਕਿ ਹੁਣ ਉਹ ਮਲਿਕ ਦੇ ਖਿਲਾਫ਼ ਬਦਲਾ ਲੈ ਸਕਦਾ ਸੀ ਨਾਲ ਹੀ ਡਾ: ਮਾਥੁਰ ਸੋਚਦਾ ਸੀ ਕਿ ਉਹ ਵੀ ਪ੍ਰਿੰਸੀਪਲ ਨਾਲ ਮਿਲ ਕੇ ਹੁਣ ਮਲਿਕ ਜਿਹੇ ਸੱਪ ਦੀ ਸਿਰੀ ਫੇਂਹ ਸਕਦਾ ਸੀ। ਮਾਥੁਰ ਇੱਕ ਲਾਠੀ ਨਾਲ ਦੋ ਸ਼ਿਕਾਰ ਕਰਨੇ ਚਾਹੁੰਦਾ ਸੀ।ਮਲਿਕ ਦੀ ਨੌਕਰੀ ਲਈ ਖਤਰਾ ਤੇ ਪ੍ਰਿੰਸੀਪਲ ਤੋਂ ਅਖਬਾਰ ਨੂੰ ਖੱਤ ਪੁਆ ਕੇ ਮਲਿਕ ਦਾ ਅਖਬਾਰ ਵਿੱਚ ਸਾਹਿਤਕ ਬਿੰਬ ਖਰਾਬ ਕਰਨਾ। ਮਾਥੁਰ ਪ੍ਰਿੰਸੀਪਲ ਦਾ ਪੂਰਾ ਚਮਚਾ ਹੀ ਨਹੀਂ, ਬਲਕਿ ਕੜਛਾ ਸੀ। ਮਲਿਕ ਦਾ ਲੇਖ ਚਮਚਾਗਿਰੀ ਦੇ ਖਿਲਾਫ ਸੀ, ਇਸ ਲਈ ਮਾਥੁਰ ਨੇ ਕਾਲਜ ਦੇ ਦੋ ਕੁ ਲੈਕਚਰਾਰ ਹੋਰ ਨਾਲ ਲੈ ਲਏ ਤਾਂ ਕਿ ਕੇਸ ਨੂੰ ਵੱਧ ਵਜ਼ਨਦਾਰ ਬਣਾਇਆ ਜਾ ਸਕੇ। ਇੰਜ ਅਕਸਰ ਹੁੰਦਾ ਹੀ ਏ ਕਿ ਕਾਲਜਾਂ ਵਿੱਚ ਸਟਾਫ਼ ਦਾ ਇੱਕ ਗੁੱਟ ਪ੍ਰਿੰਸੀਪਲ ਦੇ ਨਾਲ ਹੁੰਦਾ ਏ ਤੇ ਦੂਜਾ ਵਿਰੁੱਧ। ਪ੍ਰਿੰਸੀਪਲ ਗਰੁੱਪ ਦੇ ਦੋ ਲੈਕਚਰਾਰ ਡਾ. ਮਾਥੁਰ ਨੇ ਨਾਲ ਮਿਲ ਗਏ ਤੇ ਇਹਨਾਂ ਤਿੰਨਾਂ ਨਾਲ ਮਿਲ ਕੇ ਮਾਥੁਰ ਨੇ ਡਾ: ਮਲਿਕ ਨੂੰ ਕਾਰਨ ਦੱਸੋ ਨੋਟਿਸ ਦੁਆ ਦਿੱਤਾ ਤੇ ਇੱਕ ਖੱਤ ਅਖਬਾਰ ਦੇ ਸੰਪਾਦਕ ਨੂੰ ਉਹਦੇ ਖਿਲਾਫ ਕਢਵਾ ਦਿੱਤਾ। ਨੌਕਰੀ ਦੇ ਮਾਮਲੇ ਵਿੱਚ ਤਾਂ ਇਹ ਗੁੱਟ ਕੁਝ ਨਾ ਕਰ ਸਕਿਆ ਕਿਉਂਕਿ ਕਾਲਜ ਕਮੇਟੀ ਦਾ ਪ੍ਰਭਾਵਸ਼ਾਲੀ ਗੁੱਟ ਪ੍ਰਿੰਸੀਪਲ ਦੇ ਵਿਰੁੱਧ ਸੀ।

ਕਮੇਟੀ ਬੇਸਬਰੀ ਨਾਲ ਉਸਦੀ ਸੇਵਾ ਮੁਕਤੀ ਉਡੀਕ ਰਹੀ ਸੀ। ਹਾਂ, ਅਖਬਾਰ ਨੇ ਪ੍ਰਿੰਸੀਪਲ ਦੇ ਪੱਤਰ ਨੂੰ ਕੁੱਝ ਕੁ ਗੰਭੀਰਤਾ ਨਾਲ ਜ਼ਰੂਰ ਲਿਆ। ਅਖਬਾਰ ਨੇ ਉਸ ਨੂੰ ਛਾਪਣ ਲਈ ਦੋ ਕੁ ਸਾਲ ਦਾ ਪਾੜਾ ਪਾ ਦਿੱਤਾ। ਅਗਲਾ ਕੁੱਝ ਸਮਾ ਕਸ਼ਮਕਸ਼ ਚਲਦੀ ਰਹੀ। ਪ੍ਰਿੰਸੀਪਲ ਚਾਰ ਕੁ ਸਾਲ ਬਾਅਦ ਸੇਵਾ ਮੁਕਤ ਹੋ ਗਿਆ ਤੇ ਡਾ. ਮਾਥੁਰ ਕੈਨੇਡਾ ਚਲਾ ਹੀ ਗਿਆ ਸੀ। ਆਉਣ ਵਾਲੇ 25 ਕੁ ਸਾਲ ਕਿਸੇ ਨੂੰ ਕਿਸੇ ਬਾਰੇ ਕੁਝ ਵੀ ਪਤਾ ਨਾ ਲੱਗਾ। ਹਾਂ, ਇੰਨਾ ਜ਼ਰੂਰ ਪਤਾ ਲੱਗ ਗਿਆ ਸੀ ਕਿ ਪ੍ਰਿੰਸੀਪਲ ਦੀ ਦਸ ਕੁ ਸਾਲ ਬਾਅਦ ਮੌਤ ਹੋ ਗਈ ਸੀ। ਦੋ ਕੁ ਸਾਲਾਂ ਵਿੱਚ ਡਾ. ਮਲਿਕ ਵੀ ਸਿਡਨੀ ਚਲਾ ਗਿਆ ਕਿਉਂਕਿ ਮਾਥੁਰ ਤੇ ਮਲਿਕ ਵਿੱਚ ਇੱਕ ਦੂਜੇ ਤੋਂ ਅੱਗੇ ਲੰਘਣ ਦਾ ਸ਼ਰੀਕਪੁਣਾ ਚੱਲਦਾ ਹੀ ਰਹਿੰਦਾ ਸੀ। ਮਲਿਕ ਸਿਡਨੀ ਵਿੱਚ ਜਾ ਕੇ ਇੱਕ ਅਖਬਾਰ ਵਿੱਚ ਲਗਾਤਾਰ ਛਪਣ ਲੱਗ ਗਿਆ।ਉਹ ਇੱਕ ਨਿਰੰਤਰ ਕਾਲਮ ਨਵੀਸ ਬਣ ਗਿਆ। 5 ਸਾਲ ਗੁਜ਼ਰ ਗਏ, 10 ਸਾਲ ਗੁਜ਼ਰ ਗਏ,

15 ਸਾਲ ਗੁਜ਼ਰ ਗਏ। ਇੰਨੇ ਸਮੇਂ ਵਿੱਚ ਡਾ. ਮਲਿਕ ਦੀ ਇਹਨਾਂ ਲੇਖਾਂ ਦੇ ਆਧਾਰ ਤੇ ਮਾਰਕੀਟ ਵਿੱਚ ਇੱਕ ਪੁਸਤਕ ਵੀ ਆ ਗਈ। ਪੁਸਤਕ ਗੂਗਲ ਅਤੇ ਐਮਾਜ਼ੋਨ (Amazon) ਤੇ ਦਿਖਣ ਲੱਗ ਪਈ। ਇਸਦੀ ਸੂਹ ਡਾ. ਮਾਥੁਰ ਲੈਂਦਾ ਹੀ ਰਿਹਾ।ਇੰਨੇ ਸਮੇਂ ਵਿੱਚ ਡਾ. ਮਲਿਕ ਨੇ ਆਪਣਾ ਅਖਬਾਰ ਸ਼ੁਰੂ ਕਰ ਦਿੱਤਾ। ਇਸ ਅਖਬਾਰ ਵਿੱਚ ਉਹ ਆਪਣੀ ਦੋਹਾਂ ਤਰ੍ਹਾਂ ਦੀ ਵਾਰਤਕ-ਕਹਾਣੀਆਂ ਤੇ ਲੇਖ ਛਾਪਦਾ ਗਿਆ। ਇਸ ਵਾਰਤਕ ਦੀਆਂ ਉਸਨੇ ਛੇ ਪੁਸਤਕਾਂ ਛਪਵਾ ਦਿੱਤੀਆਂ। ਡਾ. ਮਲਿਕ ਨੂੰ ਹੈਰਾਨੀ ਹੋਈ ਜਦ ਉਸਨੂੰ ਇੱਕ ਫੋਨ ਕਾਲ ਆਈ।

"ਸਰ, ਹੈਲੋ।"

"ਹੈਲੋ ਜੀ।"

"ਸਰ ਮੈਂ ਮੈਲਬੌਰਨ ਤੋਂ ਜਸਪਾਲ ਗਿੱਲ ਬੋਲ ਰਹੀ ਹਾਂ।"

"ਖੁਸ਼ੀ ਹੋਈ, ਬੋਲੋ ਜੀ।"

"ਸਰ, ਮੈਂ ਹਿਮਾਚਲ 'ਚ ਬਣੀ ਇੱਕ ਨਵੀਂ ਯੂਨੀਵਰਸਿਟੀ ਵਿੱਚ ਪੰਜਾਬੀ ਦੀ ਪੀ.ਐੱਚ.ਡੀ. ਕਰ ਰਹੀ ਹਾਂ। ਮੈਂ ਅਕਸਰ ਉੱਥੇ ਜਾਂਦੀ ਵੀ ਰਹਿੰਦੀ ਹਾਂ। ਵੈਸੇ ਪੱਕੇ ਤੌਰ ਤੇ ਮੈਂ ਮੈਲਬੌਰਨ ਰਹਿ ਰਹੀ ਹਾਂ।"

"ਚੰਗੀ ਗੱਲ ਏ, ਮੈਡਮ। ਤੁਹਾਡਾ ਵਿਸ਼ਾ ਕੀ ਏ?"

"ਜੀ, ਮੈਨੂੰ ਖੋਜ ਲਈ ਵਿਸ਼ਾ ਮਿਲਿਆ ਹੋਇਆ ਏ 'ਆਸਟਰੇਲੀਆ ਵਿੱਚ ਪੰਜਾਬੀ ਸਾਹਿਤਕਾਰੀ।' ਮੇਰੇ ਥੀਸਿਸ ਦਾ ਇੱਕ ਪੂਰਾ ਕਾਂਡ ਤੁਹਾਡੇ ਬਾਰੇ ਹੈ। ਸਰ ਜੀ।"

"ਰੀਅਲੀ ? ਮੈਂ ਤਾਂ ਇੰਜ ਕਦੀ ਸੋਚ ਵੀ ਨਹੀਂ ਸਕਦਾ। ਮੇਰੀਆਂ ਸਿਰਫ ਛੇ ਪੁਸਤਕਾਂ ਹਨ। ਮੈਂ ਇਹਨਾਂ ਨੂੰ ਉਸ ਦਰਜੇ ਦੀਆਂ ਨਹੀਂ ਸਮਝਦਾ ਜਿਸ ਦਰਜੇ ਦੀ ਸਮੱਗਰੀ ਪੀ.ਐੱਚ.ਡੀ. ਵਾਸਤੇ ਹੁੰਦੀ ਏ। ਖੈਰ, ਯੂਨੀਵਰਸਿਟੀ ਦੀ ਮਰਜ਼ੀ। ਮੈਨੂੰ ਖੁਸ਼ੀ ਵੀ ਹੋਈ ਹੈ ਤੇ ਹੈਰਾਨੀ ਵੀ। ਮੈਂ ਤਹੁਾਡੀ ਕੀ ਮਦਦ ਕਰ ਸਕਦਾ ਹਾਂ?"

"ਮੇਰੇ ਪਾਸ ਤੁਹਾਡੀਆਂ ਚਾਰ ਪੁਸਤਕਾਂ ਹਨ, ਦੋ ਮੈਨੂੰ ਚਾਹੀਦੀਆਂ ਹਨ।"

"ਉਹ ਚਾਰ ਤਾਂ ਮੇਰੀ ਅਖਬਾਰ ਦੀ ਸਾਈਟ ਤੇ ਵੀ ਹਨ।"

"ਜਦ, ਸਰ, ਮੇਰੇ ਪਾਸ ਹਨ ਤਾਂ ਮੈਨੂੰ ਸਾਈਟ ਤੇ ਜਾਣ ਦੀ ਜ਼ਰੂਰਤ ਨਹੀਂ। ਕੀ ਤੁਸੀਂ ਮੈਨੂੰ ਹੁਣੇ ਹੁਣੇ ਛਪੀਆਂ ਦੋ ਭੇਜ ਸਕਦੇ ਹੋ?"

"ਮੈਡਮ, ਕੋਈ ਮਸਲਾ ਨਹੀ।"

"ਸਰ, ਕਿੰਨੇ ਪੈਸੇ ਭੇਜਾਂ?"

"ਤੁਸੀਂ ਸਿਰਫ ਡਾਕ ਖਰਚ ਲਗਾ ਲਿਓ।ਕੀਮਤ ਮੈਂ ਨਹੀਂ ਲੈਣੀ।"

ਡਾ. ਮਲਿਕ ਨੇ ਆਪਣੇ ਉਸ ਪੁਰਾਣੇ ਕੈਨੇਡਾ ਗਏ ਸਾਥੀ ਲੈਕਚਰਾਰ ਤੇ ਵੀ



ਨਜ਼ਰ ਰੱਖਣੀ ਕਿ ਕੀ ਕਰਦਾ ਹੋਊ। ਉਸਨੇ ਉਸਦੀ ਕਿਤੇ ਕੋਈ ਕ੍ਰਿਤ ਪੜੀ ਹੀ ਨਹੀਂ ਸੀ। ਉਸਨੇ ਕੈਨੇਡਾ ਵਿੱਚ ਆਪਣੇ ਕਈ ਵਾਕਫਾਂ ਤੋਂ ਉਸਦੇ ਬਾਰੇ ਪੁੱਛ-ਗਿੱਛ ਕਰਨੀ। ਉਹਨਾਂ ਨੂੰ ਵੀ ਉਸਦੇ ਬਾਰੇ ਕੁੱਝ ਵੀ ਪਤਾ ਨਾ ਹੋਣਾ। ਪਿਛਲੇ ਐਤਵਾਰ ਦੀ ਗੱਲ ਹੈ ਕਿ ਡਾ.ਮਲਿਕ ਦੀ ਸੋਸ਼ਲ ਮੀਡੀਆ ਤੇ ਟਰਾਂਟੋ ਤੋਂ ਇੱਕ ਸਾਧਾਰਨ ਜਿਹੀ ਪੰਜਾਬੀ ਪਤ੍ਰਿਕਾ ਤੇ ਨਜ਼ਰ ਪਈ। ਜਦ ਦੇਖਿਆ ਤਾਂ ਇੱਕ ਕਹਾਣੀ ਡਾ. ਮਾਥੁਰ ਦੀ ਛਪੀ ਹੋਈ ਸੀ। ਉਪਰ ਉਸਦਾ ਦਾ ਫੋਨ ਨੰਬਰ ਵੀ ਸੀ ਤੇ ਤਸਵੀਰ ਵੀ। ਡਾ: ਮਾਲਿਕ ਨੂੰ ਬਹੁਤ ਹੈਰਾਨੀ ਹੋਈ ਸੀ। ਉਸਨੇ ਆਪਣਾ 25 ਸਾਲ ਪਹਿਲਾਂ ਵਾਲਾ ਰਕੀਬ ਐਡੀ ਵੱਡੀ ਦੁਨੀਆ ਵਿੱਚੋਂ ਵੀ ਲੱਭ ਲਿਆ ਸੀ। ਉਸਨੇ ਉਸਦੇ ਫੋਨ ਦੇ ਨੰਬਰ ਦੇ ਵੱਟਸਐਪ ਤੇ ਹੌਸਲਾ ਕਰਕੇ ਫੋਨ ਮਿਲਾ ਹੀ ਲਿਆ।

"ਹੈਲੋ।"

"ਹੈਲੋ ਜੀ।"

"ਬੌਸ, ਕੀ ਹਾਲ ਏ?"

"------"

"ਬੌਸ, ਆਵਾਜ ਪਛਾਣੋ।"

"------"

"ਤੁਸੀਂ 'ਆਵਾਜ਼' ਜਿਹੇ ਸ਼ਬਦਾਂ ਦੇ ਜਿੱਜੇ ਦੇ ਪੈਰ 'ਚ ਬਿੰਦੀ ਦਾ ਧਿਆਨ ਰੱਖਦੇ ਹੋਏ ਸਹੀ ਉਚਾਰਣ ਕਰਦੇ ਹੁੰਦੇ ਸੀ।"

"ਜੀ, ਮੈਂ ਸਮਝਿਆ ਨਹੀਂ।"

"ਕਮਾਲ ਏ, ਯਾਰ।"

"ਇਹਦੇ ਵਿੱਚ ਕਮਾਲ ਦੀ ਕਿਹੜੀ ਗੱਲ ਏ? ਤੁਸੀਂ ਦੱਸ ਦਿਓ ਕਿ ਤੁਸੀਂ ਕੌਣ ਬੋਲ ਰਹੇ ਹੋ?"

"ਤੁਸੀਂ ਇੱਕ ਅੰਗਰੇਜ਼ੀ ਦਾ ਸ਼ਬਦ 'synchronise' ਵੀ ਅਕਸਰ ਬੋਲਦੇ ਹੁੰਦੇ ਸੀ।ਪਹਿਚਾਣੋ?"

"ਬਹੁਤ ਦੇਰ ਪਹਿਲਾਂ ਦੀਆਂ ਗੱਲਾਂ ਕਰਦੇ ਲੱਗਦੇ ਹੋ।"

"ਜੀ ਹਾਂ, ਡਾ: ਸਾਹਿਬ।"

"ਡਾ: ਸਾਹਿਬ, ਤੁਸੀਂ ਮੇਰੇ ਬਾਰੇ ਬਹੁਤ ਕੁੱਝ ਜਾਣਦੇ ਲਗਦੇ ਹੋ?"

"ਜੀ ਹਾਂ, ਸਾਹਿਤਕਾਰ ਸਾਹਿਬ।"

"ਕਯਾ ਬਾਤ ਹੈ। ਤੁਸੀਂ ਤਾਂ ਡਾ: ਮਲਿਕ ਹੋ।"

"ਹਾਂ, ਵੀਰ ਜੀ। ਮੈਂ ਮਲਿਕ ਹੀ ਬੋਲਦਾ ਹਾਂ।"

"ਹੋਰ ਸਿਹਤ ਕਿਵੇਂ ਹੈ?"

"ਰੱਬ ਦਾ ਸ਼ੁਕਰ ਹੈ। 70 ਦਾ ਹੋ ਗਿਆ ਹਾਂ। ਤੁਸੀਂ ਵੀ ਤਾਂ ਮੇਰੇ ਤੋਂ ਪੰਜ ਕੁ ਸਾਲ ਹੀ ਛੋਟੇ ਹੋ।"

"ਹਾਂ ਜੀ, ਮੈਂ 65 ਦਾ ਹੋ ਗਿਆ ਹਾਂ। ਕੀ ਕੁੱਝ ਕੀਤਾ ਸਿਡਨੀ ਵਿੱਚ?"

"ਕਈ ਕੰਮ ਕੀਤੇ ਜਿਵੇਂ ਪਰਵਾਸੀ ਅਕਸਰ ਕਰਦੇ ਹੀ ਨੇ।"

"ਲਿਖਣ ਪੜ੍ਹਨ ਬਾਰੇ?"

"ਤੁਸੀਂ ਸਭ ਜਾਣਦੇ ਹੋ। ਐਵੇ ਮੇਰੇ ਕੋਲੋਂ ਅਖਵਾਉਣਾ ਚਾਹੁੰਦੇ ਹੋ।"

"ਨਹੀਂ, ਸਰ ਮੈਂ ਬਹੁਤਾ ਨਹੀਂ ਜਾਣਦਾ। ਥੋੜ੍ਹਾ ਜਿਹਾ ਤਾਂ ਪਤਾ ਹੈ। ਤੁਹਾਡੀਆਂ ਦੋ ਪੁਸਤਕਾਂ ਬਾਰੇ ਸੁਣਿਆ ਸੀ।।"

"ਪੁਸਤਕਾਂ ਨੂੰ ਛੱਡੋ ਪਰਾਂ। ਹਾਲ ਚਾਲ ਦੀ ਗੱਲ ਕਰੋ?"

"ਮੈਂ ਕੋਈ ਖਾਸ ਸਾਹਿਤਕਾਰੀ ਨਹੀਂ ਕਰ ਸਕਿਆ। ਕਦੀ-ਕਦੀ ਸਥਾਨਕ ਪੰਜਾਬੀ ਪੇਪਰਾਂ ਬਾਰੇ ਕੁੱਝ ਲਿਖ ਲੈਂਦਾ ਹਾਂ।"

"ਤੁਸੀਂ ਤਾਂ ਅੰਗਰੇਜੀ ਵਿੱਚ ਅੱਗੇ ਵਧਣ ਲਈ ਯਤਨ ਕਰਦੇ ਹੁੰਦੇ ਸੀ?"

"ਇਹਨਾਂ ਦੇਸ਼ਾਂ ਵਿੱਚ ਆ ਕੇ ਲੱਗਣ ਲੱਗ ਪੈਂਦਾ ਹੈ ਕਿ ਸਾਨੂੰ ਅੰਗਰੇਜ਼ੀ ਦਾ ਉਹ ਕੁਝ ਵੀ ਨਹੀਂ ਆਉਂਦਾ ਜੋ ਇੱਥੋਂ ਦੇ ਘੱਟ ਪੜ੍ਹੇ ਲਿਖੇ ਜਾਣਦੇ ਹਨ। ਇੱਥੇ ਅੰਗਰੇਜ਼ੀ ਬੋਲੀ ਜਾਂਦੀ ਚੰਗੀ ਲਗਦੀ ਰਹਿੰਦੀ ਏ ਤੇ ਲਿਖੀ ਜਾਂਦੀ ਮਾੜੀ। ਚੰਗੀ ਅੰਗਰੇਜ਼ੀ ਲਿਖਣੀ ਇੱਥੇ ਵੀ ਥੋੜ੍ਹੇ ਬੰਦੇ ਹੀ ਜਾਣਦੇ ਹਨ। ਮੈਂ ਅੰਗਰੇਜ਼ੀ ਨਾਲ ਆਢਾ ਲੈਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਹੀਂ ਹੋਇਆ। ਇੱਥੇ ਅੰਗਰੇਜ਼ੀ ਦੇ ਰਸਾਲੇ ਵੀ ਦੇਸੀ ਲੋਕਾਂ ਦੇ ਉਨੇ ਨਹੀਂ ਜਿੰਨੇ ਗੋਰਿਆ ਦੇ ਹਨ। ਗੋਰੇ ਸਾਨੂੰ ਛਾਪਦੇ ਨਹੀਂ। ਆਪਣੇ ਨੈਤਿਕਤਾ ਦੇ ਦੂਹਰੇ ਤੀਹਰੇ ਮਿਆਰਾਂ ਦੇ ਸ਼ਿਕਾਰ ਹਨ। ਹਿਪੋਕਰਾਈਟਸ!! ਤੁਸੀਂ ਕੀ ਕੁੱਝ ਲਿਖ ਮਾਰਿਆ? "

"ਬਹੁਤਾ ਨਹੀਂ। ਫਿਰ ਵੀ ਗੂਗਲ ਤੇ ਮੇਰੀ ਸਾਈਟ ਦੇਖ ਲਓ।"

"ਸਾਈਟ ਤੋਂ ਕੀ ਭਾਵ? ਕੀ ਸਾਈਟ ਹੈ ਤੁਹਾਡੀ?"

"ਡਾ: ਸਾਹਿਬ, ਮੇਰੀ ਅਖਬਾਰ ਦੀ ਸਾਈਟ ਏ।"

"ਅਖਬਾਰ ਦੀ? ਕੀ ਤੁਸੀਂ ਕੋਈ ਅਖਬਾਰ ਵੀ ਛਾਪਦੇ ਹੋ?"

"ਤੁਹਾਨੂੰ ਪਤਾ ਹੀ ਨਹੀਂ?"

"ਨੋ, ਨਾਟ ਐਟ ਆਲ।"

"ਮੈਂ ਪਿਛਲੇ 12 ਸਾਲਾਂ ਤੋਂ ਇੱਥੇ ਦੋ-ਭਾਸ਼ਾਈ ਨਿਊਜ਼ ਮੈਗਜ਼ੀਨ ਕੱਢਦਾ ਹਾਂ। ਮਹੀਨੇ ਵਿੱਚ ਇੱਕ ਵਾਰ 40 ਸਫੇ ਪੰਜਾਬੀ ਦੇ ਤੇ 12 ਸਫ਼ੇ ਅੰਗਰੇਜ਼ੀ ਦੇ।"

"ਵੰਡਰਫੁਲ!! ਐਡਾ ਵੱਡਾ ਕੰਮ! ਉਹ ਵੀ ਸਿਡਨੀ ਜਿਹੇ ਸ਼ਹਿਰ ਵਿੱਚ? ਕਮਾਲ ਕਰ ਤੀ, ਡਾ: ਸਾਹਿਬ।"



"ਮੈਂ ਜੋ ਛਾਪਿਆ ਉਹ ਪੁਸਤਕਾਂ ਦੇ ਰੂਪ ਵਿੱਚ ਬਜ਼ਾਰ ਵਿੱਚ ਆ ਗਿਆ। ਮੇਰੀਆਂ 8 ਪੁਸਤਕਾਂ ਪੰਜਾਬੀ ਦੀਆਂ ਹਨ ਤੇ ਇੱਕ ਅੰਗਰੇਜ਼ੀ ਕਹਾਣੀਆਂ ਦੀ। ਬਾਕੀ ਤੁਸੀਂ ਗੂਗਲ ਤੇ ਮੇਰਾ ਸਭ ਕੁੱਝ ਦੇਖ, ਪੜ੍ਹ ਤੇ ਸੁਣ ਸਕਦੇ ਹੋ। ਪੰਜ ਟੀ ਵੀ ਦੀਆਂ ਮੁਲਾਕਾਤਾਂ, ਪੰਜ ਹੀ ਰੇਡੀਓ ਤੇ ਟਾਕਾਂ ਬਾਕੀ ਪੁਸਤਕਾਂ ਦੇ ਨਾਮ। ਮੈਨੂੰ ਤਾਂ ਹੈਰਾਨੀ ਹੋਈ ਕਿ ਕੋਈ ਲੜਕੀ ਹਿਮਾਚਲ ਦੀ ਕਿਸੇ ਯੂਨੀਵਰਸਿਟੀ ਤੋਂ ਮੇਰੇ ਤੇ ਖੋਜ ਵੀ ਕਰ ਰਹੀ ਏ।"

"ਡਾਕਟਰ ਸਾਹਿਬ, ਤੁਸੀਂ ਤਾਂ ਕਮਾਲ ਹੀ ਕਰ ਤੀ।"

"ਤੁਸੀਂ ਵੀ ਤਾਂ ਕੁੱਝ ਨਾ ਕੁੱਝ ਲਿਖਦੇ ਹੀ ਹੋ?"

ਜਦ ਤੱਕ ਬੰਦਾ ਛਪੇ ਨਾ ਉਦੋਂ ਤੱਕ ਉਸਦਾ ਹੋਰ ਲਿਖਣ ਨੂੰ ਦਿਲ ਨਹੀਂ ਕਰਦਾ। ਇੱਥੇ ਕੈਨੇਡਾ ਵਿੱਚ ਮਾੜੇ ਮੋਟੇ ਰਸਾਲੇ ਹਨ। ਇਹ ਕਦੀ ਕਦਾਈਂ ਕੁੱਝ ਛਾਪ ਦਿੰਦੇ ਹਨ। ਤੁਸੀਂ ਤਾਂ 20 ਤੋਂ ਵੀ ਵੱਧ ਸਾਲਾਂ ਤੋਂ ਲਗਾਤਾਰ ਛਪੇ ਹੋ। ਮੈਂ ਤੁਹਾਡੇ ਬਾਰੇ ਕਾਫ਼ੀ ਕੁੱਝ ਜਾਣ ਲਿਆ ਹੈ। ਆਪਣਾ ਮੈਗਜ਼ੀਨ ਕੱਢਣਾ ਹੋਰ ਵੀ ਵੱਡੀ ਉਪਲੱਭਧੀ ਏ। ਪੁਸਤਕਾਂ ਛਪਵਾਉਣ ਤੇ ਤਾਂ ਬਹੁਤੇ ਪੈਸੇ ਲਗਦੇ ਹਨ। ਨਵਿਆਂ ਲਿਖਾਰੀਆਂ ਨੂੰ ਤਾਂ ਪ੍ਰਕਾਸ਼ਕ ਲੁੱਟ ਲੈਂਦੇ ਹਨ। ਇਹ ਰਸਾਲਾ ਕਿਵੇਂ ਨਿਕਲਦਾ ਏ? ਕੀ ਇਹ ਤੁਹਾਡੇ ਦੇਸ਼ ਵਿੱਚ ਵਿਕਦਾ ਵੀ ਏ?

ਮਾਥੁਰ ਕਈ ਕੁੱਝ ਜਾਨਣ ਲਈ ਕਾਹਲਾ ਪੈ ਗਿਆ।

"ਮਾਥੁਰ ਸਾਹਿਬ, ਇਹ ਰਸਾਲੇ ਇਹਨਾ ਦੇਸ਼ਾਂ ਵਿੱਚ ਮੁਫਤ ਹੀ ਹਨ। ਇਹ ਸਮਾਜ ਸੇਵਾ ਵਿੱਚ ਆਉਂਦੇ ਹਨ। ਸਿਰਫ ਇਸ਼ਤਿਹਾਰਾਂ ਦੇ ਸਿਰ ਤੇ ਹੀ ਚੱਲਦੇ ਹਨ।"

"ਇਸ਼ਤਿਹਾਰ ਵੀ ਤਾਂ ਕੋਈ ਕਾਰੋਬਾਰ ਤਾਂ ਹੀ ਦੇਊ ਜੇ ਅਖਬਾਰ ਤੇ ਰਸਾਲਾ ਮਸ਼ਹੂਰ ਹੋਊ ਤੇ ਉਸਦੀ ਸਰਕੂਲੇਸ਼ਨ ਵੱਧ ਹੋਊ।"

ਡਾ: ਮਾਥੁਰ ਪ੍ਰਭਾਵਤ ਹੁੰਦਾ ਗਿਆ। ਆਖਰ ਕਾਰ ਮੈਨੂੰ ਮਾੜਾ-ਮਾੜਾ ਇਵੇਂ ਮਹਿਸੂਸ ਹੋਣ ਲੱਗ ਪਿਆ ਜਿਵੇਂ ਉਹ ਮੇਰੇ ਅਖਬਾਰ ਵਿੱਚ ਛਪਣਾ ਚਾਹੁੰਦਾ ਹੋਵੇ।

ਮੇਰੇ ਮਨ ਵਿੱਚ ਅਜੀਬ ਅਜੀਬ ਖਿਆਲ ਆਉਣ ਲੱਗ ਪਏ। ਜੇ ਉਹ ਮੈਨੂੰ ਕਹਿ ਦੇਵੇ ਕਿ ਮੈਨੂੰ ਵੀ ਛਾਪ ਦਿਆ ਕਰੋ ਫਿਰ ਮੈਂ ਕੀ ਕਰਾਂਗਾ? ਮੈਂ ਜਵਾਬ ਕਿਵੇਂ ਦੇਵਾਂਗਾ? ਜੇ ਮੈਂ ਇਹ ਜਵਾਬ ਦੇਵਾਂ ਤੁਸੀਂ ਮੇਰੇ ਵਿਰੋਧੀ ਹੁੰਦੀ ਸੀ। ਤੁਸੀਂ ਮੇਰੇ ਨਾਲ ਇਹ ਕੀਤਾ ਸੀ, ਔਹ ਕੀਤਾ ਸੀ ਤਾਂ ਹੁਣ ਉਹ ਮੌਕਾ ਸਾਂਭ ਕੇ ਕਹੂ-- ਕਾਰਨ ਮਾਰਸ ਕਹਿੰਦਾ ਹੈ ਕਿ ਵਿਕਾਸ ਹਮੇਸ਼ਾ ਵਿਰੋਧ ਵਿੱਚੋਂ ਹੀ ਨਿਕਲਦਾ ਹੈ। ਫਿਰ ਮੈਂ ਸੋਚੂੰ ਵਿਰੋਧ ਨਾਲ ਤਬਾਹੀ ਵੀ ਹੋ ਸਕਦੀ ਏ।

ਮੇਰਾ ਦਿਲ ਤਾਂ ਕਰਦਾ ਹੈ ਕਿ ਮੈਂ ਉਹਨੂੰ ਛਾਪਦਿਆ ਕਰਾਂ। ਉਹ ਤਾਂ ਖੁਦ

ਟਾਈਪ ਕੀਤਾ ਮੈਟਰ ਵੀ ਵਰਡ ਫਾਈਲ ਵਿੱਚ ਦੇ ਸਕਦਾ ਏ---ਨਹੀਂ, ਮੈਨੂੰ ਚੁੱਪ ਹੋ ਜਾਣਾ ਚਾਹੀਦਾ ਏ----ਮੈਨੂੰ ਵਾਕਫੀਅਤ ਹੋਰ ਨਹੀਂ ਵਧਾਉਣੀ ਚਾਹੀਦੀ--- 25 ਸਾਲ ਪਹਿਲਾਂ ਉਹ ਮੇਰੇ ਰਾਹ ਦਾ ਰੋੜਾ ਬਣਿਆ ਸੀ--- ਉਸਨੇ ਘਟੀਆ ਪ੍ਰਿੰਸੀਪਲ ਦਾ ਪੱਖ ਪੂਰਿਆ ਸੀ---ਹੁਣ ਉਹਨੂੰ ਛਪਣ ਦੀ ਇੰਨੀ ਭੁੱਖ ਹੈ ਜਿੰਨੀ ਕਿਸੇ ਨੂੰ ਰੇਗਿਸਤਾਨ ਵਿੱਚ ਪਾਣੀ ਦੀ ਪਿਆਸ ਹੋਵੇ---ਕਈ ਹੁਨਰ ਛਪਣ ਪੱਖੋਂ ਪਾਠਕਾਂ ਤੱਕ ਨਹੀਂ ਪਹੁੰਚਦੇ---ਸਮਾਜ ਵਿੱਚ ਬਹੁਤ ਸਾਰੇ ਕਾਮਯਾਬ ਲਿਖਾਰੀ ਛਪਣ ਪੱਖੋਂ ਬਿਨ ਸ਼ਲਾਘਾ (unsung) ਹੀ ਮਰ ਜਾਂਦੇ ਹਨ---ਭਾਰਤ ਜਿਹੇ ਮਹਿੰਗਾਈ ਤੇ ਗਰੀਬੀ ਦੀ ਮਾਰ ਹੇਠ ਰੁਲ ਰਹੇ ਦੇਸ਼ਾਂ ਵਿੱਚ ਬਹੁਤ ਸਾਰੇ ਕਲਾਕਾਰ ਆਪਣੀ ਕਲਾ ਦਾ ਇਜ਼ਹਾਰ ਕਰਨ ਲਈ ਕਿਸੇ ਪਲੇਟਫਾਰਮ ਦੇ ਨਾ ਮਿਲਣ ਕਰਕੇ ਗੁੰਮ ਸੁੰਮ ਹੀ ਖਤਮ ਹੋ ਜਾਂਦੇ ਹਨ---ਥਾਮਸ ਗਰੇਅ ਦੀ ਐਲਜ਼ੀ (Elegy) ਵਿੱਚ ਵੀ ਇਸ ਪ੍ਰਕਾਰ ਦੇ ਅਣਗੌਲੇ ਹੁਨਰ ਦਾ ਜ਼ਿਕਰ ਹੈ---ਮੇਰੇ ਪਿੰਡ ਦਾ ਭਾਈਆ ਦਸੌਂਧਾ ਸਿੰਘ ਦੂਜਾ ਫੌਜਾ ਸਿੰਘ ਬਣ ਸਕਦਾ ਹੈ ਜੇ ਉਸਨੂੰ ਸੇਧ ਦਿਖਾਉਣ ਵਾਲਾ ਤੇ ਉਸਤੇ ਪੈਸੇ ਖਰਚਣ ਵਾਲਾ ਕੋਈ ਹੋਵੇ---ਕਾਸ਼! ਉਸਦੀ ਅਥਾਅ ਊਰਜਾ ਨੂੰ ਸਹੀ ਪਾਸੇ ਮੋੜਿਆ ਜਾਂਦਾ---ਮੇਰਾ ਮਾਮਾ ਪੋਸਤੀ ਨਾ ਬਣਦਾ ਜੇ ਉਸਦੀ ਜਵਾਨੀ ਵਾਲੀ ਪਹਿਲਵਾਨੀ ਨੂੰ ਸੰਭਾਲ ਲਿਆ ਜਾਂਦਾ---ਮੈਂ ਤਾਂ ਮਾੜਾ-ਮੋਟਾ ਹੀ ਮਸ਼ਹੂਰ ਹੋ ਸਕਿਆ ਹਾਂ---ਹੋ ਸਕਦਾ ਏ ਮੇਰਾ ਉਹ ਪੁਰਾਣਾ ਸਾਥੀ ਮੇਰੇ ਮੈਗਜ਼ੀਨ ਵਿੱਚ ਲਗਾਤਾਰ ਛਪ ਕੇ ਆਪਣੇ ਹੁਨਰ ਨੂੰ ਮਾਂਜ ਕੇ ਪੇਸ਼ ਕਰਨ ਦੇ ਯੋਗ ਹੋ ਜਾਵੇ---ਮੈਂ ਸੋਚਾਂ ਵਿੱਚ ਹਾਂ---ਪੁਰਾਣੀ ਦੁਸ਼ਮਣੀ ਨੂੰ ਭੁੱਲ ਜਾਵਾਂ ਜਾ ਨਾ---ਰਾਤ ਦੇ ਕੁਝ ਘੰਟੇ ਇਸ ਪ੍ਰਕਾਰ ਦੀਆਂ ਸੋਚਾਂ ਵਿੱਚ ਹੀ ਗੁਜ਼ਰੇ---ਜੇ ਹੋਰ ਕੁੱਝ ਨਹੀਂ ਤਾਂ ਉਸਦੀ ਛਪਣ ਦੀ ਹਸਰਤ ਤਾਂ ਪੂਰੀ ਹੋ ਹੀ ਸਕਦੀ ਏ---ਉਹ ਵੀ ਧਰਤੀ ਦੇ ਦੂਜੇ ਪਾਸੇ---ਨਹੀਂ ਮੈਨੂੰ ਇਵੇਂ ਉਹਦੇ ਨੇੜੇ ਨਹੀਂ ਹੋਣਾ ਚਾਹੀਦਾ---ਹੋਣਾ ਚਾਹੀਦਾ ਏ---ਨਹੀਂ ਹੋਣਾ ਚਾਹੀਦਾ ਏ-

Full many a gem of purest ray serene,
The dark unfathom'd caves of ocean bear:
Full many a flow'r is born to blush unseen,
And waste its sweetness on the desert air.

ਡਾ: ਮਲਿਕ ਇਸ ਪ੍ਰਕਾਰ ਦੀ ਸੋਚ ਵਿੱਚ ਪਿਆ ਹੋਇਆ ਉੱਚੀ ਉੱਚੀ ਬੁੜਬੁੜਾ ਰਿਹਾ ਸੀ। ਉਸਦੀ ਪਤਨੀ ਦੀ ਜਾਗ ਖੁੱਲ ਗਈ ਸੀ। ਉਹ ਉਸ ਦੀ ਬੁੜਬੁੜਾਹਟ ਸੁਣ ਰਹੀ ਸੀ।

"ਇਹ ਕੀ ਬੁੜਬੁੜਾ ਰਹੇ ਹੋ? ਪਿਛਲੇ ਦਸ ਮਿੰਟਾਂ ਤੋਂ ਮੈਂ ਤੁਹਾਨੂੰ ਦੇਖ ਤੇ ਸੁਣ ਰਹੀ ਹਾਂ। ਕਿਸੇ ਨੂੰ ਝਿੜਕਾਂ ਮਾਰਦੇ ਸੀ ਜਾ ਦਿਲਾਸਾ ਦਿੰਦੇ ਸੀ? ਕੋਈ ਸ਼ੇਕਸਪੀਅਰ ਦਾ ਭੂਤਾਂ ਪ੍ਰੇਤਾਂ ਵਾਲਾ ਦ੍ਰਿਸ਼ ਤਾਂ ਨਹੀਂ ਸੀ ਦੇਖ ਰਹੇ? ਦੱਸੋ ਕੀ ਹੋ ਰਿਹਾ ਸੀ?"

"ਨਾ ਪੁੱਛ"

"ਕਿਉਂ? ਕਦੀ ਰੋਣ ਨੂੰ ਕਰਦੇ ਸੀ ਕਦੀ ਕਿਸੇ ਤੇ ਤਰਸ ਕਰਦੇ ਲੱਗਦੇ ਸੀ। ਸੱਚੋ ਸੱਚ ਦੱਸੋ ਕੀ ਸੁਪਨਾ ਸੀ", ਡਾ: ਮਲਿਕ ਦੀ ਪਤਨੀ ਡਾਢੀ ਹੋ ਕੇ ਬੋਲੀ।

ਡਾ: ਮਲਿਕ ਪੂਰਾ ਜਾਗ ਪਿਆ ਤੇ ਬੋਲਿਆ,

"ਉਹ 25 ਸਾਲ ਪਹਿਲਾਂ ਵਾਲਾ ਮੇਰਾ ਕੁਲੀਗ ਸੀ ਡਾ: ਮਾਥੁਰ। ਉਹ ਦਿਖ ਪਿਆ। ਪਿਛਲੇ ਹਫਤੇ ਮੈਂ ਕੈਨੇਡਾ ਦੇ ਇੱਕ ਰਸਾਲੇ ਵਿੱਚ ਉਸਦੀ ਸੋਸ਼ਲ ਮੀਡੀਆ ਤੇ ਇੱਕ ਕਹਾਣੀ ਪੜ੍ਹੀ ਸੀ। ਫਿਰ ਮੈਂ ਉਸਨੂੰ ਫੋਨ ਕਰ ਲਿਆ। ਉਹ ਆਪਣੇ ਰਸਾਲੇ ਤੇ ਬੜਾ ਹੈਰਾਨ ਸੀ। ਮੈਨੂੰ ਇਵੇਂ ਲੱਗਾ ਜਿਵੇਂ ਉਹ ਛਪਣ ਲਈ ਲੋਚ ਰਿਹਾ ਹੋਵੇ।"

"ਤੁਸੀਂ ਬਸ ਲਿਖਣ ਅਤੇ ਛਪਣ ਬਾਰੇ ਹੀ ਸੋਚੀ ਜਾਇਆ ਕਰੋ। ਤੁਹਾਨੂੰ ਹੋਰ ਕੋਈ ਕੰਮ ਹੀ ਨਹੀਂ। ਤੁਸੀਂ ਉਸਨੂੰ ਕੀ ਕਿਹਾ ਫਿਰ?"

"ਮੈਂ ਤਾਂ ਹਾਂ ਕਰਨ ਹੀ ਵਾਲਾ ਸੀ ਕਿ ਮੇਰੀ ਜਾਗ ਖੁੱਲ੍ਹ ਗਈ।"

"ਇਸ ਮਾਥੁਰ ਨੇ ਕਿਸੇ ਸਮੇਂ ਕਾਲਜ ਦੇ ਲਾਈਲਗ ਪ੍ਰਿੰਸੀਪਲ ਨਾਲ ਮਿਲ ਕੇ ਜੋ ਤੁਹਾਡੇ ਨਾਲ ਕੁੱਤੇਖਾਣੀ ਕਰਾਈ ਸੀ ਉਹ ਭੱਲ ਗਏ? ਮੈਂ ਤਾਂ ਇੱਦਾਂ ਦੇ ਨੂੰ ਕਦੀ ਵੀ ਪੱਠੇ ਨਾ ਪੁਆਉਣ ਦੇਵਾਂ।"

"ਸੱਚੀ?"

"ਹੋਰ ਤੁਸੀਂ ਅਸ਼ਟਾਮ ਤੇ ਲਿਖਵਾਉਣਾ ਹੈ? ਜੇ ਬਹੁਤ ਵੱਡੇ ਐਲ.ਬੀ.ਓ. ਹੋ ਤਾਂ ਜਾਓ ਆਪਣੀ ਚਾਹ ਆਪ ਬਣਾਓ।"

"ਐਲ.ਬੀ.ਓ? ਉਹ ਕੀ ਹੁੰਦਾ ਏ?"

"ਲੋਕ ਭਲਾਈ ਅਫਸਰ। ਮੈਂ ਤਾਂ ਉਹ ਦਿਨ ਕਦੀ ਨਾ ਭੁੱਲਾਂ ਜਿਸ ਦਿਨ ਕਾਲਜ ਤੋਂ ਚਾਰਜ ਸ਼ੀਟ ਲੈ ਕੇ ਆਏ ਸੀ?"

ਨੇੜਿਓ ਮਲਿਕ ਦੀ ਜਵਾਨ ਧੀ ਵੀ ਬੋਲ ਪਈ, "ਡੈਡ, 85 ਭੁੱਲ ਗਏ?"

ਇਸ ਤੋਂ ਬਾਦ ਮਲਿਕ ਦੀਆਂ ਅੱਖਾਂ ਅੱਡੀਆ ਹੀ ਰਹਿ ਗਈਆਂ!!!!

11 ਅਪ੍ਰੈਲ 2023 ਨੂੰ Likhari.net UK ਨੇ ਛਾਪੀ।

*****

# ਸਰਾਪੀ ਖੁਸ਼ੀ

ਪਿੱਛੇ ਜਿਹੇ ਇੱਕ ਪੰਜਾਬੀ ਨੇ ਮੇਰੇ ਘਰ ਦੇ ਨੇੜੇ ਘਰ ਖਰੀਦਿਆ। ਕੁਝ ਸਮਾਂ ਤਾਂ ਅਣਜਾਣਪੁਣੇ ਵਿੱਚ ਲੰਘ ਗਿਆ। ਫਿਰ ਉਹਦੇ ਬੱਚੇ ਮੇਰੇ ਬੱਚਿਆਂ ਨੂੰ ਹੈਲੋ ਹਾਏ ਕਰਨ ਲਗ ਪਏ। ਖੁਲ੍ਹਦੀ ਖੁਲ੍ਹਦੀ ਵਾਕਫੀਅਤ ਮੇਰੀ ਤੇ ਉਹਦੀ ਘਰਵਾਲ਼ੀ ਵਿੱਚ ਹੋ ਗਈ। ਇੱਕ ਦਿਨ ਉਹ ਆਪਣੇ ਵਿਹੜੇ ਦਾ ਘਾਹ ਕੱਟ ਰਿਹਾ ਸੀ ਕਿ ਮੈਂ ਆਪਣੇ ਘਰ ਪਹੁੰਚ ਗਿਆ। ਸਾਡੀ ਦੋਹਾਂ ਦੀ ਹੈਲੋ ਹੈਲੋ ਹੋ ਗਈ। ਮੈਂ ਉਸਨੂੰ ਉਹਦੇ ਬਾਰੇ ਪੁੱਛ ਬੈਠਾ,"ਕਿਧਰੋਂ ਆਏ ਹੋ ?"

"ਤੁਹਾਡਾ ਮਤਲਬ, ਪਹਿਲਾਂ ਕਿੱਥੇ ਰਹਿੰਦੇ ਸਾਂ ਅਸੀਂ?"

"ਹਾਂ, ਇਹੀ ਸਮਝ ਲਓ।"

"ਪਹਿਲਾਂ ਅਸੀਂ ਲਿਵਰਪੂਲ ਸਾਂ। ਹੁਣ ਇਹ ਘਰ ਲਿਆ ਏ।"

"ਬੜੀ ਖੁਸ਼ੀ ਹੋਈ, ਵੀਰ ਜੀ। ਪੰਜਾਬ ਤੋਂ ਕਿੱਥੋਂ ਹੋ?"

"ਭਾਜੀ, ਅਸੀਂ ਜਿਲ੍ਹਾ ਨਵਾਂ ਸ਼ਹਿਰ ਦੇ ਹਾਂ। ਹੁਣ ਅਸੀਂ ਕੁਝ ਦਿਨ ਪਹਿਲਾਂ ਪਿੰਡੋਂ ਹੀ ਆਏ ਹਾਂ। ਘਰ ਪਹਿਲਾਂ ਖਰੀਦ ਗਏ ਸੀ। ਸ਼ਿਫਟ ਹੁਣ ਕੀਤਾ ਏ। ਪੁਰਾਣਾ ਘਰ ਮੁੰਡੇ ਵਹੁਟੀ ਨੂੰ ਦੇ ਆਏ ਹਾਂ।"

"ਕੀ ਪਹਿਲਾਂ ਸਾਰੇ ਇਕੱਠੇ ਰਹਿੰਦੇ ਸੀ?"

"ਹਾਂ! ਪਹਿਲਾਂ ਲੜਕਾ ਵਿਆਹਿਆ ਨਹੀਂ ਸੀ। ਹੁਣ ਉਹਦਾ ਵਿਆਹ ਹੋ ਗਿਆ। ਉੱਧਰ ਨੂੰ ਵਿਆਹ ਕਰਨ ਹੀ ਗਏ ਸਾਂ।"

"ਕਿੰਨੀ ਕੁ ਦੇਰ ਤੋਂ ਆਸਟਰੇਲੀਆ ਵਿੱਚ ਰਹਿੰਦੇ ਹੋ?"

"ਭਾਅ ਜੀ, ਮੈਂ ਪੰਜਾਬ ਤੋਂ ਬੀ. ਏ. ਕਰਕੇ 1988 ਵਿੱਚ ਨਿਊਜ਼ੀਲੈਂਡ ਆ ਗਿਆ ਸੀ। ਕੁਝ ਚਿਰ ਬਾਅਦ ਉੱਥੇ ਪੱਕਾ ਹੋਇਆ। ਉੱਥੇ ਕੰਮ ਕਾਰ ਦੇ ਮੌਕੇ ਕੁੱਝ ਸੀਮਿਤ ਸਨ। ਮੇਰੀ ਹਮੇਸ਼ਾ ਕੋਸ਼ਿਸ਼ ਇਹੀ ਸੀ ਕਿ ਕਿਸੇ ਹੀਲੇ ਆਸਟਰੇਲੀਆ ਆ ਕੇ ਪੱਕੇ ਡੇਰੇ ਲਾਏ ਜਾਣ। ਨਿਊਜ਼ੀਲੈਂਡ ਪੱਕਾ ਹੋਣ ਤੋਂ ਬਾਅਦ ਮਾਪਿਆਂ ਨੇ ਵਿਆਹ ਲਈ ਜ਼ੋਰ ਪਾ ਦਿੱਤਾ ਸੀ। ਮੇਰੀਆਂ ਤਿੰਨ ਭੈਣਾਂ ਹਨ ਤੇ ਮੈਂ ਇਕੱਲਾ ਹੀ ਉਨ੍ਹਾਂ ਦਾ ਭਰਾ ਹਾਂ। ਮਾਪੇ ਚਾਹੁੰਦੇ ਸਨ ਕਿ ਮੈਂ ਵਿਆਹ ਕਰਵਾ ਲਵਾਂ। ਉਨ੍ਹਾਂ ਦੇ ਜ਼ੋਰ ਪਾਉਣ ਤੋਂ ਬਾਅਦ ਮੈਂ ਪੰਜ ਕੁ ਸਾਲ ਬਾਅਦ ਪੰਜਾਬ ਗਿਆ ਸੀ। ਲੜਕੀ ਮਾਪਿਆਂ



ਨੇ ਲੱਭੀ ਹੋਈ ਸੀ। ਮੇਰੇ ਜਾਂਦੇ ਸਾਰ ਮੇਰਾ ਵਿਆਹ ਕਰ ਦਿੱਤਾ ਸੀ। ਮੈਂ ਮਹੀਨਾ ਕੁ ਪੰਜਾਬ ਰਹਿ ਕੇ ਵਾਪਿਸ ਨਿਊਜ਼ੀਲੈਂਡ ਆ ਗਿਆ ਸੀ। ਆ ਕੇ ਚਾਰ ਕੁ ਮਹੀਨਿਆਂ ਬਾਅਦ ਹੀ ਮੈਂ ਆਪਣੀ ਘਰਵਾਲ਼ੀ ਨੂੰ ਵੀ ਸੱਦ ਲਿਆ। ਦੋ ਸਾਲ ਬਾਅਦ ਸਾਡੇ ਲੜਕਾ ਹੋਇਆ ਸੀ। ਸਮਾਂ ਬੀਤਦਾ ਗਿਆ। ਕੋਸ਼ਿਸ਼ ਸੀ ਆਸਟਰੇਲੀਆ ਆਉਣ ਦੀ। ਕਾਨੂੰਨੀ ਕਾਰਵਾਈ ਆਪਣਾ ਸਮਾਂ ਲੈਂਦੀ ਰਹੀ। ਨਿਊਜ਼ੀਲੈਂਡ ਵਿੱਚ ਕੁਝ ਟੱਬਰਾਂ ਨਾਲ਼ ਸਾਂਝ ਵੀ ਪੈ ਗਈ ਸੀ। ਇਕ ਸਮਾਂ ਐਸਾ ਆਇਆ ਕਿ ਉੱਥੋਂ ਕੁਝ ਪਰਿਵਾਰ ਕੈਨੇਡਾ ਨੂੰ ਚਲੇ ਗਏ ਤੇ ਇੱਕ ਦੋ ਆਸਟਰੇਲੀਆ ਨੂੰ ਆ ਗਏ ਸੀ। ਇੰਨੇ ਸਮੇਂ ਵਿੱਚ ਸਾਡੇ ਇੱਕ ਔਲਾਦ ਹੋਰ ਵੀ ਹੋ ਗਈ ਸੀ। ਇਹ ਵੀ ਲੜਕਾ ਹੀ ਸੀ। ਪਰਿਵਾਰ ਹੁਣ ਉੱਥੇ ਇਕੱਲਾ ਇਕੱਲਾ ਮਹਿਸੂਸ ਕਰ ਰਿਹਾ ਸੀ। ਆਖਰਕਾਰ ਅਸੀਂ ਆਸਟਰੇਲੀਆ ਦੇ ਕਸਬੇ ਵੂਲਗੂਲਗਾ ਪਹੁੰਚ ਗਏ ਸੀ। ਮੇਰੇ ਦੋਨੋ ਲੜਕੇ ਹੁਣ ਜਵਾਨ ਹੋ ਗਏ ਸਨ। ਲੋੜੀਂਦੀ ਪੜ੍ਹਾਈ ਵੀ ਤਕਰੀਬਨ ਪੂਰੀ ਕਰ ਹੀ ਚੁਕੇ ਸਨ। ਵੱਡਾ ਤਾਂ ਨੌਕਰੀ ਤੇ ਲੱਗ ਗਿਆ ਸੀ ਤੇ ਛੋਟਾ ਆਪਣੇ ਕੋਰਸ ਦੇ ਆਖਰੀ ਸਾਲ ਵਿੱਚ ਪੜ੍ਹਦਾ ਸੀ। ਮੇਰੇ ਮਾਪੇ ਹੁਣ ਪੰਜਾਬ ਵਿੱਚ ਬੁਢਾਪੇ ਵਲ ਵਧ ਰਹੇ ਸਨ। ਜ਼ਮੀਨ ਚੰਗੀ ਹੈ। ਮੇਰੇ ਮਾਪੇ ਸੀਰੀ ਰੱਖ ਕੇ ਖੇਤੀ ਕਰਦੇ ਸਨ। ਉਹ ਮੈਨੂੰ ਮਿਲਣ ਲਈ ਤਰਸਦੇ ਰਹਿੰਦੇ ਸਨ। ਇਸ ਲਈ ਮੈਂ ਕਦੀ ਇਕੱਲਾ ਤੇ ਤੇ ਕਦੀ ਆਪਣੇ ਪਰਿਵਾਰ ਨਾਲ਼ ਪੰਜਾਬ ਗੇੜਾ ਮਾਰਦਾ ਰਹਿੰਦਾ ਸਾਂ।"

"ਤੁਹਾਡੀਆਂ ਭੈਣਾ ਵੀ ਤਾਂ ਮਾਪਿਆਂ ਪਾਸ ਆਉਂਦੀਆਂ ਰਹਿੰਦੀਆਂ ਹੋਣਗੀਆਂ? ਉਹ ਤਾਂ ਪੰਜਾਬ ਵਿੱਚ ਹੀ ਹਨ ?"

"ਇੱਕ ਇਟਲੀ ਵਿੱਚ ਏ ਤੇ ਦੋ ਪੰਜਾਬ ਵਿੱਚ ਹਨ। ਇਟਲੀ ਵਾਲ਼ੀ ਬਹੁਤ ਘੱਟ ਪੰਜਾਬ ਆਉਂਦੀ ਏ ਕਿਉਂਕਿ ਜਵਾਈ ਨੂੰ ਇਟਲੀ ਸੈਟ ਹੋਣ ਲਈ ਏਜੈਂਟਾਂ ਨੂੰ ਕਾਫੀ ਪੈਸੇ ਦੇਣੇ ਪਏ ਸਨ। ਉਹ ਹਵਾਈ ਕਿਰਾਇਆਂ ਤੇ ਬਹੁਤ ਘੱਟ ਪੈਸਾ ਖਰਚਦੇ ਹਨ। ਬੜੀ ਮੁਸ਼ਕਿਲ ਨਾਲ਼ ਕਾਫੀ ਸਾਲਾਂ ਬਾਅਦ ਸੈਟ ਹੋਏ ਸਨ। ਦੂਜੀਆਂ ਦੋਹਾਂ ਭੈਣਾਂ ਵਿੱਚ ਇੱਕ ਦੇ ਸਹੁਰੇ ਚੰਗੇ ਹਨ ਤੇ ਇੱਕ ਦੇ ਘਟੀਆ ਹਨ। ਇਸ ਪ੍ਰਕਾਰ ਇੱਕ ਤਾਂ ਮਾਂ ਪਿਓ ਪਾਸ ਅਕਸਰ ਗੇੜਾ ਮਾਰ ਜਾਂਦੀ ਏ। ਦੂਜੀ ਦੇ ਸਹੁਰੇ ਲੋਭੀ ਹਨ। ਉਹ ਨਿਰੇ ਪੈਸੇ ਦੇ ਪੁੱਤ ਹਨ। ਜਦ ਤੱਕ ਕੁਝ ਮਿਲਦਾ ਰਹੇ ਤਦ ਤੱਕ ਹੀ ਚੱਕਰ ਲਗਾਉਂਦੇ ਰਹਿੰਦੇ ਹਨ। ਨਹੀਂ ਤਾਂ ਉਹ ਆਉਂਦੇ ਹੀ ਨਹੀਂ। ਪਹਿਲਾਂ ਪਹਿਲਾਂ ਤਾਂ ਉਹਨੂੰ ਬਹੁਤ ਤੰਗ ਪਰੇਸ਼ਾਨ ਕਰਦੇ ਰਹੇ ਸੀ। ਹੁਣ ਕੁਝ ਸਮੇਂ ਤੋਂ ਇਸ ਲਈ ਚੁੱਪ ਰਹਿਣ ਲੱਗ ਪਏ ਕਿਉਂਕਿ ਨਿਆਣੇ ਝਾਟਾ ਪੁੱਟਣ ਨੂੰ ਪੈਂਦੇ ਐ। ਨਿਆਣੇ ਮਾਂ ਦੀ ਵੱਧ ਵਫਾਦਾਰੀ ਕਰਨ ਲੱਗ ਪੈਂਦੇ ਨੇ ਤੇ ਫਿਰ ਬਾਪ ਅਤੇ ਘਰ ਵਿੱਚ ਹੋਰ ਐਰੇ ਗੈਰੇ ਨੂੰ ਵੀ ਚੁੱਪ ਹੀ ਰਹਿਣਾ ਪੈਂਦਾ ਏ। ਹੁਣ ਮੇਰੇ ਮਨ ਤੇ ਦੋ ਵੱਡੇ ਬੋਝ ਸਨ।"

"ਉਹ ਕੀ?"

"ਇੱਕ ਤਾਂ ਆਪਣੇ ਮਾਪਿਆਂ ਪਾਸ ਵਾਰ ਵਾਰ ਗੇੜਾ ਮਾਰਨ ਦਾ ਕਿਉਂਕਿ ਉਹ 80 ਨੂੰ ਟੱਪ ਚੁੱਕੇ ਹਨ। ਦੂਜਾ ਆਪਣਾ ਵੱਡਾ ਮੁੰਡਾ ਵਿਆਹੁਣ ਦਾ। ਮੇਰਾ ਮੁੰਡਾ ਟੇਫ ਕਾਲਜ ਤੋਂ ਕੰਪਿਊਟਰ ਦਾ ਕੋਰਸ ਕਰ ਚੁੱਕਾ ਸੀ ਤੇ ਉਹ ਇੱਕ ਦਫਤਰ ਵਿੱਚ ਐਡਮਨਿਸਟਰੇਟਿਵ ਅਸਿਸਟੈਂਟ ਲੱਗ ਗਿਆ ਸੀ। ਮੇਰੀ ਕੋਸ਼ਿਸ਼ ਇਹ ਸੀ ਕਿ ਮੇਰੇ ਮੁੰਡਿਆਂ ਤੇ ਸ਼ਹਿਰੀ ਵਾਤਾਵਰਣ ਦਾ ਬਹੁਤਾ ਅਸਰ ਨਾ ਪਵੇ ਤੇ ਉਹ ਵਿਆਹ ਵੀ ਪੰਜਾਬ ਵਿੱਚ ਹੀ ਕਰਵਾ ਲੈਣ। ਤੁਹਾਨੂੰ ਪਤਾ ਈ ਹੈ ਕਿ ਵੂਲਗੂਲਗਾ ਤਾਂ ਪਿੰਡਾਂ ਜਿਹਾ ਹੀ ਏ। ਮੈਂ ਖੁਦ ਵੀ ਗੋਰੇ ਸੱਭਿਆਚਾਰ ਤੋਂ ਦੂਰ ਹੀ ਰਿਹਾ ਹਾਂ। ਮੇਰੇ ਮਨ ਵਿੱਚ ਆਪਣੇ ਬੱਚਿਆਂ ਪ੍ਰਤੀ ਦੋ ਡਰ ਸਨ-- ਇੱਕ ਤਾਂ ਇਹ ਕਿ ਗੋਰਿਆਂ ਦੇ ਵਿਆਹਾਂ ਵਿੱਚ ਟੁੱਟ ਭੱਜ ਬਹੁਤ ਹੁੰਦੀ ਏ। ਮੇਰੇ ਆਪਣੇ ਲੜਕੇ ਗੋਰਿਆਂ ਦੇ ਇਸ ਪ੍ਰਭਾਵ ਥੱਲੇ ਨਾ ਆਉਣ ਤੇ ਵਿਆਹ ਪੰਜਾਬ ਵਿੱਚ ਪਰੰਪਰਾਗਤ ਤਰੀਕੇ ਨਾਲ਼ ਕਰਵਾਉਣ। ਦੂਜਾ ਇਹ ਕਿ ਆਪਣਾ ਬੁਢਾਪਾ ਆਸਟਰੇਲੀਆ ਵਿੱਚ ਵੀ ਪੰਜਾਬ ਵਾਂਗ ਹੀ ਗੁਜ਼ਰੇ। ਆਪਣੇ ਘਰ ਵਿੱਚ ਹੀ ਰਹੀਏ ਤੇ ਆਪਣੇ ਲੜਕੇ ਬਹੂਆਂ ਸਾਡੀ ਬੁਢਾਪੇ ਤੱਕ ਦੇਖ ਭਾਲ ਕਰਨ। ਤੁਹਾਨੂੰ ਪਤਾ ਈ ਏ ਪਿਛਲੇ ਤਿੰਨ ਸਾਲ ਤੋਂ ਕਰੋਨਾ ਨੇ ਦੁਨੀਆਂ ਵਾਸਤੇ ਨਵੀਆਂ ਲਿਆਮਤਾਂ ਖੜੀਆਂ ਕਰ ਦਿੱਤੀਆਂ ਸਨ। ਕੋਈ ਚਾਹੁੰਦਾ ਹੋਇਆ ਵੀ ਆਪਣੀ ਮਰਜ਼ੀ ਨਾਲ਼ ਯਾਤਰਾ ਨਹੀਂ ਕਰ ਸਕਦਾ ਸੀ। ਸਰਕਾਰਾਂ ਦੀਆਂ ਅੰਤਾਂ ਦੀਆਂ ਪਾਬੰਦੀਆਂ ਸਨ ਤੇ ਆਪਣਾ ਡਰ ਵੀ ਸੀ। ਕਈਆਂ ਨੇ ਅੜੀ ਕਰਕੇ ਜਾਂ ਮਜਬੂਰੀ ਵਿੱਚ ਸਫਰ ਕਰਨ ਦੀ ਕੋਸ਼ਿਸ਼ ਕੀਤੀ ਪਰ ਪਰੰਤੂ ਉਹ ਇੱਕ ਥਾਂ ਤੇ ਡੱਕੇ ਰਹਿ ਗਏ। ਅਸੀਂ ਵੀ ਪੰਜਾਬ ਜਾਣ ਤੋਂ ਕਈ ਦੇਰ ਰੁਕੇ ਰਹੇ। ਆਖਰ ਦਾਰਜੀ ਨੇ ਫੋਨ ਕੀਤਾ, 'ਰਿੱਕੀ ਪੁੱਤ, ਹੁਣ ਕਰੋਨਾ ਦਾ ਅਸਰ ਘਟ ਗਿਆ ਏ। ਪੰਜਾਬ ਦੇ ਪਿੰਡ ਤਾਂ ਠੀਕ ਹੀ ਹਨ। ਐਵੇਂ ਅਖਬਾਰਾਂ ਲੋਕਾਂ ਨੂੰ ਡਰਾ ਰਹੀਆਂ ਹਨ। ਲੀਡਰ ਬਥੇਰੇ ਝੁਰਮਟ ਬਣਾਈ ਫਿਰਦੇ ਨੇ। ਹੜਤਾਲਾਂ ਮੁਜ਼ਾਹਰੇ ਬਥੇਰੇ ਹੋਈ ਜਾ ਰਹੇ ਨੇ। ਇਨ੍ਹਾਂ ਨੂੰ ਕਰੋਨਾ ਕੁਝ ਨਹੀਂ ਕਹਿੰਦਾ। ਹੁਣ ਤਾਂ ਆਕੇ ਇੱਕ ਚੱਕਰ ਮਾਰ ਜਾਹ। ਸਾਡੀ ਸਿਹਤ ਹੁਣ ਠੀਕ ਨਹੀਂ ਰਹਿੰਦੀ। ਕਾਕਾ ਸਾਹ ਵਾਲ਼ੀ ਚੀਜ਼ ਦਾ ਕੀ ਵਸਾਹ? ਇੱਕ ਵਾਰ ਆ ਜਾਹ। ਜੇ ਇੱਕ ਵਾਰ ਬੱਚੇ ਵੀ ਦਿਖਾ ਜਾਵੇਂ ਤਾਂ ਹੋਰ ਵੀ ਚੰਗਾ ਹੋਊ। ਜੁਆਕਾਂ ਨੂੰ ਦੇਖਿਆਂ ਬਹੁਤ ਚਿਰ ਹੋ ਗਿਐ। ਤੇਰੀ ਬੀਬੀ ਤਾਂ ਬਸ ਨਿਆਣਿਆਂ ਦੀਆਂ ਵੀਡੀਓਜ਼ ਹੀ ਦੇਖਦੀ ਰਹਿੰਦੀ ਏ। ਇੱਕ ਪਾਸੇ ਪਾਈ ਤਾਂ ਪੁੱਤ ਰੋਟੀ ਵੀ ਸੜ ਜਾਂਦੀ ਏ। ਰੂਬਲ ਹੁਣ ਖਾਸਾ ਤਕੜਾ ਹੋ ਗਿਆ ਏ। ਛੋਟਾ ਬਬਲਾ ਵੀ ਸੁੱਖ ਨਾਲ਼ ਜਵਾਨ ਹੁੰਦਾ ਜਾ ਰਿਹਾ ਏ। ਇਨ੍ਹਾਂ ਨੂੰ ਨਾਲ਼ ਲਿਆ। ਸਾਰੇ ਹੀ ਇੱਕ ਵਾਰ ਗੇੜਾ ਮਾਰ ਜਾਓ।' ਮੈਂ ਕਿਹਾ, 'ਦਾਰ ਜੀ, ਚਿੰਤਾ



ਨਾ ਕਰੋ। ਆ ਤਾਂ ਅਸੀਂ ਪਿਛਲੇ ਸਾਲ ਹੀ ਜਾਣਾ ਸੀ ਪਰ ਕਰੋਨਾ ਨੇ ਸਭ ਨੂੰ ਗਧੀ ਗੇੜ ਪਾਈ ਛੱਡਿਆ। ਕਰੋਨਾ ਸਾਡੇ ਆਸਟਰੇਲੀਆਂ ਵਿੱਚ ਓਨਾ ਨਹੀਂ ਜਿੰਨਾ ਇਹ ਯੂਰਪ, ਏਸ਼ੀਆ ਤੇ ਅਮਰੀਕਾ ਵਿੱਚ ਏ। ਇਹ ਪੰਜਾਬ ਨਾਲ਼ੋਂ ਭਾਰਤ ਦੇ ਦੂਜੇ ਹਿੱਸਿਆਂ ਵਿੱਚ ਕਿਤੇ ਜ਼ਿਆਦਾ ਏ। ਹੁਣ ਅਸੀਂ ਆਉਣ ਬਾਰੇ ਸੋਚ ਰਹੇ ਹਾਂ। ਕੰਮ ਦੋ ਹਨ-- ਇੱਕ ਤਾਂ ਤੁਹਾਨੂੰ ਮਿਲਣਾ ਏ ਤੇ ਦੂਜਾ ਵੱਡਾ ਕੰਮ ਏ ਰੂਬਲ ਵਾਸਤੇ ਪੰਜਾਬ ਵਿੱਚੋਂ ਕੋਈ ਲੜਕੀ ਲੱਭਣੀ। ਇੱਧਰ ਜੰਮੇ ਨਿਆਣੇ ਮਾਪਿਆਂ ਦੇ ਕਹੇ ਤੇ ਸ਼ਾਦੀ ਬਹੁਤ ਘੱਟ ਕਰਵਾਉਂਦੇ ਨੇ। ਸਾਡੇ ਬੱਚੇ ਇੱਧਰ ਵੱਡੇ ਸ਼ਹਿਰਾਂ ਵਿੱਚ ਨਹੀਂ ਰਹੇ । ਵੂਲਗੂਲਗਾ ਇੱਕ ਪਿੰਡ ਏ, ਦਾਰ ਜੀ। ਲਗਦਾ ਇੰਝ ਏ ਕਿ ਰੂਬਲ ਪੰਜਾਬ ਦੀ ਲੜਕੀ ਪਸੰਦ ਕਰ ਲਊ। ਇੱਕ ਹੋਰ ਗੱਲ ਇਹ ਹੈ ਕਿ ਇਹ ਖੁਦ ਇੱਥੇ ਗਰਾਫਟਨ ਦੇ ਇੱਕ ਦਫਤਰ ਵਿੱਚ ਕਲਰਕ ਹੈ। ਇਸਨੂੰ ਸਿਡਨੀ, ਮੈਲਬੌਰਨ ਤੇ ਬ੍ਰਿਸਬੇਨ ਜਿਹੇ ਸ਼ਹਿਰਾਂ ਦੀ ਹਵਾ ਨਹੀਂ ਲੱਗੀ। ਅਸੀਂ ਛੋਟੇ ਨੂੰ ਇੱਥੇ ਛਡ ਆਵਾਂਗੇ ਤੇ ਦੋ ਮਹੀਨੇ ਲਈ ਪੰਜਾਬ ਆਵਾਂਗੇ। ਬੀਜੀ ਨੂੰ ਵੀ ਕਹੋ ਕਿ ਉਹ ਰੂਬਲ ਲਈ ਕੋਈ ਲੜਕੀ ਲੱਭੇ। ਆਪਾਂ ਝੱਟ ਮੰਗਣੀ ਪਟ ਵਿਆਹ ਕਰ ਦੇਣਾ ਏ। ਬਹੁਤਾ ਰੌਲ਼ਾ ਪਾਉਣ ਦੀ ਲੋੜ ਨਹੀਂ।'

"ਤੁਸੀਂ ਤਾਂ ਆਪਣੀਆਂ ਲੰਬੀਆਂ ਕਹਾਣੀਆਂ ਪਾ ਬੈਠੇ। ਮੈਂ ਤਾਂ ਤੁਹਾਡੇ ਬਾਰੇ ਸੰਖੇਪ ਜਿਹਾ ਜਵਾਬ ਚਾਹੁੰਦਾ ਸੀ," ਮੈਂ ਆਪਣੇ ਗੁਆਂਢੀ ਨੂੰ ਕਿਹਾ।

"ਵੀਰ, ਆਪਾਂ ਹੁਣ ਵਾਕਿਫ ਤਾਂ ਹੋ ਹੀ ਗਏ ਹਾਂ। ਚਾਹ ਬਣਦੀ ਪਈ ਏ। ਚਾਹ ਪੀਂਦੇ ਹਾਂ ਤੇ ਆਪਣੇ ਬਾਰੇ ਹੋਰ ਗੱਲਬਾਤ ਕਰਦੇ ਹਾਂ।" ਇੰਨੇ ਨੂੰ ਉਸਦੀ ਘਰਵਾਲ਼ੀ ਚਾਹ ਦੇ ਦੋ ਕੱਪ ਦੇ ਗਈ।

"ਫਿਰ ਕੀ ਹੋਇਆ?"

'ਪੁੱਤ ਮੈਂ ਫੋਨ ਤੇਰੀ ਮਾਂ ਨੂੰ ਦਿੰਦਾ ਹਾਂ, ਇਹ ਗੱਲ ਤੂੰ ਉਹਦੇ ਨਲ਼ ਆਪ ਕਰ।' ਮੇਰਾ ਬਾਪ ਕਹਿਣ ਲੱਗਾ।

'ਚੰਗਾ ਮੈਂ ਵੀ ਫੋਨ ਇੱਧਰੋਂ ਪਾਲਾਂ ਨੂੰ ਦਿੰਦਾ ਹਾਂ। ਸੱਸ ਨੂੰਹ ਗੱਲ ਕਰਨ ਤੇ ਕਿਸੇ ਬੰਨੇ ਕੰਢੇ ਪਹੁੰਚਣ, ਮੈਂ ਕਿਹਾ।

'ਪਾਲੀ ਬੇਟੇ, ਸਤਿ ਸ੍ਰੀ ਅਕਾਲ।'

'ਬੀਜੀ, ਪੈਰੀਂ ਪੈਂਦੀ ਆਂ। ਅਸੀਂ ਸਕੀਮ ਬਣਾਈ ਏ ਕਿ ਰੂਬਲ ਨੂੰ ਪੰਜਾਬ ਲਿਆ ਕੇ ਇਹਦੇ ਸਿਹਰੇ ਬੰਨ੍ਹ ਦੇਈਏ। ਇਹ ਕੰਮ ਵਧੀਆ ਹੋਊ ਜੇ ਤੁਸੀਂ ਕੋਈ ਕੁੜੀ ਲੱਭ ਛੱਡੋ। ਇੱਧਰ ਜੰਮੇ ਨਿਆਣੇ ਮਾਪਿਆਂ ਨਾਲ਼ੋਂ ਜ਼ਿਆਦਾ ਟੁੱਟ ਜਾਂਦੇ ਨੇ। ਇੱਧਰ ਜੰਮੇ ਨਿਆਣੇ ਜਦ ਸ਼ੁਰੂ ਸ਼ੁਰੂ ਵਿੱਚ ਜਜ਼ਬਾਤੀ ਹੋ ਕੇ ਆਪਣੀਆਂ ਮਨਮਰਜ਼ੀਆਂ ਕਰ ਬਹਿੰਦੇ ਨੇ। ਦੋ ਕੁ ਸਾਲ ਬਾਅਦ ਅਣਬਣ ਸ਼ੁਰੂ ਹੋ ਜਾਂਦੀ ਏ। ਆਕੜ ਦੋਹੀਂ

ਪਾਸੀਂ ਬਰਾਬਰ ਦੀ ਹੁੰਦੀ ਏ। ਘਰ ਦੇ ਕੰਮ ਵੰਡ ਕੇ ਕਰਦੇ ਹਨ। ਵਾਧੂ ਕੰਮ ਨੂੰ ਹੱਥ ਨਹੀਂ ਲਗਾਉਂਦੇ। ਅੱਬਲ ਤਾਂ ਘਰ ਰੋਟੀ ਬਣਾਉਂਦੇ ਹੀ ਨਹੀਂ। ਬਾਹਰ ਖਾਣ ਤੁਰੇ ਰਹਿੰਦੇ ਨੇ। ਜੇ ਬਣਾਉਣ ਤਾਂ ਇੱਕ ਜਣਾ ਖਾਣਾ ਬਣਾਉਂਦਾ ਏ ਤੇ ਇੱਕ ਜਣਾ ਬਰਤਨ ਸਾਫ ਕਰਦਾ ਏ। ਇੱਕ ਜਣਾ ਧੋਣ ਲਈ ਕੱਪੜੇ ਮਸ਼ੀਨ ਵਿੱਚ ਪਾਉਂਦਾ ਏ ਤੇ ਦੂਜਾ ਰਸੋਈ ਵਾਲ਼ੇ ਬਿਨ ਦੇ ਕਚਰੇ ਨੂੰ ਬਾਹਰ ਵੱਡੇ ਬਿਨ ਵਿੱਚ ਪਾਉਣ ਲੈ ਕੇ ਜਾਂਦਾ ਏ। ਇੱਕ ਜਣਾ ਘਰ ਨੂੰ ਵੈਕਿਊਮ ਕਰਦਾ ਏ ਤੇ ਦੂਜਾ ਕੱਪੜੇ ਪ੍ਰੈਸ ਕਰਦਾ ਏ। ਬੈਂਕ ਦੇ ਖਾਤੇ ਅਲੱਗ ਅਲੱਗ ਰੱਖਦੇ ਹਨ। ਇੱਕ ਦੂਜੇ ਤੇ ਵਿਸ਼ਵਾਸ ਬਹੁਤ ਸੋਚ ਸੋਚ ਕੇ ਕਰਨਾ ਸ਼ੁਰੂ ਕਰਦੇ ਹਨ। ਇੱਕ ਦਮ ਘਿਓ ਖਿਚੜੀ ਨਹੀਂ ਹੁੰਦੇ। ਘੜੀ ਵਿੱਚ ਹੀ ਰੁੱਸ ਵੀ ਜਾਂਦੇ ਹਨ। ਛੁਪ ਛੁਪ ਕੇ ਗੁੱਝੀਆਂ ਸੱਟਾਂ ਮਾਰੀ ਜਾਣਗੇ। ਅਗਲੇ ਦੇ ਸਿਰ ਵਿੱਚ ਪਾਉਣਾ ਮਧਾਣੀ ਚੀਰਾ ਤੇ ਦੱਸਣੀਆਂ ਝਰੀਟਾਂ। ਸੈਹਾ ਆਪਦੇ ਦਾਅ ਨੂੰ ਤੇ ਕੁੱਤਾ ਆਪਦੇ ਨੂੰ। ਬਹੁਤਿਆਂ ਦੇ ਮਾਪੇ ਲੋਕਲ ਹੀ ਹੁੰਦੇ ਹਨ। ਰੁੱਸ ਕੇ ਮਾਪਿਆਂ ਵੱਲ ਦੌੜ ਜਾਣਾ ਆਮ ਵਰਤਾਰਾ ਏ। ਘਰਵਾਲ਼ਾ ਮਨਾਉਣ ਤੁਰਿਆ ਰਹਿੰਦਾ ਏ। ਇਹ ਜੋੜੇ ਸਿਆਣਿਆਂ ਨੂੰ ਬੁਲਾ ਕੇ ਰਾਜ਼ੀ ਨਹੀਂ। ਸਿਆਣੇ ਬੁਢਾਪਾ ਘਰਾਂ ਵਿੱਚ ਧੱਕੇ ਖਾਂਦੇ ਫਿਰਦੇ ਰਹਿੰਦੇ ਹਨ। ਬੰਦਾ ਕਰੇ ਤਾਂ ਕੀ ਕਰੇ। ਰਿਸ਼ਤਾ ਕਰਨ ਵੇਲ਼ੇ ਇਹ ਮੁੰਡੇ ਕੁੜੀਆਂ ਜਜ਼ਬਾਤਾਂ ਦੇ ਵਹਿਣ ਵਿੱਚ ਵਹਿ ਤੁਰਦੇ ਹਨ। ਉਦੋਂ ਇਹ ਇੱਕ ਦੂਜੇ ਲਈ ਚੰਨ ਤਾਰੇ ਤੋੜ ਕੇ ਲਿਆਉਣ ਦੇ ਵਾਅਦੇ ਕਰਦੇ ਹਨ। ਸ਼ਾਦੀ ਤੋਂ ਬਾਅਦ ਦੋ ਕੁ ਸਾਲ ਬਾਅਦ ਜ਼ਮੀਨ ਤੇ ਆਉਂਦੇ ਹਨ। ਫਿਰ ਲੜਾਈਆਂ, ਨਿਘੋਚਾਂ, ਟੁੱਟ ਭੱਜ ਸ਼ੁਰੂ। ਆਪ ਦੁਖੀ ਮਾਪੇ ਦੁਖੀ। ਸ਼ਰੀਕਾਂ ਦੀ ਤੋਏ ਤੋਏ! ਦੁਨੀਆ ਦੀਆਂ ਤਾਂ ਸਤਾਰਾਂ ਅੱਖਾਂ ਤੇ ਚੌਂਤੀ ਕੰਨ ਨੇ!! ਦੁਨੀਆਂ ਤਾਂ ਮਿੰਟਾਂ ਵਿੱਚ ਅਫਵਾਹ ਫੈਲਾ ਦਿੰਦੀ ਏ। ਬੀ ਜੀ ਨਵੇਂ ਨਵੇਂ ਖਿਆਲਾਂ ਨੇ ਲੋਕਾਂ ਨੂੰ ਅੰਨ੍ਹਾਂ ਕਰ ਦਿੱਤਾ ਹੈ। ਰੂਬਲ ਹਜੇ 21 ਸਾਲ ਦਾ ਹੋਇਆ ਏ। ਇਹਨੂੰ ਇੱਧਰ ਵੱਡੇ ਸ਼ਹਿਰਾਂ ਦੀ ਹਵਾ ਨਹੀਂ ਲੱਗੀ। ਦਫਤਰੀ ਨੌਕਰੀ ਤੇ ਲੱਗ ਗਿਐ। ਦਫਤਰ ਵੀ ਛੋਟੇ ਸ਼ਹਿਰ ਵਿੱਚ ਹੀ ਏ। ਕੋਈ ਲੜਕੀ ਪੰਜਾਬ ਤੋਂ ਲਿਆ ਕੇ ਇੱਥੇ ਕਿਸੇ ਕੰਮ ਵਿੱਚ ਸੈਟ ਕਰ ਦਿਆਂਗੇ। ਇੱਥੇ ਤਾਂ ਖੇਤੀ ਦੇ ਕੰਮ ਵੀ ਨੌਕਰੀਆਂ ਜਿਹੇ ਹੀ ਹਨ। ਬਲਿਊਬੇਰੀ ਦੇ ਕੰਮਾਂ ਵਿੱਚ ਅੰਤਾਂ ਦੀਆਂ ਔਰਤਾਂ ਕੰਮ ਕਰਦੀਆਂ ਹਨ। ਅਸੀਂ ਵੀ ਖੁਸ਼ ਤੇ ਇਹ ਵੀ ਖੁਸ਼। ਸਾਡਾ ਬੁਢਾਪਾ ਵੀ ਚੰਗਾ ਗੁਜ਼ਰੂ। ਟੱਬਰ ਪੰਜਾਬ ਦੇ ਹੀ ਚੰਗੇ ਨੇ। ਜਦ ਸਾਂਝੇ ਟੱਬਰ ਹੋਇਆ ਕਰਦੇ ਸਨ ਤਾਂ ਉਹ ਬੜੇ ਚੰਗੇ ਹੁੰਦੇ ਹਨ। ਨਾ ਨਿਆਣੇ ਸਾਂਭਣ ਦਾ ਫਿਕਰ ਤੇ ਨਾ ਹੀ ਬੁੱਢਿਆਂ ਨੂੰ ਆਪਣਾ ਕੋਈ ਫਿਕਰ। ਜਦ ਪੰਜਾਬ ਵਿੱਚ ਸਾਂਝੇ ਟੱਬਰ ਖਤਮ ਹੋਣ ਲੱਗੇ ਤਾਂ ਬੱਚੇ ਵੀ ਰੁਲਣ ਲਗੇ ਤੇ ਬੁੱਢੇ ਵੀ। ਪਿੰਡਾਂ ਵਿੱਚ ਬੁਢਾਪਾ ਵੈਸੇ ਵੀ ਸੋਹਣਾ ਕੱਟ ਹੋ ਜਾਂਦਾ ਸੀ। ਬੁੱਢੇ ਸੱਥਾਂ ਵਿੱਚ ਹੀ ਲੰਮਾ



ਸਮਾਂ ਗੁਜ਼ਾਰ ਲੈਂਦੇ ਸਨ। ਦਾਰ ਜੀ, ਹੁਣ ਵੀ ਸੱਥ ਵਿੱਚ ਬੈਠਦੇ ਹਨ, ਤਾਸ਼ ਦੀ ਬਾਜੀ ਵੀ ਲਾ ਲੈਂਦੇ ਹਨ, ਗੁਰਦੁਆਰੇ ਤਾਂ ਜਾਂਦੇ ਹੀ ਹਨ। ਬੀਜੀ, ਅਸੀਂ ਸੀਟਾਂ ਬੁੱਕ ਕਰਵਾ ਰਹੇ ਹਾਂ। ਮੈਂ ਆਪਣੇ ਪੇਕੀਂ ਵੀ ਦੱਸ ਪਾ ਦਿੱਤੀ। ਤੁਸੀਂ ਵੀ ਗੁਆਂਢ ਵਿੱਚ ਦੱਸ ਦਿਓ। ਮੇਰੀਆਂ ਭੋਗਪੁਰ ਤੇ ਕੋਠਾਰ ਵਾਲ਼ੀਆਂ ਭੈਣਾਂ ਵੀ ਦੱਸ ਪੁੱਛ ਪਾ ਦੇਣਗੀਆਂ। ਇਵੇਂ ਕੋਈ ਚੰਗੀ ਜਿਹੀ ਕੁੜੀ ਲੱਭ ਲਓ। ਅਸੀਂ ਆਏ ਕਿ ਆਏ। ਆਉਂਦੇ ਸਾਰ ਹੀ ਵਿਆਹ ਦੀਆਂ ਤਿਆਰੀਆਂ।'

'ਚੰਗਾ ਗੁਰਪਾਲ, ਮੈਂ ਸਾਰੀ ਗੱਲ ਤੇਰੇ ਦਾਰ ਜੀ ਨਾਲ ਕਰ ਲੈਂਦੀ ਹਾਂ। ਤੂੰ ਰਿੱਕੀ ਨੂੰ ਦੱਸਦੇ ਕਿ ਅਸੀਂ ਤੁਹਾਡੀ ਉਡੀਕ ਕਰਾਂਗੇ। ਕੁੜੀ ਲੱਭਣੀ ਸ਼ੁਰੂ ਕਰ ਦਿੰਦੇ ਹਾਂ।'

'ਚੰਗਾ ਬੀਜੀ। ਅਸੀਂ ਆ ਕੇ ਵਿਆਹ ਕਰਕੇ ਵਾਪਿਸ ਸਿਡਨੀ ਦੇ ਲਿਵਰਪੂਲ ਇਲਾਕੇ ਵਿੱਚ ਰਹਿਣਾ ਸ਼ੁਰੂ ਕਰਾਂਗੇ।'

ਮੈਂ ਪੂਰਾ ਮੂਡ ਵਿੱਚ ਨਹੀਂ ਸੀ ਮੇਰਾ ਨਵਾਂ ਆਇਆ ਗਵਾਂਢੀ ਆਪਣੀ ਗੱਲ ਪੂਰੀ ਕਰ ਦੇਣੀ ਚਾਹੁੰਦਾ ਸੀ। ਫਿਰ ਮੈਂ ਸੋਚਿਆ ਇਹਦੀ ਪੂਰੀ ਗੱਲ ਸੁਣ ਹੀ ਲੈਂਦੇ ਹਾਂ।

"ਕਿਵੇਂ ਹੋਇਆ? ਫਿਰ ਤੁਸੀਂ ਪੰਜਾਬ ਜਾ ਕੇ ਵਿਆਹ ਕਰ ਲਿਆਏ?"

"ਵੀਰ, ਮੇਰੀ ਗੱਲ ਤਾਂ ਸੁਣੋ। ਇੱਕ ਨਵਾਂ ਮਾਮਲਾ ਹੀ ਖੜ੍ਹਾ ਹੋ ਗਿਆ।"

"ਉਹ ਕੀ?"

"ਮੈਂ ਦੱਸਦਾਂ। ਦਾਰ ਜੀ ਦੇ ਜ਼ਿਆਦਾ ਬਿਮਾਰ ਹੋਣ ਦੀ ਖਬਰ ਆ ਗਈ। ਮੀਂਹ ਲਗਾਤਾਰ ਪੈ ਰਹੇ ਸਨ। ਇਸ ਨਾਲ਼ ਪੰਜਾਬ ਵਿੱਚ ਸਰਦੀ ਵਧ ਗਈ ਸੀ। ਦਾਰਜੀ 80 ਸਾਲ ਦੇ ਹੋ ਚੁੱਕੇ ਸਨ। ਮੇਰੀ ਆਦਮਪੁਰ ਵਾਲ਼ੀ ਭੈਣ ਪਿੰਡ ਆ ਗਈ। ਦਾਰਜੀ ਦਾ ਚੈੱਕਅਪ ਕਰਵਾਇਆ। ਤੇਜ਼ ਬੁਖਾਰ ਸੀ। ਖੈਰ ਚੰਦ ਦਿਨਾਂ ਵਿੱਚ ਹੀ ਠੀਕ ਹੋ ਗਿਐ। ਮੈਂ ਆਪਣੀ ਭੈਣ ਨੂੰ ਦੱਸਿਆ ਕਿ ਅਸੀਂ ਜਨਵਰੀ ਦੇ ਅੰਤ ਵਿੱਚ ਆ ਜਾਵਾਂਗੇ--ਮੈਂ, ਪਾਲਾਂ ਤੇ ਰੂਬਲ। ਭੈਣ ਜੀ ਨੇ ਯਕੀਨ ਦੁਆ ਦਿੱਤਾ ਕਿ ਅਸੀਂ ਦਾਰ ਜੀ ਦੀ ਜ਼ਿਆਦਾ ਫਿਕਰ ਨਾ ਕਰੀਏ। ਉਹ ਪੂਰਾ ਧਿਆਨ ਰੱਖੇਗੀ। ਨਾਲ਼ੇ ਉਹਨੇ ਦੱਸਿਆ ਕਿ ਇੱਕ ਲੜਕੀ ਵੀ ਨਜ਼ਰ ਵਿੱਚ ਏ। ਇਹ ਲੜਕੀ ਮਹਿਮਦਪੁਰ ਪਿੰਡ ਦੀ ਸੀ। ਇਹ ਪਿੰਡ ਵੀ ਆਦਮਪੁਰ ਦੇ ਨੇੜੇ ਹੀ ਪੈਂਦਾ ਏ। ਲੜਕੀ ਨੇ ਪਲੱਸ ਟੂ ਕਰਕੇ ਕੰਪਿਊਟਰ ਦਾ ਕੋਰਸ ਕੀਤਾ ਹੋਇਆ ਸੀ। ਰਿਸ਼ਤਾ ਕਾਫੀ ਚੰਗਾ ਸੀ। ਕੁੜੀ ਦਾ ਕੱਦ ਕਾਠ ਤੇ ਸ਼ਕਲ ਵੀ ਕਾਫੀ ਚੰਗੇ ਸਨ। ਉਸਦੇ ਮਾਂ ਬਾਪ ਦੋਨੋ ਅਧਿਆਪਕ ਸਨ। ਨਾਮ ਏ ਸ਼ਮਿੰਦਰ। ਅਸੀਂ ਕੁਝ ਸ਼ਾਪਿੰਗ ਕੀਤੀ ਹੋਈ ਹੀ ਸੀ। ਕ੍ਰਿਸਮਿਸ ਮੂਹਰੇ ਲੱਗੀਆਂ ਸੇਲਾਂ ਨੇ ਸਾਡੀ ਕਾਫੀ ਮਦਦ ਕਰ ਦਿੱਤੀ ਸੀ। ਅਸੀਂ

ਉਡਾਣ ਲਈ ਤੇ ਦਿੱਲੀ ਪਹੁੰਚ ਗਏ। ਮੇਰੇ ਚਾਚੇ ਦਾ ਮੁੰਡਾ ਟੀਨੂੰ ਸਾਨੂੰ ਦਿੱਲੀ ਤੋਂ ਲੈਣ ਆਇਆ ਹੋਇਆ ਸੀ। ਪਹੁੰਚਦੇ ਸਾਰ ਫਤਹਿ ਫਤੂਹੀ ਹੋਣ ਤੋਂ ਬਾਅਦ ਉਹਦੇ ਨਾਲ਼ ਗੱਲਾਂ ਚੱਲ ਪਈਆਂ।

"ਟੀਨੂੰ, ਮੰਮੀ ਡੈਡੀ ਠੀਕ ਨੇ?"

'ਅੰਕਲ ਜੀ ਮੰਮੀ ਡੈਡੀ ਤਾਂ ਠੀਕ ਨੇ ਪਰ ਦਾਰ ਜੀ ਰਾਤ ਦੇ ਫਿਰ ਢਿੱਲੇ ਨੇ। ਅਸੀਂ ਤੁਹਾਨੂੰ ਉੱਧਰੋਂ ਤੁਰਨ ਲੱਗਿਆਂ ਨੂੰ ਨਹੀਂ ਦੱਸਿਆ। ਅਸੀਂ ਸੋਚਿਆ ਤੁਹਾਡਾ ਸਫਰ ਕਾਹਨੂੰ ਖਰਾਬ ਕਰਨਾ।'

'ਟੀਨੂੰ, ਸੱਚ ਦੱਸ। ਦਾਰ ਜੀ ਹੈਗੇ ਵੀ ਆ ਕਿ ਨਹੀਂ? ਤੂੰ ਮੇਰੇ ਕੋਲ਼ ਹਜੇ ਵੀ ਝੂਠ ਬੋਲ ਰਿਹਾਂ ਏ।'

'ਨਹੀਂ ਅੰਕਲ। ਐਸੀ ਕੋਈ ਗੱਲ ਨਹੀਂ ਠੀਕ ਨੇ। ਹਾਲਤ ਸੀਰੀਅਸ ਜਰੂਰ ਏ। ਤੁਹਾਨੂੰ ਮਿਲਣ ਨੂੰ ਤਰਸ ਰਹੇ ਨੇ। ਦਵਾ ਦਾਰੂ ਠੀਕ ਚੱਲ ਰਿਹਾ ਏ। ਡਾਕਟਰ ਸਵੇਰੇ ਸ਼ਾਮ ਘਰ ਆਉਂਦਾ ਏ। ਹੁਣੇ ਡੈਡੀ ਦਾ ਫੋਨ ਆਇਆ ਸੀ ਕਹਿੰਦੇ- ਠੀਕ ਹਨ।'

'ਮੇਰੀ ਗੱਲ ਕਰਵਾ ਤਾਂ ਪ੍ਰਭਜੀਤ ਨਾਲ਼? ਮਿਲ਼ਾ ਫੋਨ?'

'ਲਓ ਕਰੋ ਗੱਲ।'

'ਪ੍ਰਭਜੀਤ, ਸਤਿ ਸ੍ਰੀ ਅਕਾਲ'!'

'ਭਾਅ ਜੀ, ਸਤਿ ਸ੍ਰੀ ਅਕਾਲ!'

'ਦਾਰਜੀ ਦਾ ਕੀ ਹਾਲ ਏ? ਟੀਨੂੰ ਦੱਸਦਾ ਏ ਕਿ ਉਹ ਪਰਸੋਂ ਤੋਂ ਫਿਰ ਕਾਫੀ ਢਿੱਲੇ ਨੇ? ਸੁਣਕੇ ਮੇਰੇ ਤਾਂ ਔਸਾਣ ਮਾਰੇ ਗਏ ਨੇ।'

'ਭਾਅ ਜੀ, ਦਿਲ ਵੱਡਾ ਕਰੋ। ਦਿਲ ਚੰਗਾ ਤਾਂ ਕਟੋਰਾ ਵਿੱਚ ਗੰਗਾ। ਤੁਹਾਥੋਂ ਕਾਹਦਾ ਲਕੋਅ? ਡਾਕਟਰ ਕਹਿੰਦਾ ਏ ਫੇਫੜਿਆਂ ਦਾ ਕੈਂਸਰ ਏ। ਸਕੈਨ ਹੋ ਚੁੱਕਾ ਹੈ। ਦਿਨ ਕੱਢੀ ਜਾ ਰਹੇ ਨੇ। ਤੁਸੀਂ ਪਹੁੰਚ ਜਾਓ ਤੇ ਆ ਕੇ ਦਰਸ਼ਨ ਕਰ ਲਓ। ਵਾਹਿਗੁਰੂ! ਵਾਹਿਗੁਰੂ!!'

"ਫੋਨ ਸੁਣ ਕੇ ਮੈਥੋਂ ਵਾਧੂ ਗੱਲ ਨਾ ਹੋਈ। ਮੈਂ ਫੋਨ ਟੀਨੂੰ ਨੂੰ ਫੜ੍ਹਾ ਦਿੱਤਾ। ਟੀਨੂੰ ਗੱਡੀ ਚਲਾਉਂਦਾ ਗਿਆ। ਅਸੀਂ ਪਾਣੀਪਤ ਇੱਕ ਢਾਬੇ ਤੇ ਖਾਣਾ ਖਾਧਾ ਫਿਰ ਤੁਰ ਪਏ। ਖਿਆਲਾਂ ਵਿੱਚ ਗੁਆਚੇ ਹੋਏ ਚਾਰੇ ਜਣੇ ਆਖਰ ਪਿੰਡ ਪਹੁੰਚ ਗਏ। ਜਦ ਘਰ ਅੰਦਰ ਪਹੁੰਚੇ ਤਾਂ ਮਾਂ ਵੈਣ ਪਾਉਣ ਲੱਗ ਪਈ। ਸਾਨੂੰ ਇਵੇਂ ਲੱਗਾ ਕਿ ਜਿਵੇਂ ਭਾਣਾ ਵਰਤ ਗਿਆ ਹੋਵੇ। ਅਸਲ ਵਿੱਚ ਜਜ਼ਬਾਤਾਂ ਦਾ ਇੱਕ ਉਛਾਲਾ ਪੁੱਤ ਨੂੰ ਮਿਲਣ ਨਾਲ਼ ਤੇ ਦਾਰ ਜੀ ਦੀ ਮਾੜੀ ਹਾਲਤ ਦੇ ਸੁਮੇਲ ਤੋਂ ਪੈਦਾ ਹੋਇਆ ਸੀ। ਗੱਡੀ ਤੋਂ ਉੱਤਰਦੇ ਸਾਰ ਮੈਂ ਦਾਰ ਜੀ ਦੇ ਕਮਰੇ ਵੱਲ ਗਿਆ। ਦੇਖਿਆ ਕਿ ਦਾਰ



ਜੀ ਦੀਆਂ ਅੱਖਾਂ ਕੁਝ ਲੱਭ ਰਹੀਆ ਸਨ। ਉਹ ਮੇਰਾ ਤੇ ਰੂਬਲ ਦਾ ਚਿਹਰਾ ਦੇਖਣ ਨੂੰ ਤਰਸ ਰਹੀਆ ਸਨ।

'ਦਾਰਜੀ, ਦਾਰਜੀ ਮੈਂ ਆ ਗਿਆ! ਅਸੀਂ ਆ ਗਏ! ਤੁਹਾਡਾ ਪੋਤਾ!! ਰੂਬਲ, ਰੂਬਲ!!'

'ਮੇਰਾ ਪੁੱਤ ਮੂੰਹ ਉਰੇ ਨੂੰ ਕਰ। ਮੈਂ ਤੈਨੂੰ ਰੱਜ ਕੇ ਦੇਖ ਲਵਾਂ! ਮੈਨੂੰ ਰੂਬਲ ਵੀ ਦਿਖਾ! ਤੁਸੀਂ ਕਿੱਥੇ ਚਲੇ ਗਏ ਸੀ ਬੱਚਿਓ? ਮੈਂ ਬਸ ਤੁਹਾਨੂੰ ਦੇਖਣ ਤੱਕ ਹੀ ਜੀਅ ਰਿਹਾ ਸੀ, ਜੀਅ ਰਿਹਾ ਹਾਂ--- ਮੈਂ ਦੇਖ ਲਿਆ---ਤੁਹਾਨੂੰ---ਮੇਰੇ ਬੱਚਿਓ!! ਮੇਰੇ ਜਿਗਰ ਦੇ ਟੋਟਿਓ---!!'

ਇੰਝ ਤਰਲੇ ਕਰਦੇ ਦਾਰਜੀ ਨੇ ਪ੍ਰਾਣ ਤਿਆਗ ਦਿੱਤੇ। ਸਾਰੇ ਘਰ ਵਿੱਚ ਰੋਣ ਧੋਣ ਸ਼ੁਰੂ ਹੋ ਗਿਐ। ਲੋਕ ਆਉਣੇ ਸ਼ੁਰੂ ਹੋ ਗਏ। ਸੱਥਰ ਵਿਛ ਗਿਐ। ਸ਼ਾਮ ਨੂੰ ਦਾਗ ਦੇ ਦਿੱਤੇ ਗਏ।"

"ਵੀਰ ਜੀ। ਤੁਹਾਡੇ ਨਾਲ਼ ਤਾਂ ਫਿਰ ਬੜੀ ਮਾੜੀ ਵਾਪਰੀ। ਖੁਸ਼ੀ ਖੁਸ਼ੀ ਗਏ ਸੀ। ਜਾਂਦੇ ਸਾਰ ਹੀ ਗਮਾਂ ਦੇ ਸਮੁੰਦਰ ਵਿੱਚ ਡੁੱਬ ਗਏ।" ਮੈਂ ਗਵਾਂਢੀ ਨਾਲ਼ ਦੁੱਖ ਸਾਂਝਾ ਕੀਤਾ।

"ਫਿਰ ਕਿਵੇਂ ਹੋਇਆ?"

"ਕੀਰਤਪੁਰ ਅਸਤ ਪਾ ਆਏ। ਪਾਠ ਰਖਾ ਦਿੱਤਾ ਗਿਆ। ਭੋਗ ਗਿਆਰਵੇਂ ਦਿਨ ਪਿਆ। ਲੋਕ ਅਫਸੋਸ ਕਰਨ ਆਈ ਗਏ। ਮਹੀਨਾ ਭਰ ਮਾਹੌਲ ਸੋਗਮਈ ਰਿਹਾ।"

"ਭਾਅਜੀ ਫਿਰ ਰੂਬਲ ਦੇ ਵਿਆਹ ਦਾ ਕੀ ਬਣਿਆ।" ਮੈਂ ਪੁੱਛਿਆ।

"ਵੀਰ, ਮਰਗ ਦੇ ਮਾਹੌਲ ਵਿੱਚ ਖੁਸ਼ੀ ਦਾ ਮਾਹੌਲ ਕਿਵੇਂ ਸਿਰਜਿਆ ਜਾ ਸਕਦਾ ਸੀ? ਵਿਆਹ ਤਾਂ ਪਿੱਛੇ ਹੀ ਪਾਉਣਾ ਪੈਣਾ ਸੀ ਪਰ ਇੱਕ ਮੱਧ ਰਸਤਾ ਲੱਭਿਆ ਗਿਆ।"

"ਉਹ ਕੀ?"

"ਵਿਚਾਰ ਇਹ ਹੋਇਆ ਕਿ ਸਾਰੇ ਟੱਬਰ ਦਾ ਵਾਰ ਵਾਰ ਵਿਆਹ ਕਰਨ ਆਉਣਾ ਔਖਾ ਸੀ। ਅਦਾਲਤ ਵਿੱਚ ਜਾ ਕੇ ਕਾਗਜ਼ੀ ਵਿਆਹ ਦੀ ਕਾਰਵਾਈ ਕਰ ਲਈ ਜਾਵੇ। ਰੂਬਲ ਨੂੰ ਲੜਕੀ ਦਿਖਾ ਦਿੱਤੀ ਗਈ ਉਸਨੂੰ ਪਸੰਦ ਵੀ ਆ ਗਈ। ਲੜਕੀ ਕੁਝ ਮਹੀਨਿਆਂ ਵਿੱਚ ਵੂਲਗੂਲਗਾ ਪਹੁੰਚ ਗਈ ਸੀ। ਉੱਥੇ ਰੂਬਲ ਤੇ ਲੜਕੀ ਸ਼ਮਿੰਦਰ ਦਾ ਵਿਆਹ ਕਰ ਦਿੱਤਾ ਗਿਆ। ਫਿਰ ਅਸੀਂ ਉਨ੍ਹਾਂ ਨੂੰ ਲਿਵਰਪੂਲ ਘਰ ਖਰੀਦ ਦਿੱਤਾ। ਅਸੀਂ ਇੱਧਰ ਤੁਹਾਡੇ ਵੱਲ ਆ ਕੇ ਰਹਿਣ ਲੱਗ ਪਏ। ਇਹ ਘਰ ਅਸੀਂ ਖਰੀਦ ਹੀ ਲਿਆ ਸੀ।"

"ਵੀਰ, ਮੈਨੂੰ ਬੜੀ ਖੁਸ਼ੀ ਹੋਈ ਕਿ ਤੁਸੀਂ ਪੰਜਾਬੀ ਸਾਡੇ ਗੁਆਂਢੀ ਬਣ ਗਏ ਹੋ। ਕਿਸੇ ਪ੍ਰਕਾਰ ਦੀ ਕੋਈ ਹੈਲਪ ਚਾਹੀਦੀ ਹੋਵੇ ਤਾਂ ਦੱਸਣ ਤੋਂ ਗੁਰੇਜ਼ ਨਾ ਕਰਿਓ। ਅੱਜ ਕਾਫੀ ਗੱਲਾਂ ਹੋਈਆਂ।"

"ਬਹੁਤ ਚੰਗਾ ਲੱਗਾ, ਭਾਅ ਜੀ।"

26 ਅਪ੍ਰੈਲ 2023 ਨੂੰ ਪੰਜਾਬੀ ਟ੍ਰਿਬਿਊਨ ਚੰਡੀਗੜ੍ਹ ਨੇ ਛਾਪੀ

*****



# ਲਾਕਡਾਊਨ

ਦੁਨੀਆਂ ਵਿਚ ਫੈਲੇ ਕਰੋਨਾਵਾਇਰਸ ਤੋਂ ਬਚਾਓ ਲਈ ਸਰਕਾਰਾਂ ਵਲੋਂ ਲਗਾਏ ਲਾਕਡਾਊਨ ਸਮੇਂ ਮਨੁੱਖ ਨੂੰ ਜਿਆਦਾ ਘਰਾਂ ਵਿਚ ਹੀ ਰਹਿਣਾ ਪੈਂਦਾ ਸੀ। ਅਜਿਹੇ ਹਾਲਾਤਾਂ ਵਿਚ ਸਮਾਂ ਬਿਤਾਉਣ ਲਈ ਲੋਕ ਟੈਲੀਫੋਨ ਦਾ ਬੜਾ ਪ੍ਰਯੋਗ ਕਰਦੇ ਹਨ। ਮੇਰੀ ਵੀ ਆਪਣੇ ਇਕ ਚੰਡੀਗੜ੍ਹ ਵਿਖੇ ਰਹਿੰਦੇ ਦੋਸਤ ਨਾਲ ਟੈਲੀਫੋਨ ਤੇ ਗੱਲ ਅਕਸਰ ਚਲਦੀ ਹੀ ਰਹਿੰਦੀ ਸੀ। ਜਿਸ ਦਿਨ ਅੰਮ੍ਰਿਤਸਰ ਵਿਖੇ ਹਜ਼ੂਰੀ ਰਾਗੀ ਦੀ ਕਰੋਨਾਵਾਇਰਸ ਨਾਲ ਮੌਤ ਹੋਈ ਤੇ ਉਸਦਾ ਸੰਸਕਾਰ ਰੋਕਣ ਲਈ ਸ਼ਮਸ਼ਾਨਘਾਟ ਨੂੰ ਤਾਲਾਬੰਦੀ ਕਰ ਦਿੱਤੀ ਗਈ ਉਸ ਦਿਨ ਸਾਡੀਆਂ ਜਾਤੀ ਅਤੇ ਸਿਆਸੀ ਭੇਦਭਾਵ ਬਾਰੇ ਲੰਬੀਆਂ ਗੱਲਾਂ ਚੱਲ ਪਈਆਂ।

"ਰਾਗੀ ਨਾਲ ਬੜੀ ਮਾੜੀ ਹੋਈ। ਐਡੇ ਉੱਚੇ ਪੁਰਸਕਾਰ ਪ੍ਰਾਪਤ ਵਿਅਕਤੀ ਦੀ ਮੌਤ ਤੋਂ ਬਾਦ ਵੀ ਉਸ ਨਾਲ ਭੇਦ ਭਾਵ ਕੀਤਾ ਗਿਆ", ਮੈਂ ਪੂਰੀ ਤਰ੍ਹਾਂ ਗਰਮਾਇਆ ਹੋਇਆ ਚਲੰਤ ਵਿਸ਼ਾ ਛੂਹਿਆ।

"ਸੁਣਿਐ, ਜੇ ਪੰਜਾਬ ਵਿਚ ਅਕਾਲੀਆਂ ਦਾ ਰਾਜ ਹੁੰਦਾ ਤਾਂ ਇਵੇਂ ਨਹੀਂ ਹੋਣਾ ਸੀ। ਇੰਜ ਕਾਂਹਰਸੀਆਂ ਦੇ ਰਾਜ ਕਰਕੇ ਹੀ ਹੋਇਆ ਏ", ਮੇਰਾ ਦੋਸਤ ਕਹਿਣ ਲੱਗਾ।

"ਮੈਨੂੰ ਤਾਂ ਯਾਰ ਇਕ ਹੋਰ ਸ਼ੱਕ ਵੀ ਪੈ ਰਿਹੀ ਏ।"

"ਉਹ ਕੀ?"

"ਰਾਗੀ ਮਜ਼ਬੀ ਸਿੱਖ ਸੀ। ਸਾਡੇ ਪਿੰਡਾਂ ਵਿਚ ਹਰੀਜਨਾਂ ਅਤੇ ਮਜ਼ਬੀਆਂ ਦੇ ਅੱਡ ਸ਼ਮਸ਼ਾਨਘਾਟ ਹਨ। ਕਿਤੇ ਉਸਦੀ ਜਾਤੀ ਕਰਕੇ ਤਾਂ ਨਹੀਂ ਰੇੜਕਾ ਖੜ੍ਹਾ ਹੋਇਆ?"

"ਮੈਨੂੰ ਇੰਜ ਨਹੀਂ ਲੱਗਦਾ।"

"ਤੈਨੂੰ ਕੀ ਲੱਗਦਾ ਏ?"

"ਅਸਲ ਵਿਚ ਸਾਡੇ ਲੋਕ ਕਰੋਨਾਵਾਇਰਸ ਦੇ ਫੈਲਾਅ ਤੋਂ ਇੰਨੇ ਡਰ ਗਏ ਕਿ ਉਹਨਾਂ ਨੂੰ ਇੰਜ ਮਹਿਸੂਸ ਹੋਣ ਲਗ ਪਿਆ ਕਿ ਸ਼ਾਇਦ ਇਹ ਵਾਇਰਸ ਹਵਾ ਰਾਂਹੀ ਵੀ ਫੈਲਦਾ ਹੋਵੇ। ਪਿੰਡ ਦੇ ਨੇੜੈ ਸਿਵਾ ਜਲਣ ਕਰਕੇ ਇਸ ਰੋਗ ਦੇ ਜਿਵਾਣੂ ਪਿੰਡ

ਵਲ ਵੀ ਆ ਸਕਦੇ ਸਨ। ਇਸ ਨਾਲ ਇਹ ਬਿਮਾਰੀ ਤੇਜੀ ਨਾਲ ਪਿੰਡ ਵਿਚ ਵੀ ਫੈਲ ਸਕਦੀ ਸੀ। ਇਸ ਲਈ ਉਹਨਾਂ ਸੋਚਿਆ ਕਿ ਦਾਗ ਪਿੰਡ ਤੋਂ ਦੂਰ ਦਿੱਤੇ ਜਾਣ।"

"ਕੀ ਤੂੰ ਸਾਡੇ ਲੋਕਾਂ ਦੀ ਜਾਤੀਵਾਦੀ ਸੋਚ ਨੂੰ ਉੱਕਾ ਰੱਦ ਕਰਦਾ ਏਂ? ਮੈਨੂੰ ਤਾਂ ਲਗਦਾ ਏ ਕਿ ਜਾਤੀਵਾਦ ਸਾਡੇ ਸਮਾਜ ਵਿਚ ਅਜੇ ਵੀ ਹੈ। ਪਹਿਲਾਂ ਤਾਂ ਇਹ ਬਹੁਤ ਸੀ। ਸਾਡੇ ਨੇਤਾ ਵੀ ਬੜੇ ਸ਼ਾਤਰ ਸਨ।"

"ਤੇਰਾ ਕੀ ਭਾਵ ਏ?"

"ਜਦ ਡਾ. ਅੰਬੇਡਕਰ ਨੇ ਸਿੱਖ ਲੀਡਰਾਂ ਨੂੰ ਕਿਹਾ ਸੀ ਕਿ ਸਾਰੇ ਅਛੂਤ ਸਿੱਖ ਬਣਨ ਨੂੰ ਤਿਆਰ ਹਨ ਉਸ ਸਮੇਂ ਸਿੱਖ ਲੀਡਰਾਂ ਨੇ ਅਛੂਤਾਂ ਦੀ ਪੰਥ ਵਿਚ ਨੂੰ ਸ਼ਮੂਲੀਅਤ ਨੂੰ ਨਕਾਰ ਦਿੱਤਾ ਸੀ। ਉਹਨਾਂ ਨੂੰ ਡਰ ਸੀ ਕਿ ਡਾ. ਅੰਬੇਡਕਰ ਸਿੱਖਾਂ ਦਾ ਸੰਪੂਰਣ ਨੇਤਾ ਨਾ ਬਣ ਜਾਵੇ।"

"ਮੈਂ ਤੇਰੇ ਵਿਚਾਰ ਨਾਲ ਸਹਿਮਤ ਹਾਂ। ਚਲ ਰਾਗੀ ਦਾ ਕੇਸ ਛੱਡ ਕੇ ਇਸ ਵਿਸ਼ੇ ਬਾਰੇ ਹੋਰ ਗੱਲ ਕਰਦੇ ਹਾਂ। ਮੈਂ ਲੰਬਾ ਸਮਾਂ ਬੈਂਕ ਦੀ ਨੌਕਰੀ 'ਚ ਰਿਹਾ। ਮੇਰੀ ਪੋਸਟਿੰਗ ਕਾਫੀ ਸਮਾਂ ਬਿਹਾਰ ਵਿਚ ਰਹੀ। ਉੱਥੇ ਵੀ ਮੈਂ ਜਾਤੀਵਾਦ ਨੂੰ ਸਿਖਰ ਤੇ ਦੇਖਿਆ।"

"ਕੋਈ ਵਾਕਿਆ? ਕੋਈ ਮਿਸਾਲ?"

"ਅਸੀਂ ਬੈਂਕ ਅਫਸਰ ਪਿੰਡਾਂ ਵਿਚ ਰੀਕਵਰੀ ਕਰਨ ਲਈ ਜਾਇਆ ਕਰਦੇ ਸਾਂ। ਮੈਂ ਸ਼ਰਮਾ ਸਾਂ। ਮੇਰੇ ਨਾਲ ਇਕ ਅਫਸਰ ਡੀ.ਐਲ. ਯਾਦਵ ਹੋਇਆ ਕਰਦਾ ਸੀ। ਤੈਨੂੰ ਸ਼ਾਇਦ ਪਤਾ ਹੋਣਾ ਏ ਕਿ ਯਾਦਵ ਬਿਹਾਰ ਵਿਚ ਪੱਛੜੀ ਜਾਤੀ ਮੰਨੇ ਜਾਂਦੇ ਹਨ। ਇਹ ਗਵਾਲੇ ਲੋਕ ਹਨ। ਬਿਹਾਰ ਵਿਚ ਠਾਕਰ ਇਹਨਾਂ ਤੋਂ ਉੱਪਰ ਦੀ ਜਾਤ ਏ। ਉਹ ਰਾਜਪੂਤ ਹਨ। ਜਦ ਅਸੀਂ ਕਿਸੇ ਘਰ ਜਾ ਕੇ ਆਪਣੀ ਵਾਕਫੀਅਤ ਕਰਵਾਉਣੀ ਹੁੰਦੀ ਸੀ ਡੀ.ਐਨ. ਯਾਦਵ ਨੇ ਮੈਨੂੰ ਕਹਿਣਾ ਕਿ ਮੈਂ ਉਹਦਾ ਤਅਰਫ ਸਿਰਫ ਡੀ.ਐਨ. ਕਹਿ ਕੇ ਕਰਵਾਇਆ ਕਰਾਂ। ਉਸਦੇ ਨਾਮ ਨਾਲ ਯਾਦਵ ਨਾ ਬੋਲਿਆ ਕਰਾਂ। ਠਾਕੁਰ ਜਾਂ ਹੋਰ ਉੱਚੀਆਂ ਜਾਤਾਂ ਦੇ ਲੋਕ ਨਹੀਂ ਸਨ ਚਾਹੁੰਦੇ ਕਿ ਕੋਈ ਯਾਦਵ ਆ ਕੇ ਉਹਨਾਂ ਨੂੰ ਕਹੇ ਉਹ ਉਹਨਾਂ ਦੀ ਬੈਂਕ ਦੀ ਰਿਕਵਰੀ ਕਰਵਾਉਣ ਆਏ ਹਨ। ਉਹ ਤਾਂ ਇਹ ਵੀ ਚਾਹੁੰਦੇ ਹਨ ਕਿ ਕੋਈ ਯਾਦਵ ਉਹਨਾਂ ਦੇ ਘਰ ਢੁੱਕੇ ਹੀ ਨਾ। ਪਿੰਡ ਵਿਚ ਪਤਾ ਲੱਗਣ ਤੇ ਕਿ ਬੈਂਕ ਵਾਲੇ ਰੀਕਵਰੀ ਕਰਨ ਲਈ ਆ ਗਏ ਹਨ ਕਈ ਕਰਜੇ ਦੇ ਦੇਣਦਾਰ ਤਾਂ ਘਰ ਦੀ ਤਾਲਾਬੰਦੀ ਕਰਕੇ ਕੁਝ ਸਮੇਂ ਲਈ ਉਰੇ ਪਰੇ ਵੀ ਹੋ ਜਇਆ ਕਰਦੇ ਸਨ। ਜਿਵੇਨ ਡੀ.ਐਨ. ਕਹਿੰਦਾ ਸੀ ਮੈਂ ਉਹਦੇ ਬਾਰੇ ਜਾਣਕਾਰੀ ਉਵੇਂ ਹੀ ਦਿੰਦਾ ਸਾਂ। ਘਰਾਂ ਵਿਚ ਜਾ ਕੇ ਆਪਣੇ ਆਪ



ਨੂੰ ਸ਼ਰਮਾ ਕਹਿ ਕੇ ਉਸਦਾ ਨਾਮ ਸਿਰਫ ਡੀ.ਐਨ. ਬੋਲ ਦਿਆ ਕਰਦਾ ਸਾਂ।"

"ਗੱਲ ਤਾਂ ਤੇਰੀ ਠੀ ਕਏ। ਮੈਨੂੰ ਯਾਦ ਏ ਇਕ ਵਾਰ ਯੂ.ਪੀ. ਜਾਂ ਬਿਹਾਰ ਵਿਚ ਉਸ ਸਮੇਂ ਦੇ ਕੇਂਦਰੀ ਮੰਤਰੀ ਜਗਜੀਵਨ ਰਾਮ ਤੋਂ ਕਿਸੇ ਧਾਰਮਿਕ ਮੂਰਤੀ ਦਾ ਉਦਘਾਟਨ ਕਰਵਾਇਆ ਗਿਆ ਸੀ। ਉਦਘਾਟਨ ਦੀ ਰਸਮ ਹੋ ਗਈ। ਕਟੜ ਬ੍ਰਾਹਮਣਾਂ ਨੇ ਸ਼ਾਇਦ ਉਸ ਥਾਂ ਦੀ ਤਾਲਾਬੰਦੀ ਕਰ ਦਿੱਤੀ ਸੀ। ਗੰਗਾਜਲ ਲਿਆ ਕੇ ਤਾਲਾਬੰਦੀ ਖੋਲ੍ਹੀ। ਫਿਰ ਮੂਰਤੀ ਨੂੰ ਇਸ ਜਲ ਨਾਲ ਚੰਗੀ ਤਰ੍ਹਾਂ ਧੋਤਾ। ਤਾਂ ਕਿਤੇ ਬ੍ਰਾਹਮਣ ਉਸਦੇ ਨੇੜੇ ਜਾਣ ਲੱਗੇ ਸੀ। ਭਾਰਤ ਵਿਚ ਜਾਤੀਵਾਦ ਇਸ ਕਦਰ ਹਾਵੀ ਰਿਹਾ ਏ। ਅਸੀਂ ਲੋਕ ਇਸਾਈ ਦੇਸਾਂ ਵਿਚ ਜਾਤੀਵਾਦ ਦਾ ਰੌਲਾ ਪਾਉਂਦੇ ਰੁਹੰਦੇ ਹਾਂ। ਭਾਰਤ ਬਾਰੇ ਸੋਚਦੇ ਹੀ ਨਹੀਂ। ਭਾਰਤ ਵਿਚ ਜਾਤੀਵਾਦ ਕੋਈ ਘਾਟ ਨਹੀਂ। ਮਾਜੂਦਾ ਸਰਕਾਰ ਨੇ ਇਸਨੂੰ ਹੋਰ ਵਧਾਇਆ ਏ। ਮਤੱਸਵੀ ਹਿੰਦੂ ਸਰਕਾਰ ਸ਼ਹਿਰਾਂ ਦੇ ਨਾਮ ਬਦਲ ਰਹੀ ਏ। ਮੁਸਲਿਮ ਨਾਮਨੇਕਲੇਚਰ ਨੂੰ ਹਿੰਦੂ ਨਾਮਨੇਕਲੇਚਰ ਵਿਚ ਬਦਲਿਆ ਜਾ ਰਿਹਾ ਏ। ਤਾਜ ਮਹਿਲ ਨੂੰ ਰਾਮ ਮਹਿਲ ਕਹਿਣ ਤੇ ਜ਼ੋਰ ਪਾਇਆ ਜਾ ਰਿਹਾ ਏ। ਫੈਜਾਬਾਦ ਦਾ ਨਾਮ ਬਦਲ ਕੇ ਅਯੋਧਿਆ ਜਿਲ੍ਹਾ ਬਣਾ ਦਿਤਾ ਗਿਆ ਹੈ। ਗੁੜਗਾਓਂ ਨੂੰ ਗੁਰੂਗ੍ਰਾਮ ਕਹਿਣ ਲੱਗ ਪਏ ਹਨ। ਰਾਮ ਮੰਦਰ ਦੀ ਉਸਾਰੀ ਲਈ ਰਾਹ ਸਾਫ ਕਰ ਲਿਆ ਗਿਆ ਹੈ। ਧਾਰਾ ੬੭੦ ਖਤਮ ਕੀਤੀ ਗਈ ਏ। ਨਾਗਰਿਕਤਾ ਸੋਧ ਬਿੱਲ ਲਾਗੂ ਕੀਤਾ ਗਿਆ ਏ। ਗਊ ਮੂਤਰ ਨੂੰ ਸਭ ਬਿਮਾਰੀਆਂ ਦਾ ਇਲਾਜ ਸਮਝਿਆ ਜਾਣ ਲੱਗ ਪਿਆ ਏ। ਮੈਂ ਤੈਨੂੰ ਇਕ ਹੋਰ ਦੇਖੀ ਹੋਈ ਪ੍ਰਕਿਰਤੀ ਦੱਸਦਾ ਹਾਂ। ਸਾਡੇ ਇੱਥੇ ਅਦਾਲਤ ਵਿਚ ਇਕ ਜੱਜ ਬਾਲਮੀਕੀ ਏ। ਉਸਦਾ ਅਰਦਲੀ ਬ੍ਰਾਹਮਣ ਏ। ਅਰਦਲੀ ਨੇ ਜੱਜ ਨੂੰ ਪਾਣੀ ਪਿਲਾਉਣ ਵਾਲਾ ਗਲਾਸ ਅਲੱਗ ਹੀ ਰੱਖਿਆ ਹੋਇਆ ਏ। ਪਾਣੀ ਪਿਆ ਕੇ ਉਹ ਇਸ ਗਲਾਸ ਨੂੰ ਬਾਕੀ ਬਰਤਨਾਂ ਤੋਂ ਅਲੱਗ ਹੀ ਰੱਖਦਾ ਏ। ਇਹ ਗੱਲ ਮੈਨੂੰ ਉਸ ਅਰਦਲੀ ਨੇ ਦੱਸੀ ਹੈ ਕਿਉਂਕਿ ਉਹ ਸਾਡੇ ਮਹੱਲੇ ਵਿਚ ਰਹਿੰਦਾ ਏ।"

"ਕੀ ਤੇਰੇ ਦੇਸ ਆਸਟਰੇਲੀਆ ਵਿਚ ਵੀ ਜਾਤੀਵਾਦ ਹੈ? ਤੈਨੂੰ ਤਾਂ ਆਸਟਰੇਲੀਆ ਵਿਚ ਰਹਿੰਦੇ ਨੂੰ ੨੦ ਸਾਲ ਹੋ ਗਏ ਹਨ। ਕੋਈ ਜਾਤੀਵਾਦ ਦੀ ਘਟਨਾ?"

"ਛੋਟੀਆਂ ਮੋਟੀਆਂ ਘਟਨਾਵਾਂ ਇਥੇ ਵੀ ਵਾਪਰ ਜਾਂਦੀਆਂ ਹਨ। ਮੇਰੀ ਲੜਕੀ ਜਵਾਈ ਘਰ ਦੇ ਨਾਲ ਦੇ ਘਰ ਵਿਚ ਇਕ ਗੋਰੀ ਬੁੱਢੀ ਰਹਿੰਦੀ ਹੁੰਦੀ ਸੀ। ਉਹ ਇਕੱਲੀ ਹੀ ਸੀ। ਮੇਰੀ ਲੜਕੀ ਦੇ ਘਰ ਅਕਸਰ ਵੀਕਐਂਡ ਤੇ ਮਹਿਮਾਨ ਆ ਜਾਇਆ ਜਰਦੇ ਸਨ। ਘਰ ਅੰਦਰ ਥੋੜ੍ਹੀ ਚਹਿਲ ਪਹਿਲ ਰਹਿੰਦੀ ਸੀ। ਆਉਣ ਤੇ ਜਾਣ ਲੱਗਿਆਂ ਘਰ ਦੇ ਮੂਹਰੇ ਅਕਸਰ ਕੁਝ ਦੇਰ ਰਾਤ ਤੱਕ ਕਾਰਾਂ ਦੀ ਗੂੰਜ ਵੀ ਪੈਂਦੀ ਹੁੰਦੀ ਸੀ। ਇਕ ਦਿਨ ਨੂੰ ਸਵੇਰ ਨੂੰ ਕੰਮ ਤੇ ਜਾਣ ਲਈ ਮੇਰਾ ਜਵਾਈ

ਕਾਰ ਪਿੱਛੇ ਨੂੰ ਕਰ ਰਿਹਾ ਸੀ। ਉਸ ਬੁੱਢੀ ਤੇ ਮੇਰੇ ਜਵਾਈ ਵਿਚਕਾਰ ਝੜਪ ਹੋ ਗਈ।"

"ਤੁਸੀਂ ਹਰ ਵੇਲੇ ਖੱਪ ਪਾਉਂਦੇ ਰਹਿੰਦੇ ਹੋ। ਉੱਚੀ ਉੱਚੀ ਬੋਲਦੇ ਹੋ। ਕਾਰਾਂ ਦੀ ਗੂੰਜ ਪਾਉਂਦੇ ਹੋ। ਜੇ ਤੁਸੀਂ ਇਹ ਸਭ ਬੰਦ ਨਾ ਕੀਤਾ ਤਾਂ ਮੈਂ ਤੁਹਾਡੀ ਪੁਲਿਸ ਪਾਸ ਸ਼ਿਕਾਇਤ ਕਰਾਂਗੀ।"

"ਕੁਆਟਰਾਂ ਮੂਹਰੇ ਥਾਂ ਭੀੜਾ ਏ। ਕੁਝ ਗੂੰਜ ਪੈਣੀ ਸੁਭਾਵਕ ਏ। ਅਸੀਂ ਇਹ ਕਿੰਜ ਰੋਕ ਸਕਦੇ ਹਾਂ?"

"ਜੇ ਤੁਸੀਂ ਨਹੀਂ ਰੋਕਦੇ ਤਾਂ ਮੈਂ ਕਾਰਵਾਈ ਕਰਾਂਗੀ।"

"ਅਸੀਂ ਨਹੀਂ ਰੋਕ ਸਕਦੇ। ਤੂੰ ਜਿਹੜੀ ਕਾਰਵਾਈ ਕਰਨੀ ਏ ਕਰ ਲੈ।"

"ਤੂੰ ਮੈਨੂੰ ਧਮਕੀ ਦੇ ਰਿਹਾ ਏਂ। ਤੈਨੂੰ ਬੋਲਣਾ ਨਹੀਂ ਆਉਂਦਾ। ਯੂ ਆਰ ਮਾਈਗ੍ਰੇਂਟਸ। ਗੋ ਬੈਕ ਟੂ ਯੂਅਰ ਕੰਟਰੀ।(You are migrants. Go back to your country.)

"ਲਿਸਨ, ਕਾਰਲਾ , ਯੂ ਆਰ ਆਲਸੋ ਮਾਈਗ੍ਰੇਂਟਸ। ਦਾ ਰੀਅਲ ਪੀਪਲ ਆਫ ਦਿਸ ਕੰਟਰੀ ਆਰ ਐਬੋਰਿਜ਼ਨਲਜ਼। ਹਾਓ ਕੈਨ ਯੂ ਸੇ ਦੈਟ ਓਨਲੀ ਵੀ ਆਰ ਮਾਈਗ੍ਰੇਂਟਸ? ਲਿਸਨ ਕੇਅਰਫੁਲੀ! ਵੀ ਕੇਮ ਵਿਦ ਵੇਲਿਡ ਵਿਜ਼ਾ, ਯੂ ਕੇਮ ਐਜ਼ ਕਾਨਵਿਕਟਸ। ਵੀ ਕੇਮ ਆਨ ਅ ਪਲੇਨ, ਯੂ ਕੇਮ ਇਨ ਅ ਬੋਟ। ਮਾਂਈਡ ਯੂਅਰ ਲੈਂਗੂਏਜ਼। ਮਾਈਂਡ ਯੂਅਰ ਬੀਹੇਵੀਅਰ! (Listen, Karla you are also migrants. The real people of this country are aboriginals. How can you say that we only are migrants? Listen carefully, We came with valid visa, you came as convicts. We can on a plane, You came in a boat. Mind your language! Mind your behaviour!)"

"ਇਹ ਕੁਪੱਤ ਕਰਵਾ ਕੇ ਬੁੱਢੀ ਆਪਣੇ ਅੰਦਰ ਵੜ ਗਈ ਤੇ ਘਰ ਨੂੰ ਅੰਦਰੋਂ ਕੁੰਡਾ ਲਗਾ ਲਿਆ। ਦੁਆਰਾ ਉਹ ਕੁਸਕੀ ਨਹੀਂ। ਇਹਨਾਂ ਹਰਾਮਜ਼ਾਦਿਆਂ ਨਾਲ ਇਵੇਂ ਹੀ ਪੇਸ਼ ਆਉਣਾ ਚਾਹੀਦਾ ਏ।"

"ਯਾਰ, ਤੇਰੇ ਜਵਾਈ ਨੇ ਤਾਂ ਕਮਾਲ ਈ ਕਰਤੀ। ਮੈਂ ਤਾਂ ਖੈਰ ਇਧਰ ਚੰਡੀਗੜ੍ਹ ਬੈਠਾ ਹਾਂ। ਮੈਂ ਗੋਰਿਆਂ ਦੇ ਦੇਸ ਦੇਖੇ ਹੀ ਨਹੀਂ। ਮੈਨੂੰ ਹੈਰਾਨੀ ਹੋਈ ਕਿ ਸਾਡੇ ਬੰਦੇ ਇੰਜ ਗੋਰਿਆਂ ਦੀ ਝੰਡ ਵੀ ਲਾਹ ਦਿੰਦੇ ਹਨ।"

"ਸ਼ਰਮਾ ਜੀ, ਅਸੀਂ ਆਜ਼ਾਦ ਦੇਸ ਵਿਚ ਰਹਿੰਦੇ ਹਾਂ। ਜੇ ਦੇਸ ਨੂੰ ਜਰੀਰਤ ਸੀ ਤਾਂ ਇਸਨੇ ਸਾਨੂੰ ਇੱਧਰ ਨੂੰ ਆਉਣ ਦੀ ਇਜਾਜ਼ਤ ਦਿੱਤੀ। ਜਿਹੜਾ ਵਧੀਕੀ ਕਰੇ ਉਸ ਨਾਲ ਇਵੇਂ ਹੀ ਪੇਸ਼ ਆ ਕੇ ਸਰਦਾ ਏ। ਇਕ ਵਾਰ ਹੀ ਹੱਲਾ ਬੋਲ



ਦਿਓ। ਕਾਠ ਦੀ ਹਾਂਡੀ ਵਾਰ ਵਾਰ ਨਹੀਂ ਚੜ੍ਹਦੀ ਹੁੰਦੀ।"

"ਕਮਾਲ ਕਰਤੀ, ਯਾਰ! ਉਸ ਬੁੱਢੀ ਨੇ ਫਿਰ ਕੁਝ ਨਹੀਂ ਕੀਤਾ।"

"ਬਸ ਮੂਤ ਦੀ ਝੱਗ ਵਾਂਗ ਬੈਠ ਗਈ। ਐਵੇਂ ਡਰਦਿਆਂ ਨੂੰ ਡਰਾ ਰਹੀ ਸੀ। ਇਸ ਤੋਂ ਬਾਦ ਵੀ ਮੇਰਾ ਜਵਾਈ ਉੱਥੇ ਡਾਢ ਸਾਲ ਰਿਹਾ। ਫਿਰ ਉਸਨੇ ਉਹ ਘਰ ਵੇਚ ਕੇ ਕਿਸੇ ਹੋਰ ਥਾਂ ਵੱਡਾ ਘਰ ਲੈ ਲਿਆ ਸੀ।"

"ਗੱਲਾਂ ਗੱਲਾਂ ਵਿਚ ਸਮਾਂ ਸੋਹਣਾ ਨਿੱਕਲ ਗਿਆ। ਜਦ ਤੱਕ ਲਾਕਡਾਊਨ ਹੈ ਕਦੀ ਕਦੀ ਫੋਨ ਕਰ ਲਿਆ ਕਰ, ਯਾਰ। ਤੇਰਾ ਬਹੁਤ ਬਹੁਤ ਧੰਨਵਾਦ।"

"ਤੇਰਾ ਵੀ ਬਹੁਤ ਬਹੁਤ ਧੰਨਵਾਦ! ਹਾਲਾਤ ਖਰਾਬ ਚੱਲ ਰਹੇ ਹਨ ਆਪਣਾ ਤੇ ਆਪਣੇ ਪਰਿਵਾਰ ਦਾ ਖਿਆਲ ਰੱਖ।"

*****

# (ਸ) ਗਲੀ ਰਾਮ

1960-70 ਵਿਆਂ ਅਤੇ ਇਸਤੋਂ ਪਹਿਲਾਂ ਪੰਜਾਬ ਵਿੱਚ ਕੁਝ ਕਾਲਜ ਐਸੇ ਹੋਇਆ ਕਰਦੇ ਸਨ ਜਿਨ੍ਹਾਂ ਦੇ ਮਾਲਕ ਜਾਂ ਪ੍ਰਬੰਧਕ ਘੱਟ ਪੜ੍ਹੇ ਲਿਖੇ ਬੰਦੇ ਹੋਇਆ ਕਰਦੇ ਸਨ। ਇਹ ਕਾਲਜ ਯੂਨੀਵਰਸਿਟੀਆਂ ਨਾਲ਼ ਮਾਨਤਾ ਪ੍ਰਾਪਤ ਨਹੀਂ ਹੋਇਆ ਕਰਦੇ ਸਨ। ਵੈਸੇ ਵੀ ਇਹ ਕਾਲਜ ਜਿਆਦਾਤਰ ਲੜਕੀਆਂ ਦੇ ਹੋਇਆ ਕਰਦੇ ਸਨ ਕਿਉਂਕਿ ਲੜਕੀਆਂ ਪ੍ਰਾਈਵੇਟ ਪਰਚੇ ਦੇ ਸਕਦੀਆਂ ਹੁੰਦੀਆਂ ਸਨ। ਬਾਕੀ ਸਭ ਨੂੰ ਮਾਨਤਾ ਪ੍ਰਾਪਤ ਕਾਲਜਾਂ ਵਿੱਚ ਦਾਖਲ ਹੋ ਕੇ 75 ਕੁ ਫੀਸਦੀ ਲੈਕਚਰ ਲੈਣੇ ਲਾਜ਼ਮੀ ਹੁੰਦੇ ਸਨ। ਇਨ੍ਹਾਂ ਕਾਲਜਾਂ ਨੂੰ ਅਕਸਰ ਇੱਕ ਬੰਦਾ ਹੀ ਕੁਝ ਅਰਧ ਪੜ੍ਹਿਆ ਸਟਾਫ ਰੱਖ ਕੇ ਕਿਸੇ ਛੋਟੀ ਇਮਾਰਤ ਵਿੱਚ ਚਲਾਇਆ ਕਰਦਾ ਸੀ ਜਿੱਥੇ ਕੋਈ ਖੇਡ ਮੈਦਾਨ ਨਹੀਂ ਸਨ ਹੁੰਦੇ। ਜਮਾਤਾਂ ਵੀ ਆਰਟਸ ਦੇ ਵਿਸ਼ਿਆਂ ਦੀਆਂ ਹੀ ਹੁੰਦੀਆਂ ਸਨ। ਬਹੁਤਾ ਸਟਾਫ ਸਿਫਾਰਸ਼ੀ ਹੀ ਹੋਇਆ ਕਰਦਾ ਸੀ। ਇਹ ਸਟਾਫ ਆਗਿਆਕਾਰੀ ਵੱਧ ਤੇ ਲਾਇਕ ਘੱਟ ਹੋਇਆ ਕਰਦਾ ਸੀ। ਇਨ੍ਹਾਂ ਕਾਲਜਾਂ ਦੀ ਹਾਲਤ ਤਕਰੀਬਨ ਉਹੋ ਜਿਹੀ ਹੀ ਸੀ ਜਿਸ ਪ੍ਰਕਾਰ ਦੀ ਅਜਕਲ ਪੰਜਾਬ ਦੇ ਕਾਫੀ ਨਿੱਜੀ ਸਕੂਲ਼ਾਂ ਦੀ ਏ। ਫਰਕ ਸਿਰਫ ਏਨਾ ਏ ਕਿ ਨਿੱਜੀ ਸਕੂਲ਼ਾਂ ਵਿੱਚ ਸਟਾਫ ਅਕਸਰ ਵੱਧ ਪੜ੍ਹਿਆ ਲਿਖਿਆ ਵੀ ਏ। ਘੱਟ ਤਾਂ ਹੈ ਹੀ। ਨੌਕਰੀ ਦੀ ਸੁਰੱਖਿਅਤਾ ਹੈ ਹੀ ਨਹੀਂ। ਇਨ੍ਹਾਂ ਅਖੌਤੀ ਕਾਲਜਾਂ ਦੇ ਸਟਾਫ ਨੂੰ ਤਨਖਾਹ ਵੀ ਪੂਰੇ ਗਰੇਡ ਵਿੱਚ ਨਹੀਂ ਦਿੱਤੀ ਜਾਂਦੀ ਸੀ। ਜੇ ਕਿਸੇ ਅਜਿਹੇ ਕਾਲਜ ਨੇ ਮਾਨਤਾ ਵਲ ਨੂੰ ਵਧਣਾ ਸ਼ੁਰੂ ਕਰਨਾ ਹੋਵੇ ਤਾਂ ਇਹਦੇ ਪ੍ਰਬੰਧਕ ਆਪਣੇ ਆਪ ਨੂੰ ਇੱਕ ਸੋਸਾਇਟੀ ਦੇ ਤੌਰ ਤੇ ਰਜਿਸਟਰ ਕਰਵਾ ਲਿਆ ਕਰਦੇ ਸਨ। ਇਹ ਕਾਲਜ ਕੁਝ ਸਾਲ ਸਟਾਫ ਨੂੰ ਤਨਖਾਹ ਦਿਆ ਘੱਟ ਕਰਦੇ ਸਨ ਤੇ ਦਸਤਖਤ ਪੂਰੇ ਗਰੇਡ ਤੇ ਕਰਵਾ ਲਿਆ ਕਰਦੇ ਸਨ। ਟਰੇਡ ਯੂਨੀਅਨਾਂ ਅਜੇ ਇਨ੍ਹਾਂ ਕਾਲਜਾਂ ਤਕ ਨਹੀਂ ਪਹੁੰਚੀਆਂ ਸਨ। ਜਦ ਸੋਸਾਇਟੀ ਬਣਦੀ ਸੀ ਤਾਂ ਉਸ ਵਿੱਚ ਆਮ ਤੌਰ ਤੇ ਕਾਰੋਬਾਰੀ ਬੰਦੇ ਮੈਂਬਰ ਹੋਇਆ ਕਰਦੇ ਸਨ। ਕਈ ਮੈਂਬਰ ਪਿੰਡਾਂ ਵਿੱਚੋਂ ਸਿੱਖ ਜ਼ਿਮੀਦਾਰ ਪਰਿਵਾਰਾਂ ਵਿੱਚੋਂ ਵੀ ਹੋਇਆ ਕਰਦੇ ਸਨ। ਅੰਗਰੇਜੀ ਜਿਹੇ ਥੋੜ੍ਹੇ ਔਖੇ ਮਜ਼ਮੂਨਾਂ ਦੇ ਪੂਰੇ ਯੋਗ ਅਧਿਆਪਕ ਇਨ੍ਹਾਂ ਕਾਲਜਾਂ ਪਾਸ ਨਹੀਂ ਹੋਇਆ ਕਰਦੇ ਸਨ। ਇਥੋਂ ਤਕ ਕਿ 1969-70 ਤਕ ਤਾਂ



ਯੂਨੀਵਰਸਿਟੀਆਂ ਨੇ ਮਾਨਤਾ ਪ੍ਰਾਪਤ ਕਾਲਜਾਂ ਨੂੰ ਵੀ ਇਹ ਇਜਾਜ਼ਤ ਦਿੱਤੀ ਹੋਈ ਸੀ ਕਿ ਉਹ ਹੇਠਲੀਆਂ ਦੋ ਜਮਾਤਾਂ ਨੂੰ ਅੰਗਰੇਜੀ ਪੜ੍ਹਾਉਣ ਲਈ ਤੀਸਰੇ ਦਰਜੇ ਵਿੱਚ ਐਮ.ਏ ਪਾਸ ਬੰਦਾ ਵੀ ਰੱਖ ਸਕਦੇ ਹੁੰਦੇ ਸਨ। ਮਾਨਤਾ ਪ੍ਰਾਪਤ ਕਾਲਜਾਂ ਵਿੱਚ ਲੈਕਚਰਾਰ ਰੱਖਣ ਲਈ ਵੀ ਓਦੋਂ ਯੂਨੀਵਰਸਿਟੀ ਦੇ ਚੋਣ ਪੈਨਲ ਨਹੀਂ ਹੋਇਆ ਕਰਦੇ ਸਨ। ਉਮੀਦਵਾਰ ਨੂੰ ਉਸਦਾ ਪ੍ਰਮਾਣ ਪੱਤਰ ਦੇਖ ਕੇ ਹੀ ਨੌਕਰੀ ਤੇ ਰੱਖ ਲਿਆ ਜਾਂਦਾ ਸੀ।

ਮੇਰੇ ਸ਼ਹਿਰ ਵਿੱਚ ਵੀ ਅਜਿਹੀ ਇੱਕ ਸੰਸਥਾ ਸੀ ਜਿਸਨੂੰ ਕਿਸੇ ਲਾਲੇ ਨੇ ਸਕੂਲ ਚੋਂ ਮੁੱਖ ਅਧਿਆਪਕ ਦੇ ਤੌਰ ਤੇ ਸੇਵਾ ਮੁਕਤ ਹੋ ਕੇ ਚਲਾਉਣਾ ਸ਼ੁਰੂ ਕੀਤਾ ਸੀ। ਇਹ ਲਾਲਾ ਕੁਝ ਸਾਲਾਂ ਬਾਅਦ ਪੂਰਾ ਹੋ ਗਿਆ। ਕਾਲਜ ਦੀ ਪ੍ਰਿੰਸੀਪਲ ਤਾਂ ਘੱਟ ਯੋਗਤਾ ਪ੍ਰਾਪਤ ਸੀ ਪਰ ਵਿਦਿਆਰਥੀ ਲੜਕੀਆਂ ਦੇ ਮਾਪਿਆਂ ਨੇ ਸੋਚਿਆ ਕਿ ਕਾਲਜ ਦੀ ਇੱਕ ਕਮੇਟੀ ਬਣਾ ਲਈ ਜਾਵੇ ਅਤੇ ਇਸਨੂੰ ਹੌਲ਼ੀ-ਹੌਲ਼ੀ ਮਾਨਤਾ ਪ੍ਰਾਪਤ ਕਰਨ ਵਲ ਵੀ ਵਧਾਇਆ ਜਾਵੇ। ਪ੍ਰਿੰਸੀਪਲ ਸੁਮਨ ਨੇ ਲੜਕੀਆਂ ਦੇ ਮਾਪਿਆਂ ਨਾਲ਼ ਰਾਬਤਾ ਕਾਇਮ ਕੀਤਾ। ਕੁਝ ਖਾਂਦੇ-ਪੀਂਦੇ ਕਾਰੋਬਾਰੀ ਬੰਦਿਆਂ ਤੇ ਲੈਂਡਲਾਰਡ ਮਾਪਿਆਂ ਦੀ ਮੀਟਿੰਗ ਸੱਦੀ। ਇੱਕ ਸੋਸਾਇਟੀ ਬਣਾ ਲਈ ਜਿਸ ਵਿਸ ਲੋਹੇ ਦੇ ਕਾਰੋਬਾਰ ਕਰਨ ਵਾਲ਼ੇ ਲਾਲਾ ਸਗਲੀ ਰਾਮ ਨੂੰ ਪ੍ਰਧਾਨ ਬਣਾ ਦਿੱਤਾ। ਕੁੱਲ ਮੈਂਬਰ 22 ਸਨ ਪਰ ਕਾਰਜਕਾਰੀ ਕਮੇਟੀ ਵਿੱਚ ਪ੍ਰਧਾਨ ਤੋਂ ਇਲਾਵਾ ਟ੍ਰਾਂਸਪੋਰਟਰ ਮਹਿੰਗਾ ਸਿੰਘ ਨੂੰ ਮੀਤ ਪ੍ਰਧਾਨ, ਸ਼ਾਮ ਸੁੰਦਰ ਸ਼ਟਰਾਂ ਵਾਲ਼ੇ ਨੂੰ ਮੈਨੇਜਰ, ਭੱਠੇ ਵਾਲ਼ੇ ਜੋਗਿੰਦਰ ਪਾਲ ਨੂੰ ਸਕੱਤਰ ਤੇ ਕੋਲਡ ਸਟੋਰਾਂ ਵਾਲ਼ੇ ਦਾਤਾ ਰਾਮ ਨੂੰ ਖਜ਼ਾਨਚੀ ਬਣਾ ਦਿੱਤਾ ਗਿਆ। ਬਾਕੀ ਕਾਰਜਕਾਰੀ ਮੈਂਬਰਾਂ ਵਿੱਚ ਸਿਨਮੇ ਵਾਲ਼ਾ ਰਾਮ ਪਾਲ, ਸੁਨਿਆਰਾ ਕੇਸ਼ਵ, ਪ੍ਰਾਪਰਟੀ ਡੀਲਰ ਗੌਤਮ ਤੇ ਆੜ੍ਹਤੀਆ ਨੀਲ ਕੰਠ ਲੈ ਲਏ ਗਏ। ਇਹ ਸਭ ਮੈਂਬਰ ਪੈਸੇ ਵਿੱਚ ਚੰਗੇ ਸਨ ਪਰ ਪੜ੍ਹਾਈ ਵਿੱਚ ਬਹੁਤ ਊਣੇ ਸਨ। ਕਾਲਜ ਤਾਂ ਲੜਕੀਆਂ ਦੀਆਂ ਫੀਸਾਂ ਦੇ ਆਸਰੇ ਚਲ ਜਾਂਦਾ ਸੀ। ਮੈਂਬਰ ਤਾਂ ਸਪੌਂਸਰ ਸਨ ਜਿਹੜੇ ਆਉਣ ਵਾਲ਼ੇ ਸਮੇਂ ਵਿੱਚ ਕੁਝ ਯੋਗਦਾਨ ਪਾ ਕੇ ਇਸਨੂੰ ਮਾਨਤਾ ਵਲ ਲਿਜਾ ਸਕਦੇ ਸਨ।

ਇਸ ਸਮੇਂ ਕਾਲਜ ਵਿੱਚ ਅੰਗਰੇਜੀ ਦੀ ਇੱਕ ਯੋਗ ਅਧਿਆਪਕਾ ਅਤਿ ਲੋੜੀਂਦੀ ਸੀ। ਯੂਨੀਵਰਸਿਟੀ ਨਾਲ਼ ਖਤੋ-ਖਤਾਬਤ ਸ਼ੁਰੂ ਹੋ ਗਈ ਸੀ। ਇਸਨੂੰ ਚਲਾਉਣ ਲਈ ਇੱਕ ਅੰਗਰੇਜੀ ਦੀ ਲੈਕਚਰਾਰ ਚਾਹੀਦੀ ਸੀ। ਉਸ ਸਮੇਂ ਖਤੋ-ਖਤਾਬਤ ਅੰਗਰੇਜੀ ਵਿੱਚ ਹੀ ਹੋਇਆ ਕਰਦੀ ਸੀ। ਪੰਜਾਬੀ ਦਾ ਬੋਲਬਾਲਾ ਬਾਅਦ ਵਿੱਚ ਹੋਣਾ ਸ਼ੁਰੂ ਹੋਇਆ ਸੀ। ਕਮੇਟੀ ਮੈਂਬਰ ਵੀ ਮਹਿਸੂਸ ਕਰਨ ਲਗ ਪਏ ਸਨ ਕਿ ਕਾਲਜ ਨੂੰ ਚੰਗਾ ਚਲਾਉਣ ਲਈ ਅੰਗਰੇਜੀ ਦੀਆਂ ਇੱਕ ਦੋ ਪੂਰਨ ਯੋਗਤਾ ਪ੍ਰਾਪਤ ਲੈਕਚਰਾਰ

ਰੱਖੀਆਂ ਜਾਣ। ਹਾਲਾਤ ਵੀ ਚੰਗਾ ਸਟਾਫ ਰੱਖਣ ਦੀ ਮੰਗ ਕਰ ਰਹੇ ਸਨ। ਮਾੜਾ ਮਾੜਾ ਅੰਗਰੇਜੀ ਸਕੂਲਾਂ ਦਾ ਰਿਵਾਜ ਵੀ ਸ਼ੁਰੂ ਹੋ ਗਿਆ ਸੀ। ਕਈ ਵਿਦਿਆਰਥਣਾਂ ਜਦ ਅੰਗਰੇਜੀ ਸਕੂਲਾਂ ਤੋਂ ਅੱਧੇ ਪਚੱਧੇ ਅੰਗਰੇਜੀ ਮੀਡੀਅਮ ਵਿੱਚ ਦਸਵੀਂ ਜਮਾਤ ਪਾਸ ਕਰਕੇ ਆਉਂਦੀਆਂ ਸਨ ਤਾਂ ਅੰਗਰੇਜੀ ਵਿੱਚ ਮਾੜੀਆਂ ਲੈਕਚਰਾਰ ਉਹਨਾਂ ਨੂੰ ਪੜ੍ਹਾਉਣ ਸਮੇਂ ਗਲਤੀਆਂ ਵੀ ਕਰ ਦਿੰਦੀਆਂ ਸਨ। ਇਕ ਇਤਿਹਾਸ ਦੀ ਅਧਿਆਪਕਾ 'ਮੁਨਾਰਕੀ' (Monarchy) ਨੂੰ 'ਮੁਨਾਰਚੀ' ਬੋਲਦੀ ਹੁੰਦੀ ਸੀ। ਉਹ 'ਕੈਜ਼ਮ' (Chasm) ਨੂੰ 'ਚੈਜ਼ਮ' ਕਿਹਾ ਕਰਦੀ ਸੀ। ਉਸਨੇ ਇਤਿਹਾਸ ਦੀ ਪ੍ਰਾਈਵੇਟ ਐਮ.ਏ ਕੀਤੀ ਹੋਈ ਸੀ ਤੇ ਉਹ ਵੀ ਤੀਸਰੇ ਦਰਜੇ ਵਿੱਚ। ਇਸ ਲਈ ਉਸਦਾ ਹਾਲ ਇਹੋ ਜਿਹਾ ਸੀ ਕਿ ਜਿਵੇਂ ਕੋਈ ਟਿੱਚਰੀ ਬੰਦਾ ਕਿਸੇ ਅਦਾਰੇ ਦੇ ਦਫਤਰ ਵਿੱਚ ਜਾਕੇ ਕਹੇ 'ਚੈਮਿਸਟਰੀ' (Chemistry) ਵਿਭਾਗ ਦੇ ਪ੍ਰੋਫੈਸਰ 'ਕੋਪੜਾ' (Chopra) ਸਾਹਿਬ ਨੂੰ ਮਿਲਣਾ ਹੈ।"

...........................

ਕਾਲਜ ਲਈ ਮਾਨਤਾ, ਦੋ ਕੁ ਕਮਰੇ ਹੋਰ ਉਸਾਰਨ ਤੇ ਇਕ ਨਵੀਂ ਅੰਗਰੇਜੀ ਦੀ ਲੈਕਚਰਾਰ ਰੱਖਣ ਦੇ ਸੰਬੰਧ ਵਿੱਚ ਕਮੇਟੀ ਦੀ ਮੀਟਿੰਗ ਹੋਈ। ਲੈਕਚਰਾਰ ਦੀ ਚੋਣ ਨੂੰ ਲੋਕਤੰਤਰਕ ਬਣਾਉਣ ਲਈ ਭਾਵੇਂ ਅਖਬਾਰ ਵਿੱਚ ਇਸ਼ਤਿਹਾਰ ਦਿੱਤਾ ਗਿਆ ਤੇ ਕਈ ਉਮੀਦਵਾਰ ਲੜਕੀਆਂ ਦੀਆਂ ਅਰਜ਼ੀਆਂ ਵੀ ਆਈਆਂ ਪਰ ਫਿਰ ਵੀ ਕੋਸ਼ਿਸ਼ ਇਹ ਸੀ ਕਿ ਚੋਣ ਆਪ ਨਾ ਕੀਤੀ ਜਾਵੇ ਕਿਓਂਕਿ ਚੋਣ ਕਰਨ ਲਈ ਨਾ ਪ੍ਰਿੰਸੀਪਲ ਪੂਰੀ ਯੋਗ ਸੀ ਤੇ ਨਾ ਕਮੇਟੀ ਮੈਂਬਰ। ਕੋਈ ਲਾਇਕ ਅਧਿਆਪਕਾ ਕਿਸੇ ਹੋਰ ਤਰੀਕੇ ਨਾਲ਼ ਲੱਭੀ ਜਾਵੇ।

"ਕੋਈ ਐਸੀ ਲੜਕੀ ਲੱਭੋ ਜੋ ਹੋਵੇ ਵੀ ਹਿੰਦੂਆਂ ਦੀ ਤੇ ਉਸਦੀ ਪੜ੍ਹਾਈ ਵੀ ਵਧੀਆਂ ਹੋਵੇ", ਪ੍ਰਧਾਨ ਸਗਲੀ ਰਾਮ ਨੇ ਗੱਲ ਤੋਰੀ।

"ਲਾਲਾ ਜੀ, ਪਹਿਲਾਂ ਸਾਰੀਆਂ ਅਧਿਆਪਕਾਵਾਂ ਇੱਕੋ ਫਿਰਕੇ ਦੀਆਂ ਹੀ ਹਨ। ਇਕ ਅੱਧਾ ਸਿੱਖਾਂ ਚੋਂ ਵੀ ਰੱਖ ਲਓ। ਤੁਹਾਨੂੰ ਪਤਾ ਹੀ ਹੈ ਕਿ ਬਹੁਤ ਸਾਰੀਆਂ ਲੜਕੀਆਂ ਇੱਥੇ ਪਿੰਡਾਂ ਤੋਂ ਵੀ ਪੜ੍ਹਨ ਆਉਂਦੀਆਂ ਹਨ। ਉਹ ਹਨ ਵੀ ਜੱਟਾਂ ਜ਼ਿਮੀਦਾਰਾਂ ਦੀਆਂ ਲੜਕੀਆਂ। ਤੁਹਾਨੂੰ ਥੋੜ੍ਹੀ ਬਹੁਤੀ ਪ੍ਰਤੀਨਿਧਤਾ ਸਿੱਖਾਂ ਨੂੰ ਵੀ ਦੇਣੀ ਚਾਹੀਦੀ ਏ", ਮੀਤ ਪ੍ਰਧਾਨ ਮਹਿੰਗਾ ਸਿੰਘ ਬੋਲੇ।

"ਗੱਲ ਸਰਦਾਰ ਮਹਿੰਗਾ ਸਿੰਘ ਜੀ ਦੀ ਵੀ ਠੀਕ ਏ। ਸਾਡਾ ਮਸਲਾ ਇਸ ਸਮੇਂ ਅੰਗਰੇਜੀ ਦੀ ਯੋਗ ਅਧਿਆਪਕਾ ਦਾ ਏ। ਦੇਖਣਾ ਇਹ ਏ ਕਿ ਯੋਗ ਲੜਕੀ ਕਿਸ ਫਿਰਕੇ ਵਿੱਚੋਂ ਮਿਲਦੀ ਏ। ਤੁਹਾਨੂੰ ਪਤਾ ਏ ਕਿ ਅੰਗਰੇਜੀ ਦੀਆਂ ਐਮ.ਏ ਪਾਸ ਲੜਕੀਆਂ ਬੜੀਆਂ ਘੱਟ ਹਨ। ਪਿੰਡਾਂ ਵਿੱਚ ਤਾਂ ਸ਼ਾਇਦ ਉਹ ਹੈ ਹੀ ਨਹੀਂ।



ਸਰਦਾਰ ਸਾਹਿਬ ਦੇ ਸੁਝਾਅ ਨੂੰ ਬਾਕੀ ਨਿਯੁਕਤੀਆਂ ਵੇਲੇ ਧਿਆਨ ਚ ਰੱਖਿਆ ਜਾ ਸਕਦਾ ਏ। ਤੁਹਾਨੂੰ ਪਤਾ ਏ ਕਿ ਅੱਗੇ ਜਾ ਕੇ ਪੰਜਾਬੀ, ਰਾਜਨੀਤੀ ਸ਼ਾਸਤਰ ਅਤੇ ਇਤਿਹਾਸ ਦੀਆਂ ਲੈਕਚਰਾਰਾਂ ਦੀਆਂ ਨਿਯੁਕਤੀਆਂ ਵੀ ਹੋਣੀਆਂ ਹਨ। ਸ਼ਾਇਦ ਕੁਝ ਦੇਰ ਬਾਅਦ ਯੂਨੀਵਰਸਿਟੀ ਦਾ ਕੋਈ ਅਧਿਕਾਰੀ ਵੀ ਆਪਣੀ ਕਮੇਟੀ ਵਿੱਚ ਬੈਠਣ ਲਗ ਜਾਇਆ ਕਰੇ। ਹੁਣ ਤੁਸੀਂ ਅੰਗਰੇਜੀ ਦੀ ਲੈਕਚਰਾਰ ਲੱਭਣ ਦਾ ਕੋਈ ਤਰੀਕਾ ਸੋਚੋ", ਦਾਤਾ ਰਾਮ ਨੇ ਸਥਿਤੀ ਨੂੰ ਵੱਧ ਸਪੱਸ਼ਟ ਕਰ ਦਿੱਤਾ।

"ਜਿਹੜੀਆਂ ਉਮੀਦਵਾਰ ਬਾਹਰ ਆਕੇ ਬੈਠੀਆਂ ਹਨ ਉਹਨਾਂ ਨੂੰ ਪਰਖ ਲਓ। ਬਾਕੀ ਫਿਰ ਸੋਚਦੇ ਹਾਂ", ਪ੍ਰਧਾਨ ਨੇ ਸੁਝਾਅ ਦਿੱਤਾ।

ਇੰਟਰਵਿਊ ਸ਼ੁਰੂ ਹੋਈ। ਉਮੀਦਵਾਰ ਚਾਰ ਹੀ ਸਨ। ਇਹ ਸਾਰੀਆਂ ਤੀਸਰੇ ਦਰਜੇ ਵਿੱਚ ਐਮ.ਏ ਪਾਸ ਸਨ। ਇਹਨਾਂ ਨੇ ਇਸ ਕਰਕੇ ਅਰਜੀਆਂ ਦਿੱਤੀਆਂ ਸਨ ਕਿ ਸ਼ਾਇਦ ਹੁਣ ਵੀ ਘੱਟ ਯੋਗਤਾ ਵਾਲ਼ੇ ਉਮੀਦਵਾਰ ਨੂੰ ਹੀ ਰੱਖ ਲਿਆ ਜਾਊ ਪਰ ਹੁਣ ਹਾਲਾਤ ਹੋਰ ਸਨ। ਜਦ ਕੋਈ ਵੀ ਨਿਯੁਕਤੀ ਕਰਨ ਲਈ ਯੋਗ ਉਮੀਦਵਾਰ ਨਾ ਮਿਲ਼ੀ ਤਾਂ ਕੇਸ਼ਵ ਨੇ ਸਲਾਹ ਦਿੱਤੀ, "ਮਾਨਯੋਗ ਕਮੇਟੀ ਮੈਂਬਰ ਸਾਹਿਬਾਨ, ਸਾਨੂੰ ਸਭ ਨੂੰ ਪਤਾ ਏ ਕਿ ਸਾਡੇ ਸਾਰਿਆਂ ਵਿੱਚ ਇੱਕ ਬੰਦਾ ਵੀ ਅੰਗਰੇਜੀ ਦੀ ਐਮ.ਏ ਨਹੀਂ ਏ। ਇੰਟਰਵਿਊ ਅਸੀਂ ਅੰਗਰੇਜੀ ਦੇ ਲੈਕਚਰਾਰ ਦੀ ਕਰ ਰਹੇ ਹਾਂ। ਕਿੰਨੀ ਅਜੀਬ ਗੱਲ ਏ?"

"ਫਿਰ ਚੋਣ ਕਿਵੇਂ ਕਰੀਏ?" ਸ਼ਾਮ ਸੁੰਦਰ ਬੋਲਿਆ।

"ਆਪਣੇ ਨੇੜੇ ਤੇੜੇ ਦੇ ਸ਼ਹਿਰਾਂ ਦੇ ਕਾਲਜਾਂ ਤੇ ਨਜ਼ਰ ਮਾਰੋ। ਉਸ ਲੜਕੀ ਨੂੰ ਪੂਰੇ ਪੈਸੇ ਦੇ ਕੇ ਲਿਆਓ ਜਿਹੜੀ ਪੂਰੀ ਯੋਗਤਾ ਪ੍ਰਾਪਤ ਹੋਵੇ ਤੇ ਕਿਸੇ ਹੋਰ ਕਾਲਜ ਨੇ ਕੱਚੀ ਰੱਖੀ ਹੋਈ ਹੋਵੇ। ਸਥਾਪਿਤ ਹੋ ਚੁੱਕੇ ਕਾਲਜ ਉਮੀਦਵਾਰ ਨੂੰ ਪੂਰਾ ਪਰਖ ਕੇ ਰੱਖਦੇ ਹਨ। ਬਸ ਸਿੱਧਾ ਉੱਥੋਂ ਲਿਆਕੇ ਮਾੜੀ ਮੋਟੀ ਇੰਟਰਵਿਊ ਲਓ ਤੇ ਰੱਖ ਲਓ। ਉਹਨਾਂ ਕਾਲਜਾਂ ਦੇ ਪੀਠੇ ਨੂੰ ਛਾਨਣ ਦੀ ਕੋਈ ਲੋੜ ਹੀ ਨਹੀਂ। ਪਿਛਲੇ ਸਾਲ ਇਕ ਪੇਂਡੂ ਲੜਕਾ ਸ਼ਹਿਰ ਦੇ ਇਕ ਬਹੁਤ ਵੱਡੇ ਕਾਲਜ ਨੇ ਪੂਰਾ ਪਰਖ ਕੇ ਹਿਸਾਬ ਪੜ੍ਹਾਉਣ ਲਈ ਰੱਖਿਆ ਸੀ। ਉਸ ਲੜਕੇ ਨੇ ਜਿੰਨੀ ਵਾਰ ਵੀ ਆਪਣੇ ਇਲਾਕੇ ਦੇ ਪੇਂਡੂ ਕਾਲਜਾਂ ਵਿੱਚ ਅਪਲਾਈ ਕੀਤਾ ਸੀ ਉਸਨੂੰ ਕਿਸੇ ਨੇ ਵੀ ਨਹੀ ਰੱਖਿਆ ਸੀ। ਪੇਂਡੂ ਕਮੇਟੀ ਉਹਨੂੰ ਸਮਝੇ ਹੀ ਕੁਝ ਨਾ ਕਿਓਂਕਿ ਉਹ ਦੇਖਣ ਨੂੰ ਪੇਂਡੂ ਜਿਹਾ ਹੀ ਲਗਦਾ ਸੀ। ਪੇਂਡੂ ਲੋਕ ਸ਼ਾਇਦ ਉਸਨੂੰ ਹੀ ਲਾਇਕ ਸਮਝਦੇ ਹਨ ਜਿਹਦੀ ਚੰਗੀ ਟੌਹਰ ਹੋਵੇ। ਜਦ ਉਸ ਲੜਕੇ ਦੀ ਨਿਯੁਕਤੀ ਸ਼ਹਿਰ ਦੇ ਬਹੁਤ ਵੱਡੇ ਕਾਲਜ ਵਿੱਚ ਹੋ ਗਈ ਤਾਂ ਉਸਦੇ ਪਿੰਡ ਦੇ ਲੋਕ ਕਹਿਣ ਲੱਗ ਪਏ ਲੜਕਾ ਲਾਇਕ ਹੀ ਬਹੁਤ ਏ। ਉੱਥੇ ਕੱਚਾ ਏ ਇੱਥੇ ਪੱਕਾ ਲੈ ਆਓ। ਉਹਨਾਂ ਨੇ ਉਸਨੂੰ ਆਪਣੇ ਕਾਲਜ ਵਿੱਚ

ਪੱਕੇ ਤੌਰ ਤੇ ਪੂਰੇ ਗਰੇਡ ਵਿੱਚ ਲੈ ਆਂਦਾ। ਸਕੀਮ ਵਧੀਆ ਰਹੀ। ਲੜਕਾ ਵੀ ਸੁਖੀ ਤੇ ਕਾਲਜ ਵੀ ਖੁਸ਼। ਅਨਪੜ੍ਹਾਂ ਦੀ ਆਪਣੀ ਪਰਖ ਕਸੌਟੀ ਅਕਸਰ ਮਾੜੀ ਹੁੰਦੀ ਏ। ਜਦ ਕਿਸੇ ਨੂੰ ਕੋਈ ਅਣਜਾਣ ਉੱਚਾ ਅਦਾਰਾ ਵਧੀਆ ਸਮਝਣ ਲਗ ਜਾਵੇ ਤਾਂ ਅਨਪੜ੍ਹ ਲੋਕ ਬੋਲ ਉੱਠਦੇ ਹਨ ਕਿ ਉਹ ਸਚੁਮੱਚ ਵਧੀਆ ਹੈ। ਮੇਰੀ ਨਜ਼ਰ ਵਿੱਚ ਦੋ ਅਜਿਹੇ ਕੇਸ ਹਨ", ਕੇਸ਼ਵ ਨੇ ਬਾਕੀਆਂ ਦਾ ਧਿਆਨ ਆਪਣੇ ਵਲ ਖਿੱਚ ਲਿਆ।

"ਉਹ ਦੋ ਕੇਸ ਕਿਹੜੇ ਹਨ?" ਪ੍ਰਿੰਸੀਪਲ ਸੁਮਨ ਨੇ ਪੁੱਛਿਆ।

"ਇਕ ਤਾਂ ਆਪਣੇ ਨਾਲ਼ ਬੈਠੇ ਨੀਲਕੰਠ ਹੁਰਾਂ ਦੀ ਦੋਹਤੀ ਏ, ਨੀਲਮ। ਉਹ ਡੀ.ਏ.ਵੀ ਕਾਲਜ ਰਾਮਪੁਰ ਵਿੱਚ ਅੰਗਰੇਜੀ ਪੜ੍ਹਾਉਂਦੀ ਏ। ਅਜੇ ਕੱਚੀ ਏ। ਪਤਾ ਲੱਗਾ ਏ ਕਿ ਕਾਲਜ 31 ਮਾਰਚ ਨੂੰ ਉਸਨੂੰ ਹਟਾ ਦੇਵੇਗਾ। ਦੂਜੀ ਸੁਨਿਆਰੇ ਮੋਹਨ ਲਾਲ ਦੀ ਲੜਕੀ ਸੁਨੀਤਾ ਏ। ਉਹ ਵੀ ਪੰਜਾਬ ਯੂਨੀਵਰਸਿਟੀ ਤੋਂ ਐਮ.ਏ ਉੱਚੇ ਦਰਜੇ ਵਿੱਚ ਪਾਸ ਏ। ਉਸਨੇ ਪਿਛਲਾ ਸੈਸ਼ਨ ਐਸ.ਡੀ ਕਾਲਜ ਹੁਸ਼ਿਆਰਪੁਰ ਵਿੱਚ ਨੌਕਰੀ ਕੀਤੀ ਸੀ। ਉਸਦੀ ਚੋਣ ਪੂਰੀ ਪਰਖ ਨਾਲ਼ ਹੋਈ ਸੀ। ਉਹ ਆਪਣੇ ਸ਼ਹਿਰ ਦੀ ਹੀ ਏ।"

"ਮੇਰੀ ਦੋਹਤੀ ਨੂੰ ਤਾਂ ਡੀ.ਏ.ਵੀ ਕਾਲਜ ਵਾਲ਼ਿਆਂ ਪਹਿਲਾਂ ਹੀ ਅੱਗੇ ਲਈ ਹਾਂ ਕੀਤੀ ਹੋਈ ਏ। ਉਹ ਸਾਡੇ ਨਹੀਂ ਆਵੇਗੀ", ਨੀਲਕੰਠ ਕਹਿਣ ਲੱਗਾ।

"ਤਾਂ ਫਿਰ ਦੁਬਾਰਾ ਇੰਟਰਵਿਊ ਰੱਖ ਕੇ ਉਹਦੇ ਵਾਸਤੇ ਸੁਨੀਤਾ ਤੋਂ ਅਰਜ਼ੀ ਭਿਜਵਾ ਲੈਂਦੇ ਹਾਂ। ਉਸਨੇ ਸ਼ਾਇਦ ਪਹਿਲਾਂ ਇਸ ਲਈ ਅਰਜੀ ਨਹੀਂ ਭੇਜੀ ਸੀ ਕਿਉਂਕਿ ਆਪਾਂ ਅਕਸਰ ਤਨਖਾਹ ਘੱਟ ਦਿੰਦੇ ਹਾਂ। ਹੁਣ ਮੈਂ ਮੋਹਨ ਲਾਲ ਨਾਲ਼ ਗਲ ਕਰ ਲੈਂਦਾ ਹਾਂ ਤੇ ਉਸਨੂੰ ਯਕੀਨ ਦੁਆ ਦਿੰਦਾ ਹਾਂ ਕਿ ਗਰੇਡ ਪੂਰਾ ਦਿਆਂਗੇ ਤੇ ਪੱਕੀ ਵੀ ਕਰ ਦਿਆਂਗੇ। ਅਜਕਲ ਕਮੇਟੀਆਂ ਦੇ ਪੱਕੇ ਕੀਤੇ ਜਾ ਰਹੇ ਕੇਸ ਯੂਨੀਵਰਸਿਟੀ ਵੀ ਮੰਨੀ ਜਾ ਰਹੀ ਏ। ਜੇ ਉਹ ਲੋੜੀਂਦੇ ਨੰਬਰ ਪੂਰੇ ਕਰਨ ਤਾਂ ਅੱਗੇ ਰੈਗੂਲਰ ਹੋ ਜਾਂਦੇ ਹਨ।"

ਕੇਸ਼ਵ ਦੀ ਗੱਲ ਮੰਨ ਲਈ ਗਈ। ਕਮੇਟੀ ਨੇ ਦੁਬਾਰਾ ਇੰਟਰਵਿਊ ਰੱਖੀ। ਸੁਨੀਤਾ ਨੂੰ ਨਿਯੁਕਤ ਕਰ ਲਿਆ ਗਿਆ। ਹੁਣ ਇਹ ਅਦਾਰਾ ਕਾਫੀ ਤਰੱਕੀ ਕਰ ਰਿਹਾ ਏ। ਭਾਂਵੇ ਪ੍ਰਧਾਨ ਅਜੇ ਵੀ ਜਿਊਂਦਾ ਏ ਤੇ ਆਪਣੇ ਦਸਤਖਤ ਪਹਿਲਾਂ ਗਲ਼ੀ ਰਾਮ ਲਿਖ ਕੇ ਤੇ ਬਾਅਦ ਵਿੱਚ ਮੂਹਰੇ ਸੱਸਾ ਪਾ ਕੇ ਕਰਦਾ ਏ ਪਰੰਤੂ ਨਵੀਆਂ ਰੱਖੀਆਂ ਗਈਆਂ ਸੂਝਵਾਨ ਲੈਕਚਰਾਰਾਂ ਨੇ ਐਸਾ ਵਧੀਆ ਮਾਹੌਲ ਸਿਰਜਿਆ ਏ ਕਿ ਸੰਸਥਾ ਆਧੁਨਿਕਤਾ ਤੇ ਪੁਰਾਤਨਤਾ ਦਾ ਸੁੰਦਰ ਸੁਮੇਲ ਬਣ ਗਈ ਏ। ਸੂਝਵਾਨ ਲੈਕਚਰਾਰ ਲੜਕੀਆਂ ਪ੍ਰਿੰਸੀਪਲ ਤੇ ਕਮੇਟੀ ਮੈਂਬਰਾਂ ਲਈ ਐਸੀਆਂ ਰਾਹ ਦਸੇਰਾ



ਸਾਬਿਤ ਹੋਈਆਂ ਕਿ ਹੁਣ ਇਹ ਕਾਲਜ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਹੋ ਗਿਆ ਏ। ਕੇਸ਼ਵ ਦੁਆਰਾ ਕਰਾਈ ਗਈ ਪਹਿਲੀ ਨਿਯੁਕਤੀ ਕਾਲਜ ਵਾਸਤੇ ਵਰਦਾਨ ਸਾਬਿਤ ਹੋਈ ਸੀ। ਹੁਣ ਪ੍ਰਿੰਸੀਪਲ ਵੀ ਯੋਗ ਨਿਯੁਕਤ ਹੋ ਗਈ ਏ।

.........................

ਕਮੇਟੀ ਦੀ ਮੀਟਿੰਗ ਤੋਂ ਬਾਅਦ ਕਮੇਟੀ ਮੈਂਬਰ ਬਾਹਰ ਆ ਗਏ ਸੀ। ਕੇਸ਼ਵ ਨੇ ਅੰਕਲ ਨੀਲਕੰਠ ਨਾਲ਼ ਸੁਲਾਹ ਮਾਰੀ ਸੀ। ਭਾਵੇਂ ਅੰਦਰ ਵੀ ਸਭ ਨੇ ਚਾਹ ਪੀਤੀ ਸੀ ਫਿਰ ਵੀ ਕੇਸ਼ਵ ਨੀਲਕੰਠ ਨੂੰ ਕੰਟੀਨ ਵਲ ਲੈ ਗਿਆ ਸੀ। ਨਾਲ਼ ਗੌਤਮ ਪ੍ਰਾਪਰਟੀ ਡੀਲਰ ਵੀ ਹੋ ਤੁਰਿਆ ਸੀ।

"ਕੇਸ਼ਵ ਤੇਰਾ ਸੁਝਾਅ ਕਾਮਯਾਬ ਰਿਹਾ। ਮਾਹਰ ਬੰਦਾ ਚੁਣਨ ਦਾ ਇਹ ਵੀ ਇੱਕ ਚੰਗਾ ਤਰੀਕਾ ਏ। ਕਿਸੇ ਮਾਹਰ ਦਾ ਚੁਣਿਆ ਹੋਇਆ ਜਾਂ ਸਿਖਾਇਆ ਹੋਇਆ ਬੰਦਾ ਪੱਟ ਲਓ। ਮਾੜੇ ਬੰਦੇ ਕਾਰੋਬਾਰ ਵਿੱਚ ਕਦੇ ਨਾ ਰੱਖੋ। ਯਾਦ ਰੱਖੋ -- ਹਾਥੀ ਚੂਹੇ ਨਹੀਂ ਫੜਿਆ ਕਰਦੇ", ਗੌਤਮ ਕਹਿਣ ਲੱਗਾ।

"ਬਹੁਤ ਠੀਕ। ਮੈਂ ਤਾਂ ਕਾਮਯਾਬ ਹੀ ਇਸ ਤਰੀਕੇ ਨਾਲ਼ ਹੋਇਆ ਸੀ। ਤੂੰ ਦੇਖ ਲੈ ਬਈ ਅੱਜ ਮੇਰਾ ਕਿੰਨਾ ਪ੍ਰਾਪਰਟੀ ਦਾ ਕੰਮ ਏ। ਪਹਿਲੇ ਤਿੰਨ ਸਾਲ ਮੈਂ ਕਾਮਯਾਬ ਹੋਇਆ ਹੀ ਨਹੀਂ। ਫਿਰ ਮੈਂ ਇਕ ਐਸਾ ਇਸ ਕਾਰੋਬਾਰ ਦਾ ਮਾਹਰ ਕਿਸੇ ਹੋਰ ਨਾਲੋਂ ਪੱਟਿਆ ਕਿ ਉਸਦਾ ਮੇਰੇ ਕਾਰੋਬਾਰ ਚ' ਪੈਰ ਪੈਂਦੇ ਸਾਰ ਹੀ ਮੇਰੇ ਵਾਰੇ ਨਿਆਰੇ ਹੋ ਗਏ। ਉਹ ਜਾਇਦਾਦ ਦੇ ਖਰੀਦਣ ਵੇਚਣ ਦੇ ਗੁਰ ਇੰਨੀ ਬਾਰੀਕੀ ਨਾਲ਼ ਜਾਣਦਾ ਏ ਕਿ ਮੇਰੀ ਆਮਦਨ ਦੋ ਤਿੰਨ ਸਾਲਾਂ ਵਿੱਚ ਹੀ ਚੌਗੁਣੀ ਹੋ ਗਈ ਏ। ਬੱਤਖ ਦਾ ਤਾਂ ਬੱਚਾ ਵੀ ਤੈਰਾਕ ਹੁੰਦਾ ਏ। ਬਾਜ ਨੂੰ ਉਡਣਾ ਸਿਖਾਉਣ ਦੀ ਲੋੜ ਨਹੀਂ ਹੁੰਦੀ। ਤੂੰ ਤਾਂ ਮੇਰੇ ਮੈਨੇਜਰ ਨੂੰ ਨਹੀਂ ਜਾਣਦਾ?"

"ਨਹੀਂ ਮੈਂ ਨਹੀਂ ਜਾਣਦਾ।"

"ਤੈਨੂੰ ਪਤਾ, ਇਸ ਸਮੇਂ ਮੇਰੀਆਂ ਜਾਇਦਾਦਾਂ ਨਾਲਦੇ ਸ਼ਹਿਰਾਂ ਹੁਸ਼ਿਆਰਪੁਰ, ਦਸੂਹਾ ਅਤੇ ਮੁਕੇਰੀਆਂ ਵਿੱਚ ਵੀ ਹਨ। ਮੇਰਾ ਮੈਨੇਜਰ ਜਿਆਦਾ ਹੁਸ਼ਿਆਰਪੁਰ ਵਾਲ਼ੇ ਦਫਤਰ ਹੀ ਬੈਠਦਾ ਏ। ਮੈਂ ਉਹਨੂੰ ਮੋਟੀ ਤਨਖਾਹ ਦਿੰਦਾ ਹਾਂ। ਉਹ ਮੇਰੇ ਲਈ ਇਕ ਵਧੀਆ ਸਰਮਾਇਆ ਸਾਬਤ ਹੋਇਆ ਏ। ਤੇਰੇ ਕਮੇਟੀ ਨੂੰ ਦਿੱਤੇ ਸੁਝਾਅ ਨੇ ਵੀ ਕਾਲਜ ਦਾ ਚਿਹਰਾ ਮੂਹਰਾ ਬਦਲ ਦੇਣਾ ਏ।"

"ਬਹੁਤ ਮਿਹਰਬਾਨੀ, ਗੌਤਮ।"

"ਧੰਨਵਾਦ, ਕੇਸ਼ਵ।"

*****

# ਪਟਵਾਰੀ ਤੇ ਪ੍ਰੋਫ਼ੈਸਰ

ਜਦੋਂ ਕੁ ਮੈਂ ਪੰਜਾਬ ਤੋਂ ਸਿਡਨੀ ਵਲ ਨੂੰ ਤੁਰਿਆ ਸੀ ਉਦੋਂ ਤੱਕ ਮੇਰੇ ਬਹੁਤ ਸਾਰੇ ਵਿਦਿਆਰਥੀ ਪਟਵਾਰੀ, ਵਕੀਲ, ਬੈਂਕ ਮੁਲਾਜ਼ਮ, ਸਕੂਲ ਅਧਿਆਪਕ, ਫੌਜ ਵਿੱਚ ਕਮਿਸ਼ਨਡ ਅਫਸਰ, ਡਾਕਖਾਨਾ ਕਰਮਚਾਰੀ ਤੇ ਇੱਥੋਂ ਤੱਕ ਕਿ ਤਹਿਸੀਲਦਾਰ ਤੇ ਜੱਜ ਦੇ ਰੀਡਰ ਵੀ ਬਣ ਚੁੱਕੇ ਸਨ। ਇਸਦਾ ਕਾਰਨ ਇਹ ਸੀ ਕਿ ਮੈਂ 26 ਸਾਲ ਕਾਲਜਾਂ ਵਿੱਚ ਅੰਗਰੇਜ਼ੀ ਪੜ੍ਹਾ ਕੇ ਇੱਧਰ ਨੂੰ ਸਾਢੇ ਕੁ ਛਿਆਲ਼ੀ ਸਾਲ ਦੀ ਉਮਰ ਵਿੱਚ ਆਇਆ ਸਾਂ। ਮੇਰਾ ਇੱਕ ਵਿਦਿਆਰਥੀ ਮੇਰੇ ਹੀ ਸ਼ਹਿਰ ਵਿੱਚ ਪਟਵਾਰੀ ਲੱਗਾ ਹੋਇਆ ਹੁੰਦਾ ਸੀ। ਲੋਕਾਂ ਵਿੱਚ ਉਸਦੀ ਬੜੀ ਮੰਗ ਸੀ। ਕਦੀ ਕਦੀ ਉਸਨੇ ਮੈਨੂੰ ਆਪਣੇ ਦਫਤਰ ਬਿਠਾ ਲੈਣਾ।

"ਸਰ ਜੀ, ਤੁਸੀਂ ਤਾਂ ਕਦੀ ਦਰਸ਼ਨ ਹੀ ਨਹੀਂ ਦਿੰਦੇ। ਸੇਵਾ ਦਾ ਮੌਕਾ ਤਾਂ ਕੀ ਦੇਣਾ?"

"ਜੋਗਿੰਦਰ, ਪਟਵਾਰੀਆਂ ਪਾਸ ਬਹੁਤੇ ਉਹ ਲੋਕ ਆਇਆ ਕਰਦੇ ਹਨ ਜਿਨ੍ਹਾਂ ਨੂੰ ਜ਼ਮੀਨ ਦੇ ਲੈਣ ਦੇਣ ਨਾਲ਼ ਸੰਬੰਧਤ ਕੋਈ ਕੰਮ ਹੋਵੇ। ਮੈਂ ਅਧਿਆਪਕ ਹਾਂ। ਸਾਡੇ ਜਿਹੇ ਮੁਲਾਜ਼ਮ ਪਾਸ ਜ਼ਮੀਨਾਂ ਜਾਇਦਾਦਾਂ ਲੈਣ ਜੋਗੇ ਪੈਸੇ ਉਦੋਂ ਹੁੰਦੇ ਹਨ ਜਦ ਅਸੀਂ ਨੌਕਰੀ ਤੋਂ ਸੇਵਾ ਮੁਕਤੀ ਦੇ ਨੇੜੇ ਪਹੁੰਚਦੇ ਹਾਂ।"

"ਸਰ ਜੀ, ਐਵੇਂ ਅਧਿਆਪਕ ਅਧਿਆਪਕ ਕਰੀ ਜਾਂਦੇ ਹੋ। ਤੁਸੀਂ ਪ੍ਰੋਫ਼ੈਸਰ ਹੋ। ਹੁਣ ਪ੍ਰੋਫੈਸਰਾਂ ਦੇ ਤਨਖਾਹ ਦੇ ਸਕੇਲ ਵੀ ਚੰਗੇ ਹਨ। ਮੈਡਮ ਹੋਰੀਂ ਵੀ ਅਧਿਆਪਕ ਹਨ। ਸਾਡੇ ਜਿਹੇ ਸ਼ਾਗਿਰਦ ਤੁਹਾਡੇ ਕੰਮ ਕਰਵਾਉਣ ਲਈ ਬੈਠੇ ਹਨ। ਸਾਡਾ ਫਾਇਦਾ ਲੈ ਲਓ। ਜ਼ਮੀਨ ਦਾ ਟੋਟਾ ਲੈ ਕੇ ਰੱਖ ਲਓ। ਆਰਾਮ ਨਾਲ਼ ਹੌਲ਼ੀ ਹੌਲ਼ੀ ਘਰ ਬਣਾਉਂਦੇ ਰਿਹੋ।"

"ਬੱਲਿਆ, ਤੇਰੀ ਬੜੀ ਮਿਹਰਬਾਨੀ। ਹੋਰ ਕੰਮ ਕਾਰ ਕਿਵੇਂ ਚੱਲ ਰਿਹਾ ਏ।"

"ਪਟਵਾਰੀ ਦਾ ਕੰਮ ਕਾਰ? ਉਹ ਵੀ ਸ਼ਹਿਰ ਦੇ ਪਟਵਾਰੀ ਦਾ? ਆਓ ਦਫਤਰ ਦਾ ਪਿਛਲਾ ਕਮਰਾ ਦਿਖਾਵਾਂ? ਅੰਗਰੇਜ਼ੀ ਸ਼ਰਾਬ ਦੀਆਂ ਬੋਤਲਾਂ ਅਤੇ ਦੇਸੀ ਘਰ ਦੀ ਅੱਵਲ ਦਰਜੇ ਦੀ ਕੱਢੀ ਦੀਆਂ ਕੈਨੀਆਂ ਨਾਲ਼ ਭਰਿਆ ਪਿਆ ਏ। ਲਾਓਗੇ ਘੱਟ ਕੁ?"



"ਜੋਗਿੰਦਰ, ਮੈਂ ਨਹੀਂ ਪੀਂਦਾ।"

"ਸਰ, ਸੱਚੀਂ?"

"ਥੋੜ੍ਹੀ ਜਿਹੀ? ਸਵਾਦ ਹੀ ਦੇਖ ਲਓ। ਕਈ ਬਰਾਂਡ ਹਨ।"

"ਨਹੀਂ ਜੋਗਿੰਦਰ, ਬਿਲਕੁਲ ਨਹੀਂ। ਤੂੰ ਤਾਂ ਹੁਣ ਵੀ ਲਾਈਓ ਲਗਦੀ ਏ? "

"ਸਰ, ਥੋੜੀ ਜਿਹੀ ਤਾਂ ਹਰ ਵੇਲ਼ੇ ਲਗਾ ਕੇ ਹੀ ਰੱਖੀਦੀ ਏ। ਜ਼ਿਮੀਦਾਰ ਮੱਲੋ ਮੱਲੀ ਗਲ਼ ਪਾ ਜਾਂਦੇ ਹਨ। ਕਈਆਂ ਨੇ ਤਾਂ ਕੰਮ ਵੀ ਸਾਲ ਛੇ ਮਹੀਨੇ ਬਾਅਦ ਕਰਵਾਉਣਾ ਹੁੰਦਾ ਏ। ਬਸ ਜਦੋਂ ਕੁ ਪੂਰ ਕੱਢਦੇ ਹਨ ਉਦੋਂ ਕੁ ਤਾਂ ਆਪਣੇ ਅਫਸਰਾਂ ਨੂੰ ਜਰੂਰ ਪੂਜਦੇ ਹੀ ਹਨ। ਸਰ, ਪਟਵਾਰੀਆਂ ਦੇ ਸਿਰ ਤੇ ਹੀ ਤਾਂ ਸ਼ਹਿਰ ਦਾ ਸਾਰਾ ਕੰਮ ਕਾਜ ਚੱਲਦਾ ਏ। ਤੁਸੀਂ ਜਾਣਦੇ ਹੀ ਹੋ ਪਟਵਾਰੀ ਤੇ ਕਿਸਾਨ ਦਾ ਸਭ ਤੋਂ ਚਹੇਤਾ ਅਫਸਰ ਏ।"

"ਸੋ ਤਾਂ ਹੈ।"

"ਸਰ, ਪਿੱਛੇ ਜਿਹੇ ਪੰਚਾਇਤਾਂ ਵਾਲ਼ਾ ਮੰਤਰੀ ਆਇਆ ਸੀ। ਲੋਕਲ ਬਾਡੀਜ਼ ਵਾਲ਼ਾ। ਅਸੀਂ ਸਮਝਦੇ ਸੀ ਕਿ ਅਕਾਲੀ ਏ, ਸਿਆਣਾ ਤੇ ਸਚਿਆਰਾ ਤੇ ਧਾਰਮਿਕ ਹੋਊ। ਰੈਸਟ ਹਾਊਸ ਵਿੱਚ ਠਹਿਰਾਇਆ ਗਿਆ ਸੀ। ਆਓ ਭਗਤ ਲਈ ਤਹਿਸੀਲਦਾਰ ਸਾਹਿਬ ਚੌਵੀ ਘੰਟੇ ਹਾਜ਼ਰ ਸਨ। ਐਸ. ਡੀ. ਐਮ. ਸ਼ਾਹਿਬ ਵੀ ਦੋ ਤਿੰਨ ਚੱਕਰ ਮਾਰ ਗਏ ਸਨ। ਮੈਂ ਸ਼ਹਿਰ ਦੇ ਪੰਜਾਂ ਹੀ ਪਟਵਾਰੀਆਂ ਵਿੱਚੋਂ ਸੀਨੀਅਰ ਹਾਂ। ਮੈਨੂੰ ਤਹਿਸੀਲਦਾਰ ਮੱਲ੍ਹੀ ਸਾਹਿਬ ਨੇ ਇਸ਼ਾਰਾ ਕਰ ਦਿੱਤਾ। ਮੈਂ ਫੱਟ ਸਮਝ ਗਿਆ। ਵਧੀਆ ਸ਼ਰਾਬ ਦੇ ਨਾਲ਼ ਨਾਲ਼ ਉਸਦਾ ਇਸ਼ਾਰਾ ਵਧੀਆ ਮੀਟ ਚਿਕਨ ਵੱਲ ਵੀ ਸੀ। ਬਸ ਫਿਰ ਕੀ ਸੀ। ਅਸੀਂ ਪੰਜ ਪਟਵਾਰੀ ਡਟ ਗਏ ਟਹਿਲ ਸੇਵਾ ਵਿੱਚ। ਲਿਜਾ ਕੇ ਰੱਖ ਦਿੱਤੀਆਂ ਡੇਢ ਦਰਜਨ ਬੋਤਲਾਂ। ਅਸੀਂ ਸੇਵਾ ਕਰਨ ਲਈ ਪੱਬਾਂ ਭਾਰ ਹੋਏ ਰਹੇ। ਮੀਟ ਵੀ ਭਰ ਭਰ ਪਲੇਟਾਂ ਵਰਤਦਾ ਰਿਹਾ। ਆਖਿਰ ਵਿੱਚ ਹੈਰਾਨੀ ਉਦੋਂ ਹੋਈ ਜਦ ਮੈਂ ਮੀਟ ਦਾ ਡੱਕੋ ਡੱਕ ਭਰਿਆ ਡੌਂਗਾ ਲਿਜਾ ਕੇ ਮੇਜ ਤੇ ਰੱਖਿਆ ਸੀ। ਮੰਤਰੀ ਜੀ ਇੰਨੇ ਸ਼ਰਾਬੀ ਹੋਏ ਪਏ ਸਨ ਕਿ ਉਨ੍ਹਾਂ ਨੇ ਡੌਂਗਾ ਹੀ ਮੂੰਹ ਨੂੰ ਲਗਾ ਲਿਆ। ਡੀਕ ਲਗਾ ਕੇ ਸਾਰੀ ਤਰੀ ਪੀ ਗਏ। ਦੂਜੇ ਦਿਨ ਮੰਤਰੀ ਜੀ ਦੇ ਜਾਣ ਤੋਂ ਬਾਅਦ ਦੇਖਿਆ ਕਿ ਸਾਰੀ ਸਬ ਡਿਵੀਜ਼ਨ ਦੇ ਕੰਮ ਕਾਜ ਬਾਰੇ ਮੰਤਰੀ ਜੀ ਦੀ ਰਿਪੋਰਟ ਅੱਵਲ ਦਰਜੇ ਦੀ ਸੀ। ਨਾ ਉਹ ਕਿਸੇ ਦਫਤਰ ਵਿੱਚ ਗਿਆ, ਨਾ ਕਿਸੇ ਨਾਲ਼ ਕੋਈ ਕੰਮਕਾਜ਼ੀ ਮਿਲਣੀ ਰੈਸਟ ਹਾਊਸ ਵਿੱਚ ਕੀਤੀ। ਸਵੇਰੇ ਉਠ ਕੇ ਤਾਂ ਇੱਕ ਹੋਰ ਨਵੀਂ ਗੱਲ ਸੁਣਨ ਵਿੱਚ ਆ ਗਈ। ਮੰਤਰੀ ਜੀ ਆਏਸ ਨ ਆਪਣੀ ਰਿਸ਼ਤੇਦਾਰੀ ਵਿੱਚ ਕਿਸੇ ਕੁੜੀ ਲਈ ਰਿਸ਼ਤਾ ਦੇਖਣ। ਇਸ ਗੱਲ ਦਾ ਉਦੋਂ ਪਤਾ ਲੱਗਾ ਜਦ ਉਹ ਸਵੇਰੇ ਭਾਰਟਾ ਗਣੇਸ਼ਪੁਰੀਆਂ ਦੇ ਭੁਪਿੰਦਰ ਸਿਹੁੰ ਦੇ

ਘਰ ਨੂੰ ਗਏ। ਉਨ੍ਹਾਂ ਦਾ ਲੜਕਾ ਪਿੱਛੇ ਜਿਹੇ, ਪਬਲਿਕ ਹੈਲਥ ਮਹਿਮਕਮੇ ਵਿੱਚ ਐਸ. ਡੀ. ਓ. ਲੱਗਾ ਸੀ। ਪੂਰੀ ਜਾਣਕਾਰੀ ਉਦੋਂ ਮਿਲ਼ੀ ਜਦ ਦੋ ਕੁ ਮਹੀਨਿਆਂ ਬਾਅਦ ਵਿਆਹ ਰੱਖ ਲਿਆ ਗਿਆ। ਵਿਆਹ ਸਮੇਂ ਤਾਂ ਅਸੀਂ ਪਟਵਾਰੀਆਂ ਨੇ ਸ਼ਰਾਬ ਦੀਆਂ ਨਦੀਆਂ ਬਹਾ ਦਿੱਤੀਆਂ। ਕੁੜੀ ਵਾਲ਼ਿਆਂ ਸਮੁੰਦਰ ਬਹਾਇਆ, ਅਸੀਂ ਨਦੀਆਂ ਬਹਾਈਆਂ। ਸਰ ਜੀ, ਇਵੇਂ ਦਾ ਮਹਿਕਮਾ ਏ ਆਪਣਾ।"

"ਕੋਈ ਹੋਰ ਗੱਲ ਬਾਤ?"

"ਸਰ ਜੀ, ਗੱਲਾਂ ਬਾਤਾਂ? ਸਾਡੇ ਮਹਿਕਮੇ ਚੋਂ ਤਾਂ ਤੁਸੀਂ ਭਾਵੇਂ ਗੱਲਾਂ ਦੇ ਗੱਡੇ ਭਰ ਲਓ। ਪਿੱਛੇ ਜਿਹੇ ਡੀ. ਸੀ. ਸ਼ਾਹਿਬ ਸਬ ਡਿਵੀਜ਼ਨ ਵਿੱਚ ਆਏ। ਸਾਲ ਵਿੱਚ ਦੋ ਕੁ ਵਾਰ ਤਾਂ ਗੇੜਾ ਰੱਖ ਹੀ ਲੈਂਦੇ ਨੇ। ਸਾਡੇ ਬਲਾਕ ਦੇ ਲੋਕਾਂ ਦੀਆਂ ਤਕਲੀਫਾਂ ਸੁਣਨ ਲਈ ਖੁੱਲਾ ਦਰਬਾਰ ਰੱਖਿਆ। ਲੋਕ ਕਾਫੀ ਗਿਣਤੀ ਵਿੱਚ ਹਾਜ਼ਰ ਹੋਏ। ਅਸੀਂ ਪੰਜ ਪਟਵਾਰੀ ਤਿੰਨ ਚਾਰ ਦਿਨ ਆਓ ਭਗਤ ਦਾ ਪ੍ਰਬੰਧ ਕਰਨ ਵਿੱਚ ਜੁਟੇ ਰਹੇ। ਤਹਿਸੀਲਦਾਰ ਮੱਲ੍ਹੀ ਸਾਹਿਬ ਤੇ ਦੋ ਨਾਇਬ ਤਹਿਸੀਲਦਾਰਾਂ ਹੁਸਨ ਲਾਲ ਤੇ ਰਾਮ ਖਿਲਾਵਨ ਨੇ ਤਿੰਨ ਦਿਨ ਸਾਡੀ ਰੇਲ ਬਣਾ ਰੱਖੀ। ਬਲਾਕ ਸੰਮਤੀ ਦਾ ਚੇਅਰਮੈਨ ਛਿੰਦੀ ਤੇ ਸਾਰੇ ਮੈਂਬਰ ਵੀ ਡੀ. ਸੀ. ਸ਼ਾਹਿਬ ਨੂੰ ਮਿਲਣ ਲਈ ਪੱਬਾਂ ਭਾਰ ਸਨ। ਸਾਡੇ ਸ਼ਹਿਰ ਵਿੱਚ ਇੱਕ ਡੀ. ਸੀ. ਸਾਹਿਬ ਦਾ ਦੂਰ ਦਾ ਰਿਸ਼ਤੇਦਾਰ ਰਾਮ ਰੱਖਾ ਰਹਿੰਦਾ ਏ। ਉਹ ਅਨੁਸੂਚਿਤ ਜਾਤੀ ਦਾ ਹੈ। ਲੋਕਾਂ ਨੇ ਉਹਦੇ ਘਰ ਹੀ ਦਬੀੜਾਂ ਲਗਾ ਛੱਡੀਆਂ। ਇੱਥੋਂ ਤੱਕ ਕਿ ਲਾਲਿਆਂ ਦੇ ਲੜਕੀਆਂ ਦੇ ਕਾਲਜ ਆਦਰਸ਼ ਮਹਿਲਾ ਵਿਦਿਆਲਿਆ ਦਾ ਪ੍ਰਧਾਨ ਸਖੀ ਚੰਦ ਕਾਲਜ ਦੀ ਕਨਵੋਕੇਸ਼ਨ ਦੀ ਡੀ. ਸੀ. ਤੋਂ ਪ੍ਰਧਾਨਗੀ ਕਰਵਾ ਕੇ ਕੁਝ ਪੈਸੇ ਲੈਣਾ ਚਾਹੁੰਦਾ ਸੀ। ਡੀ. ਸੀ. ਸਾਹਿਬ ਆ ਪਹੁੰਚੇ। ਐਸ. ਡੀ. ਐਮ. ਸ਼ਾਹਿਬ ਖੁਸ਼ ਆਮਦੀਦ ਕਹਿਣ ਲਈ ਮੌਜੂਦ ਹੀ ਸਨ। ਪ੍ਰਸ਼ੰਸਾ ਦੇ ਪੁਲ਼ ਬੰਨ੍ਹੇ ਗਏ। ਮੁਸ਼ਕਲਾਂ ਸੁਣਨ ਲਈ ਦਰਬਾਰ ਸ਼ੁਰੂ ਹੋਇਆ। ਪਹਿਲਾਂ ਬਲਾਕ ਸੰਮਤੀ ਦੇ ਚੇਅਰਮੈਨ ਛਿੰਦੀ ਨੇ ਕੁਝ ਸ਼ਬਦ ਬੋਲ ਕੇ ਆਪਣੇ ਨੰਬਰ ਬਣਾਏ। ਅੰਤ ਵਿੱਚ ਡੀ. ਸੀ. ਸਾਹਿਬ ਨੇ ਤਾਂ ਸਭ ਨੂੰ ਮੁਖਾਤਿਬ ਹੋਣਾ ਹੀ ਸੀ। ਜਦ ਡੀ. ਸੀ. ਸਾਹਿਬ ਬੋਲਣ ਤੋਂ ਬਾਅਦ ਆਪਣੀ ਸੀਟ ਤੇ ਜਾ ਬਿਰਾਜੇ ਤਾਂ 10 ਕੁ ਬੰਦਿਆਂ ਨੇ ਆਪਣੀਆਂ ਤਕਲੀਫਾਂ ਵੀ ਬਿਆਨ ਕੀਤੀਆਂ। ਤਕਲੀਫਾਂ ਬਿਆਨ ਕਰਨ ਵਾਲ਼ਿਆਂ ਦੀ ਵੀ ਮੱਲ੍ਹੀ ਸਾਹਿਬ ਨੇ ਪਹਿਲਾਂ ਹੀ ਸਕਰੀਨਿੰਗ ਕੀਤੀ ਹੋਈ ਸੀ। ਉਹ ਤਕਲੀਫਾਂ ਪੇਸ਼ ਕੀਤੀਆਂ ਗਈਆਂ ਜਿਹੜੀਆਂ ਬਹੁਤੀਆਂ ਗੰਭੀਰ ਨਹੀਂ ਸਨ। ਡੀ. ਸੀ. ਸਾਹਿਬ ਨੇ ਇਹ ਤਕਲੀਫਾਂ ਅੱਗੇ ਐਸ. ਡੀ. ਐਮ. ਸ਼ਾਹਿਬ ਨੂੰ ਰੈਫਰ ਕਰ ਦਿੱਤੀਆਂ। ਨਾਲ਼ੇ ਡੀ. ਸੀ. ਸਾਹਿਬ ਨੇ ਲੋਕਾਂ ਨੂੰ ਇਹ ਯਕੀਨ ਦਵਾਇਆ ਕਿ ਮਸਲੇ ਚੰਦ ਦਿਨਾਂ ਵਿੱਚ ਹੀ ਨਿਪਟਾ ਦਿੱਤੇ



ਜਾਣਗੇ।"

"ਇਸਦਾ ਮਤਲਬ ਇਹ ਕਿ ਪ੍ਰੋਗਰਾਮ ਬਹੁਤ ਸੋਹਣਾ ਰਿਹਾ, ਜੋਗਿੰਦਰ?"

"ਠੀਕ ਰਿਹਾ ਪਰ ਅਸਲੀ ਗੱਲ ਤਾਂ ਸੁਣੋ।"

"ਉਹ ਕੀ?"

"ਖੁੱਲ੍ਹੇ ਦਰਬਾਰ ਵਿੱਚ ਮੂਹਰਿਓਂ ਤੀਜੀ ਲਾਈਨ ਵਿੱਚ ਇੱਕ ਰੋਅਬ ਦਾਅਬ ਵਾਲ਼ਾ ਪੇਂਡੂ ਮੋਹਤਬਾਰ ਬੈਠਾ ਸੀ। ਪੱਗ ਦਾ ਤੁਰਲਾ ਉਹਦੇ ਸਿਰ ਤੇ ਗਿੱਧਾ ਪਾ ਰਿਹਾ ਸੀ। ਉਸੇ ਨਾਲ਼ ਬੈਠਾ ਇੱਕ ਨਸ਼ੇ ਦਾ ਮਾਰਿਆ ਦਾਂਦੂ ਜਿਹਾ ਮਾੜਕੂ ਬੰਦਾ ਇਵੇਂ ਲੱਗ ਰਿਹਾ ਸੀ ਜਿਵੇਂ ਬੋਤੇ ਕੋਲ਼ ਬੱਕਰੀ ਬੱਝੀ ਹੋਵੇ। ਉਸ ਮੋਹਤਬਾਰ ਨੇ ਆਪਣਾ ਹੱਥ ਵਿੱਚ ਫੜਿਆ ਹੋਇਆ ਖੂੰਡਾ ਉੱਪਰ ਨੂੰ ਖੜ੍ਹਾ ਕੀਤਾ ਹੋਇਆ ਸੀ। ਖੂੰਡਾ ਸੰਮਾਂ ਵਾਲ਼ਾ ਹੋਣ ਕਰਕੇ ਬਹੁਤ ਸੁੰਦਰ ਲੱਗ ਰਿਹਾ ਸੀ। ਡੀ. ਸੀ. ਸਾਹਿਬ ਨੇ ਓਸ ਮੁਹਤਬਾਰ ਨੂੰ ਉਸਦਾ ਨਾਮ ਪੁੱਛਿਆ। ਉਹ ਕਹਿੰਦਾ ਉਸ ਦਾ ਨਾਮ ਸ਼ਿਵਮੰਗਲ ਸਿੰਘ ਏ। ਫਿਰ ਡੀ. ਸੀ. ਸਾਹਿਬ ਨੇ ਉਸਨੂੰ ਬੜੇ ਆਦਰ ਸਤਿਕਾਰ ਨਾਲ਼ ਆਪਣੇ ਪਾਸ ਬੁਲਾ ਲਿਆ। ਜਦ ਬੰਦਾ ਉੱਠ ਕੇ ਡੀ. ਸੀ. ਸਾਹਿਬ ਪਾਸ ਚਲਾ ਗਿਆ ਤਾਂ ਡੀ. ਸੀ. ਨੇ ਇਹ ਖੂੰਡਾ ਉਸ ਕੋਲ਼ੋਂ ਫੜ੍ਹ ਕੇ ਆਪਣੇ ਹੱਥ ਵਿੱਚ ਫੜ੍ਹ ਲਿਆ। ਖੂੰਡਾ ਡੀ. ਸੀ. ਸਾਹਿਬ ਨੂੰ ਬਹੁਤ ਪ੍ਰਭਾਵਿਤ ਕਰ ਰਿਹਾ ਸੀ। ਲੋਕ ਸੋਚ ਰਹੇ ਸਨ ਕਿ ਡੀ. ਸੀ. ਸਾਹਿਬ ਉਸ ਮੁਹਤਬਾਰ ਨੂੰ ਕਹਿਣਗੇ ਕਿ ਖੂੰਡਾ ਸਿੱਧਾ ਖੜ੍ਹਾ ਕਰਕੇ ਅਫਸਰਾਂ ਮੂਹਰੇ ਨਹੀਂ ਬੈਠੀਦਾ। ਇਸਨੂੰ ਹੇਠਾਂ ਜ਼ਮੀਨ ਤੇ ਲੰਮਾ ਪਾ ਕੇ ਰੱਖੀਦਾ ਹੈ ਪਰ ਇਸ ਪ੍ਰਕਾਰ ਦਾ ਕੁਝ ਨਾ ਹੋਇਆ। ਡੀ. ਸੀ. ਸਾਹਿਬ ਤੇ ਉਸ ਮੁਹਤਬਾਰ ਵਿਚਕਾਰ ਹੋਰ ਗੱਲਬਾਤ ਇਵੇਂ ਹੋਈ।

"ਸਰਦਾਰ ਜੀ, ਇਹ ਖੂੰਡਾ ਤੁਸੀਂ ਕਿੱਥੋਂ ਲ਼ਿਆ?"

"ਮਾਈ ਬਾਪ, ਇਸ ਪ੍ਰਕਾਰ ਦੇ ਖੂੰਡੇ ਇਲਾਕੇ ਵਿੱਚ ਸਿਰਫ ਇੱਕ ਆਦਮੀ ਹੀ ਬਣਾਉਂਦਾ ਏ। ਕੋਟ ਫਤੂਹੀ ਵਲ ਨੂੰ ਪਿੰਡ ਪੈਂਦਾ ਏ ਬਸੰਤਕੋਟ। ਉੱਥੇ ਇੱਕ ਤਰਖਾਣ ਏ ਸਾਧੂ ਰਾਮ। ਉਹ ਤਿਆਰ ਕਰਦਾ ਏ ਇਸ ਪ੍ਰਕਾਰ ਦੇ ਖੂੰਡੇ।"

"ਇਸਦੀ ਕੀਮਤ ਕੀ ਏ?"

"ਸਾਹਿਬ ਜੀ, ਇਹ ਹੁਣ ਤੋਂ ਤਿੰਨ ਕੁ ਮਹੀਨੇ ਪਹਿਲਾਂ ਮੈਂ ਤਿੰਨ ਹਜ਼ਾਰ ਰੁਪਏ ਵਿੱਚ ਖਰੀਦਿਆ ਸੀ। ਇਸ ਉੱਪਰ ਪਿੱਤਲ ਮੜ੍ਹੀ ਹੋਈ ਏ। ਮੁੱਠੇ ਨੂੰ ਖਾਸੀ ਚਾਂਦੀ ਵੀ ਲੱਗੀ ਹੋਈ ਏ।"

ਡੀ. ਸੀ. ਸਾਹਿਬ ਨੇ ਫਿਰ ਤਹਿਸੀਲਦਾਰ ਮੱਲ੍ਹੀ ਵੱਲ ਦੇਖਿਆ ਤੇ ਕਿਹਾ, "ਇਸ ਪ੍ਰਕਾਰ ਦੇ ਦਸ ਖੂੰਡੇ ਮੈਨੂੰ ਚਾਹੀਦੇ ਹਨ।"

ਮੱਲ੍ਹੀ ਸਾਹਿਬ ਜਿਹਨੇ ਮੁੱਛਾਂ ਨੂੰ ਵਟ ਚਾੜ੍ਹ ਕੇ ਲੜਾਕੇ ਜਹਾਜ ਦੀ ਤੂਈ ਜਿਹਾ

ਬਣਾਇਆ ਹੋਇਆ ਸੀ ਨੇ ਬੜੀ ਨਿਮਰਤਾ ਤੇ ਆਦਰ ਨਾਲ਼ ਕਿਹਾ, "ਜੀ ਸਾਹਿਬ, ਹਫਤੇ ਵਿੱਚ ਹੀ ਪੁੱਜਦੇ ਕਰ ਦਿਆਂਗੇ।"

"ਪੈਸੇ?" ਮੈਥੋਂ ਜੋਗਿੰਦਰ ਨੂੰ ਪੁੱਛ ਹੋ ਗਿਆ।

"ਸਰ, ਕਿਹੜੀ ਦੁਨੀਆ ਵਿੱਚ ਰਹਿੰਦੇ ਹੋ? ਕਦੀ ਮੰਤਰੀ ਤੇ ਡੀ. ਸੀ. ਜਿਹੇ ਉੱਚਤਮ ਵਿਅਕਤੀ ਵੀ ਪੈਸੇ ਦਿੰਦੇ ਹੁੰਦੇ ਨੇ? ਕਦੀ ਵੀ ਨਹੀਂ। ਉਨ੍ਹਾਂ ਨੂੰ ਤਾਂ ਪੈਸੇ ਪੁੱਛਣਾ ਵੀ ਗੁਨਾਹ ਹੈ ਤੇ ਬਿਪਤਾ ਮੁੱਲ ਲੈਣਾ ਹੈ। ਸਾਡਾ ਸਾਰਾ ਦਾਰੋਮਦਾਰ ਉਨ੍ਹਾਂ ਦੇ ਸਿਰਾਂ ਤੇ ਹੀ ਚੱਲਦਾ ਏ। ਪੈਸੇ ਅਸੀਂ ਪਟਵਾਰੀਆਂ ਨੇ ਇਕੱਠੇ ਕਰਨੇ ਹੁੰਦੇ ਹਨ। ਸਾਡੇ ਸਾਇਲ ਅੰਤਾਂ ਦੇ ਹਨ। ਇੱਥੇ ਤਕੜੇ ਦਾ ਸੱਤੀਂ ਬੀਹੀਂ ਸੌ ਹੈ। ਇੱਥੇ ਹੀ ਬਸ ਨਹੀਂ।"

"ਅਜੇ ਹੋਰ ਕੁਝ ਵੀ ਏ?"

"ਹਾਂ, ਬਿਲਕੁਲ ਹੈ। ਉਹ ਇਹ ਕਿ ਇਹ ਖੂੰਡੇ ਲੈਣ ਤੋਂ ਦੋ ਕੁ ਮਹੀਨੇ ਬਾਅਦ ਫਿਰ ਡੀ. ਸੀ. ਸਾਹਿਬ ਦਾ ਸੁਨੇਹਾ ਮੱਲ੍ਹੀ ਸਾਹਿਬ ਨੂੰ ਆ ਗਿਆ।"

"ਸ਼ਾਬਾਸ਼, ਮੱਲ੍ਹੀ ਸਾਹਿਬ! ਖੂੰਡਾ ਤਾਂ ਸੱਚ ਮੁੱਚ ਹੀ ਬਹੁਤ ਕਮਾਲ ਦਾ ਏ। ਹੋਰ ਜਰੂਰਤ ਪੈ ਗਈ।"

"ਸਾਹਿਬ, ਹੋਰ ਕਿੰਨੇ ਚਾਹੀਦੇ ਹਨ?"

"ਉਸਤੋਂ 60 ਖੂੰਡੇ ਹੋਰ ਬਣਵਾਓ ਤੇ ਭੇਜ ਦਿਓ ਜਾਂ ਆਪ ਆ ਕੇ ਦੇ ਜਾਵੋ।"

ਤਹਿਸੀਲਦਾਰ ਸਾਹਿਬ ਨੇ ਓਸੇ ਸਰਦਾਰ ਨੂੰ ਫਿਰ ਸੁਨੇਹਾ ਭੇਜਿਆ। ਉਹ ਕਹਿੰਦਾ ਕਿ ਹੁਣ ਇਸਦੀ ਕੀਮਤ 3500 ਰੁਪਏ ਹੈ। ਤਹਿਸੀਲਦਾਰ ਸਾਹਿਬ ਨੂੰ ਖਰੀਦਣੇ ਤਾਂ ਪੈਣੇ ਹੀ ਸਨ। ਪਟਵਾਰੀਆਂ ਨੇ ਮਿਲ਼ ਕੇ ਫਿਰ ਆਪਣੇ ਸਾਇਲਾਂ ਤੋਂ ਵੱਢੀ ਦੇ ਰੂਪ ਵਿੱਚ ਪੈਸੇ ਇਕੱਠੇ ਕੀਤੇ। ਥੋੜ੍ਹੀ ਬਹੁਤ ਖੂੰਡਾ ਬਣਾਉਣ ਵਾਲ਼ੇ ਨਾਲ਼ ਇਹ ਕਹਿ ਕੇ ਸੌਦੇਬਾਜ਼ੀ ਕਰਕੇ ਰਿਆਇਤ ਕਰਵਾਈ ਕਿ ਮਾਲ ਡੀ. ਸੀ. ਸਾਹਿਬ ਨੂੰ ਜਾਣਾ ਹੈ। ਇਸ ਪ੍ਰਕਾਰ 60 ਖੂੰਡੇ 3200 ਰੁਪਏ ਪ੍ਰਤੀ ਖੂੰਡੇ ਦੇ ਹਿਸਾਬ ਨਾਲ਼ ਬਣਵਾਏ ਗਏ। ਡੀ. ਸੀ. ਸਾਹਿਬ ਪਾਸ ਪਹੁੰਚਦੇ ਕਰ ਦਿੱਤੇ ਗਏ।"

"ਜੋਗਿੰਦਰ, ਫਿਰ ਤਾਂ ਤੁਸੀਂ ਲੋਕਾਂ ਦੇ ਅਜੀਬ ਅਜੀਬ ਕੰਮ ਵੀ ਕਰਦੇ ਹੋ?"

"ਬਿਲਕੁਲ ਸਰ! ਤੁਸੀਂ ਇਮਾਨਦਾਰ ਮਹਿਕਮੇ ਵਿੱਚ ਕੰਮ ਕਰਦੇ ਹੋ। ਅਸੀਂ ਅਤਿ ਭ੍ਰਿਸ਼ਟਾਚਾਰੀ ਹਾਂ। ਇਹ ਹੈ ਆਪਣਾ ਦੇਸ਼ ਮਹਾਨ। ਇੱਥੇ ਲੋਕਤੰਤਰ ਤੇ ਆਜ਼ਾਦੀ ਹੋਣ ਦੇ ਬਾਵਜੂਦ ਵੀ ਚਾਕਰੀ ਜੋਰਾਂ ਤੇ ਹੈ। ਸਾਨੂੰ ਬਾਂਦਰਾਂ ਨੂੰ ਮੱਕੀ ਦੀਆਂ ਖਿੱਲਾਂ ਮਿਲ ਗਈਆਂ। ਅਸੀਂ ਨਾ ਖਾਂਦੇ ਥੱਕਦੇ ਹਾਂ ਤੇ ਨਾ ਹੀ ਕਿਸੇ ਨੂੰ ਖਵਾਉਂਦੇ। ਉੱਪਰੋਂ ਦੇਖਣ ਨੂੰ ਆਪਾਂ ਭਾਵੇਂ ਜਿੰਨੇ ਮਰਜ਼ੀ ਸਿਆਣੇ, ਸੁਹਿਰਦ, ਸਚਿਆਰੇ ਤੇ ਸੋਝੀਵਾਨ ਦਿਖਣ ਦੀ ਕੋਸ਼ਿਸ਼ ਕਰੀਏ ਪਰੰਤੂ ਅੰਦਰੋਂ ਅਸੀਂ ਪੂਰੇ ਦੰਭੀ, ਦੁਸ਼ਟ ਤੇ ਦਗੇਬਾਜ਼ ਹਾਂ। ਬੇਈਮਾਨੀ ਤੇ ਭ੍ਰਿਸ਼ਟਾਚਾਰ ਥੱਲਿਓਂ ਉੱਪਰ ਨੂੰ ਨਹੀਂ ਜਾਂਦੇ, ਇਹ ਇਹ ਉੱਪਰੋਂ ਥੱਲੇ ਨੂੰ ਆਉਂਦੇ ਹਨ। ਤੁਸੀਂ ਦੇਖਦੇ ਹੀ ਹੋ ਕਿ ਅੱਧੇ ਕੁ ਮੰਤਰੀ ਘੁਟਾਲਿਆਂ ਵਿੱਚ ਫਸੇ ਰਹਿੰਦੇ ਹਨ। ਲੋਕ ਫਿਰ ਵੀ ਉਨ੍ਹਾਂ ਦਾ ਫੁੱਲਾਂ ਦੇ ਹਾਰਾਂ ਨਾਲ਼ ਖੈਰ ਮਕਦਮ ਕਰਦੇ ਹਨ। ਭ੍ਰਿਸ਼ਟਾਚਾਰੀ ਸਿੱਧ ਹੋ ਕੇ ਮੰਤਰੀ ਜੇਲ੍ਹਾਂ ਵਿੱਚ ਵੀ ਬੈਠੇ ਹਨ। ਫਿਰ ਵੀ ਜਦੋਂ ਉਹ ਬਾਹਰ ਆਉਂਦੇ ਹਨ ਤਾਂ ਉਨ੍ਹਾਂ ਨੂੰ ਮਿਲਣ ਲਈ ਲੋਕਾਂ ਦੇ ਤੰਤੇ ਲੱਗ ਜਾਂਦੇ ਹਨ। ਸਰ ਜੀ, ਇਹ ਹੈ ਸਾਡਾ ਦੇਸ਼ ਮਹਾਨ। ਗਿਰਝਾਂ ਗਾਲ੍ਹੜ ਦੇਵਣ ਦਾਦ, ਉੱਲੂ ਗਾਉਣ ਬਸੰਤ ਬਹਾਰ।"

"ਚੰਗਾ ਜੋਗਿੰਦਰ, ਤੇਰੀਆਂ ਗੱਲਾਂ ਬੜੀਆਂ ਦਿਲਚਸਪ ਹਨ। ਮੈਂ ਹੁਣ ਚੱਲਦਾਂ। ਫਿਰ ਕਿਤੇ ਮਿਲਾਂਗੇ।"

"ਚੰਗਾ ਸਰ।"

ਫਰਵਰੀ 2023 ਵਿੱਚ Likhari.net ਯੂ.ਕੇ. ਨੇ ਛਾਪੀ।

*****

# ਵਿਚਾਰੇ ਅਬਦੁਲ ਤੇ ਅਮੈਂਡਾ

ਪੰਜਾਬ ਤੋਂ ਸਿਡਨੀ ਆ ਕੇ ਮੇਰੀ ਪਹਿਲੀ ਨੌਕਰੀ ਸਿਡਨੀ ਦੀਆਂ ਰੇਲ ਗੱਡੀਆਂ ਵਿੱਚ ਸਕਿਉਰਿਟੀ ਅਫ਼ਸਰ ਦੀ ਸੀ। ਹਰ ਗੱਡੀ ਵਿੱਚ ਦੋ ਦੋ ਸਕਿਉਰਿਟੀ ਅਫ਼ਸਰ ਹੋਇਆ ਕਰਦੇ ਸਨ ਤੇ ਉਹ ਤਕਰੀਬਨ ਛੇ ਸੱਤ ਘੰਟੇ ਇੱਕਠੇ ਕੰਮ ਕਰਿਆ ਕਰਦੇ ਸਨ। ਕਈ ਵਾਰ ਦੋ ਅਫਸਰਾਂ ਨੂੰ ਦੋ ਤਿੰਨ ਹਫ਼ਤੇ ਦਾ ਲੰਬਾ ਰੋਸਟਰ ਵੀ ਮਿਲਿਆ ਹੁੰਦਾ ਸੀ। ਇਸ ਪ੍ਰਕਾਰ ਦੋਂਨੋਂ ਅਫਸਰ ਇੱਕ ਦੂਜੇ ਦੇ ਕਾਫੀ ਨੇੜੇ ਆ ਜਾਇਆ ਕਰਦੇ ਸਨ। ਕਈ ਆਪਣੇ ਦੁੱਖ ਸੁੱਖ ਵੀ ਆਪਸ ਵਿੱਚ ਸਾਂਝੇ ਕਰ ਲਿਆ ਕਰਦੇ ਸਨ।

ਇੱਕ ਵਾਰ ਇੰਝ ਹੋਇਆ ਕਿ ਮੈਨੂੰ ਇਕ ਅਬਦੁਲ ਨਾਂ ਦਾ ਬੰਗਲਾਦੇਸ਼ੀ ਇਸ ਡਿਊਟੀ 'ਤੇ ਸਾਥੀ ਮਿਲ ਗਿਆ। ਪਹਿਲੇ ਦੋ ਕੁ ਦਿਨ ਕੁਝ ਬੇਗਾਨਾਪਨ ਰਿਹਾ। ਫਿਰ ਅਸੀਂ ਆਪਸ ਵਿੱਚ ਘੁਲਣ ਮਿਲਣ ਲੱਗ ਪਏ। ਉਹ ਹਿੰਦੀ ਵੀ ਬੋਲ ਤੇ ਸਮਝ ਸਕਦਾ ਸੀ। ਇਸ ਨਾਲ ਗੱਲਬਾਤ ਕਰਨੀ ਤੇ ਸਮਝਣੀ ਹੋਰ ਵੀ ਆਸਾਨ ਹੋ ਗਈ। ਇਕ ਦਿਨ ਜਦ ਉਹ ਡਿਊਟੀ 'ਤੇ ਆਇਆ ਤਾਂ ਬੜਾ ਉਦਾਸ ਲੱਗ ਰਿਹਾ ਸੀ।

"ਅਬਦੁਲ, ਅੱਜ ਉਦਾਸ ਹੋ। ਕੀ ਗੱਲ ਹੋਈ ਹੈ।" ਮੈਂ ਹਿੰਦੀ ਵਿੱਚ ਪੁੱਛਿਆ।

"ਮੇਰੀ ਇੱਕ ਮਾਨਸਿਕ ਗੁੰਝਲ ਏ। ਇਹ ਮੈਨੂੰ ਬਹੁਤ ਪ੍ਰੇਸ਼ਾਨ ਕਰ ਰਹੀ ਏ।"

"ਯਾਰ, ਦੱਸ ਤਾਂ ਸਹੀ। ਸ਼ਾਇਦ ਮੈਂ ਤੈਨੂੰ ਕੋਈ ਐਸੀ ਸਲਾਹ ਦੇ ਸਕਾਂ, ਜਿਸ ਨਾਲ ਤੇਰਾ ਮਨ ਹੌਲਾ ਹੋ ਜਾਏ।"

"ਇਸ ਗੁੰਝਲ ਦਾ ਹੱਲ ਲੱਭਣਾ ਮੁਸ਼ਕਲ ਹੀ ਨਹੀਂ, ਸਗੋਂ ਅਸੰਭਵ ਏ। ਮੈਨੂੰ ਮੇਰੇ ਹਾਲ 'ਤੇ ਹੀ ਰਹਿਣ ਦੇ, ਦੋਸਤ।"

"ਨਹੀਂ ਅਬਦੁਲ! ਇਵੇਂ ਨਹੀਂ ਹੋ ਸਕਦਾ। ਆਪਾਂ ਹੁਣ ਹਰ ਰੋਜ਼ ਇੱਕਠੇ ਡਿਊਟੀ ਕਰਦੇ ਹਾਂ। ਸਾਨੂੰ ਹੁਣ ਦੋ ਹਫ਼ਤਿਆਂ ਦਾ ਇੱਕਠਾ ਰੋਸਟਰ ਮਿਲਿਆ ਹੋਇਆ ਹੈ। ਹੋ ਸਕਦਾ ਏ, ਇਹ ਰੋਸਟਰ ਹੋਰ ਵੱਧ ਜਾਵੇ। ਕਈ ਅਫਸਰ ਛੇ ਛੇ ਮਹੀਨਿਆਂ ਤੋਂ ਇੱਕਠੇ ਕੰਮ ਕਰਦੇ ਆ ਰਹੇ ਹਨ। ਤੁਹਾਡਾ ਹਰ ਰੋਜ਼ ਇਸ ਪ੍ਰਕਾਰ ਵੱਟਿਆ-ਵੱਟਿਆ ਰਹਿਣਾ ਮੈਨੂੰ ਚੰਗਾ ਨਹੀਂ ਲੱਗਦਾ। ਪਲੀਜ਼ ਆਪਣੀ ਪ੍ਰੇਸ਼ਾਨੀ ਮੇਰੇ ਨਾਲ ਸਾਂਝੀ ਜ਼ਰੂਰ ਕਰੋ। ਮੈਂ ਤੁਹਾਡੀ ਮਾਨਸਿਕ ਗੁੰਝਲ ਦਾ ਕੋਈ



ਨਾ ਕੋਈ ਹੱਲ ਜ਼ਰੂਰ ਲੱਭਾਂਗਾ।"

"ਦੇਖ ਦੋਸਤ, ਮਸਲਾ ਮੇਰਾ ਵਿਅਕਤੀਗਤ ਹੈ। ਮੈਂ ਪਹਿਲਾਂ ਕਿਸੇ ਨਾਲ ਵੀ ਸਾਂਝਾ ਨਹੀਂ ਕੀਤਾ। ਜੇ ਤੂੰ ਕਿਸੇ ਨੂੰ ਨਾ ਦੱਸੇਂ, ਤਾਂ ਮੈਂ ਤੇਰੇ ਨਾਲ ਸਾਂਝਾ ਕਰ ਸਕਦਾ ਹਾਂ। ਜੇ ਬਾਕੀ ਸਾਥੀਆਂ, ਖ਼ਾਸ ਕਰਕੇ ਮੇਰੇ ਦੇਸ ਦੇ ਲੋਕਾਂ ਨੂੰ ਪਤਾ ਲੱਗ ਜਾਵੇ ਤਾਂ ਉਹ ਮੇਰਾ ਮਜ਼ਾਕ ਉਡਾਉਣਗੇ।"

"ਅਬਦੁਲ, ਤੂੰ ਮਾਸਾ ਵੀ ਫਕਿਰ ਨਾ ਕਰ। ਬੱਸ ਦੱਸ ਦੇ, ਕਿ ਤੇਰੀ ਸਮੱਸਿਆ ਕੀ ਏ।"

"ਲੈ ਸੁਣ ਫਿਰ। ਮੈਂ ਇੱਕ ਗੋਰੀ ਨਾਲ ਵਿਆਹ ਕਰਵਾ ਬੈਠਾਂ। ਉਸ ਦਾ ਨਾਮ ਕੈਥਰੀਨ ਏ। ਮੈਂ ਚਿੱਟੀ ਚਮੜੀ 'ਤੇ ਮਰ ਗਿਆ। ਹੁਣ ਉਸ ਨੇ ਮੇਰਾ ਨੱਕ ਵਿੱਚ ਦਮ ਕੀਤਾ ਹੋਇਆ ਹੈ। ਮੈਂ ਉਸ ਤੋਂ ਚੋਰੀ ਇੱਕ ਛੋਟਾ ਘਰ (One bedroom unit) ਵੀ ਖਰੀਦ ਰੱਖਿਆ ਏ। ਉਸ ਦੀ ਕਿਸ਼ਤ ਵੀ ਦੇਂਦਾ ਹਾਂ। ਕਾਰਨ ਇਹ ਹੈ ਕਿ ਜੇ ਝਗੜਾ ਵੱਧ ਗਿਆ ਅਤੇ ਉਹ ਅਦਾਲਤ ਵਿੱਚ ਚਲੀ ਗਈ, ਤਾਂ ਅਦਾਲਤ ਨੇ ਮੈਨੂੰ ਉਸ ਘਰ ਵਿੱਚੋਂ ਕੱਢ ਦੇਣਾ ਏ। ਅਦਾਲਤ ਨੇ ਉਹ ਘਰ ਉਹਨੂੰ ਅਤੇ ਸਾਡੇ ਬੱਚੇ ਨੂੰ ਦੇ ਦੇਣਾ ਏ ਤੇ ਮੈਨੂੰ ਸੜਕ 'ਤੇ ਜਾਣਾ ਪੈਣਾ ਹੈ।

ਦੂਜਾ ਮਸਲਾ ਇਹ ਹੈ ਕਿ ਕੈਥਰੀਨ ਕੰਮ ਕਰਦੀ ਹੀ ਨਹੀਂ। ਘਰ ਖਾਣਾ ਵੀ ਨਹੀਂ ਬਣਾਉਂਦੀ। ਹਰ ਰੋਜ਼ ਬਾਹਰ ਰੈਸਟੋਰੈਂਟ 'ਤੇ ਖਾਣਾ ਖਾਣ ਜਾਂਦੀ ਏ। ਮੈਂ ਇਸ ਵਕਤ ਦੋ ਜਾਬਾਂ ਕਰਦਾ ਹਾਂ। ਇੱਧਰ ਇਹ ਗੱਡੀ 'ਤੇ ਸਕਿਉਰਿਟੀ ਜਾਬ ਤੇ ਉੱਧਰ ਇੱਕ ਕਲੀਨੀਕਲ ਲੈਬੋਰਟਰੀ ਦੀ ਜਾਬ ਏ। ਕੈਥਰੀਨ ਐਨੀ ਖਰਚੀਲੀ ਹੈ ਕਿ ਗੁਜ਼ਾਰਾ ਮੁਸ਼ਕਲ ਨਾਲ ਚੱਲਦਾ ਏ। ਦੋ ਬੈੱਡਰੂਮ ਯੂਨਿਟ ਵਿੱਚ ਰਹਿੰਦੇ ਹਾਂ ਤੇ ਉਸ ਦੀ ਕਿਸ਼ਤ ਅਕਸਰ ਖੁੜੀ ਰਹਿੰਦੀ ਏ। ਹਾਊਸਿੰਗ ਕਮਿਸ਼ਨ ਦੇ ਸਸਤੇ ਘਰ ਲਈ ਅਰਜ਼ੀ ਨਹੀਂ ਦੇ ਸਕਦਾ ਕਿਉਂਕਿ ਉੱਧਰ ਮੇਰੇ ਨਾਮ 'ਤੇ ਇਕ ਯੂਨਿਟ ਹੈ। ਜੇ ਮੈਂ ਖਾਣਾ ਘਰ ਤਿਆਰ ਕਰਨ ਨੂੰ ਕਹਿੰਦਾ ਹਾਂ ਤਾਂ ਉਹ ਲੜਾਈ ਕਰਦੀ ਏ। ਘਰੇਲੂ ਲੜਾਈ ਥੋੜ੍ਹੀ-ਥੋੜ੍ਹੀ ਚਲਦੀ ਹੀ ਰਹਿੰਦੀ ਏ। ਮੈਂ ਚੁੱਪ ਰਹਿ ਕੇ ਮਸਲਾ ਪੁਲਿਸ ਪਾਸ ਜਾਣ ਤੋਂ ਬਚਾਈ ਜਾਂਦਾ ਹਾਂ। ਥੱਕ ਟੁੱਟ ਕੇ ਚੂਰ ਹੋ ਜਾਂਦਾ ਹਾਂ। ਇਕ ਤਾਂ ਮੇਰਾ ਮਸਲਾ ਇਹ ਹੈ, ਜਿਸ ਦਾ ਮੈਂ ਆਦੀ ਹੋ ਚੁੱਕਾ ਹਾਂ।"

"ਕੋਈ ਹੋਰ ਮਸਲਾ ਵੀ ਏ?" ਮੈਂ ਉਤਸੁਕਤਾ ਜ਼ਾਹਿਰ ਕੀਤੀ।

"ਹਾਂ, ਦੂਸਰੇ ਨੇ ਹੀ ਤਾਂ ਮੈਨੂੰ ਅੱਜ ਅੱਧਾ ਪਾਗਲ ਕਰ ਦਿੱਤਾ ਏ।"

"ਅੱਧਾ ਪਾਗਲ?"

"ਹਾਂ। ਜਦ ਮੈਂ ਲੈਬੋਰਟਰੀ ਦੀ ਜਾਬ ਤੋਂ ਘਰ ਪਹੁੰਚਿਆ ਤਾਂ ਦੋ ਤਿੰਨ ਵਾਰ ਇੰਝ ਹੋਇਆ ਕਿ ਘਰ ਵਿੱਚ ਇੱਕ ਗੋਰਾ ਮੁੰਡਾ ਬੈਠਾ ਹੁੰਦਾ ਸੀ। ਜਦ ਮੈਂ ਕੈਥਰੀਨ

ਨੂੰ ਪੁੱਛਿਆ ਕਿ ਉਹ ਕੌਣ ਸੀ ਤਾਂ ਉਹ ਚੁੱਪ ਹੋ ਜਾਂਦੀ। ਕੱਲ੍ਹ ਮੈਂ ਜ਼ੋਰ ਦੇ ਕੇ ਪੁੱਛਿਆ ਤਾਂ ਕਹਿੰਦੀ -'ਇਹ ਸਾਈਮਨ ਏ। ਮੇਰਾ ਪਹਿਲਾ ਬੁਆਏਫਰੈਂਡ। ਜਦ ਮੈਂ ਰੋਸ ਪ੍ਰਗਟ ਕੀਤਾ ਕਿ ਉਸ ਨੂੰ ਘਰ ਕਿਉਂ ਬੁਲਾਇਆ? ਤਾਂ ਕਹਿਣ ਲੱਗੀ - ''ਮੈਂ ਆਪਣੇ ਬੁਆਏਫਰੈਂਡ ਨੂੰ ਘਰ ਕਿਉਂ ਨਹੀਂ ਬੁਲਾ ਸਕਦੀ? ਅਸੀਂ ਤਾਂ ਮਿਲਦੇ ਹੀ ਰਹਿੰਦੇ ਹਾਂ।'' ਜਦ ਮੈਂ ਇਹ ਸੁਣਿਆ ਤਾਂ ਮੈਂ ਸੋਚਿਆ ਕਿ ਮੈਂ ਉਸ ਕਮਜਾਤ ਨਾਲ ਵਿਆਹ ਕਰਵਾ ਕੇ ਬੱਜਰ ਗਲਤੀ ਕਰ ਬੈਠਾਂ। ਕਿਤੇ ਗੁਪਤ ਦੋਸਤੀ ਹੋਵੇ ਤਾਂ ਅਲੱਗ ਗੱਲ ਏ। ਅੱਖੀਂ ਵੇਖ ਕੇ ਮੱਖੀ ਨਹੀਂ ਨਿਗਲੀ ਜਾਂਦੀ। ਮੈਂ ਪੈਸੇ ਪੱਖੋਂ ਵੀ ਮਾਰ ਖਾਧੀ ਤੇ ਪਿਆਰ ਪੱਖੋਂ ਵੀ। ਦੋਸਤ, ਮੈਂ ਛਾਤੀ ਠੋਕ ਕੇ ਕਹਿੰਦਾ ਹਾਂ ਕਿ ਸਾਡੇ ਜਿਹੇ ਸਭਿਆਚਾਰ ਅਤੇ ਸੰਸਕਾਰਾਂ ਵਾਲੇ ਕਦੇ ਵੀ ਗੋਰਿਆਂ ਨਾਲ ਵਿਆਹ ਨਾ ਕਰਵਾਉਣ। ਗੋਰੇ ਟੁੱਟ ਭੱਜ ਸਹਿਣ ਦੇ ਆਦੀ ਹਨ। ਇਹਨਾਂ ਦੇ ਕਈ ਕਈ ਬੁਆਏਫਰੈਂਡ ਅਤੇ ਗਰਲਫਰੈਂਡਾਂ ਹੁੰਦੀਆਂ ਹਨ। ਇਹਨਾਂ ਵਿੱਚੋਂ ਬੱਚੇ ਕੋਈ ਅੱਧਾ ਭਰਾ ਏ ਤੇ ਕੋਈ ਅੱਧੀ ਭੈਣ। ਸਾਡੇ ਸਭਿਆਚਾਰ ਵਿੱਚ ਇੰਝ ਬਿਲਕੁਲ ਵੀ ਨਹੀਂ ਪੁੱਗਦਾ। ਦੋਸਤ, ਮੈਂ ਇੰਨੀਂ ਨਮੋਸ਼ੀ ਸਹਿ ਰਿਹਾ ਹਾਂ ਕਿ ਮੈਂ ਕੈਥਰੀਨ ਨੂੰ ਕਦੀ ਆਪਣੇ ਦੇਸ਼ ਲੈ ਕੇ ਨਹੀਂ ਜਾ ਸਕਦਾ। ਬੰਦਾ ਬਾਕੀ ਜਰ ਸਕਦਾ ਏ ਪ੍ਰੰਤੂ ਆਪਣੀ ਬੀਵੀ ਪਾਸ ਬੈਠੇ ਉਸ ਦੇ ਬੁਆਏ ਫਰੈਂਡ ਨੂੰ ਨਹੀਂ ਜਰ ਸਕਦਾ। ਮੈਂ ਕੀ ਕਰਾਂ? ਕਿੱਥੇ ਮਰਾਂ?''

''ਅਬਦੁਲ, ਤੇਰੀ ਮਾਨਸਿਕ ਗੁੰਝਲ ਸੱਚ ਮੁੱਚ ਹੀ ਸੁਲਝਣ ਯੋਗ ਨਹੀਂ। ਇਹ ਇੰਜ ਏ- ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ, ਖਾਵੇ ਤਾਂ ਕੋਹੜੀ, ਛੱਡੇ ਤਾਂ ਕਲੰਕੀ! ਐ ਔਰਤ ਕਮਜਾਤ ਪੁਣਾ, ਤੇਰਾ ਦੂਜਾ ਨਾਂ ਏ। (Frailty, thy name is woman) ਸ਼ੈਕਸਪੀਅਰ ਨੇ ਸੱਚ ਕਿਹਾ ਏ। ਅਬਦੁਲ, ਵਿਆਹ ਤਾਂ ਦੂਜੇ ਫਿਰਕਿਆਂ ਵਿੱਚ ਹੋ ਸਕਦਾ ਏ, ਪਰੰਤੂ ਵਿਆਹ ਤੋਂ ਬਾਹਰ ਸਰੀਰਕ ਸਬੰਧ ਸਹਿਣ ਨਹੀਂ ਕੀਤੇ ਜਾ ਸਕਦੇ। ਇਸ ਦਾ ਹੱਲ ਤਾਂ ਇਹੀ ਹੈ ਕਿ ਤੂੰ ਇਸ ਸ਼ਾਦੀ 'ਚੋਂ ਨਿਕਲ ਜਾਵੇਂ। ਉਸ ਨੇ ਇੰਝ ਕਰਨ ਤੋਂ ਹੱਟਣਾ ਨਹੀਂ। ਡੰਗਰ ਦੀ ਰੱਸੇ ਚੱਟਣ ਦੀ ਆਦਤ ਕਦੀ ਨਹੀਂ ਜਾਂਦੀ ਹੁੰਦੀ। ਹੁਣੇ ਹੁਣੇ ਮੌਕਾ ਏ। ਜਿਵੇਂ ਜਿਵੇਂ ਤੇਰੀ ਉਮਰ ਜਿਆਦਾ ਹੁੰਦੀ ਜਾਊ, ਤਿਵੇਂ ਤਿਵੇਂ ਹੋਰ ਮੁਸ਼ਕਿਲ ਹੁੰਦਾ ਜਾਊ। ਇਸ ਦੇਸ਼ ਦੇ ਕਾਨੂੰਨ ਮੁਤਾਬਕ ਤੈਨੂੰ ਜਾਇਦਾਦ ਤੋਂ ਤਾਂ ਹੱਥ ਧੋਣੇ ਹੀ ਪੈਣਗੇ। ਤੈਨੂੰ ਪਤਾ ਏ ਕਿ ਇੱਥੇ ਇਸਤਰੀ ਦੀ ਪੁੱਛ ਪ੍ਰਤੀਤ ਜਆਿਦਾ ਏ। ਜੇ ਤੂੰ ਇੱਕ ਵਾਰ ਦਲੇਰ ਹੋ ਕੇ ਇਸ ਕਲੇਸ਼ ਵਿੱਚੋਂ ਨਿਕਲ ਜਾਵੇਂ, ਫਿਰ ਤੂੰ ਹੋਰ ਸ਼ਾਦੀ ਵੀ ਆਰਾਮ ਨਾਲ ਕਰ ਸਕਦਾ ਏਂ। ਨਾਲੇ ਤੁਹਾਡੇ ਮਜ਼ਹਬ ਵਿੱਚ ਤਾਂ ਚਾਰ ਸ਼ਾਦੀਆਂ ਕਰਨ ਦੀ ਇਜਾਜ਼ਤ ਏ। ਅਬਦੁਲ, ਵੈਸੇ ਮੈਂ ਹੈਰਾਨ ਹਾਂ ਕਿ ਮਨੁੱਖ ਚਾਰ ਸ਼ਾਦੀਆਂ ਦਾ ਭਾਰ ਕਿਵੇਂ ਸਹਿੰਦਾ ਹੋਊ?''



''ਦੋਸਤ, ਇਸਲਾਮ ਵਿੱਚ ਚਾਰ ਸ਼ਾਦੀਆਂ ਦੀ ਇਜਾਜ਼ਤ ਜ਼ਰੂਰ ਏ, ਪਰ ਲੋਕ ਕਰਦੇ ਬਹੁਤ ਘੱਟ ਹਨ। ਕੁਝ ਰਸਮਾਂ ਪੁਰਾਤਨ ਵੀ ਹੁੰਦੀਆਂ ਹਨ। ਅੱਜ ਕੱਲ੍ਹ ਤਾਂ ਇਕ ਸ਼ਾਦੀ ਦਾ ਖਰਚਾ ਵੀ ਮੁਸ਼ਕਲ ਨਾਲ ਸਹਾਰਿਆ ਜਾਂਦਾ ਏ।''

''ਚੱਜ ਨਾਲ ਇਕ ਹੀ ਕਰ ਲਵੀਂ। ਪਹਿਲਾਂ ਮੌਜੂਦਾ ਕੰਜਰਖਾਨੇ ਤੋਂ ਨਿਜਾਤ ਤਾਂ ਪ੍ਰਾਪਤ ਕਰ। ਮੈਂ ਅੰਤਰਜਾਤੀ, ਅੰਤਰ-ਧਰਮ, ਅੰਤਰ-ਦੇਸੀ, ਅੰਤਰ-ਸਭਿਆਚਾਰ- ਸਭ ਪ੍ਰਕਾਰ ਦੀਆਂ ਸ਼ਾਦੀਆਂ ਦੇ ਖਿਲਾਫ ਨਹੀਂ ਹਾਂ, ਪਰ ਮੈਂ ਸ਼ਾਦੀ ਤੋਂ ਬਾਅਦ ਲਿੰਗੀ ਧੋਖੇ ਦੇ ਸਖਤ ਖਿਲਾਫ਼ ਹਾਂ। ਕੋਸਸ਼ਿ ਕਰਕੇ ਜਲਦੀ ਜਲਦੀ ਇਸ ਕੰਜਰਖਾਨੇ 'ਚੋਂ ਨਿਕਲੋ। ਮੈਂ ਤੇਰੀ ਪੂਰੀ ਮਦਦ ਕਰਾਂਗਾ। ਹਿੰਮਤੇ ਮਰਦਾਂ, ਮਦਦੇ ਖ਼ੁਦਾ।''

''ਤੇਰਾ ਬਹੁਤ ਬਹੁਤ ਧੰਨਵਾਦ।''

ਇੰਨੀ ਦੇਰ ਨੂੰ ਸਾਡੀ ਗੱਡੀ ਮਿੰਟੋ ਸਟੇਸ਼ਨ 'ਤੇ ਜਾ ਰੁਕੀ।

ਬਾਹਰੋਂ ਬੜੀ ਤੇਜ਼ੀ ਨਾਲ ਇੱਕ ਗੋਰਾ ਆਦਮੀ ਅਤੇ ਗੋਰੀ ਤੀਵੀਂ ਉਸੇ ਡੱਬੇ ਵਿੱਚ ਆ ਚੜ੍ਹੇ, ਜਿਸ ਵਿੱਚ ਮੈਂ ਅਤੇ ਅਬਦੁਲ ਖੜ੍ਹੇ ਸਾਂ। ਅਸੀਂ ਸੁਰੱਖਿਆ ਕਰਮਚਾਰੀ ਹੁੰਦੇ ਹੋਏ ਥੋੜ੍ਹੇ ਵੱਧ ਚੌਕਸ ਹੋ ਗਏ। ਗੱਡੀ ਤਾਂ ਫਿਰ ਚੱਲ ਪਈ, ਪਰੰਤੂ ਉਸ ਜੋੜੇ ਦਾ ਕਾਟੋ ਕਲੇਸ਼ ਮੁੱਕਣ ਵਿਚ ਹੀ ਨਾ ਆਵੇ। ਜੋੜਾ ਮੁਸਾਫ਼ਰਾਂ ਲਈ ਪਰੇਸ਼ਾਨੀ ਦਾ ਕਾਰਨ ਬਣ ਗਿਆ। ਮੁਸਾਫਰਿ ਸਕਿਉਰਿਟੀ ਵਾਲਿਆਂ ਤੋਂ ਆਸ ਰੱਖ ਰਹੇ ਸਨ ਕਿ ਜੋੜੇ ਦੀ ਤੂੰ ਤੂੰ, ਮੈਂ ਮੈਂ ਬੰਦ ਕਰਵਾਈ ਜਾਵੇ। ਅਸੀਂ ਉਸ ਜੋੜੇ ਨੂੰ ਚੁੱਪ ਕਰਾਉਣ ਦੀ ਪੂਰੀ ਕੋਸਸ਼ਿ ਕੀਤੀ। ਉਹਨਾਂ ਉੱਤੇ ਕੁਝ ਕੁ ਅਸਰ ਤਾਂ ਪਿਆ, ਪਰ ਉਹ ਪੂਰੀ ਤਰ੍ਹਾਂ ਸ਼ਾਂਤ ਨਾ ਹੋਏ। ਅਸੀਂ ਉਨ੍ਹਾਂ ਨੂੰ ਡੱਬੇ ਦੇ ਪਿੱਛੇ ਨੂੰ ਲੈ ਗਏ।

''ਆਪਣੇ ਨਾਂ ਦੱਸੋ?'' ਮੈਂ ਉਹਨਾਂ ਨੂੰ ਅੰਗਰੇਜ਼ੀ ਵਿੱਚ ਕਿਹਾ।

''ਮੇਰਾ ਨਾਂ ਅਮੈਂਡਾ ਏ ਤੇ ਇਹ ਮੇਰਾ ਪਾਰਟਨਰ ਰੌਡਨੀ ਏ।''

''ਤੁਸੀਂ ਕਿੱਧਰ ਜਾ ਰਹੇ ਹੋ?'' ਮੈਂ ਪੁੱਛਿਆ।

''ਕੈਂਬਲਟਾਊਨ'', ਅਮੈਂਡਾ ਬੋਲੀ।

''ਮਸਲਾ ਕੀ ਏ? ਵਾਈ ਡੂ ਯੂ ਫਾਈਟ?''

''ਹੀ ਚੀਟਸ ਮੀ।''

''ਵੱਟ ਡੂ ਯੂ ਮੀਨ?'' ਅਬਦੁਲ ਨੇ ਪੁੱਛਿਆ।

ਇਸ ਨੇ ਸ਼ਾਦੀ ਮੇਰੇ ਨਾਲ ਕੀਤੀ ਸੀ, ਪਰੰਤੂ ਆਪਣੀ ਪੁਰਾਣੀ ਗਰਲ ਫਰੈਂਡ ਨੂੰ ਅਜੇ ਤੱਕ ਵੀ ਮਿਲਦਾ ਆ ਰਿਹਾ ਏ। ਅੱਜ ਉਦੋਂ ਹੱਦ ਹੀ ਹੋ ਗਈ, ਜਦੋਂ ਮੇਰੇ ਕੰਮ ਤੋਂ ਘਰ ਪਹੁੰਚਣ 'ਤੇ ਮੈਂ ਅੱਖੀਂ ਵੇਖਿਆ ਕਿ ਇਸ ਦੀ ਪੁਰਾਣੀ ਗਰਲ ਫਰੈਂਡ ਬਣ ਠਣ ਕੇ ਸਾਡੇ ਘਰ ਸ਼ੱਕੀ ਹਾਲਾਤ ਵਿੱਚ ਬੈਠੀ ਸੀ। ਪਹਿਲਾਂ ਤਾਂ ਮੈਂ

ਉਸ ਨੂੰ ਕੁਟਾਪਾ ਚਾੜ੍ਹਿਆ। ਜਦ ਇਹ ਛੁਡਾਉਣ ਲਈ ਅੱਗੇ ਵੱਧਿਆ, ਤਾਂ ਮੈਂ ਇਹਦੇ ਵੈਕਿਊਮ ਕਲੀਨਰ ਦਾ ਦਸਤਾ ਘੁੰਮਾ ਕੇ, ਮਾਰ ਕੇ ਬਾਹਰ ਨੂੰ ਦੌੜ ਆਈ। ਉਹ ਘਰੋਂ ਭੱਜ ਗਈ ਤੇ ਇਹ ਮੇਰੇ ਮਗਰ ਮੈਨੂੰ ਫੜਨ ਲਈ ਦੌੜਿਆ। ਸਾਡਾ ਘਰ ਸਟੇਸ਼ਨ ਦੇ ਨੇੜੇ ਹੀ ਹੈ। ਮੈਂ ਭੱਜ ਕੇ ਗੱਡੀ 'ਚ ਵੜਨਾ ਠੀਕ ਸਮਝਿਆ, ਕਿਉਂਕਿ ਗੱਡੀ ਬਿਲਕੁਲ ਨੇੜੇ ਆ ਰਹੀ ਸੀ। ਮੈਂ ਸੋਚਿਆ ਮੇਰੇ ਗੱਡੀ 'ਚ ਵੜਦੇ ਸਾਰ ਦਰਵਾਜ਼ੇ ਬੰਦ ਹੋ ਜਾਣਗੇ, ਪਰ ਗਾਰਡ ਨੇ ਇਹਨੂੰ ਦੌੜਦੇ ਆਉਂਦੇ ਨੂੰ ਦੇਖ ਕੇ, ਦਸ ਕੁ ਸਕਿੰਟ ਦਰਵਾਜ਼ੇ ਖੁੱਲੇ ਰੱਖੇ। ਇਹ ਗਾਰਡ ਦੇ 'ਸਟੈਂਡ ਕਲੀਅਰ, ਡੋਰਜ਼ ਕਲੋਜ਼ਿੰਗ' (Stand Clear, Doors Closing) ਕਹਿਣ ਤੋਂ ਕੁੱਝ ਸਕਿੰਟ ਪਹਿਲਾਂ ਡੱਬੇ ਅੰਦਰ ਆ ਵੜਿਆ। ਮੈਂ ਗੱਡੀ ਦਾ ਆਸਰਾ ਲੈ ਕੇ ਇਸ ਤੋਂ ਬਚਣਾ ਚਾਹੁੰਦੀ ਸੀ। ਮੈਨੂੰ ਇਹਤੋਂ ਬਚਾਉ।"

"ਤੁਸੀਂ ਟਿਕਟਾਂ ਲਏ ਬਗੈਰ ਬੈਰੀਅਰ ਕਿਵੇਂ ਟੱਪਿਆ?" ਮੈਂ ਪੁੱਛਿਆ।

"ਤੁਸੀਂ ਸਕਿਉਰਿਟੀ ਗਾਰਡ ਹੋ, ਅਤੇ ਏਨਾ ਵੀ ਨਹੀਂ ਪਤਾ ਕਿ ਮਿੰਟੋ ਜਹੇ ਨਿੱਕੇ ਨਿੱਕੇ ਸਟੇਸ਼ਨਾਂ 'ਤੇ ਤਾਂ ਬੈਰੀਅਰ ਹੈ ਹੀ ਨਹੀਂ।"

"ਮਸ਼ੀਨ ਤਾਂ ਹਰ ਥਾਂ ਪਈ ਏ। ਤੁਸੀਂ ਮਸ਼ੀਨ 'ਚੋਂ ਟਿਕਟ ਕੱਢਦੇ।"

"ਕਾਹਲੀ 'ਚ ਇਹ ਨਹੀਂ ਹੋ ਸਕਦਾ ਸੀ।"

"ਫਿਰ ਵੀ ਟਿਕਟਾਂ ਤਾਂ ਤੁਹਾਨੂੰ ਲੈਣੀਆਂ ਹੀ ਪੈਣਗੀਆਂ। ਤੁਸੀਂ ਕੈਂਬਲਟਾਊਨ ਸਾਡੇ ਨਾਲ ਉਤਰੋਗੇ। ਪਹਿਲਾਂ ਤੁਸੀਂ ਉੱਥੇ ਟਿਕਟਾਂ ਲਉਗੇ। ਸ਼ਾਇਦ ਸਟੇਸ਼ਨ ਸਟਾਫ਼ ਤੁਹਾਨੂੰ ਜੁਰਮਾਨਾ ਵੀ ਕਰੇ। ਹੁਣ ਤੁਹਾਨੂੰ ਦਸ ਮਿੰਟ ਸ਼ਾਂਤੀ ਨਾਲ ਸਫਰ ਕਰਨਾ ਪਊ।" ਮੈਂ ਉਹਨਾਂ ਨੂੰ ਚੇਤਾਵਨੀ ਦਿੱਤੀ ਅਤੇ ਨਾਲੇ ਥੋੜਾ ਜਿਹਾ ਪਰ੍ਹੇ ਹੋ ਕੇ ਵਾਇਰਲੈੱਸ 'ਤੇ ਰੇਲਵੇ ਪੁਲਿਸ ਨੂੰ ਫੂਕ ਮਾਰ ਦਿੱਤੀ ਕਿ ਕੈਂਬਲਟਾਊਨ ਸਟੇਸ਼ਨ 'ਤੇ ਪਹੁੰਚ ਕੇ ਇਕ ਝਗੜਾਲੂ ਗੋਰੇ ਦੰਪਤੀ ਦੀ ਸਾਰ ਲਉ। ਜਦ ਗੱਡੀ ਕੈਂਬਲਟਾਊਨ ਪਹੁੰਚੀ ਤਾਂ ਪੁਲਿਸ ਇਸ ਜੋੜੇ ਦਾ ਸੁਆਗਤ ਕਰਨ ਲਈ ਉਸੇ ਡੱਬੇ ਮੂਹਰੇ ਖੜ੍ਹੀ ਸੀ, ਜਿਸ ਵਿੱਚੋਂ ਇਹਨਾਂ ਨੇ ਅਤੇ ਅਸੀਂ ਬਾਹਰ ਨਿਕਲਣਾ ਸੀ। ਪੁਲਿਸ ਨੇ ਇਹਨਾਂ ਨੂੰ ਹਿਰਾਸਤ ਵਿੱਚ ਲੈ ਲਿਆ। ਮੈਂ ਤੇ ਅਬਦੁਲ ਨੇ ਆਪਸ ਵਿੱਚ ਅੱਖਾਂ ਮਿਲਾਈਆਂ। ਅਬਦੁਲ ਨੂੰ ਇੰਜ ਲੱਗ ਰਿਹਾ ਸੀ, ਜਿਵੇਂ ਮੇਰੀ ਖਾਮੋਸ਼ੀ ਉਸ ਨੂੰ ਕਹਿ ਰਹੀ ਹੋਵੇ, 'ਇਹ ਕਹਾਣੀ ਤੇਰੇ ਇੱਕਲੇ ਦੀ ਨਹੀਂ। ਇਸ ਸਭਿਆਚਾਰ ਵਿੱਚ ਇਹ ਘਰ ਘਰ ਦੀ ਕਹਾਣੀ ਏ। ਕੀ ਇਹ ਮਨੁੱਖੀ ਕਦਰਾਂ ਕੀਮਤਾਂ ਦਾ ਜਨਾਜ਼ਾ ਨਹੀਂ।" ਨਾਲ ਹੀ ਮੈਨੂੰ ਪੰਜਾਬੀ ਦੇ ਮਸ਼ਹੂਰ ਕਵੀ ਦੀਆਂ ਇਹ ਸਤਰਾਂ ਯਾਦ ਆ ਗਈਆਂ, ਜਿਹੜੀਆਂ ਭਾਵੇਂ ਅਬਦੁਲ ਨੂੰ ਮਾੜੀਆਂ ਮੋਟੀਆਂ ਹੀ ਸਮਝ ਆਈਆਂ, ਪਰ ਮੈਂ ਬੋਲ ਜ਼ਰੂਰ ਦਿੱਤੀਆਂ:



ਇਹਨਾਂ ਮਰਦਾਂ ਦੀ ਜਾਤ ਦੀ
ਭਲੀ ਪੁੱਛੀ,
ਏਸ ਜਾਤ ਤੋਂ ਰਾਣੀਏਂ
ਭਲੇ ਕੁੱਤੇ
ਬੇਹੀਆਂ ਖਾਏ ਕੇ ਰਾਖੀਆਂ ਕਰਨ ਜਿਹੜੇ
ਛੱਡਣ ਦਰ ਨਾ
ਖਾਏ ਕੇ ਰੋਜ਼ ਜੁੱਤੇ
ਖਾ ਜਾਣ ਨੀ ਕੂਲੀਆਂ,
ਲਗਰ ਦੇਹੀਆਂ
ਪਰ ਇਹ ਮਰਦ,
ਮੁਹੱਬਤ ਦੇ ਨਾਮ ਉੱਤੇ
ਸੁੰਘਦੇ ਫਿਰਣ,
ਇਹ ਦਰਾਂ ਪਰਾਇਆਂ ਉੱਤੇ
ਮਰਦ ਰਹਿਣ ਪਰਾਈਆਂ ਦੇ ਸਦਾ ਭੁੱਖੇ
ਨੀ, ਇਹ ਉਹ ਕੁੱਤੇ,
ਜੋ ਨਾ ਕਰਨ ਰਾਖੀ,
ਸੰਨ੍ਹ ਮਾਰਦੇ,
ਵਫ਼ਾ ਦੇ ਨਾਮ ਉੱਤੇ
ਦਿਨੇ ਹੋਰ ਦੇ ਦਰਾਂ 'ਤੇ,
ਟੁੱਕ ਖਾਂਦੇ
ਰਾਤੀਂ ਹੋਰ ਦੇ ਦਰਾਂ 'ਤੇ
ਜਾ ਸੁੱਤੇ।

(1) 5 ਅਪ੍ਰੈਲ 2023 ਨੂੰ ਪੰਜਾਬੀ ਟ੍ਰਿਬਿਊਨ ਚੰਡੀਗੜ੍ਹ ਨੇ ਛਾਪੀ,
(2) 5 ਅਪ੍ਰੈਲ 2023 ਨੂੰ ਡੇਲ੍ਹੀ ਪੰਜਾਬ ਵਰਲਡ ਯੂ.ਐਸ.ਏ. ਨੇ ਛਾਪੀ,
(3) ਅਪ੍ਰੈਲ 2023 ਨੂੰ Likhari.net UK ਨੇ ਛਾਪੀ

*****

# ਮੁਫ਼ਤ ਰੇਲ ਸਫ਼ਰ

ਚਾਰਲਸ ਤੀਜੇ ਨੂੰ 11 ਸਤੰਬਰ ਵਾਲ਼ੇ ਦਿਨ ਯੂ.ਕੇ. ਦਾ ਤੇ ਹੋਰ ਕਾਮਨਵੈਲਥ ਦੇਸ਼ਾਂ ਦਾ ਮਹਾਰਾਜਾ ਥਾਪਿਆ ਗਿਆ।ਮਹਾਰਾਣੀ ਅਲੀਜ਼ਾਬੇਥ 96 ਸਾਲ ਦੀ ਉਮਰ ਵਿੱਚ ਚਲਾਣਾ ਕਰ ਗਈ ਤੇ ਚਾਰਲਸ ਤੀਜੇ ਨੇ ਉਹਦੀ ਥਾਂ ਲਈ। ਤਾਜਪੋਸ਼ੀ ਦੀ ਖੁਸ਼ੀ ਵਿੱਚ ਆਸਟਰੇਲੀਆ ਦੇ ਰੇਲਵੇ ਮਹਿਕਮੇ ਨੇ ਸਭ ਮੁਸਾਫਿਰਾਂ ਲਈ ਇੱਕ ਦਿਨ ਦਾ ਗੱਡੀਆਂ ਦਾ ਸਫ਼ਰ ਮੁਫ਼ਤ ਕਰ ਦਿੱਤਾ। ਸਰੋਕਾਰਾਂ ਤੇ ਕਾਰ ਵਿਹਾਰਾਂ ਦੇ ਤੌਰ ਤੇ ਆਸਟਰੇਲੀਆ ਵੀ ਕੈਨੇਡਾ ਵਾਂਗ ਯੂ.ਕੇ. ਦੇ ਰਾਜ ਘਰਾਣੇ ਦੀ ਪੂਰੀ ਇੱਜਤ ਕਰਦਾ ਹੈ ਤੇ ਰਾਜੇ ਜਾਂ ਰਾਣੀ ਨੂੰ ਆਪਣੇ ਮੁਖੀ ਤਸਲੀਮ ਕਰਦਾ ਹੈ।

ਰੇਲ ਦਾ ਸਫ਼ਰ ਮੁਫ਼ਤ ਹੋ ਜਾਣ ਕਰਕੇ ਆਸਟਰੇਲੀਆ ਦੇ ਲੋਕਾਂ ਦੇ ਮਨਾਂ ਅੰਦਰ ਖੁਸ਼ੀ ਦੀ ਲਹਿਰ ਦੌੜ ਗਈ। ਜਿਹੜੇ ਰੋਜ਼ ਦੇ 20-25 ਡਾਲਰ ਖਰਚ ਕਰਕੇ ਆਪਣੇ ਕੰਮਾ ਕਾਰਾਂ ਤੇ ਜਾਂਦੇ ਆਉਂਦੇ ਸਨ ਉਨ੍ਹਾਂ ਨੇ ਤਾਂ ਖੁਸ਼ ਹੋਣਾ ਹੀ ਸੀ। ਨਾਲ਼ ਲਗਦੇ ਸੀਨੀਅਰ ਸਿਟੀਜਨ ਤੇ ਪੈਨਸ਼ਨਰ ਵੀ ਅੰਤਾਂ ਦੇ ਖੁਸ਼ ਹੋ ਗਏ। ਇਨ੍ਹਾਂ ਦੇ ਢਾਈ ਢਾਈ ਡਾਲਰ ਵੀ ਬਚ ਗਏ। ਚੌਵੀ ਘੰਟੇ ਮੁਫ਼ਤ ਜਿੱਥੇ ਮਰਜੀ ਸਫ਼ਰ ਕਰੀ ਗਏ।

ਪੈਨਰਿਥ ਵਾਲ਼ੇ ਗਿਆਨੀ ਕੁੰਦਨ ਸਿੰਘ ਨੇ ਸੋਚਿਆ ਕਿ ਮੁਫ਼ਤ ਸਫ਼ਰ ਦੀਆਂ ਮੌਜਾਂ ਤਾਂ ਲੱਗ ਹੀ ਗਈਆਂ ਹਨ। ਇਸ ਲਈ ਕਿਓਂ ਨਾ ਵੈਸਟਰ ਰਾਈਡ (West Ryde) ਵਾਲ਼ੇ ਆਪਣੇ ਮਿੱਤਰ ਮੀਂਹਾਂ ਸਿੰਘ ਨੂੰ ਮਿਲ਼ ਆਈਏ। ਉਹ ਸਵੇਰੇ ਸਵਖਤੇ ਹੀ ਮੀਂਹਾਂ ਸਿੰਘ ਨੂੰ ਫੋਨ ਮਾਰਕੇ ਪੈਨਰਿਥ ਰੇਲਵੇ ਸਟੇਸ਼ਨ ਵਲ ਨੂੰ ਤੁਰ ਪਏ।ਬਿੱਲੀ ਦੇ ਭਾਗੀਂ ਮਸਾਂ ਤਾਂ ਛਿੱਕਾ ਟੁੱਟਿਆ ਸੀ। ਪੈਨਰਿਥ ਤੋਂ ਗੱਡੀ ਫੜ੍ਹੀ ਤੇ ਮੁਫਤ ਵਿੱਚ ਸਟਰੈਥਫੀਲਡ ਪਹੁੰਚ ਗਏ। ਫਿਰ ਇੱਥੋਂ ਗੱਡੀ ਬਦਲੀ ਤੇ ਵੈਸਟਰਾਈਡ ਜਾ ਉੱਤਰੇ। ਸ. ਮੀਂਹਾਂ ਸਿੰਘ ਸਟੇਸ਼ਨ ਦੇ ਨੇੜੇ ਹੀ ਰਹਿੰਦੇ ਸਨ। ਦੋਹਾਂ ਨੇ ਪੰਜਾਬ ਵਿੱਚ ਕਿਸੇ ਵੇਲ਼ੇ ਇਕੱਠਿਆਂ ਫੌਜ ਦੀ ਨੌਕਰੀ ਕੀਤੀ ਸੀ। ਦੋਨੋ ਸੂਬੇਦਾਰ ਮੇਜਰ ਰਿਟਾਇਰ ਹੋਏ ਸਨ। ਦੋਨੋ 60 ਕੁ ਸਾਲ ਦੀ ਉਮਰ ਵਿੱਚ ਸਿਡਨੀ ਆਪਣੇ ਬੱਚਿਆਂ ਪਾਸ ਆ ਗਏ ਸਨ। ਸਮੇਂ ਚੰਗੇ ਸਨ। ਦੋਨੋ ਓਦੋਂ ਪੱਕੇ ਹੋ ਗਏ ਸਨ ਤੇ ਬੁਢਾਪਾ ਪੈਨਸ਼ਨ ਲੈਣ ਲੱਗ ਪਏ ਸਨ। ਬੱਚੇ ਆਪਣੇ ਕੰਮਾਂ ਕਾਰਾਂ ਵਿੱਚ ਰੁੱਝੇ ਰਹਿੰਦੇ ਸਨ ਤੇ ਸਿਆਣੇ ਜਾਂ ਤਾਂ ਕਦੇ ਕਦਾਈਂ ਉਨ੍ਹਾਂ ਨਾਲ਼ ਗੁਰਦਵਾਰੇ ਜਾ ਆਇਆ ਕਰਦੇ ਸਨ ਜਾਂ ਫਿਰ



ਦੋਨੋ ਫੋਨ ਤੇ ਥੋੜ੍ਹੀ ਗੱਲਬਾਤ ਕਰ ਲਿਆ ਕਰਦੇ ਸਨ। ਕੁੰਦਨ ਸਿੰਘ ਤੇ ਮੀਂਹਾਂ ਸਿੰਘ ਦਾ ਮਸਲਾ ਇੱਕ ਹੋਰ ਵੀ ਸੀ। ਕੁੰਦਨ ਸਿੰਘ ਨੂੰ ਪੈਨਰਿਥ ਗੁਰਦੁਆਰਾ ਨੇੜੇ ਪੈਂਦਾ ਸੀ ਤੇ ਮੀਂਹਾਂ ਸਿੰਘ ਨੂੰ ਤਾਰਾਮਾਰਾ ਦਾ ਗੁਰਦੁਆਰਾ। ਇਸ ਲਈ ਗੁਰੂ ਘਰ ਜਾਣ ਵੇਲ਼ੇ ਵੀ ਇਹ ਦੋਨੋ ਇੱਕ ਦੂਜੇ ਤੋਂ ਦੂਰ ਹੀ ਰਹਿ ਜਾਇਆ ਕਰਦੇ ਸਨ। 11 ਸਤੰਬਰ ਜਿਹਾ ਦਿਨ ਤਾਂ ਰੱਬ ਦੇਵੇ, ਜਿਸ ਨਾਲ਼ ਰੇਲਵੇ ਮੰਤਰੀ ਨੇ ਸਫ਼ਰ ਮੁਫ਼ਤ ਕਰਕੇ ਇਨ੍ਹਾਂ ਦੀਆਂ ਮੌਜਾਂ ਲਗਾ ਦਿੱਤੀਆਂ।

ਗਿਆਨੀ ਹੋਰਾਂ ਆਪਣੇ ਮਿੱਤਰ ਮੀਂਹਾਂ ਸਿੰਘ ਪਾਸ ਪਹੁੰਚ ਕੇ ਚਾਹ ਪਾਣੀ ਪੀਤਾ। ਫਿਰ ਦੋਹਾਂ ਦੀ ਇਹ ਸਲਾਹ ਬਣੀ ਕਿ ਦੋਨੋ ਅੱਗੇ ਆਪਣੇ ਸਾਂਝੇ ਮਿੱਤਰ ਹੌਰਨਜਬੀ ਵਾਲ਼ੇ ਬਖਸ਼ੀ ਸਿੰਘ ਦੇ ਘਰ ਵੀ ਗੇੜ੍ਹਾ ਮਾਰ ਹੀ ਆਉਣ। ਬਖਸ਼ੀ ਸਿੰਘ ਦੇ ਘਰ ਤਿੰਨਾਂ ਨੇ ਖੂਬ ਮਹਿਫਿਲ ਜਮਾਈ। ਦੁਪਹਿਰ ਦਾ ਖਾਣਾ ਵੀ ਤਿੰਨਾਂ ਇਕੱਠਿਆਂ ਹੀ ਖਾਧਾ। ਨਾਲ਼ੇ ਇਨ੍ਹਾਂ ਸਰਕਾਰ ਦਾ ਕੋਟਿਨ ਕੋਟ ਧੰਨਵਾਦ ਕੀਤਾ, ਜਿਸਨੇ ਇਹ ਸਾਰਾ ਸਫ਼ਰ ਮੁਫ਼ਤ ਕਰ ਦਿੱਤਾ ਸੀ। ਵਾਪਿਸ ਰਾਈਡ ਆ ਕੇ ਗਿਆਨੀ ਜੀ ਮੀਂਹਾਂ ਸਿੰਘ ਪਾਸ ਘੰਟਾ ਕੁ ਹੋਰ ਠਹਿਰੇ। ਹੋਰ ਗੱਲਾਂ ਬਾਤਾਂ ਕਰਕੇ, ਬਖਸ਼ੀ ਸਿੰਘ ਦੇ ਵਿਚਾਰਾਂ ਤੇ ਤਪਸਰਾ ਕਰਕੇ ਤੇ ਚਾਹ ਪਾਣੀ ਪੀ ਕੇ ਕੁੰਦਨ ਸਿੰਘ ਹੋਰੀਂ ਮੀਂਹਾਂ ਸਿੰਘ ਤੋਂ ਛੁੱਟੀ ਲਈ ਤੇ ਵਾਪਿਸ ਰਾਈਡ ਸਟੇਸ਼ਨ ਵਲ ਤੁਰ ਪਏ। ਢੇਰ ਸਾਰੀਆਂ ਗੱਲਾਂ ਮਾਰਕੇ ਤੇ ਹਾਸੇ ਠੱਠੇ ਕਰਕੇ ਗਿਆਨੀ ਜੀ ਹੌਲ਼ਾ ਫੁੱਲ ਮਹਿਸੂਸ ਕਰ ਰਹੇ ਸਨ। ਇਸ ਪ੍ਰਕਾਰ ਦਾ ਇਕੱਠੇ ਹੋਣ ਦਾ ਸਬੱਬ ਕਦੀ ਸਾਲ ਛੇ ਮਹੀਨੇ ਬਾਅਦ ਹੀ ਬਣਦਾ ਸੀ ਕਿਉਂਕਿ ਗੁਰਦਵਾਰੇ ਵੀ ਦੋਹਾਂ ਤਿੰਨਾਂ ਦੇ ਦੂਰ ਸਨ। ਹਾਂ, ਕਦੀ ਕਦੀ ਸਿਡਨੀ ਵਿੱਚ ਖੇਡਾਂ ਜਰੂਰ ਹੁੰਦੀਆਂ ਹਨ। ਕਈ ਵਾਰ ਇਨ੍ਹਾਂ ਸਿਆਣਿਆਂ ਬਿਆਣਿਆਂ ਨੂੰ ਉਨ੍ਹਾਂ ਦੇ ਬੱਚੇ ਇਨ੍ਹਾਂ ਖੇਡਾਂ ਤੇ ਜਰੂਰ ਲੈ ਜਾਂਦੇ ਹਨ। ਆਮ ਹਾਲਾਤਾਂ ਵਿੱਚ ਗਿਆਨੀ ਜੀ ਹੋਰਾਂ ਨੂੰ ਉਨ੍ਹਾਂ ਦਾ ਲੜਕਾ ਪੈਨਰਿਥ ਗੁਰਦੁਆਰੇ ਲੈ ਜਾਂਦਾ ਸੀ ਤੇ ਸ. ਮੀਂਹਾਂ ਸਿੰਘ ਨੂੰ ਉਨ੍ਹਾਂ ਦੀ ਧੀ ਤਾਰਾਮਾਰਾ ਗੁਰਦੁਆਰੇ ਲੈ ਜਾਇਆ ਕਰਦੀ ਸੀ। ਇਨ੍ਹਾਂ ਬੱਚਿਆਂ ਪਾਸ ਦੂਰ ਦੁਰਾਡੇ ਦੇ ਗੁਰੂ ਘਰਾਂ ਵਿੱਚ ਜਾਣ ਦਾ ਸਮਾਂ ਸਿਰਫ ਉਦੋਂ ਹੀ ਹੁੰਦਾ ਸੀ ਜਦ ਕੋਈ ਪ੍ਰਸਿੱਧ ਕੀਰਤਨੀਆਂ ਜਾਂ ਢਾਡੀ ਜਥਾ ਕਿਸੇ ਖਾਸ ਥਾਂ ਆਇਆ ਹੋਵੇ। ਵੈਸੇ ਵੀ ਸਿਆਣਿਆਂ ਬਿਆਣਿਆਂ ਨੂੰ ਉੱਥੇ ਹੀ ਜਾਣਾ ਪੈਂਦਾ ਹੈ ਜਿੱਥੇ ਬੱਚੇ ਜਾਣ। ਇਨ੍ਹਾਂ ਦੇਸਾਂ ਵਿੱਚ ਸਿਆਣੇ ਬਿਆਣੇ ਸਫ਼ਰ ਵੀ ਆਪਣੀ ਮਰਜ਼ੀ ਨਾਲ਼ ਕਦੀ ਕਦੀ ਹੀ ਕਰ ਸਕਦੇ ਹਨ। ਜੇ ਉਹ ਜਿਆਦਾ ਹੀ ਆਪਣੀਆਂ ਮਨਮਰਜ਼ੀਆਂ ਕਰਨ ਲੱਗ ਪੈਣ ਤਾਂ ਨੂੰਹਾਂ ਜਵਾਈ ਕਈ ਵਾਰ ਬੁਰਾ ਵੀ ਮਨਾਉਣ ਲੱਗ ਪੈਂਦੇ ਹਨ। ਕਈ ਤਾਂ ਬੁੱਢਿਆਂ ਨੂੰ ਘੂਰ ਵੀ ਦਿੰਦੇ ਹਨ। ਕਈ ਬੱਚੇ ਬੁੱਢਿਆਂ ਨੂੰ ਵਾਪਿਸ ਪੰਜਾਬ ਹੀ ਭੇਜ ਦਿੰਦੇ ਹਨ। ਕਹਿ ਦਿੰਦੇ ਹਨ ਤੁਸੀਂ ਇੱਥੇ

ਰਹਿਣ ਦੇ ਕਾਬਿਲ ਨਹੀਂ ਹੋ। ਜੇ ਬੁੱਢਿਆਂ ਨੂੰ ਪੈਨਸ਼ਨ ਮਿਲਦੀ ਹੋਵੇ ਤਾਂ ਉਨ੍ਹਾਂ ਦਾ ਇੱਥੇ ਰਹਿਣ ਦਾ ਸਬੱਬ ਬਣਿਆ ਰਹਿੰਦਾ ਹੈ।

ਹੁਣ ਚਾਰ ਕੁ ਵਜੇ ਗਿਆਨੀ ਕੁੰਦਨ ਸਿੰਘ ਨੇ ਵੈਸਟ ਰਾਈਡ ਤੋਂ ਸਟਰੈਥਫੀਲਡ ਦੀ ਗੱਡੀ ਫੜ੍ਹੀ। ਉਹ ਮਨ ਹੀ ਮਨ ਵਿੱਚ ਅੰਤਾਂ ਦੇ ਖੁਸ਼ ਸਨ। ਪੁਰਾਣੇ ਸੰਗੀ ਸਾਥੀਆਂ ਨਾਲ਼ ਖੁੱਲ੍ਹੀਆਂ ਗੱਲਾਂ ਮਾਰਕੇ ਦਿਲ ਬਾਗੋ ਬਾਗ ਹੋਇਆ ਪਿਆ ਸੀ। ਮੀਂਹਾਂ ਸਿੰਘ ਤੇ ਬਖਸ਼ੀ ਸਿੰਘ ਨੇ ਗਿਆਨੀ ਹੁਰਾਂ ਦੀ ਸੇਵਾ ਵੀ ਬਥੇਰੀ ਕੀਤੀ ਸੀ। ਇਸਦਾ ਇੱਕ ਕਾਰਨ ਇਹ ਵੀ ਸੀ ਕਿ ਇਹ ਦੋਵੇਂ ਆਪਣੀਆਂ ਧੀਆਂ ਪਾਸ ਰਹਿੰਦੇ ਸਨ। ਧੀਆਂ ਮਾਪਿਆਂ ਦੀਆਂ ਗੱਲਾਂ ਮੰਨਦੀਆਂ ਔਖੀਆਂ ਮਹਿਸੂਸ ਨਹੀਂ ਕਰਦੀਆਂ। ਨੂੰਹਾਂ ਤਾਂ ਬਹੁਤੀਆਂ ਵੱਢਖਾਣੀਆਂ ਹੀ ਹੁੰਦੀਆਂ ਹਨ। ਸ਼ਾਇਦ ਇਨ੍ਹਾਂ ਤਿੰਨਾਂ ਨੇ ਰਲ਼ ਮਿਲ ਕੇ ਲੰਮੀਆਂ ਮਹਿਫਿਲਾਂ ਆਪਣੀਆਂ ਧੀਆਂ ਦੇ ਘਰ ਹੀ ਰੱਖੀਆਂ ਸਨ। ਗਿਆਨੀ ਦੇ ਘਰ ਮਹਿਫਿਲ ਬਹੁਤੀ ਮਾਫਿਕ ਨਹੀਂ ਸੀ ਬਹਿੰਦੀ ਕਿਉਂਕਿ ਉਹ ਆਪਣੀ ਨੂੰਹ ਦੇ ਵਸ ਪਿਆ ਹੋਇਆ ਸੀ।

ਸਫ਼ਰ ਤੇ ਧੇਲਾ ਲੱਗਾ ਨਹੀਂ। ਮਨੋਰੰਜਨ ਅੰਤਾਂ ਦਾ ਹੋ ਗਿਆ। ਸਾਂਝੀ ਮਹਿਫਿਲ ਪੰਜਾਬ ਦੀਆਂ ਪੁਰਾਣੀਆਂ ਮਹਿਫਿਲਾਂ ਨੂੰ ਵੀ ਮਾਤ ਪਾ ਗਈ। ਜਦ ਗਿਆਨੀ ਜੀ ਵਾਪਿਸ ਸਟਰੈਥਫੀਲਡ ਸਟੇਸ਼ਨ ਤੇ ਪਹੁੰਚੇ ਤਾਂ ਉਨ੍ਹਾਂ ਦੇ ਕੰਨ ਵਿੱਚ ਇੱਕ ਅਜੀਬ ਖਬਰ ਪਈ। ਪੈਂਡਲ ਹਿੱਲ ਦੇ ਇਲਾਕੇ ਵਿੱਚ ਕੋਈ ਵਿਅਕਤੀ ਗੱਡੀ ਹੇਠ ਆ ਕੇ ਮਰ ਗਿਆ ਸੀ। ਇਸ ਮੌਤ ਕਰਕੇ ਇਸ ਲਾਈਨ ਦੀਆਂ ਸਾਰੀਆਂ ਗੱਡੀਆਂ ਰੱਦ ਹੋ ਗਈਆਂ ਸਨ। ਗਿਆਨੀ ਜੀ ਹੋਰਾਂ ਸਟਰੈਥਫੀਲਡ ਤੋਂ ਪੈਨਰਿਥ ਜਾਣਾ ਸੀ। ਬੱਸਾਂ ਵੀ ਟਾਂਵੀਆਂ ਟਾਂਵੀਆਂ ਹੀ ਚਲਦੀਆਂ ਸਨ ਕਿਉਂਕਿ ਉਸ ਦਿਨ ਐਤਵਾਰ ਸੀ। ਸਿਟੀ ਵਿੱਚ ਕੋਈ ਖੇਡਾਂ ਸਨ। ਗੋਰਿਆਂ ਸਮੇਤ ਸਾਰਾ ਸ਼ਹਿਰ ਖੇਡਾਂ ਦੇਖਣ ਲਈ ਟੁੱਟ ਕੇ ਪੈ ਗਿਆ ਸੀ। ਸਾਰੀ ਦੁਨੀਆਂ ਸੜਕਾਂ ਤੇ ਕੀੜੀਆਂ ਵਾਂਗ ਤੁਰਦੀ ਫਿਰਦੀ ਨਜ਼ਰ ਆਉਂਦੀ ਸੀ। ਬੱਸ ਅੱਡਿਆਂ ਤੇ ਲੋਕਾਂ ਦੀਆਂ ਲਾਈਨਾ ਲੱਗੀਆਂ ਹੋਈਆਂ ਸਨ। ਗਿਆਨੀ ਜੀ ਹੋਰਾਂ ਧੱਕੇ ਧੁੱਕੇ ਖਾਂਦਿਆਂ ਸਟਰੈਥਫੀਲਡ ਤੋਂ ਬਲੈਕਟਾਊਨ ਤੱਕ ਬੱਸ ਫੜ੍ਹ ਲਈ। ਇਹ ਵੀ ਮੁਫ਼ਤ ਹੀ ਸੀ। ਬਲੈਕਟਾਊਨ ਤੋਂ ਪੈਨਰਿਥ ਲਈ ਬੱਸ ਮਿਲਣ ਵਿੱਚ ਹੀ ਨਾ ਆਵੇ। ਡੇਢ ਘੰਟਾ ਇੰਤਜ਼ਾਰ ਕਰਨ ਤੋਂ ਵੀ ਬੱਸ ਨਾ ਮਿਲ਼ੀ। ਗਿਆਨੀ ਜੀ ਬੱਸ ਸਟੈਂਡ ਤੇ ਖੜ੍ਹੇ ਵੀ ਜੱਕਾਂ ਤੱਕਾਂ ਵਿੱਚ ਸਨ। ਮੂਹਰੇ ਨੂੰਹ ਦੀਆਂ ਗਾਲ਼ਾਂ ਵੀ ਖਾਣੀਆਂ ਪੈ ਸਕਦੀਆਂ ਸਨ। ਮੁੰਡਾ ਵੀ ਉਲਟਾ ਸਿੱਧਾ ਬੋਲ ਸਕਦਾ ਸੀ। ਕਿਤੇ ਬਕ ਨਾ ਦੇਵੇ ਕਿ ਬੁੜਿਆਂ ਤੋਂ ਵਿਹਲੇ ਵੀ ਘਰ ਬੈਠ ਨਹੀਂ ਹੁੰਦਾ। ਅਸੀਂ ਕੰਮ ਕੰਮ ਕਰਦੇ ਕਰਦੇ ਥੱਕ ਗਏ। ਜੇ ਕਿਤੇ ਗਿਆਨੀ ਨੂੰ ਪੈਨਸ਼ਨ ਨਾ ਮਿਲਦੀ ਹੁੰਦੀ ਫਿਰ ਤਾਂ ਘਰ ਜਾ ਕੇ ਸ਼ਾਮਤ ਆਉਣੀ ਹੀ ਸੀ। ਪੈਨਸ਼ਨ ਚੋਂ



ਗਿਆਨੀ ਹੋਰੀਂ ਕੁਝ ਜੇਬ ਹੌਲ਼ੀ ਕਰਕੇ ਘਰ ਤੇ ਲਗਾ ਦਿਆ ਕਰਦੇ ਸਨ, ਇਸ ਲਈ ਉਨ੍ਹਾਂ ਨੂੰ ਅੱਜ ਸ਼ਾਇਦ ਰੋਟੀ ਮਿਲ਼ ਜਾਣੀ ਸੀ। ਨਹੀਂ ਤਾਂ ਸ਼ਾਇਦ ਭੁੱਖਾ ਹੀ ਸੌਣਾ ਪੈਂਦਾ।

ਰਾਤ ਦੇ 8 ਕੁ ਵੱਜ ਗਏ ਸਨ। ਗਿਆਨੀ ਜੀ ਹੋਰੀਂ ਅਜੇ ਬਲੈਕਟਾਊਨ ਬੱਸ ਸਟਾਪ ਤੇ ਹੀ ਲੰਬੀ ਲਾਈਨ ਵਿੱਚ ਲੱਗੇ ਹੋਏ ਸਨ। ਉੱਤੋਂ ਸਰਦੀ ਵੀ ਵਧ ਰਹੀ ਸੀ। ਗਿਆਨੀ ਜੀ ਬਹੁਤੇ ਭਾਰੇ ਕੱਪੜੇ ਵੀ ਪਾ ਕੇ ਨਹੀਂ ਸਨ ਗਏ। ਜਦ ਕੋਈ ਗੱਲ ਨਾ ਬਣਦੀ ਦਿਖੀ ਤਾਂ ਗਿਆਨੀ ਜੀ ਹੋਰਾਂ ਨੇ ਸੋਚਿਆ ਕਿ ਟੈਕਸੀ ਰੈਂਕ ਵੱਲ ਹੀ ਜਾਇਆ ਜਾਵੇ। ਜਦ ਦੂਜੇ ਪਾਸੇ ਟੈਕਸੀ ਟੈਂਕ ਤੇ ਗਏ ਤਾਂ ਉੱਥੇ ਵੀ ਕੋਈ ਟੈਕਸੀ ਨਾ। ਸਾਰਾ ਰੈਂਕ ਖਾਲੀ ਪਿਆ ਸੀ। ਨਾਲ਼ ਹੀ ਲੋਕਾਂ ਦੀ ਟੈਕਸੀ ਫੜ੍ਹਨ ਲਈ ਇੱਕ ਲੰਬੀ ਲਾਈਨ ਲੱਗੀ ਹੋਈ ਸੀ। ਗਿਆਨੀ ਹੋਰੀਂ ਵੀ ਇਸ ਲਾਈਨ ਵਿੱਚ ਲੱਗ ਗਏ। ਨਾਲ਼ ਨਾਲ਼ ਨੂੰਹ ਕੀ ਕਹੂ ਕਲਪਨਾ ਕਰੀ ਜਾਣ, "ਵਿਹਲਿਆਂ ਬੁੜਿਆਂ ਨੂੰ ਭਲ ਨਹੀਂ ਪਚਦੀ। ਜਾਹ ਹੁਣ ਬਾਹਰ ਹੀ ਪੀਜੇ ਤੇ ਪਰੌਂਠੇ ਖਾਹ।" ਟੈਕਸੀਆਂ ਆਈ ਜਾਣ ਤੇ ਮੁਸਾਫਿਰ ਚੱਕ ਕੇ ਜਾਈ ਜਾਣ। ਲੰਬੀ ਕਤਾਰ ਕੁਝ ਘਟੀ ਜਾਵੇ ਤੇ ਕੁਝ ਵਧੀ ਜਾਵੇ। ਆਖਿਰਕਾਰ ਜਿਸ ਟੈਕਸੀ ਵਿੱਚ ਗਿਆਨੀ ਜੀ ਦੀ ਵਾਰੀ ਆਈ ਉਹ ਟੈਕਸੀ ਡਰਾਇਵਰ ਵੀ ਸਰਦਾਰ ਹੀ ਨਿਕਲਿਆ। ਗਿਆਨੀ ਜੀ ਘੱਟ ਪੈਸਿਆਂ ਲਈ ਕੋਸ਼ਿਸ਼ ਕਰਨ। ਦੂਜੇ ਪਾਸੇ ਡਰਾਇਵਰ ਅੰਤਾਂ ਦੀ ਕਾਹਲ਼ੀ 'ਚ।

"ਬਾਈ ਜੀ, ਕਿੱਧਰ ਜਾ ਰਹੇ ਹੋ?"

"ਬੱਲਿਆ, ਸਤਿ ਸ੍ਰੀ ਅਕਾਲ। ਜਾਣਾ ਤਾਂ ਮੈਂ ਪੈਨਰਿਥ ਏ। ਪੈਸੇ ਕਿੰਨੇ ਕੁ ਲੱਗ ਜਾਣਗੇ?"

"ਵੀਰ ਜੀ, 70 ਡਾਲਰ।"

"ਪੈਨਸ਼ਨਰ ਹਾਂ, ਪਲੀਜ਼ ਕੁਝ ਘੱਟ ਕਰ ਲਓ।"

"ਅਸੀਂ ਅੰਤਾਂ ਦੇ ਬੀਜੀ ਹਾਂ। ਸੌਦੇਬਾਜ਼ੀ ਲਾਈ ਸਮਾਂ ਨਹੀਂ। ਤੁਸੀਂ ਦੇਖ ਰਹੇ ਹੋ ਬਾਹਰ ਲੰਮੀ ਕਤਾਰ। ਬਸ 65 'ਚ ਜਾ ਸਕਦਾ ਹਾਂ। ਇਸਤੋਂ ਘੱਟ ਨਹੀਂ। ਮੀਟਰ ਤੇ ਜਾਓਗੇ ਤਾਂ 70 ਬਣ ਜਾਣਗੇ।"

"ਬੱਲਿਆ, 55 ਲੈ ਲਓ। ਪੈਨਸ਼ਨਰ ਹਾਂ।"

"ਬਾਈ ਜੀ, ਬਾਹਰ ਹੋਵੋ। ਸਮਾਂ ਖਰਾਬ ਨਾ ਕਰੋ। ਸਾਡੇ ਕੋਲ਼ ਤਾਂ ਅੱਜ ਸਿਰ ਖੁਰਕਣ ਲਈ ਵੀ ਸਮਾਂ ਨਹੀਂ। ਤੁਸੀਂ ਸੌਦੇਬਾਜ਼ੀਆਂ ਕਰਦੇ ਫਿਰਦੇ ਹੋ।"

"ਚਲ ਤੇਰੀ ਮਰਜ਼ੀ ਬੱਲਿਆ, ਚਲ 65 ਹੀ ਸਹੀ।"

ਟੈਕਸੀ ਡਰਾਇਵਰ ਗਿਆਨੀ ਜੀ ਨੂੰ ਲੈ ਕੇ ਤੁਰ ਪਿਆ। ਰੈਂਕ ਤੋਂ ਬਾਹਰ ਨਿੱਕਲਦੇ ਸਾਰ ਹੀ ਗਿਆਨੀ ਜੀ ਡਰਾਇਵਰ ਨਾਲ਼ ਗੱਲੀਂ ਪੈ ਗਏ।

"ਬੱਲਿਆ, ਪੰਜਾਬ ਤੋਂ ਕਿਹੜੇ ਇਲਾਕੇ ਤੋਂ ਹੋ?"

"ਬਾਈ ਜੀ, ਮੈਂ ਲੁਧਿਆਣਾ ਨੇੜਿਓਂ ਹਾਂ। ਤੁਸੀਂ?"

"ਬੱਲਿਆ, ਮੈਂ ਅੰਮ੍ਰਿਤਸਰ ਤੋਂ ਹਾਂ।"

"ਲਗਦਾ ਅੱਜ ਗੱਡੀਆਂ ਦੇ ਮੁਫ਼ਤ ਹੋਣ ਦੇ ਚੱਕਰ ਵਿੱਚ ਤੁਸੀਂ ਫਸ ਗਏ।"

"ਹਾਂ ਬੱਲਿਆ, ਹੋਇਆ ਤਾਂ ਇੰਝ ਹੀ ਏ। ਸੋਚਿਆ ਮੁਫਤੋ ਮੁਫਤੀ ਮਿੱਤਰਾਂ ਦੋਸਤਾਂ ਨੂੰ ਮਿਲ਼ ਆਈਏ। ਜਦ ਵਾਪਿਸ ਆਉਣ ਲੱਗੇ ਤਾਂ ਨਵਾਂ ਹੀ ਭਾਣਾ ਵਰਤ ਗਿਆ। ਕਹਿੰਦੇ ਕੋਈ ਗੱਡੀ ਹੇਠ ਆ ਕੇ ਮਰ ਗਿਆ। ਖੁਦਕੁਸ਼ੀ ਕੀਤੀ ਜਾਂ ਕੁਝ ਹੋਰ ਹੋਇਆ?"

"ਸੁਣਿਆ, ਕਿਸੇ ਨੇ ਪੈਂਡਲ ਹਿੱਲ ਸਟੇਸ਼ਨ ਦੇ ਨੇੜੇ ਖੁਦਕੁਸ਼ੀ ਹੀ ਕੀਤੀ ਏ। ਤੁਸੀਂ ਕਿੱਧਰ ਗਏ ਸੀ?"

"ਬੱਲਿਆ, ਮੈਂ ਵੈਸਟ ਰਾਈਡ ਗਿਆ ਸਾਂ। ਸੋਚਿਆ ਪੁਰਾਣੇ ਸਾਥੀ ਨੂੰ ਮਿਲ਼ ਆਈਏ। ਤੁਹਾਡੇ ਵਾਰੇ ਨਿਆਰੇ ਹੋ ਗਏ, ਸਾਡਾ ਕਬਾੜਾ। ਕਿਸੇ ਨੂੰ ਮਾਂਹ ਵਾਦੀ, ਕਿਸੇ ਨੂੰ ਸਵਾਦੀ। ਖੇਡਾਂ ਨੇ ਰਹਿੰਦਾ ਖੂੰਹਦਾ ਸਾਡਾ ਕਬਾੜਾ ਕਰ ਦਿੱਤਾ। ਸਾਰੀ ਦੁਨੀਆਂ ਹੀ ਘਰਾਂ ਤੋਂ ਬਾਹਰ ਆ ਗਈ। ਗੋਰੇ ਸਾਲ਼ੇ ਖੇਡਾਂ ਦੇ ਨਾਮ ਤੇ ਤਾਂ ਪਾਗਲ ਹੀ ਹੋ ਜਾਂਦੇ ਨੇ। ਸਾਰੇ ਪਾਸੇ ਕਤਾਰਾਂ ਹੀ ਕਤਾਰਾਂ। ਗੱਡੀਆਂ ਬੰਦ ਹੋ ਗਈਆਂ, ਬੱਸਾਂ ਉਛਲਣ ਲੱਗ ਗਈਆਂ ਤੇ ਟੈਕਸੀਆਂ ਵਾਲ਼ਿਆਂ ਦੀ ਚਾਂਦੀ।"

"ਬਾਈ ਜੀ, ਚਾਂਦੀ ਨਹੀਂ। ਅੱਜ ਤਾਂ ਸੋਨਾ ਹੀ ਬਣ ਗਿਆ। ਕੀ ਤੁਸੀਂ ਉਹ ਕਹਾਣੀ ਸੁਣੀ?"

"ਕਿਹੜੀ?"

"ਇੱਕ ਪਿੰਡ ਦੀਆਂ ਦੋ ਕੁੜੀਆਂ--- ਇੱਕ ਜੱਟਾਂ ਦੀ ਤੇ ਇੱਕ ਘੁਮਾਰਾਂ ਦੀ। ਇੱਕੋ ਪਿੰਡ ਵਿਆਹੀਆਂ ਹੋਈਆਂ ਸਨ। ਇੱਕ ਵਾਰ ਔੜ ਲੱਗ ਗਈ। ਮੀਂਹ ਪਏ ਹੀ ਨਾ। ਦੋਹਾਂ ਦੇ ਮਾਪੇ ਉਨ੍ਹਾਂ ਨੂੰ ਮਿਲਣ ਗਏ। ਜਦ ਜੱਟ ਆਪਣੀ ਕੁੜੀ ਦੇ ਘਰ ਪਹੁੰਚੇ ਤਾਂ ਦੇਖਿਆ ਕਿ ਕੁੜੀ ਅੰਤਾਂ ਦੀ ਦੁਖੀ ਸੀ ਕਿਉਂਕਿ ਸੋਕੇ ਨਾਲ਼ ਸਾਰੀ ਫਸਲ ਮਰ ਗਈ ਸੀ। ਅਨਾਜ ਮਹਿੰਗੇ ਭਾਅ ਮੁੱਲ ਲੈਣਾ ਪੈ ਰਿਹਾ ਸੀ। ਜਦ ਘੁਮਾਰ ਆਪਣੀ ਕੁੜੀ ਪਾਸ ਪਹੁੰਚੇ ਤਾਂ ਘੁਮਾਰਾਂ ਦੇ ਘਰ ਅੰਤਾਂ ਦੀ ਖੁਸ਼ੀ ਸੀ। ਮੀਂਹ ਨਾ ਪੈਣ ਕਰਕੇ ਆਵੇ ਤੇ ਕੰਮ ਬਹੁਤ ਚੱਲਿਆ ਸੀ। ਭਾਂਡੇ ਵਾਰ ਵਾਰ ਪਕਾ ਕੇ ਵੇਚੇ ਜਾ ਰਹੇ ਸਨ। ਘੁਮਾਰ ਮਾਲਾਮਾਲ ਹੋ ਗਏ ਸਨ। ਸੋ, ਬਾਈ ਜੀ, ਅੱਜ ਅਸੀਂ ਮਾਲਾ ਮਾਲ ਹਾਂ ਤੇ ਤੁਸੀਂ ਹਾਲੋਂ ਬੇਹਾਲ। ਸਾਡੀ ਬੱਲੇ ਬੱਲੇ ਤੇ ਤੁਹਾਡੀ ਥੱਲੇ ਥੱਲੇ। ਤੁਸੀਂ ਢਾਈ ਡਾਲਰ ਬਚਾਉਣ ਲਈ ਘਰੋਂ ਨਿਕਲੇ ਸੀ ਤੇ ਹੁਣ 65 ਡਾਲਰ ਖਰਚ ਕੇ ਘਰ ਪਹੁੰਚੋਗੇ। ਅਸੀਂ ਟੈਕਸੀ ਵਾਲ਼ੇ ਸੋਚਦੇ ਸਾਂ ਕਿ ਡੇਢ ਕੁ ਸੌ ਬਣ ਜਾਵੇ ਪਰ ਬਣ ਗਿਆ 500। ਕੁਦਰਤ ਬੜੀ ਬੇਅੰਤ ਏ ਬਾਈ ਜੀ।"



"ਬੱਲਿਆ ਗੱਲਾਂ ਤੁਹਾਡੀਆਂ ਸੋਲ਼ਾਂ ਆਨੇ ਸੱਚ ਹਨ।"

ਗਿਆਨੀ ਜੀ 65 ਡਾਲਰ ਦੇ ਕੇ ਟੈਕਸੀ ਤੋਂ ਉੱਤਰ ਗਏ ਕਿਉਂਕਿ ਉਨ੍ਹਾਂ ਦਾ ਘਰ ਆ ਗਿਆ ਸੀ। ਡਰਾਇਵਰ ਪੰਜਾਬ ਦਾ ਚੰਗਾ ਪੜ੍ਹਿਆ ਲਿਖਿਆ ਸੀ। ਉਹਨੇ ਪੰਜਾਬ ਦੇ ਇੱਕ ਸੈਨਿਕ ਸਕੂਲ ਵਿੱਚ ਅੰਗਰੇਜ਼ੀ ਨਾਵਲਕਾਰ ਥਾਮਸ ਹਾਰਡੀ (Thomas Hardy) ਦਾ ਨਾਵਲ 'ਦਾ ਮੇਅਰ ਆਫ ਕੈਸਟਰਬਰਿੱਜ' (The Mayor of Casterbridge) ਪੜ੍ਹਾਇਆ ਹੋਇਆ ਸੀ। ਉਸਨੂੰ ਉਸ ਨਾਵਲ ਦੇ ਦ੍ਰਿਸ਼ ਹੀ ਯਾਦ ਆਈ ਜਾਣ ਕਿਉਂਕਿ ਇਸ ਨਾਵਲ ਵਿੱਚ ਵੀ ਹਾਰਡੀ ਦੇ ਹੋਰ ਨਾਵਲਾਂ ਵਾਂਗ, ਕਿਸਮਤ ਤੇ ਮੌਕਾ ਮੇਲ (Fate and Chance) ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਸਨ। ਗਿਆਨੀ ਨਾਲ਼ ਵੀ ਅੱਜ ਕਿਸਮਤ ਤੇ ਮੌਕਾ ਮੇਲ ਨੇ ਇਵੇਂ ਹੀ ਕੀਤਾ ਸੀ।

*****

# 74 ਦਿਨ (ਇੱਕ ਇਤਿਹਾਸਕ ਕਹਾਣੀ)

ਥੋੜ੍ਹੇ ਸਮੇਂ ਵਿਚ ਹੀ ਪਤਵੰਤ ਸਿੰਘ ਸੈਂਟਰ ਬੰਦ ਕਰਕੇ ਵਾਪਸ ਆ ਗਿਆ। ਵਰਮਾ ਸਾਹਿਬ ਮਸਲੇ ਬਾਰੇ ਕੁਝ ਹੋਰ ਜਾਨਣਾ ਚਾਹੁੰਦੇ ਸਨ।

"ਡੂ ਯੂ ਜਸਟੀਫਾਈ ਦਾ ਵਾਇਲੈਂਸ ਇਨ ਪੰਜਾਬ?" ਵਰਮਾ ਸਾਹਿਬ ਨੇ ਪਤਵੰਤ ਸਿੰਘ ਨੂੰ ਸਵਾਲ ਕੀਤਾ।

"ਵਰਮਾ ਸਾਹਿਬ, ਵਾਇਲੈਂਸ ਨੂੰ ਕੌਣ ਸੁਪੋਰਟ ਕਰਦਾ ਏ? ਇਹ ਲੰਬੀ ਕਹਾਣੀ ਏ। ਤੁਸੀ ਇਹਦੇ ਬਾਰੇ ਬਥੇਰਾ ਅਖਬਾਰਾਂ ਵਿਚ ਪੜ੍ਹਦੇ ਰਹੇ ਹੋ। ਫਿਰ ਕਿਤੇ ਸਹੀ। ਹਾਲ ਦੀ ਘੜੀ ਅਸੀਂ ਨਕਲ ਨੂੰ ਨਕੇਲ ਪਾ ਲਈਏ ਇਹੀ ਕਾਫੀ ਏ।"

"ਓ.ਕੇ. ਐਜ਼ ਯੂ ਵਿਸ਼। ਚੰਗਾ, ਵੀ ਆਰ ਗੋਇੰਗ ਨਓ। ਪਲੀਜ਼, ਕਾਲ ਸਮਬਾਡੀ ਟੂ ਪੁਟ ਦਾ ਬੰਡਲ ਇਨ ਅਵਰ ਕਾਰ।"

ਪਤਵੰਤ ਸਿੰਘ ਨੇ ਚਪੜਾਸੀ ਨੂੰ ਆਵਾਜ਼ ਮਾਰੀ ਤੇ ਉੱਤਰ ਪੱਤਰੀਆਂ ਦਾ ਬੰਡਲ ਚੁਕਵਾ ਕੇ ਯੂਨਵਰਸਿਟੀ ਵਾਲਿਆਂ ਦੀ ਕਾਰ ਵਿਚ ਰਖਵਾ ਦਿੱਤਾ। ਇਸ ਤੋਂ ਇਕਦਮ ਬਾਦ ਕਾਰ ਉਥੋਂ ਚਲੀ ਗਈ। ਪਿੱਛੋਂ ਪਤਵੰਤ ਸਿੰਘ ਤੇ ਪ੍ਰਿੰਸੀਪਲ ਹੀ ਦਫਤਰ ਅੰਦਰ ਰਹਿ ਗਏ।

"ਇਹ ਯੂਨੀਵਰਸਿਟੀ ਵਾਲੇ ਬੜੇ ਖਚਰੇ ਬੰਦੇ ਐ। ਅਖੇ ਸਾਨੂੰ ਹਾਲਾਤ ਬਾਰੇ ਕੁੱਝ ਚਾਨਣਾ ਪਾ ਦਿਓ," ਪਤਵੰਤ ਸਿੰਘ ਨੇ ਪ੍ਰਿੰਸੀਪਲ ਦਾ ਪ੍ਰਤੀਕਰਮ ਜਾਨਣਾ ਚਾਹਿਆ।

"ਡਾ. ਸਾਹਿਬ, ਇਹ ਕੌਮ ਸਭ ਕੁੱਝ ਜਾਣਦੀ ਹੋਈ ਵੀ ਆਪ ਚੁੱਪ ਰਹਿੰਦੀ ਏ, ਦੂਜਿਆਂ ਕੋਲੋਂ ਕੁਝ ਅਖਵਾਉਣਾ ਲੋਚਦੀ ਰਹਿੰਦੀ ਏ। ਹਿੰਦੂ ਸਿੱਖਾਂ ਦੇ ਸਭ ਮਸਲੇ ਜਾਣਦੇ ਹੋਏ ਵੀ ਇਹ ਪ੍ਰਭਾਵ ਛੱਡਦੇ ਹਨ ਕਿ ਉਹ ਕੁੱਝ ਜਾਣਦੇ ਹੀ ਨਹੀਂ। ਦੂਜੇ ਪਾਸੇ ਸਿੱਖ ਬਿਨਾ ਪੁੱਛਣ ਤੋਂ ਹੀ ਸਭ ਕੁੱਝ ਬੋਲ ਦਿੰਦੇ ਹਨ। ਇਹ ਕੌਮ ਸਿੱਖਾਂ ਦੀਆਂ ਗਤੀਵਿਧੀਆਂ ਬਾਰੇ ਅਖਬਾਰਾਂ ਵਿਚ ਸਭ ਤੋਂ ਪਹਿਲਾਂ ਪੜ੍ਹਦੀ ਏ । ਅਗਰ ਇਹਨਾਂ ਨੂੰ ਕਹੋ ਕਿ 'ਅਜੀਤ' ਅਖਬਾਰ ਵਿਚ ਅੱਜ ਆਹ ਕੁੱਝ ਛਪਿਆ ਹੈ ਤਾਂ ਅਣਜਾਣ ਜਿਹੇ ਬਣ ਕੇ ਕਹਿਣਗੇ ਅੱਛਾ! ਮੈਂ ਇਕ ਲਾਲੇ ਦੀ ਦੁਕਾਨ ਤੋਂ ਹਮੇਸ਼ਾ ਕੱਪੜਾ ਖਰੀਦਿਆ ਕਰਦਾ ਸੀ। ਅਗਰ ਮੇਰੇ ਘਰ ਕੋਈ ਵਿਆਹ ਸ਼ਾਦੀ ਜਾਂ ਕੋਈ



ਹੋਰ ਇਕੱਠ ਹੋਵੇ ਤਾਂ ਉਹ ਦੌੜਾ ਦੌੜਾ ਆ ਕੇ ਹਾਜ਼ਰੀ ਲੁਆ ਜਾਦਾਂ ਸੀ। ਕੁਝ ਸਮੇਂ ਬਾਅਦ ਮੈਂ ਉਸ ਦੀ ਦੁਕਾਨ ਤੋਂ ਕੱਪੜਾ ਖਰੀਦਣਾ ਬੰਦ ਕਰ ਦਿੱਤਾ। ਮੈਂ ਕਿਸੇ ਦੇ ਘਰ ਸਮਾਗਮ ਤੇ ਗਿਆ। ਉਥੇ ਉਹ ਲਾਲਾ ਵੀ ਆਇਆ ਹੋਇਆ ਸੀ। ਉਸਨੇ ਮੈਨੂੰ ਬੁਲਾਉਣਾ ਤਾਂ ਇਕ ਪਾਸੇ ਰਿਹਾ ਪਛਾਨਣੋ ਹੀ ਮੂੰਹ ਵੱਟ ਲਿਆ। ਇਹੀ ਕੁੱਝ ਇਹ ਯੂਨੀਵਰਸਿਟੀ ਵਾਲੇ ਮਹਾਸ਼ੇ ਕਰਦੇ ਨੇ। ਸਭ ਕੁੱਝ ਜਾਣਦੇ ਹੋਏ ਵੀ ਇਹ ਅਣਜਾਣ ਹੋਣ ਦੀ ਐਕਟਿੰਗ ਕਰਦੇ ਰਹਿੰਦੇ ਨੇ। ਤੁਹਾਨੂੰ ਪਤਾ ਏ, ਮਸਲਾ ਬੜਾ ਸੰਗੀਨ ਏ। ਇਸ ਪ੍ਰਕਾਰ ਦੇ ਮਸਲੇ ਤੇ ਇੱਦਾਂ ਦੇ ਬੰਦਿਆਂ ਨਾਲ ਗੱਲ ਕਰਨ ਲੱਗ ਪਵੋ ਤਾਂ ਕੋਈ ਝਗੜਾ ਵੀ ਖੜ੍ਹਾ ਹੋ ਸਕਦਾ ਹੁੰਦਾ ਏ। ਦੂਜੇ, ਇਮਤਿਹਾਨ ਦੇ ਦਿਨਾਂ ਵਿੱਚ ਤਾਂ ਇਸ ਪ੍ਰਕਾਰ ਦਾ ਸੰਗੀਨ ਮਸਲਾ ਇਸ ਪ੍ਰਕਾਰ ਦੇ ਬੰਦਿਆ ਨਾਲ ਬਿਲਕੁਲ ਵੀ ਨਹੀਂ ਛੇੜਨਾ ਚਾਹੀਦਾ। ਤੁਹਾਡਾ ਕੀ ਖਿਆਲ ਏ, ਸਰ?"

"ਗੱਲ ਤੁਹਾਡੀ ਠੀਕ ਏ। ਉਧਰ ਉਜਾਗਰ ਮੱਲ ਵਾਲਾ ਮਸਲਾ ਪਹਿਲਾ ਹੀ ਖੜ੍ਹਾ ਹੋ ਚੁੱਕਾ ਏ। ਜਿੰਨਾ ਬਚਿਆ ਜਾਵੇ ਓਨਾ ਹੀ ਚੰਗਾ ਏ। ਨਾਲੇ ਜਿੰਨ੍ਹਾ ਲੋਕਾਂ ਨੇ ਪੰਜਾਬੀ ਨੂੰ ਆਪਣੀ ਬੋਲੀ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ ਉਹਨਾ ਨਾਲ ਇਸ ਪ੍ਰਕਾਰ ਦੇ ਮਸਲੇ ਡਿਸਕਸ ਕਰਨ ਦੀ ਕੋਈ ਜਰੂਰਤ ਨਹੀਂ। ਦੂਜਾ ਮਸਲਾ ਚੰਡੀਗੜ੍ਹ ਦਾ ਏ। ਯੂਨੀਵਰਸਿਟੀ ਚੰਡੀਗੜ੍ਹ ਵਿਚ ਏ। ਇਹ ਲੋਕ ਕਦੀ ਨਹੀਂ ਚਾਹੁੰਦੇ ਕਿ ਚੰਡੀਗੜ੍ਹ ਪੰਜਾਬ ਨੂੰ ਮਿਲੇ। ਇਹ ਤਾਂ ਇਹ ਸੋਚਦੇ ਹਨ ਕਿ ਉੱਧਰ ਖਾਲਿਸਆਂ ਨੇ ਦੋ ਆਪਣੀਆਂ ਯੂਨੀਵਰਸਿਟੀਆਂ ਬਣਾ ਲਈਆਂ, ਚੰਡੀਗੜ੍ਹ ਵਾਲੀ ਤੇ ਤਾਂ ਮਹਾਸ਼ਿਆਂ ਦਾ ਹੀ ਗਲਬਾ ਰਹਿਣਾ ਚਾਹੀਦਾ ਏ। ਕਦੀ ਹਰਾਮਜ਼ਾਦੇ ਹਿੰਦੀ ਦਾ ਫਿਕਰਾ ਬੋਲੀ ਜਾਣਗੇ ਤੇ ਕਦੀ ਅੰਗਰੇਜ਼ੀ ਦਾ। ਪੰਜਾਬੀ ਨੂੰ ਤਾਂ ਇਹ ਗਵਾਰਾਂ ਦੀ ਭਾਸ਼ਾ ਸਮਝਦੇ ਰਹਿੰਦੇ ਨੇ।"

"ਚਲੋ ਛੱਡੋ ਇਹਨਾ ਗੱਲਾਂ ਨੂੰ ਸਰ। ਅੱਜ ਇਮਤਿਹਾਨ ਕਿਵੇਂ ਰਿਹਾ?"

"ਪਤਵੰਤ ਸਿੰਘ ਜੀ, ਤੁਹਾਡਾ ਕੰਟਰੋਲ ਕਮਾਲ ਦਾ ਏ। ਨਕਲ ਨੂੰ ਤੁਸੀਂ ਠੱਲ ਪਾ ਕੇ ਰੱਖ ਦਿੱਤੀ। ਇਵੇਂ ਹੀ ਕੰਮ ਖਿੱਚੀ ਰੱਖੋ। ਮੈਨੂੰ ਨਹੀਂ ਲਗਦਾ ਕਿ ਯੂਨੀਵਰਸਿਟੀ ਵਾਲੇ ਦੁਆਰਾ ਆਉਣ। ਨਾਲੇ ਹੁਣ ਕਿਹੜਾ ਉਹ ਛਾਪਾ ਮਾਰਨ ਆਏ ਸਨ। ਉਜਾਗਰ ਮੱਲ ਦੀ ਘਟਨਾ ਕਰਕੇ ਉਹ ਚੱਕਰ ਮਾਰਰ ਆ ਗਏ। ਇੱਦਾਂ ਦੀ ਫਾਰਮੈਲਿਟੀ ਉਹਨਾਂ ਨੂੰ ਕਰਨੀ ਹੀ ਪੈਂਦੀ ਹੈ। ਅਗਰ ਨਾ ਕਰਨ ਤਾਂ ਅਖਬਾਰਾਂ ਵਿਚ ਨੁਕਤਾਚੀਨੀ ਵੀ ਹੋ ਸਕਦੀ ਹੁੰਦੀ ਏ। ਆਫਟਰ ਆਲ, ਸੁਪਰਡੰਟ ਨੂੰ ਦਿਲ ਦਾ ਦੌਰਾ ਪਿਆ ਏ। ਮਾੜੇ ਮੋਟੇ ਕੰਮ ਲਈ ਉਹ ਚੰਡੀਗੜ੍ਹੋਂ ਨਿਕਲਦੇ ਹੀ ਨਹੀਂ।"

"ਸਰ, ਸਾਰੇ ਕੰਮ ਸਹਿਯੋਗ ਨਾਲ ਹੀ ਹੁੰਦੇ ਹਨ। ਤੁਸੀ ਹਰ ਸਮੇਂ ਮੇਰੀ ਪਿੱਠ ਤੇ ਖੜ੍ਹੇ ਹੋ। ਤੁਹਾਡੇ ਸਹਿਯੋਗ ਨਾਲ ਬਾਕੀ ਦਿਨ ਵੀ ਠੀਕ ਹੀ ਨਿਕਲ ਜਾਣਗੇ।"

"ਡਾ. ਸਾਹਿਬ, ਤੁਹਾਡੇ ਸਿਰੜ ਅਤੇ ਤੁਹਾਡੀ ਸਾਫ ਨੀਅਤ ਨੂੰ ਦੇਖ ਕੇ ਤਾਂ ਮੈਨੂੰ ਦਰਸ਼ਨ ਸਿੰਘ ਫੇਰੂਮਾਨ ਯਾਦ ਆ ਗਿਐ। ਇਕ ਪਾਸੇ ਸੰਤ ਫਤਿਹ ਸਿੰਘ ਸੀ ਤੇ ਦੂਜੇ ਪਾਸੇ ਫੇਰੂਮਾਨ। ਤੁਸੀਂ ਤਾਂ ਦੋਹਾਂ ਬਾਰੇ ਖੂਬ ਪੜ੍ਹਿਆ ਹੋਵੇਗਾ?"

"ਸਾਹਿਬ ਜੀ, ਮੈਂ ਆਪਣਾ ਥੀਸਿਸ ਲਿਖਣ ਤੋਂ ਪਹਿਲਾ ਇਹ ਸਭ ਕੁੱਝ ਬੜੀ ਹੀ ਬਾਰੀਕੀ ਨਾਲ ਪੜ੍ਹਿਆ ਸੀ। ਸੰਤ ਫੇਰੂਮਾਨ ਤਾਂ ਬਹੁਤ ਹੀ ਪਹੁੰਚੀ ਹੋਈ ਆਤਮਾ ਸੀ। ਅਸੀਂ ਤਾਂ ਉਹਦੇ ਪਾਂ ਪਾਸਕ ਵੀ ਨਹੀਂ ਹਾਂ। ਦੂਜੇ ਪਾਸੇ ਸੰਤ ਫਤਿਹ ਸਿੰਘ ਦਾ ਹਾਲ ਆਮ ਸਿੱਖ ਲੀਡਰਾਂ ਜਿਹਾ ਹੀ ਸੀ। ਫੇਰੂਮਾਨ ਨੇ 74 ਦਿਨ ਦਾ ਆਖੰਡ ਮਰਨ ਵਰਤ ਪੂਰਾ ਕਰ ਕੇ ਪ੍ਰਾਣ ਤਿਆਗੇ ਸਨ। ਇਹ 1969 ਦੇ ਸ਼ਾਇਦ ਅਕਤੂਬਰ ਮਹੀਨੇ ਦੀ ਗੱਲ ਏ। ਕੀ ਤੁਸੀਂ ਸੰਤ ਫੇਰੂਮਾਨ ਦੀ ਵਸੀਅਤ ਪੜ੍ਹੀ ਏ?"

"ਨਹੀਂ, ਡਾ. ਸਾਹਿਬ ਮੈਂ ਨਹੀਂ ਪੜ੍ਹੀ। ਹਾਂ, ਉਹਨਾਂ ਦੀ ਸਿਫਤ ਬੜੀ ਸੁਣੀ ਏ। ਤੁਸੀਂ ਤਾਂ ਪੜ੍ਹੀ ਹੋਵੇਗੀ?"

"ਮੈਂ ਪੜ੍ਹੀ ਹੀ ਨਹੀਂ, ਬਲਕਿ ਆਪਣੇ ਥੀਸਿਸ ਵਿਚ ਉਸਦਾ ਜ਼ਿਕਰ ਵੀ ਕੀਤਾ ਏ। ਕਹੋ ਤਾਂ ਕੱਲ ਥੀਸਿਸ ਲੈ ਆਵਾਂਗਾ ਤੇ ਤੁਹਾਨੂੰ ਪੜ੍ਹ ਕੇ ਸੁਣਾ ਦਿਆਂਗਾ।"

"ਜ਼ਰੂਰ, ਮੈਨੂੰ ਸੁਣ ਕੇ ਬੜੀ ਖੁਸ਼ੀ ਹੋਵੇਗੀ।"

ਦੂਸਰੇ ਦਿਨ ਪਤਵੰਤ ਸਿੰਘ ਆਪਣਾ ਥੀਸਿਸ ਨਾਲ ਲੈ ਆਇਆ। ਉਸਦਾ ਪਰਚਾ ਸ਼ੁਰੂ ਕਰਵਾਉਣ ਤੋਂ ਪਹਿਲਾ ਸਾਹਿਬ ਨਾਲ ਉਸਦੇ ਘਰ ਹੀ ਮਿਲਣੀ ਹੋਈ।

"ਸਾਹਿਬ ਜੀ, ਸਤਿ ਸ੍ਰੀ ਅਕਾਲ।" ਘਰ ਪਹੁੰਚ ਦੇ ਸਰਦਾਰ ਪਤਵੰਤ ਸਿੰਘ ਨੇ ਸਾਹਿਬ ਨੂੰ ਫਤਿਹ ਬੁਲਾਈ।

" ਡਾ. ਸਾਹਿਬ, ਸਤਿ ਸ੍ਰੀ ਅਕਾਲ । ਮੈਨੂੰ ਲਗਦਾ ਏ ਕਿ ਤੁਸੀਂ ਮੈਨੂੰ ਫੈਰੂਮਾਨ ਦੀ ਵਸੀਅਤ ਦਿਖਾਣਾ ਚਾਹੁੰਦੇ ਹੋ?"

"ਜੀ ਸਰ, ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ।"

"ਜ਼ਰੂਰ ਪੜ੍ਹੋ ਜੀ।"

ਪਤਵੰਤ ਸਿੰਘ ਥੀਸਿਸ ਖੋਲ੍ਹ ਕੇ ਪੜ੍ਹਨ ਲੱਗ ਪਿਆ

"ਬੀਤੀ ਅੱਧੀ ਸਦੀ ਵਿਚ ਮੈਂ ਪੰਥ ਦੀ ਚੜ੍ਹਦੀ ਕਲਾ ਅਤੇ ਦੇਸ਼ ਦੀ ਅਜ਼ਾਦੀ ਲਈ ਘੋਲ ਕਰਦਾ ਰਿਹਾ ਹਾਂ। ਮੇਰਾ ਇਹ ਜੀਵਨ ਲੋਕਾਂ ਦੇ ਸਾਹਮਣੇ ਹੈ।"

"ਹੁਣ ਦੇਸ ਅਜ਼ਾਦ ਹੋ ਗਿਆ ਹੈ ਪਰ ਪੰਥ ਅਜੇ ਵੀ ਪ੍ਰਾਧੀਨ ਹੈ। ਦੇਸ਼ ਵਿਚ ਧਰਮ ਦੀ ਥਾਵੇਂ ਭ੍ਰਸ਼ਟਾਚਾਰ ਤੇ ਗਿਰਾਵਟ ਵਧ ਗਈ ਹੈ। ਪੰਥ ਦੀ ਰਾਜਨੀਤੀ ਅਤੇ ਗੁਰਧਾਮਾ ਉਤੇ ਦੰਭੀ ਸੰਤ ਮਹੰਤ ਪੰਥ ਦੇ ਦੋਖੀ ਛਾ ਗਏ ਹਨ। ਸਿੱਖ ਧਰਮ ਦੇ ਸਿਧਾਂਤ, ਖਾਲਸੇ ਦੀਆਂ ਰਵਾਇਤਾਂ ਅਤੇ ਸਿੰਘਾਂ ਦੇ ਇਤਹਾਸਕ ਗੌਰਵ ਨੂੰ ਪੈਰਾਂ ਹੇਠ ਲਿਤਾੜ ਦਿੱਤਾ ਗਿਆ ਹੈ।"



"ਸ਼੍ਰੀ ਅਕਾਲ ਤਖਤ ਦੇ ਹਜ਼ੂਰ ਮਰਨ ਬਰਤ ਅਤੇ ਜਿਉਂਦੇ ਸੜ ਮਰਨ ਦੇ ਅਰਦਾਸੇ ਕਰਨ ਵਾਲੇ ਕਾਇਰਤਾ ਦਾ ਰਾਹ ਫੜ ਕੇ ਪੰਥ ਤੇ ਸਿੱਖ ਧਰਮ ਅਤੇ ਪੰਜਾਬ ਸਰਕਾਰ ਉਤੇ ਪੂਰਨ ਅਤੇ ਪੱਕਾ ਜੱਫਾ ਪਾਈ ਰੱਖਣ ਦੀ ਸਾਜਜ਼ ਵਿਚ ਕਾਮਯਾਬ ਹੋ ਰਹੇ ਹਨ।"

"ਇਸ ਦੰਭ ਅਤੇ ਅਧਰਮ ਨੂੰ ਹੀ ਸਿੱਖਾਂ ਦਾ ਧਰਮ ਦਰਸਾਉਣ ਲਈ ਸ਼੍ਰੀ ਅਕਾਲ ਤਖਤ ਦੇ ਸ਼ਰੀਕ, ਕੁੰਡ ਖੜ੍ਹੇ ਕਰ ਦਿੱਤੇ ਹਨ, ਜਿਨ੍ਹਾ ਨੂੰ ਧੱਕੇ ਤੇ ਸਰਕਾਰੀ ਸ਼ਹਿ ਨਾਲ ਕਾਇਮ ਰੱਖਿਆ ਜਾ ਰਿਹਾ ਹੈ।"

"ਪੰਥ ਦੀ ਅਧੋਗਤੀ ਅਤੇ ਅਪਮਾਨ ਜੋ ਅਜ ਹੋ ਰਿਹਾ ਹੈ ਅੱਗੇ ਕਦੇ ਨਹੀ ਹੋਇਆ।"

"ਧਰਮ ਦੀ ਦੁਰਦਸ਼ਾ ਜੋ ਅੱਜ ਕੀਤੀ ਜਾ ਰਹੀ ਹੈ ਪਹਿਲਾਂ ਕਦੇ ਨਹੀ ਹੋਈ।"

"ਸਿੱਖ ਰਾਜਨੀਤੀ ਵਿਚੋਂ ਸਾਧਾਂ, ਮਹੰਤਾਂ ਅਤੇ ਕੌਮ ਦੇ ਗਦਾਰਾਂ ਨੇ ਸਿੱਖੀ ਨੂੰ ਖਾਰਜ ਕਰਨ ਅਤੇ ਸਿੱਖਾਂ ਨੂੰ ਗੈਰਾਂ ਦੇ ਗੁਲਾਮ ਬਣਾਉਣ ਦੀ ਸਾਜਸ਼ ਪੱਕੇ ਤੌਰ ਤੇ ਰਚ ਲਈ ਹੈ।"

"ਇਹ ਕੂੜ ਦੀ ਮਸਿਆ, ਅਤੇ ਦੰਭ ਦਾ ਜਾਲ ਬਿਨਾ ਸਿਰ ਦਿੱਤਿਆ ਹੁਣ ਦੂਰ ਨਹੀਂ ਹੋਣਾ। ਇਹ ਅਰਦਾਸੇ ਭੰਗ ਕਰਨ ਦਾ ਪਾਪ, ਪੰਥ ਦੇ ਮੁੜ ਉੱਠ ਖੜ੍ਹੇ ਹੋਣ ਦੇ ਰਾਹ ਵਿਚ ਵੱਡੀ ਰੁਕਾਵਟ ਹੈ ਅਤੇ ਇਹ ਪਾਪ ਬਿਨਾ ਸੀਸ ਦਿੱਤਿਆ ਧੋਤਾ ਨਹੀਂ ਜਾਣਾ।"

"ਸ਼੍ਰੀ ਅਕਾਲ ਤਖਤ ਦੇ ਸ਼ਰੀਕ (ਸੰਤ) ਫਤਿਹ ਸਿੰਘ ਅਤੇ ਉਸਦੇ ਦੰਭੀ ਸਾਥੀਆਂ ਦੇ ਨਾਮ ਹੇਠਾਂ ਬਣਾਏ ਹੋਏ ਅਗਨੀ ਕੁੰਡ ਪੁਕਾਰ ਪੁਕਾਰ ਕੇ ਸਿੰਘਾਂ ਕੋਲੋਂ ਅਹੂਤੀਆਂ ਮੰਗ ਰਹੇ ਹਨ।"

"ਗੁਰੂ ਤੇ ਅਕਾਲਪੁਰਖ ਤੋਂ ਭਗੌੜਾ ਹੋ ਕੇ ਪੰਥ ਬਚ ਨਹੀਂ ਸਕਦਾ।"

"ਹੁਣ ਇਹ ਜਰੂਰੀ ਹੋ ਗਿਆ ਹੈ ਕਿ ਕੋਈ ਗੁਰੂ ਕਾ ਸਿੰਘ ਆਪਣਾ ਸੀਸ ਦੇ ਕੇ ਪੰਥ ਦੇ ਅਖੌਤੀ ਲੀਡਰਾਂ ਅਤੇ ਸਿੱਖੀ ਦੇ ਗਦਾਰਾਂ ਦੇ ਕੀਤੇ ਹੋਏ ਪਾਪਾਂ ਦਾ ਪਰਾਸ਼ਿਚਤ ਕਰੇ ਤਾਂ ਜੁ ਪੰਥ ਅਜ਼ਾਦ ਹਿੰਦੂਸਤਾਨ ਵਿਚ ਅਜ਼ਾਦ ਪੰਥ ਅਥਵਾ ਸਿੱਖ ਹੋਮਲੈਂਡ ਦੀ ਸਥਾਪਤੀ ਵਲ ਅਗਲਾ ਕਦਮ ਚੁੱਕ ਸਕੇ।"

"ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਮੈਂ ਆਪਣਾ ਬਲੀਦਾਨ ਦੇਣ ਲੱਗਾ ਹਾਂ।"

"ਸੰਗਤਾਂ ਨੂੰ ਮੇਰੀ ਬੇਨਤੀ ਹੈ ਕਿ ਮੇਰੇ ਪਿੱਛੋਂ ਉਹ ਆਪਣਾ ਫਰਜ਼ ਪਛਾਨਣ। ਮੇਰੇ ਮਰਨ ਤੋਂ ਪਿੱਛੋਂ ਮੇਰੇ ਸਰੀਰ ਨੂੰ (ਸੰਤ) ਫਤਹ ਸਿੰਘ ਦੇ ਨਾਮ ਹੇਠਾਂ ਬਣਾਏ ਹੋਏ ਅਗਨੀਕੁੰਡ ਵਿਚ ਰੱਖ ਕੇ ਫੂਕ ਦਿੱਤਾ ਜਾਵੇ ਅਤੇ ਮੇਰੀਆਂ ਅਸਥੀਆਂ ਕੀਰਤਪੁਰ ਸਾਹਿਬ ਪੁਚਾ ਦਿੱਤੀਆਂ ਜਾਣ।"

"ਪੰਥ ਦੇ ਮਸੰਦਾਂ ਤੇ ਧਰਮ ਦੇ ਦੋਖੀਆਂ ਨਾਲ ਯਥਾਯੋਗ ਸਲੂਕ ਕੀਤਾ ਜਾਵੇ ਅਤੇ ਸ਼੍ਰੀ ਅਕਾਲ ਤਖਤ ਉੱਤੇ ਬਣੇ ਹੋਏ ਦੰਭ ਅਤੇ ਪਖੰਡ ਦੀਆਂ ਨਿਸ਼ਾਨੀਆਂ, ਅਗਨੀ ਕੁੰਡ, ਢਾਹ ਦਿੱਤੇ ਜਾਣ।"

"ਸੰਗਤਾਂ ਅਰਦਾਸ ਕਰਨ ਕਿ ਸਾਹਿਬ ਦਸਮ ਪਾਤਸ਼ਾਹ ਮੇਰੀ ਤੁੱਛ ਕੁਰਬਾਨੀ ਕਬੂਲ ਕਰਨ ਅਤੇ ਆਪਣੇ ਪੰਥ ਦੀ ਬਹੁੜੀ ਕਰਨ।"

"ਸੰਪੂਰਣ ਪੰਜਾਬ ਜ਼ਿੰਦਾਬਾਦ!"

"ਸੰਪੂਰਣ ਸਿੱਖ ਹੋਮਲੈਂਡ ਅਮਰ ਰਹੇ!"

"ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ।"

"ਸਾਹਿਬ ਜੀ, ਕੀ ਤੁਹਾਨੂੰ ਪਤਾ ਏ ਕਿ ਸੰਤ ਫਤਹ ਸਿੰਘ ਨੇ ਇਹ ਵਸੀਅਤ ਪੜ੍ਹਕੇ ਕੀ ਕਿਹਾ ਸੀ?"

"ਕੀ ਕਿਹਾ ਸੀ?"

"ਉਸਨੇ ਕਿਹਾ ਸੀ ਕਿ ਦਰਸ਼ਨ ਸਿੰਘ ਪਾਖੰਡੀ ਏ ਤੇ ਦਿੱਲੀ ਦੀ ਸਰਕਾਰ ਦਾ ਹੱਥ ਠੋਕਾ ਏ।'

"ਡਾ. ਸਾਹਿਬ, ਮੈਨੂੰ ਅਖਬਾਰਾਂ ਵਿਚ ਪੜ੍ਹੇ ਫੇਰੂਮਾਨ ਦੇ ਵਿਚਾਰ ਥੋੜ੍ਹੇ ਥੋੜ੍ਹੇ ਤਾ ਯਾਦ ਹਨ ਪਰੰਤੂ ਸਪਸ਼ੱਟ ਰੂਪ ਵਿਚ ਪੂਰੇ ਪੂਰੇ ਯਾਦ ਨਹੀਂ ਹਨ। ਤੁਸੀਂ ਤਾਂ ਸਭ ਕੁੱਝ ਬੜੀ ਬਾਰੀਕੀ ਨਾਲ ਜਾਣਦੇ ਹੋ। ਤੁਹਾਡੀ ਡਾਕਟਰੀ ਦੀ ਪੜਾਈ ਹੀ ਇਸ ਖੇਤਰ ਵਿਚ ਏ। ਫੇਰੂਮਾਨ ਬਾਰੇ ਕੁੱਝ ਹੋਰ?"

"ਰਈਆ ਮੰਡੀ ਵਿਚ ਇਕ ਕਾਨਫਰੰਸ ਰੱਖੀ ਗਈ ਸੀ ਜਿਸ ਵਿਚ ਫੇਰੂਮਾਨ ਨੇ ਐਲਾਨ ਕੀਤਾ ਸੀ ਕਿ ਉਹ 15 ਅਗਸਤ ਨੂੰ ਦਰਬਾਰ ਸਾਹਿਬ ਵਿਖੇ ਮੱਥਾ ਟੇਕ ਕੇ ਸ਼੍ਰੀ ਅਕਾਲ ਤਖਤ ਦੇ ਹਜ਼ੂਰ ਅਰਦਾਸਾ ਕਰੇਗਾ। ਇਸ ਪ੍ਰਕਾਰ ਦਾ ਅਰਦਾਸਾ ਫਤਹ ਸਿੰਘ ਤੇ ਉਸਦੇ ਸਾਥੀਆਂ ਨੇ ਕਈ ਵਾਰ ਕਰਕੇ ਤੋੜਿਆ ਸੀ। ਫੈਰੂਮਾਨ ਨੇ ਕਿਹਾ ਸੀ ਕਿ ਅਰਦਾਸੇ ਤੋਂ ਬਾਦ ਉਹ ਅਖੰਡ ਮਰਨ ਬਰਤ ਧਾਰਨ ਕਰ ਲੈਣਗੇ। ਜਾਂ ਅਰਦਾਸਾ ਪੂਰਾ ਹੋਵੇਗਾ ਤੇ ਜਾ ਉਹ ਆਪਣੀ ਜਾਨ ਦੇ ਦੇਣਗੇ। ਨੌ ਅਗਸਤ ਨੂੰ ਇਕ ਗੁਰਦਿੱਤ ਸਿੰਘ ਨਾਮ ਦੇ ਵਿਅਕਤੀ ਨੇ ਬਿਆਸ ਥਾਣੇ ਵਿਚ ਇਕ ਰਪਟ ਦਰਜ ਕਰਵਾ ਦਿੱਤੀ ਸੀ ਜਾਂ ਉਸ ਪਾਸੋਂ ਦਰਜ ਕਰਵਾਈ ਗਈ ਸੀ। ਰਪਟ ਵਿਚ ਲਿਖਿਆ ਸੀ "ਦਰਸ਼ਨ ਸਿੰਘ ਫੇਰੂਮਾਨ, ਖੁਲ੍ਹਮ ਖੁਲ੍ਹਾ ਫਤਹ ਸਿੰਘ ਨੂੰ ਪਖੰਡੀ ਤੇ ਧੋਖੇਬਾਜ ਸਾਧ ਕਹਿ ਰਿਹਾ ਹੈ। ਹੋਰ, ਦਰਸ਼ਨ ਸਿੰਘ ਫੇਰੂਮਾਨ 'ਮੌਜੂਦਾ' ਅਕਾਲੀ ਜਨਸੰਗ ਦੇ ਗਠ-ਜੋੜ ਰਾਹੀ ਬਣਾਈ ਹੋਈ ਪੰਜਾਬ ਦੀ ਵਜ਼ਾਰਤ ਨੂੰ ਪੰਥ ਦੀ ਸਰਕਾਰ ਜਾਂ ਪੰਥ ਦਾ ਭਲਾ ਚਾਹੁਣ ਵਾਲੀ ਸਰਕਾਰ ਨਹੀਂ ਮੰਨਦਾ।" ਇਸ ਰਪਟ ਦੇ ਅਧਾਰ ਤੇ 12 ਅਤੇ 13 ਅਗਸਤ ਦੀ ਰਾਤ ਨੂੰ ਪੰਜਾਬ ਪੁਲਿਸ ਨੇ ਫੇਰੂਮਾਨ



ਨੂੰ ਪੰਜਾਬ ਸਕਿਊਰਟੀ ਐਕਟ ਅਧੀਨ ਗ੍ਰਿਫਤਾਰ ਕਰਕੇ ਅੰਮ੍ਰਿਤਸਾਰ ਜੇਲ ਵਿਚ ਸੁੱਟ ਦਿੱਤਾ ਸੀ। ਫੈਰੂਮਾਨ ਨੇ ਆਪਣੇ ਅਰਦਾਸੇ ਤੇ ਪੂਰਾ ਉਤਰਦਿਆਂ 15 ਅਗਸਤ ਨੂੰ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ ਸੀ। ਸੰਤ ਫਤਹ ਸਿੰਘ ਨੇ ਉਸਦੇ ਖਿਲਾਫ ਬਥੇਰਾ ਭੰਡੀ ਪ੍ਰਚਾਰ ਕੀਤਾ ਸੀ ਪਰੰਤੂ ਉਸਨੇ ਆਪਣਾ ਵਰਤ ਜਾਰੀ ਰੱਖਿਆ ਸੀ। ਸੰਤਬਰ ਦੇ ਤੀਜੇ ਹਫਤੇ ਮੁੱਖ ਮੰਤਰੀ ਗੁਰਨਾਮ ਸਿੰਘ ਦੇ ਦਖਲ ਨਾਲ ਫੇਰੂਮਾਨ ਆਪਣੇ ਸਰੀਰ ਦਾ ਦਾਹ ਸੰਸਕਾਰ ਅਕਾਲ ਤਖਤ ਸਾਹਿਬ ਤੇ ਬਣੇ ਅਗਨੀ ਕੁੰਡ ਵਿਚ ਕਰਵਾਉਣ ਦੀ ਬਿਜਾਏ ਆਪਣੇ ਪਿੰਡ ਫੇਰੂਮਾਨ ਵਿਚ ਕਰਵਾਉਣ ਲਈ ਮੰਨ ਗਏ। ਇਸੀ ਸਮੇਂ ਫੇਰੂਮਾਨ ਨੂੰ ਅਮ੍ਰਿਤਸਰ ਜੇਲ੍ਹ ਵਿਚੋਂ ਕੱਢ ਕੇ ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲ ਵਿਚ ਲਿਆਂਦਾ ਗਿਆ ਸੀ। ਇੱਥੇ ਵੀ ਉਹ ਪੁਲਿਸ ਦੀ ਕੜੀ ਨਿਗਰਾਨੀ ਵਿਚ ਹੀ ਰਹੇ ਸਨ। 25 ਅਕਤੂਬਰ ਨੂੰ ਉਹ ਬੜੇ ਕਮਜ਼ੋਰ ਹੋ ਗਏ ਸਨ। ਉਹਨਾਂ ਐਲਾਨ ਕੀਤਾ ਸੀ, "ਮੇਰੇ ਜਿਉਂਦੇ ਜੀ ਅਤੇ ਮੇਰੇ ਮਰਨ ਪਿੱਛੋਂ, ਕਿਸੇ ਹਾਲਤ ਵਿਚ ਵੀ, ਫਤਹ ਸਿੰਘ ਸਾਧ ਦਾ ਭਰੱਸ਼ਟ ਪਛਤਾਵਾ ਮੇਰੇ (ਦਰਸ਼ਨ ਸਿੰਘ ਜੀ ਦੇ) ਸਰੀਰ ਤੇ ਨਾ ਪੈਣ ਦਿੱਤਾ ਜਾਵੇ।" 27 ਅਕਤੂਬਰ ਨੂੰ ਸੰਤ ਫਤਹ ਸਿੰਘ ਆਪਣੇ ਬੰਦਿਆਂ ਸਮੇਤ ਫੁੱਲਾਂ ਦੀ ਟੋਕਰੀ ਲੈ ਕੇ ਹਸਪਤਾਲ ਵਿਚ ਮਰ ਰਹੇ ਫੇਰੂਮਾਨ ਨੂੰ ਝੂਠੀ ਸ਼ਰਧਾਂਜਲੀ ਦੇਣ ਗਿਆ ਸੀ। ਉਸ ਸਮੇਂ ਇਕ ਅਜੀਬ ਕੌਤਕ ਵਰਤ ਗਿਆ।"

"ਕੌਤਕ! ਉਹ ਕੀ?"

"ਜਦ ਸੰਤ ਫਤਹ ਸਿੰਘ ਨੇ ਫੈਰੂਮਾਨ ਦੇ ਕਮਰੇ ਵਿਚ ਪੈਰ ਰੱਖਿਆ ਐਨ ਉਸੀ ਵਕਤ ਸਾਰੇ ਸ਼ਹਿਰ ਦੀ ਬਿਜਲੀ ਬੰਦ ਹੋ ਗਈ ਸੀ। ਇਹ ਬਿਜਲੀ 8 ਘੰਟੇ ਬੰਦ ਰਹੀ ਸੀ। ਇਵੇਂ ਸ਼ਹੀਦ ਦੀ ਮੰਤਮ ਇੱਛਾ ਕਿ ਸੰਤ ਫਤਹ ਸਿੰਘ ਤੇ ਉਸਦੇ ਸਾਥੀਆ ਦਾ ਨਾਪਾਕ ਪਰਛਾਵਾਂ ਉਸ ਉਤੇ ਨਾ ਪਵੇ ਪੂਰੀ ਹੋਈ ਸੀ। 27 ਅਕਤੂਬਰ ਨੂੰ ਸ਼ਾਮ ਤਿੰਨ ਵਜੇ 74 ਦਿਨ ਦੇ ਆਖੰਡ ਮਰਨ ਵਰਤ ਤੋਂ ਬਾਦ ਦਰਸ਼ਨ ਸਿੰਘ ਫੇਰੂਮਾਨ ਪੂਰੇ ਹੋ ਗਏ ਸਨ। ਅੰਤਮ ਸੰਸਕਾਰ ਪਿੰਡ ਫੈਰੂਮਾਨ ਵਿਖੇ ਹੋਇਆ ਸੀ। ਸਾਹਿਬ ਜੀ, ਇਸ ਪ੍ਰਕਾਰ ਘਟੀਆ ਸਿਆਸਤ ਤੇ ਵਧੀਆ ਕਿਰਦਾਰ ਆਪਸ ਵਿਚ ਟਕਰਾਉਂਦੇ ਹੀ ਰਹੇ ਹਨ। ਇਹੀ ਦੁਖਾਂਤ ਅੱਜ ਦੇ ਪੰਜਾਬ ਦਾ ਏ।"

"ਡਾ. ਸਾਹਿਬ, ਅੱਜ ਤਾਂ ਤੁਸੀਂ ਕਾਫੀ ਸਮਾਂ ਲੰਮੀਆ ਵਿਚਾਰਾਂ ਵਿਚ ਲਾ ਦਿੱਤਾ। ਤੁਹਾਡੀ ਬੜੀ ਮਿਹਰਬਾਨੀ। ਤੁਸੀ ਹੁਣ ਚੱਲੋ। ਮੈਂ ਅਜੇ ਦਫਤਰ ਦੇ ਕੁੱਝ ਕੰਮ ਕਰਨੇ ਹਨ।"

"ਚੰਗਾ, ਸਰ।"

# ਲੋਹੇ ਦੀ ਪੇਟੀ

ਉਦੋਂ ਬੜੇ ਭਾਰੇ ਹੜ੍ਹ ਆਏ ਸਨ। ਜਿਸ ਦਿਨ ਹੜ੍ਹ ਆਏ ਸਨ ਉਸਤੋਂ ਇਕ ਦਿਨ ਪਹਿਲਾਂ ਵਜੀਦਪੁਰ ਪਿੰਡ ਦੇ ਲੋਕਾਂ ਨੇ ਹਲਕਾ ਜਿਹਾ ਮੀਂਹ ਪੈਣ ਕਾਰਨ ਗਰਮੀ ਦੀ ਤਪਸ਼ ਤੋਂ ਰਾਹਤ ਮਹਿਸੂਸ ਕੀਤੀ ਸੀ। ਮੀਂਹ ਦਾ ਇਹ ਛਰਾਟਾ ਬਾਸਮਤੀ ਦੀ ਫਸਲ ਲਈ ਬੜਾ ਹੀ ਸੁਖਾਵਾਂ ਤੇ ਲਾਹੇਵੰਦ ਸੀ।ਇਸ ਰਾਤ ਇਹ ਸੋਚ ਕੇ ਕਿਸਾਨ ਬੜੇ ਹੀ ਆਰਾਮ ਨਾਲ ਸੁੱਤੇ ਕਿ ਮੀਂਹ ਦੀ ਇਸ ਸਲ੍ਹਾਬ ਕਾਰਨ ਖੇਤਾਂ ਨੂੰ ਬੜੇ ਹੀ ਆਰਾਮ ਨਾਲ ਵਾਹਿਆ ਜਾ ਸਕੇਗਾ ਤੇ ਇਹਨਾਂ ਝੋਨਾ ਕੱਟੇ ਖੇਤਾਂ ਵਿਚ ਕਣਕ ਦੀ ਬੀਜਾਈ ਕਰ ਦਿੱਤੀ ਜਾਵੇਗੀ।

ਪਿੰਡ ਦੇ ਉੱਚੇ ਹਿੱਸੇ ਵਿਚ ਲੋਕ ਅਜੇ ਸੁੱਤੇ ਹੀ ਪਏ ਸਨ ਕਿ ਪਿੰਡ ਦੇ ਕੁਝ ਨੀਵੇਂ ਹਿੱਸਿਆਂ ਵਿਚ ਲੋਕਾਂ ਨੇ ਮਹਿਸੂਸ ਕੀਤਾ ਜਿਵੇਂ ਪਾਣੀ ਉਹਨਾਂ ਦੇ ਮੰਜਿਆਂ ਉੱਪਰ ਬਿਸਤਰਿਆਂ ਨੂੰ ਛੋਹ ਰਿਹਾ ਹੋਵੇ। ਜ਼ਿਆਦਾ ਮੀਂਹ ਉੱਪਰ ਪਿਆ ਸੀ। ਹੇਠਾਂ ਅਜੇ ਥੋੜ੍ਹਾ ਸਮਾਂ ਪਹਿਲਾਂ ਮੀਂਹ ਸ਼ੁਰੂ ਹੋਇਆ ਸੀ। ਪਾਣੀ ਇੰਨੀ ਤੇਜ਼ੀ ਨਾਲ ਉੱਚਾ ਉੱਠਦਾ ਜਾ ਰਿਹਾ ਸੀ ਕਿ ਲੋਕਾਂ ਨੇ ਜਾਗ ਖੁੱਲ੍ਹਦੇ ਸਾਰ ਹੀ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਸੀ: ਹੜ੍ਹ ਓਏ! ਹੜ੍ਹ ਓਏ!! ਦੌੜੋ! ਦੌੜੋ!! ਮਰ ਗਏ ਓ ਲੋਕੋ! ਡੁੱਬ ਗਏ ਓ ਲੋਕੋ!

ਬਚਨਾ ਇਸ ਪਿੰਡ ਦੇ ਨੀਵੇਂ ਹਿੱਸੇ ਵਿਚ ਰਹਿ ਰਿਹਾ ਇਕ ਮੱਧਵਰਗੀ ਕਿਸਾਨ ਸੀ। ਉਸਦਾ ਘਰ ਅਰਧ ਪੱਕਾ ਸੀ। ਉਸਦੇ ਨਾਲ ਲੱਗਦਾ ਮਾਰਖੁੰਢਿਆਂ ਦੇ ਭੂਰੇ ਹੁਰਾਂ ਦਾ ਘਰ ਬੜਾ ਮਜਬੂਤ ਸੀ ਤੇ ਨਵਾਂ ਬਣਿਆ ਹੋਇਆ ਸੀ। ਭੂਰੇ ਹੁਰਾਂ ਦੀ ਆਦਤ ਵੈਸੇ ਵੀ ਲੋਕਾਂ ਨੂੰ ਤੰਗ ਕਰਨ ਦੀ ਹੁੰਦੀ ਸੀ। ਉਹ ਲੋਕਾਂ ਦੀਆਂ ਚੀਜਾਂ ਚੋਰੀ ਵੀ ਕਰ ਲਿਆ ਕਰਦੇ ਸਨ। ਇਕ ਵਾਰ ਭੂਰੇ ਹੋਰਾਂ ਬਚਨੇ ਦੇ ਤੰਗੜ ਚੋਰੀ ਕਰ ਲਏ। ਪੰਚਾਇਤ ਦਾ ਇਕੱਠ ਹੋਇਆ ਸੀ ਤੇ ਤੰਗੜ ਮਸਾਂ ਲੱਭੇ ਸਨ। ਭੂਰੇ ਹੋਰੀਂ ਇਕ ਵਾਰ ਖੂਨੀਆਂ ਦੇ ਟੱਬਰ ਦੇ ਖੇਤਾਂ ਵਿਚੋਂ ੩੦-੪੦ ਹਲਵਾ ਕੱਦੂ ਤੋੜ ਲਏ ਸਨ। ਇਹ ਕੱਦੂ ਉਦੋਂ ਲੋਕ ਘਰ ਦੀ ਪੜਛੱਤੀ ਤੇ ਰੱਖ ਲਿਆ ਕਰਦੇ ਸਨ। ਜਦੋਂ ਝੋਨਾ ਲਗਾਉਣ ਦਾ ਸਮਾਂ ਆਉਂਦਾ ਸੀ ਤਾਂ ਉਹ ਇਹਨਾਂ ਕੱਦੂਆਂ ਦੀ ਸਬਜ਼ੀ ਬਣਾ ਕੇ ਲਾਵਿਆਂ ਦੇ ਡੰਗ ਸਾਰ ਦਿਆਂ ਕਰਦੇ ਸਨ।



ਹੜ੍ਹ ਦਾ ਪਾਣੀ ਆਉਣ ਨਾਲ ਬਚਨਾ ਬਹੁਤ ਡਰ ਗਿਆ। ਉਸਨੇ ਜਿੰਨਾ ਹੋ ਸਕਿਆ ਸਮਾਨ ਆਪਣੀ ਰੇਹੜੀ ਤੇ ਲੱਦ ਲਿਆ। ਬਲ਼ਦ ਉਸਨੇ ਪਹਿਲਾਂ ਹੀ ਘਰ ਦੇ ਨਾਲ ਲੱਗਦੇ ਉੱਚੇ ਥਾਂ ਬੰਨ੍ਹੇ ਹੋਏ ਸਨ। ਮਸਲਾ ਇਕ ਵੱਡੀ ਪੇਟੀ ਦਾ ਸੀ। ਬਚਨੇ ਅਤੇ ਉਸਦੀ ਤੀਵੀਂ ਨੇ ਇਹ ਲੋਹੇ ਦੀ ਪੇਟੀ ਪੱਠੇ ਕੁਤਰਨ ਵਾਲੀ ਗੇੜੀ ਨਾਲ ਸੰਗਲ ਲਾ ਕੇ ਬੰਨ੍ਹ ਦਿੱਤੀ। ਬਚਨੇ ਨੂੰ ਮੀਦ ਸੀ ਕਿ ਘਰਾਂ ਵਿਚ ਵੜਿਆ ਪਾਣੀ ਇਕ ਦੋ ਦਿਨ ਵਿਚ ਉੱਤਰ ਜਾਵੇਗਾ ਤੇ ਉਹ ਆਪਣੀ ਬਹੁਮੁੱਲੀ ਪੇਟੀ ਵਾਪਸ ਆ ਕੇ ਸੰਭਾਲ ਲਵੇਗਾ। ਘਰ ਨੇੜਲੀ ਸੜਕ ਉੱਪਰ ਨੂੰ ਅਰਧ ਪਹਾੜੀ ਇਲਾਕੇ ਵਲ ਨੂੰ ਜਾਂਦੀ ਸੀ ਤੇ ਅੱਗੇ ਇਹ ਸੜਕ ਬਚਨੇ ਦੇ ਸੁਹਰੇ ਪਿੰਡ ਨੂੰ ਚਲੀ ਜਾਂਦੀ ਸੀ। ਬਚਨੇ ਦਾ ਸੁਹਰਾ ਪਿੰਡ ਉੱਪਰ ਉੱਚੀ ਥਾਂ ਤੇ ਸੁਰੱਖਿਅਤ ਸੀ।

ਜਿਸ ਸਮੇਂ ਬਚਨੇ ਤੇ ਉਸਦੀ ਘਰਵਾਲੀ ਨੇ ਪੇਟੀ ਨੂੰ ਜਿੰਦਰੇ ਨਾਲ ਚਾਰਾ ਕੁਤਰਨ ਵਾਲੀ ਮਸ਼ੀਨ ਨਾਲ ਬੰਨ੍ਹਿਆ ਉਸ ਸਮੇਂ ਭੂਰੇ ਹੋਰੀਂ ਉਸਨੂੰ ਆਪਣੇ ਅਹਾਤੇ ਦੀ ਬਿਰਲ ਵਿਚੋਂ ਦੇਖ ਰਹੇ ਸੀ। ਭੂਰੇ ਹੋਰੀਂ ਸੋਚਦੇ ਸਨ ਕਿ ਪਾਣੀ ਦਾ ਪਹਿਲਾ ਉਛਾਲਾ ਥੋੜ੍ਹੇ ਚਿਰ ਲਈ ਹੈ। ਇਸ ਲਈ ਬਚਨੇ ਦੇ ਅੰਦਰ ਵੜ੍ਹ ਕੇ ਸੰਗਲ ਤੋੜ ਕੇ ਬਚਨੇ ਦੀ ਪੇਟੀ ਨੂੰ ਕਾਬੂ ਕਰ ਲਿਆ ਜਾਵੇ। ਉਹਨਾਂ ਨੇ ਲੋਹਾ ਕੱਟਣ ਵਾਲੇ ਔਜ਼ਾਰ ਆਪਣੇ ਘਰ ਦੇ ਪਿਛਵਾੜਿਓਂ ਛੱਪੜ ਦੇ ਕੰਡਿਓਂ ਆਪਣੇ ਇਕ ਕਮਰੇ ਵਿਚੋਂ ਚੁੱਕੇ ਤੇ ਬਚਨੇ ਦੇ ਵਾੜੇ ਵਿਚ ਜਾ ਵੜੇ। ਉਹ ਇਕ ਦੂਜੇ ਨੂੰ ਹੱਲਾਸ਼ੇਰੀ ਦੇ ਕੇ ਸੰਗਲ ਨੂੰ ਤੋੜਨ ਦੀ ਕੋਸ਼ਿਸ ਕਰ ਹੇ ਸਨ ਕਿ ਉੱਪਰੋਂ ਪਾਣੀ ਦੀ ਇਕ ਬਹੁਤ ਹੀ ਵੱਡੀ ਛੱਲ ਆਈ ਜੋ ਦੋਹਾਂ ਭਰਾਵਾਂ ਨੂੰ ਹੜ੍ਹਾ ਕੇ ਲੈ ਗਈ। ਪਾਣੀ ਇੰਨਾ ਆਇਆ ਕਿ ਪਿੰਡ ਦਾ ਨੀਵਾਂ ਹਿੱਸਾ ਪਾਣੀ ਨਾਲ ਭਰ ਗਿਆ। ਪਿੰਡ ਦਾ ਇਕ ਪਾਸੇ ਦਾ ਉੱਚਾ ਹਿੱਸਾ ਬਿਲਕੁਲ ਸੁਰੱਖਿਅਤ ਸੀ। ਕੁਝ ਲੋਕ ਵੀ ਆਪਣੇ ਨੀਵੇਂ ਘਰਾਂ ਚੋਂ ਉੱਪਰ ਨੂੰ ਚੜ੍ਹਨ ਵਿਚ ਕਾਮਯਾਬ ਹੋ ਗਏ ਸਨ। ਪਿੰਡ ਦੇ ਨੀਵੇਂ ਪਾਸੇ ਬੈਠੇ ਗੱਡੀਆਂ ਵਾਲੇ ਜਾਨੀ ਨੁਕਸਾਨ ਤੋਂ ਤਾਂ ਬਚ ਗਏ ਪਰ ਚੀਜਾਂ ਵਸਤਾਂ ਉਹਨਾਂ ਦੀਆਂ ਵੀ ਹੜ੍ਹ ਗਈਆਂ ਸਨ। ਜਦ ਚਾਰ ਪੰਜ ਦਿਨਾਂ ਬਾਦ ਵਰਖਾ ਘਟੀ ਤਾਂ ਹੜ੍ਹ ਉੱਤਰ ਗਏ। ਸਮਾਜ ਸੇਵੀ ਸੰਸਥਾਵਾਂ ਰਾਹਤ ਦਾ ਸਮਾਨ ਲੈ ਕੇ ਪਹੁੰਚ ਗਈਆਂ। ਲੋਕਾਂ ਨੇ ਤੇ ਇਹਨਾਂ ਸਮਾਜਸੇਵੀਆਂ ਨੇ ਦੇਖਿਆ ਕਿ ਭੂਰੇ ਹੁਰਾਂ ਦੀਆਂ ਲਾਸ਼ਾਂ ਪਾਣੀ ਉੱਪਰ ਤੈਰ ਰਹੀਆਂ ਸਨ। ਪੁਲਿਸ ਨੇ ਆਕੇ ਇਹ ਲਾਸ਼ਾਂ ਬਾਹਰ ਕਢਵਾਈਆਂ ਤੇ ਇਹਨਾਂ ਦਾ ਦਾਹ ਸੰਸਕਾਰ ਕਰਵਾਇਆ। ਪੁਲਿਸ, ਸਮਾਜ ਸੇਵੀ ਇਕਾਈਆਂ ਤੇ ਲੋਕਾਂ ਨੂੰ ਕੋਈ ਬਹੁਤੀ ਹੈਰਾਨੀ ਨਾ ਹੋਈ ਕਿ ਨੇੜੇ ਰਹਿੰਦੇ ਭੂਰੇ ਹੋਰੀਂ ਇਧਰ ਉੱਧਰ ਨੂੰ ਕਿਵੇਂ ਆਏ ਤੇ ਇਥੇ ਆ ਕੇ ਡੁੱਬ ਗਏ। ਉਦੋਂ ਹੜਾਂ ਨਾਲ ਕਾਫੀ ਜਾਨੀ ਤੇ ਮਾਲੀ ਨੁਕਸਾਨ ਹੋਇਆ ਸੀ।

ਬਚਨਾ ਤੇ ਉਸਦੀ ਘਰਵਾਲੀ ਹੜ੍ਹ ਦੇ ਠੱਲ੍ਹਣ ਤੋਂ ਬਾਦ ਵਾਪਿਸ ਆਪਣਾ ਘਰ ਦੇਖਣ ਆਏ। ਉਹਨਾਂ ਨੂੰ ਬਹੁਤਾ ਫਿਕਰ ਆਪਣੀ ਪੇਟੀ ਦਾ ਸੀ ਜਿਸ ਵਿਚ ਉਹਨਾਂ ਨੇ ਆਪਣੇ ਗਹਿਣੇ ਅਤੇ ਪੈਸੇ ਪਲਾਸਟਿਕ ਦੇ ਮੋਟੇ ਲਫਾਫਿਆਂ ਵਿਚ ਪਾ ਕੇ ਸੰਭਾਲੇ ਹੋਏ ਸਨ। ਮੋਦੀ ਸਰਕਾਰ ਦੀ ਨੋਟਬੰਦੀ ਪਾਲਿਸੀ ਤੋਂ ਬਾਅਦ ਉਹ ਆਪਣੇ ਪੈਸੇ ਘਰ ਹੀ ਰੱਖਣ ਲੱਗ ਪਏ ਸਨ। ਨੋਟਬੰਦੀ ਨੇ ਲੋਕਾਂ ਨੂੰ ਇੰਨਾ ਖੱਜਲ ਖੁਆਰ ਕੀਤਾ ਸੀ ਕਿ ਲੋਕਾਂ ਦੇ ਮਨਾਂ ਵਿਚ ਬੈਕਾਂ ਵੀ ਸ਼ੱਕੀ ਬਣਦੀਆਂ ਜਾ ਰਹੀਆਂ ਸਨ। ਜਦ ਉਹ ਆਪਣੇ ਘਰ ਹੜ੍ਹ ਵਾਲੀ ਥਾਂ ਤੇ ਪਹੁੰਚੇ ਤਾਂ ਉਹਨਾਂ ਨੂੰ ਆਪਣੀ ਪੇਟੀ ਕਿਧਰੇ ਵੀ ਦਿਖਾਈ ਨਾ ਦਿੱਤੀ। ਉਹਨਾਂ ਦੇ ਮਨ ਵਿਚ ਉੱਕਾ ਹੀ ਸ਼ੱਕ ਨਹੀਂ ਸੀ ਕਿ ਨੇੜੇ ਰਹਿੰਦੇ ਭੂਰੇ ਹੋਰੀਂ ਕੋਈ ਕਾਰਾ ਕੀਤਾ ਹੋਵੇਗਾ ਪਰ ਹੈਰਾਨੀ ਇਹ ਸੀ ਕਿ ਉਹ ਹੜ੍ਹ ਵਿਚ ਖੁਦ ਹੀ ਡੁੱਬ ਗਏ ਸਨ। ਕੋਈ ਹੋਰ ਬੰਦਾ ਦੂਰੋਂ ਆ ਕੇ ਚੋਰੀ ਕਰਦਾ ਇਹ ਅਸੰਭਵ ਸੀ ਕਿਉਂਕਿ ਪਾਣੀ ਬਹੁਤ ਜਲਦੀ ਵਧ ਗਿਆ ਸੀ। ਪੇਟੀ ਕਿੱਧਰ ਗਈ: ਇਹ ਬਚਨੇ ਵਾਸਤੇ ਇਕ ਬੁਝਾਰਤ ਬਣ ਗਈ ਸੀ।

ਦੋ ਕੁ ਮਹੀਨੇ ਬਾਦ ਸੂਬੇ ਦੀ ਸਰਕਾਰ ਬਦਲ ਗਈ। ਨਵੀਂ ਬਣੀ ਸਰਕਾਰ ਬੜੀ ਹੀ ਇਮਾਨਦਾਰ ਸਿਆਸੀ ਪਾਰਟੀ ਦੀ ਸੀ। ਇਹ ਸਰਕਾਰ ਲੋਕਾਂ ਵਿਚ ਆਪਣੀ ਸਾਖ ਕਾਇਮ ਕਰਨ ਲਈ ਸਾਰਾ ਜ਼ੋਰ ਲਗਾ ਰਹੀ ਸੀ। ਸਰਕਾਰ ਨਵੀਆਂ ਨਵੀਆਂ ਸਕੀਮਾਂ ਲੋਕਾਂ ਅੱਗੇ ਰੱਖ ਕੇ ਉਹਨਾਂ ਨੂੰ ਅਮਲੀ ਜਾਮਾ ਪਹਿਨਾ ਰਹੀ ਸੀ। ਹੜ੍ਹਾਂ ਵਿਚ ਲੋਕਾਂ ਦੀਆਂ ਫਸ਼ਲਾਂ ਤਬਾਹ ਹੋ ਗਈਆਂ ਸਨ, ਕਈਆਂ ਦੇ ਘਰ ਢਹਿ ਗਏ ਸਨ। ਜ਼ਮੀਨ ਵਿਚ ਵੱਡੇ ਵਡੇ ਪਾੜ ਪੈ ਗਏ ਸਨ ਤੇ ਕਈ ਪਸ਼ੂ ਮਰ ਗਏ ਸਨ। ਪਿੰਡ ਦੇ ਲਾਗੇ ਬੈਠੇ ਗੱਡੀਆਂ ਵਾਲਿਆਂ ਦਾ ਸਭ ਕੁਝ ਹੜ੍ਹ ਗਿਆ ਸੀ। ਉਹ ਖੁਦ ਉੱਪਰ ਨੂੰ ਉੱਚੇ ਪਾਸੇ ਵਲ ਨੂੰ ਚਲੇ ਗਏ ਸਨ। ਉਨਾਂ ਦੇ ਇਕ ਪਰਿਵਾਰ ਨੇ ਆਪਣੇ ਇਕ ਵੱਡੇ ਪੇਟੀਨੁਮਾ ਟਰੰਕ ਹੜ੍ਹ ਜਾਣ ਦਾ ਵੇਰਵਾ ਪੰਚਾਇਤ ਨੂੰ ਦਿੱਤਾ ਸੀ। ਕੁਝ ਸਮਾਂ ਗੱਡੀਆਂ ਵਾਲਿਆਂ ਨੂੰ ਪਿੰਡ ਦੇ ਪੰਚਾਇਤ ਘਰ ਵਿਚ ਠਹਿਰਾਇਆ ਗਿਆ ਸੀ। ਬਚਨੇ ਦੇ ਤਿੰਨ ਨੁਕਸਾਨ ਹੋਏ ਸਨ: ਫਸਲ ਦਾ, ਮਕਾਨ ਢਹਿਣ ਦਾ ਤੇ ਸਮਾਨ ਡੁੱਬ ਜਾਣ ਦਾ। ਉਸਦੇ ਵੇਰਵੇ ਨਾਲ ਹੁਣ ਇਹ ਸਬੂਤ ਵੀ ਸੀ ਕਿ ਦੋ ਬੰਦੇ ਉਸਦੇ ਸਮਾਨ ਨੂੰ ਚੋਰੀ ਕਰਨ ਉਸਦੇ ਘਰ ਅੰਦਰ ਗਏ ਸਨ ਜਿਹਨਾਂ ਦੀਆਂ ਉਸ ਸਮੇਂ ਲਾਸ਼ਾਂ ਵੀ ਮਿਲ ਗਈਆਂ ਸਨ। ਲੋਕਾਂ ਨੂੰ ਧੜਾ ਧੜ ਮੁਆਵਜ਼ੇ ਮਿਲ ਰਹੇ ਸਨ। ਸਰਪੰਚ ਬੜ੍ਹਾ ਹੀ ਇਮਾਨਦਾਰ ਸੀ। ਹਲਕੇ ਦਾ ਐਮ.ਐਲ.ਏ. ਵੀ ਬੜਾ ਹੀ ਚੰਗਾ ਸੀ। ਮੁੱਖ ਮੰਤਰੀ ਸਿਰੇ ਦਾ ਇਮਾਨਦਾਰ ਤੇ ਲੋਕ ਪੱਖੀ ਬੰਦਾ ਸੀ। ਆਪ ਘੁੰਮ ਕੇ ਸਭ ਪ੍ਰਾਜੈਕਟਾਂ ਦੀ ਪੈਰਵਹੀ ਕਰਦਾ ਸੀ। ਨਿਆਂ ਨੂੰ ਲੰਮਾ



ਨਹੀਂ ਸੀ ਪੈਣ ਦੇ ਰਿਹਾ। ਬਹੁਤੇ ਫੈਸਲੇ ਦਰਬਾਰ ਲਗਾ ਕੇ ਬੜੀ ਜਲਦੀ ਕਰੀ ਜਾ ਰਿਹਾ ਸੀ।

ਕੁਝ ਦਿਨਾਂ ਬਾਦ ਪੰਚਾਇਤ ਪਾਸ ਇਕ ਖਬਰ ਪੁੱਜੀ।

"ਰਾਮਗਲੋਲੀਆਂ ਦੇ ਘਰ ਦੇ ਪਿਛਵਾੜੇ ਇਕ ਪੇਟੀ ਪਈ ਏ। ਇਹ ਓਹੀ ਲੱਗਦੀ ਏ ਜਿਸਦੀ ਰਿਪੋਰਟ ਤੁਹਾਡੇ ਪਾਸ ਦਰਜ ਕਰਵਾਈ ਗਈ ਸੀ," ਮਹਿਰੂਆਂ ਦੇ ਘੋਲੇ ਨੇ ਇਹ ਗੱਲ ਸਰਪੰਚ ਦੇ ਕੰਨੀਂ ਪਾਈ।

ਸਰਪੰਚ ਨੇ ਬਾਕੀ ਮੈਂਬਰਾਂ ਨੂੰ ਨਾਲ ਲੈ ਕੇ ਇਸ ਕਣਸੋਅ ਤੋਂ ਜਾਣੂ ਹੋਣ ਦੀ ਕੋਸ਼ਿਸ਼ ਕੀਤੀ।

ਰਾਮਗਲੋਲੀਆਂ ਦੇ ਘਰ ਦੇ ਪਿਛਵਾੜੇ ਇਕ ਗੱਡੀਆਂ ਵਾਲੇ ਨੂੰ ਤਰੀਕੇ ਨਾਲ ਲਿਜਾਇਆ ਗਿਆ। ਇਸ ਗੱਡੀਆਂ ਵਾਲੇ ਨੇ ਇਹ ਪੇਟੀ ਪਹਿਚਾਣ ਲਈ। ਫਿਰ ਸਰਪੰਚ ਨੇ ਰਾਮਗਲੋਲੀਆਂ ਦੇ ਹਿੰਮਤ ਸਿੰਘ ਨਾਲ ਗੱਲ ਕੀਤੀ।

"ਬਾਈ ਸਿੰਹਾਂ, ਗੁੱਸਾ ਨਾ ਕਰੀਂ। ਇਕ ਗੱਲ ਕਰਨੀ ਏ," ਸਰਪੰਚ ਕਹਿਣ ਲੱਗਾ।

"ਸਰਪੰਚਾ ਗੁੱਸਾ ਕਾਹਦਾ? ਦੱਸ ਕੀ ਗੱਲ ਏ।"

"ਇਕ ਵੱਡਾ ਟਰੰਕ ਤੁਹਾਡੇ ਪਿਛਵਾੜੇ ਪਿਆ ਏ। ਇਹ ਕੀਹਦਾ ਏ।?"

"ਪਤਾ ਨਹੀਂ ਕੀਹਦਾ ਏ। ਹੜ੍ਹ ਵਿਚ ਕਿਤੇ ਰੁਲਦਾ ਖੁਲਦਾ ਦੇਖਿਆ ਸੀ। ਮੇਰੇ ਮੁੰਡੇ ਨੇ ਸੋਚਿਆ ਮੱਝ ਨੂੰ ਪੱਠੇ ਪਾਉਣ ਲਈ ਖੁਰਲੀ ਦੇ ਤੌਰ ਤੇ ਵਰਤਾਂਗੇ। ਬੱਸ ਐਵੇਂ ਹੀ ਘਰ ਨੂੰ ਚੁੱਕ ਲਿਆਇਆ। ਕੀ ਗੱਲ ਚਾਹੀਦਾ ਏ?"

"ਹਿੰਮਤ ਬਾਈ, ਗੱਲ ਇਵੇਂ ਐ। ਇਹ ਟਰੰਕ ਗੱਡੀਆਂ ਵਾਲਿਆਂ ਦਾ ਏ। ਉਹ ਵਿਚਾਰੇ ਲੱਭ ਰਹੇ ਨੇ ਤੇ ਉਹਨਾਂ ਨੇ ਇਹਦੀ ਰਿਪੋਰਟ ਵੀ ਸਾਡੇ ਪਾਸ ਦਰਜ ਕਰਾ ਰੱਖੀ ਏ।"

"ਕੋਈ ਗੱਲ ਨਹੀਂ ਸਰਪੰਚਾ, ਚੁੱਕ ਕੇ ਲੈ ਜਾਓ, ਅਸੀਂ ਕੀ ਕਰਨਾ ਏ? ਸਾਡਾ ਮੁੰਡਾ ਤਾਂ ਐਵੇਂ ਖਿੱਚ ਲਿਆਇਆ ਸੀ।"

ਸਰਕਾਰ ਨੇ ਹੜ੍ਹ ਦੀ ਰਾਹਤ ਦੇਣ ਦੇ ਨਾਲ ਨਾਲ ਦੂਜਾ ਕੰਮ ਸੜਕਾਂ ਦੀ ਮੁਰੰਮਤ ਦਾ ਸ਼ੁਰੂ ਕੀਤਾ ਹੋਇਆ ਸੀ। ਸੜਕਾਂ ਵਿਚ ਪਏ ਪਾੜ ਠੀਕ ਕੀਤੇ ਜਾ ਰਹੇ ਸਨ। ਕੁਝ ਦਿਨਾਂ ਬਾਦ ਸਕਾਰ ਦੀ ਇਕ ਨਵੀਂ ਸਕੀਮ ਆ ਗਈ ਸੀ। ਇਹ ਪ੍ਰਾਜੈਕਟ ਸੀ ਪਿੰਡਾਂ ਦੇ ਛੱਪੜਾਂ ਦੇ ਨਵੀਨੀਕਰਨ ਦਾ। ਛੱਪੜਾਂ ਦੀ ਗਾਰ ਕੱਢ ਕੇ ਉਹਨਾਂ ਦਾ ਕੁਝ ਹਿੱਸਾ ਪੱਕਾ ਕੀਤਾ ਜਾਣਾ ਸੀ। ਇਹ ਵਾਤਾਵਰਨ ਦੀ ਸੰਭਾਲ ਵਲ ਇਕ ਠੋਸ ਕਦਮ ਸੀ। ਛੱਪੜਾਂ ਦੁਆਲੇ ਇੱਟਾਂ ਦੇ ਅੰਬਾਰ ਲੱਗਣੇ ਸ਼ੁਰੂ ਹੋ ਗਏ ਸਨ। ਵੱਡੀਆਂ ਵੱਡੀਆਂ ਕਰੇਨਾਂ ਤੇ ਮਸ਼ੀਨਾਂ ਵੀ ਆ ਗਈਆਂ ਸਨ। ਹਰ ਪਿੰਡ

ਵਿਚ ਐਮ.ਐਲ.ਏ. ਸਾਹਿਬ ਜਾਂਦੇ ਸਨ ਤੇ ਛੱਪੜ ਦਾ ਕੰਮ ਸ਼ੁਰੁ ਕਰਵਾ ਆਉਂਦੇ ਸਨ। ਵਜੀਦਪੁਰ ਵਿਚ ਵੀ ਕੰਮ ਸ਼ੁਰੂ ਹੋ ਗਿਆ ਸੀ। ਜਿਸ ਦਿਨ ਕੰਮ ਚਲਦੇ ਨੂੰ ਤਿੰਨ ਦਿਨ ਹੋ ਗਏ ਤਾਂ ਛੱਪੜ ਵਿਚੋਂ ਇਕ ਪੇਟੀ ਨਿਕਲੀ। ਭੂਰੇ ਦੇ ਮੁੰਡੇ ਗੇਜੇ ਨੇ ਪੇਟੀ ਤੇ ਆਪਣੀ ਮਾਲਕੀਅਤ ਜ਼ਾਹਰ ਕੀਤੀ। ਉਸ ਨੇ ਕਿਹਾ ਕਿ ਇਸ ਪੇਟੀ ਨੂੰ ਬਚਾਉਂਦੇ ਬਚਾਉਂਦੇ ਉਸਦਾ ਬਾਪੂ, ਭਰਾ ਤੇ ਚਾਚਾ ਹੜ੍ਹ ਵਿਚ ਹੜ੍ਹ ਗਏ। ਗੇਜੇ ਨੇ ਅੱਗੇ ਕਿਹਾ ਕਿ ਉਹ ਪਿੰਡ ਵਿਚ ਇਕੱਠ ਸਮੇਂ ਐਮ.ਐਲ.ਏ. ਦੀ ਹਾਜਰੀ ਵਿਚ ਇਸ ਪੇਟੀ ਉੱਤੇ ਆਪਣੀ ਮਾਲਕੀਅਤ ਦਾ ਇਜ਼ਹਾਰ ਕਰੇਗਾ।

ਥੋੜ੍ਹੇ ਦਿਨਾਂ ਬਾਦ ਪਿੰਡ ਦੀ ਚੌਪਾਲ ਤੇ ਪੰਚਾਇਤ ਤੇ ਲੋਕਾਂ ਦਾ ਆਮ ਇਕੱਠ ਹੋਇਆ। ਛੱਪੜ ਚੋਂ ਮਿਲੀਆਂ ਚੀਜਾਂ ਵਸਤਾਂ ਬਾਰੇ ਲੋਕਾਂ ਨਾਲ ਵਿਚਾਰ ਕਰਕੇ ਉਹਨਾਂ ਨੂੰ ਵਾਪਸ ਦਿਵਾਉਣੀਆਂ ਸਨ। ਜੇ ਕਿਸੇ ਚੀਜ ਦੀ ਮਾਲਕੀ ਦਾ ਪਤਾ ਨਾ ਲੱਗੇ ਤਾਂ ਉਹ ਨੀਲਾਮ ਕਰ ਦਿੱਤੀ ਜਾਣ ਦੀ ਗੱਲ ਚੱਲੀ। ਸਭ ਤੋਂ ਪਹਿਲਾਂ ਇਕ ਟਾਹਲੀ ਦੀ ਕਾਲੀ ਸਿਆਹ ਲੱਕੜੀ ਦੀ ਗੱਲ ਚੱਲੀ। ਬਰੀਕੀ ਨਾਲ ਛਾਣ ਬੀਣ ਕਰਨ ਤੋਂ ਬਾਦ ਪਤਾ ਲੱਗ ਗਿਆ ਕਿ ਇਹ ਭਾਨੀਮਾਰਾਂ ਦੇ ਫੱਕਰ ਹੋਰਾਂ ਦੀ ਸੀ। ਇਹ ਮੋਛਾ ਵੀ ਕਿਸੇ ਸਮੇਂ ਦਾ ਹੜ੍ਹ ਕੇ ਛੱਪੜ ਦੇ ਪਾਣੀ ਵਿਚ ਹੀ ਗੁਆਚ ਚੁੱਕਾ ਸੀ। ਕਾਲਾ ਸਿਆਹ ਹੋਣ ਕਰਕੇ ਇਹ ਬਹੁਤ ਭਾਰਾ ਸੀ ਤੇ ਇਹ ਪਾਣੀ ਉੱਪਰ ਨਹੀਂ ਤਰਿਆ ਸੀ। ਅੱਕ ਦੇ ਬੂਟਿਆਂ ਵਿਚ ਫਸ ਕੇ ਗਾਰ ਹੇਠਾਂ ਹੀ ਦੱਬ ਹੋ ਗਿਆ ਸੀ। ਫੱਕਰ ਨੂੰ ਇਹ ਗੁਆਚੀ ਹੋਈ ਮਹਿੰਗੀ ਲੱਕੜੀ ਵਾਪਸ ਮਿਲ ਗਈ-- ਉਹ ਬੜਾ ਖੁਸ਼ ਹੋਇਆ। ਦੂਜੀ ਵੱਡੀ ਪ੍ਰਾਪਤੀ ਲੋਹੇ ਦੀ ਪੇਟੀ ਸੀ। ਇਹਦੇ ਤੇ ਬਚਨਾ ਤੇ ਗੇਜਾ ਦੋਨੋਂ ਮਾਲਕੀ ਜਿਤਾ ਰਹੇ ਸਨ। ਫੈਸਲਾ ਕਰਨਾ ਔਖਾ ਸੀ।

"ਮੇਰਾ ਬਾਪ ਤੇ ਚਾਚਾ ਇਸ ਪੇਟੀ ਨੂੰ ਬਚਾਉਂਦੇ ਬਚਾਉਂਦੇ ਆਪ ਮਾਰੇ ਗਏ", ਗੇਜੇ ਨੇ ਭਰੀ ਸਭਾ ਵਿਚ ਕਿਹਾ, "ਪੇਟੀ ਸਾਡੀ ਏ। ਇਹ ਸਾਨੂੰ ਦਿੱਤੀ ਜਾਵੇ।" ਬਚਨਾ ਚੱਕਰ ਵਿਚ ਪੈ ਗਿਆ। ਉਹ ਇਸ ਉੱਤੇ ਆਪਣੀ ਮਾਲਕੀ ਕਿਵੇਂ ਸਿੱਧ ਕਰੇ?

"ਗੇਜੇ, ਤੈਨੂੰ ਪਤਾ ਏ ਕਿ ਇਸ ਪੇਟੀ ਵਿਚ ਕੀ ਏ? ਜੇ ਤੂੰ ਦੱਸੋ ਦੇਵੇਂ ਤਾਂ ਅਸੀਂ ਖੋਲ੍ਹ ਕੇ ਦੇਖ ਲਵਾਂਗੇ। ਜੇ ਤੇਰੀਆਂ ਦੱਸੀਆਂ ਦੋ ਚੀਜ਼ਾਂ ਵੀ ਵਿਚ ਹੋਣ ਤਾਂ ਇਹ ਤੈਨੂੰ ਮਿਲ ਜਾਵੇਗੀ," ਸਰਪੰਚ ਨੇ ਅਸਲੀਅਤ ਜਾਨਣ ਲਈ ਇਹ ਸਵਾਲ ਪਾ ਦਿੱਤਾ।

"ਇਸ ਵਿਚ ਜੋ ਕੁਝ ਵੀ ਹੈ ਉਹ ਮੈਂ ਤਾਂ ਪਾਇਆ ਹੀ ਨਹੀਂ। ਉਹ ਤਾਂ ਮੇਰੇ ਘਰਦਿਆਂ ਨੇ ਪਾਇਆ ਹੋਊ। ਮੈਂ ਕਿਵੇਂ ਦੱਸ ਸਕਦਾ ਹਾਂ ਕਿ ਇਸ ਵਿਚ ਕੀ ਏ?" ਗੇਜਾ ਬੋਲਿਆ।



"ਤੇਰੇ ਘਰ ਦਾ ਕੋਈ ਦੱਸ ਦੇਵੇ?" ਸਰਪੰਚ ਕਹਿਣ ਲੱਗਾ।

ਗੇਜਾ ਅਜੇ ਚੁੱਪ ਹੀ ਸੀ।

"ਮੈਂ ਦੱਸ ਦਿੰਦੀ ਹਾਂ?" ਇਕਦਮ ਬਚਨੇ ਦੇ ਘਰਵਾਲੀ ਬੋਲ ਪਈ। ਸਾਰਿਆਂ ਦੇ ਕੰਨ ਖੜ੍ਹੇ ਹੋ ਗਏ। ਜ਼ਾਹਰ ਹੋ ਗਿਆ ਕਿ ਇਹ ਬਚਨੇ ਦੀ ਹੀ ਏ। ਬਚਨੇ ਹੋਰੀਂ ਮੋਟਾ ਮੋਟਾ ਦੱਸ ਦਿੱਤਾ ਕਿ ਇਸ ਵਿਚ ਕੀ ਏ? ਇਸ ਪ੍ਰਕਾਰ ਇਹ ਪੇਟੀ ਉਹਨਾਂ ਨੂੰ ਦੇ ਦਿੱਤੀ ਗਈ। ਉਹ ਆਪਣੀ ਗੁਆਚੀ ਬਹੁਮੁੱਲੀ ਚੀਜ਼ ਪ੍ਰਾਪਤ ਕਰਕੇ ਬੜੇ ਖੁਸ਼ ਹੋਏ।

| |
|---|
| ਉਤੱਰੀ ਭਾਰਤ ਵਿੱਚ ਅਗਸਤ 2023 ਦੇ ਭਾਰੇ ਹੜ੍ਹਾਂ ਦੇ ਮੱਦੇਨਜ਼ਰ |

*****

# ਵਖਤਾਂ ਮਾਰੇ

ਮੈਂ ਉਸ ਦਿਨ ਕੇ ਮਾਰਟ ਦੀ ਪਾਰਕਿੰਗ ਵਿਚ ਗੱਡੀ ਲਗਾਈ ਹੀ ਸੀ ਕਿ ਮੈਨੂੰ ਮੇਰੇ ਇਕ ਵਾਕਫ ਦਾ ਫੋਨ ਆ ਗਿਆ।

"ਕੀ ਹਾਲ ਏ? ਕਿੱਥੇ ਹੋ?"

"ਮੈਂ ਇਸ ਸਮੇਂ ਕੇ ਮਾਰਟ ਦੇ ਪਾਰਕਿੰਗ ਏਰੀਏ ਵਿਚ ਗੱਡੀ ਲਗਾਈ ਏ। ਮੈਂ ਸੋਚਿਆ ਕਿ ਗੱਡੀ ਇਥੇ ਖੜ੍ਹੀ ਕਰਕੇ ਨੇੜੇ ਲਾਇਬਰੇਰੀ ਵਿਚ ਕੁਝ ਸਮਾਂ ਬਿਤਾਇਆ ਜਾਵੇ।"

"ਅਸੀਂ ਵਰਕਰਜ਼ ਕਲੱਬ ਵਿਚ ਹਾਂ। ਨਾਲ ਹੀ ਤਾਂ ਪੈਂਦਾ ਏ। ਲਾਇਬ੍ਰੇਰੀ ਦਾ ਕੰਮ ਫਿਰ ਕਰ ਲਿਓ, ਪਹਿਲਾਂ ਇਧਰ ਨੂੰ ਹੀ ਆ ਜਾਓ।"

ਇਹ ਫੋਨ ਸ. ਮੀਹਾਂ ਸਿੰਘ ਦਾ ਸੀ। ਉਹਨਾਂ ਦੇ ਨਾਲ ਸ. ਪਾਖਰ ਸਿੰਘ ਜੀ ਸਨ। ਇਹ ਦੋਨੋਂ ਪੰਜਾਬ ਤੋਂ ਆਪਣੇ ਬੱਚਿਆਂ ਨੂੰ ਮਿਲਣ ਲਈ ੩-੩ ਮਹੀਨੇ ਲਈ ਆਏ ਸਨ। ਇਹ ਵੀਜ਼ਾ ਖਤਮ ਹੋਣ ਤੇ ਵੀ ਵਾਪਸ ਨਹੀਂ ਜਾ ਸਕੇ ਸਨ ਕਿਉਂ ਕਿ ਕਰੋਨਾ ਵਾਇਰਸ ਦੇ ਫੈਲਾਅ ਨੇ ਦੁਨੀਆਂ ਤੇ ਗਲਬਾ ਪਾ ਲਿਆ ਸੀ। ਬਹੁਤ ਸਾਰੀਆਂ ਹਵਾਈ ਉਡਾਨਾਂ ਰੱਦ ਹੋ ਗਈਆਂ ਸਨ। ਚਾਰਟਡ ਤੇ ਕੁਝ ਮਹਿੰਗੀਆਂ ਉਡਾਨਾਂ ਹੀ ਚੱਲ ਰਹੀਆਂ ਸਨ। ਹੁਣ ਇਕ ਤਾਂ ਇਹ ਆਪਣੇ ਆਪ ਨੂੰ ਆਪਣੇ ਬੱਚਿਆਂ ਤੇ ਭਾਰ ਮਹਿਸੂਸ ਕਰ ਰਹੇ ਸਨ। ਦੂਜੇ ਆਪਣੀ ਮਰਜ਼ੀ ਨਾਲ ਘੁੰਮਣ ਫਿਰਨ ਤੋਂ ਵੀ ਦੁਖੀ ਸਨ। ਕਾਰਾਂ ਇਹ ਚਲਾ ਹੀ ਨਹੀਂ ਸਨ ਸਕਦੇ। ਇਹ ਇਕ ਦੂਜੇ ਦੇ ਵਾਕਫ ਵੀ ਇਥੇ ਆ ਕੇ ਹੀ ਹੋਏ ਸਨ। ਵਾਕਫ ਹੋਣ ਦਾ ਸਬੱਬ ਇੰਝ ਬਣਿਆ ਕਿ ਇਹਨਾਂ ਨੇ ਇਕ ਦਿਨ ਘੁੰਮਦੇ ਘੁੰਮਦੇ ਸ਼ੋਅ ਗਰਾਊਂਰ ਤੇ ਸਿਰੇ ਤੇ ਇਕ ਪਾਰਕ ਦੇ ਬੈਂਚਾਂ ਤੇ ੮-੯ ਬੰਦੇ ਬੈਠੇ ਦੇਖੇ। ੪-੫ ਇਹਨਾਂ ਵਿਚੋਂ ਪਗੜੀਧਾਰੀ ਸਨ। ਇਹ ਸਮਝ ਗਏ ਕਿ ਸਾਰੇ ਪੰਜਾਬੀ ਹਨ। ਇਸਲਈ ਇਹਨਾਂ ਨੇ ਜਾ ਕੇ ਉਹਨਾਂ ਨੂੰ ਫਤਿਹ ਬੁਲਾ ਦਿੱਤੀ। ਫਤਿਹ ਬੁਲਾਉਣ ਨਾਲ ਪੰਜਾਬੀ ਇਕ ਦੂਜੇ ਦੇ ਬੜ੍ਹੀ ਜਲਦੀ ਨੇੜੇ ਆਉਣ ਲਗ ਪੈਂਦੇ ਹਨ। ਜਿਹਨਾਂ ਦੇ ਦਿਲ ਵੱਧ ਮਿਲ ਜਾਣ ਉਹ ਇਕ ਦੂਜੇ ਦੇ ਮਿੱਤਰ ਬਣ ਜਾਂਦੇ ਹਨ। ਇਹਨਾਂ ਸਭ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਦਾ ਇਕ ਸਾਂਝਾ ਕਾਰਨ ਇਸ ਦੇਸ ਵਿਚ ਥੋੜ੍ਹੇ ਸਮੇਂ ਲਈ ਡੱਕ ਹੋ ਜਾਣਾ ਵੀ ਸੀ। ਇਹ ਇਕੱਠੇ ਬੈਠ ਕੇ ਵੀਜ਼ੇ ਦੀਆਂ ਕਿਸਮਾਂ ਬਾਰੇ ਵੀ ਵਿਚਾਰ ਵਟਾਂਦਰਾ ਕਰਿਆ ਕਰਦੇ ਸਨ। ਇਹਨਾਂ



ਨੂੰ ਇਕ ਦੂਜੇ ਤੋਂ ਇਮੀਗਰੇਸ਼ਨ ਏਜੰਟਾਂ ਬਾਰੇ ਵੀ ਪਤਾ ਲੱਗਦਾ ਰਹਿੰਦਾ ਸੀ। ਇਹਨਾਂ ਵਿਚੋਂ ਕਈ ਏਥੇ ਲੰਬੇ ਸਮੇਂ ਲਈ ਟਿਕਣ ਦੀਆਂ ਸਕੀਮਾਂ ਵੀ ਸੋਚਦੇ ਰਹਿੰਦੇ ਸਨ ਭਾਵੇਂ ਇਹ ਕੰਮ ਅਸੰਭਵ ਸੀ। ਬਾਕੀ ਕਈ ਘਰ ਆ ਰਹੀਆਂ ਪਰੇਸ਼ਾਨੀਆਂ ਬਾਰੇ ਵੀ ਵਿਚਾਰ ਸਾਂਝੇ ਕਰਦੇ ਰਹਿੰਦੇ ਸਨ। ਖਾਸ ਕਰਕੇ ਉਹ ਵੱਧ ਚਿੰਤਤ ਸਨ ਜਿਹੜੇ ਨਹੁੰਆਂ ਦੇ ਵਸ ਪਏ ਹੋਏ ਸਨ। ਨਹੁੰਆਂ ਹਰ ਰੋਜ਼ ਅਕਸਰ ਇਹ ਅਰਦਾਸ ਕਰਦੀਆਂ ਸਨ ਕਿ ਕਰੋਨਾ ਖਤਮ ਹੋਵੇ ਤੇ ਸੱਸ ਸੁਹਰਾ ਵਾਪਸ ਘਰ ਜਾਣ। ਜਿਹੜੇ ਧੀਆਂ ਕੋਲ ਆਏ ਹੋਏ ਸਨ ਉਹ ਕੁਝ ਘੱਟ ਚਿੰਤਤ ਸਨ। ਜਿਹੜੇ ਜਿਆਦਾ ਹੀ ਦੁਖੀ ਸਨ ਉਹ ਮੁੱਛਾਂ ਦੇ ਕੁੰਡ ਅੱਖਾਂ ਨਾਲ ਲਾਈ ਬੈਠੇ ਹੋਇਆ ਕਰਦੇ ਸਨ। ਜਿਹੜੇ ਕੁਝ ਜਿਆਦਾ ਤੇਜ਼ ਸਨ ਉਹ ਦੂਜੇ ਦਾ ਤਾਪਮਾਨ ਘਟਣ ਨਹੀਂ ਸਨ ਦਿੰਦੇ। ਭਾਵ ਕਿ ਥੋੜ੍ਹੇ ਬਹੁਤੇ ਸ਼ੁਗਲ ਵੀ ਹੁੰਦੇ ਹੀ ਰਹਿੰਦੇ ਸਨ।

ਸ. ਮੀਹਾਂ ਸਿੰਘ ਹੁਸ਼ਿਆਰਪੁਰ ਜਿਲ੍ਹੇ ਦਾ ਸੀ ਤੇ ਸ. ਪਾਖਰ ਸਿੰਘ ਅੰਮ੍ਰਿਤਸਰ ਦਾ। ਜਦ ਕੁ ਲਾਕਡਾਊਨ ਖਤਮ ਹੋਇਆ ਸੀ ਉਦੋਂ ਇਹ ਇਕ ਦੂਜੇ ਨੂੰ ਅਕਸਰ ਮਿਲਣ ਲੱਗ ਪਏ ਸਨ। ਫਿਰ ਇਹ ਵਰਕਰਜ਼ ਕਲੱਬ ਦੇ ਮੈਂਬਰ ਵੀ ਬਣ ਗਏ ਸਨ। ਮਕਸਦ ਹੁੰਦਾ ਸੀ ਕਿ ਕਲੱਬ ਅੰਦਰ ਆਓ, ਉੱਥੇ ਬੈਠ ਕੇ ਗੱਲਾਂ ਬਾਤਾਂ ਕਰੋ ਤੇ ਆਪਣਾ ਸਮਾਂ ਬਿਤਾ ਲਓ। ਕੁਝ ਸਮੇਂ ਤੋਂ ਇਹ ਮੇਰੇ ਵਾਕਫ ਵੀ ਹੋ ਗਏ ਸਨ, ਖਾਸ ਕਰਕੇ ਉਦੋਂ ਤੋਂ ਜਦ ਮੈਂ ਇਹਨਾਂ ਨੂੰ ਸ਼ੋਅ ਗਰਾਊਂਡ ਵਿਚ ਗੱਲਾਂ ਮਾਰਦਿਆਂ ਨੂੰ ਮਿਲਣ ਗਿਆ ਸਾਂ।

ਮੈਂ ਕੇ-ਮਾਰਟ ਦੇ ਪਾਰਕਿੰਗ ਏਰੀਏ ਤੋਂ ਕਲੱਬ ਵਲ ਨੂੰ ਤੁਰ ਪਿਆ। ਜਦ ਮੈਂ ਕਲੱਬ ਮੂਹਰੇ ਪਹੁੰਚਿਆ ਤਾਂ ਦੇਖਿਆ ਕਿ ਮੀਹਾਂ ਸਿੰਘ ਹੋਰੀਂ ਕਲੱਬ ਦੇ ਮੂਹਰੇ ਖੜ੍ਹੇ ਮੈਨੂੰ ਉਡੀਕ ਰਹੇ ਸਨ। ਪਾਖਰ ਸਿੰਘ ਹੋਰੀਂ ਕਲੱਬ ਦੇ ਅੰਦਰ ਸਨ। ਮੇਰੇ ਪਹੁੰਚਣ ਤੇ ਅਸੀਂ ਦੋਨੋਂ ਵੀ ਕਲੱਬ ਦੇ ਅੰਦਰ ਚਲੇ ਗਏ। ਕਲੱਬ ਅੰਦਰੋਂ ਬੜ੍ਹਾ ਹੀ ਖੁੱਲਾ ਡੁੱਲ੍ਹਾ ਏ। ਕੁਰਸੀਆਂ ਮੇਜ਼ ਪਏ ਸਨ। ਲੋਕ ਪੋਕਰ ਮਸ਼ੀਨਾਂ ਤੇ ਖੇਡਾਂ ਖੇਡ ਰਹੇ ਸਨ। ਟੀ.ਵੀ. ਚਲ ਰਹੇ ਸਨ। ਮੇਰੇ ਇਹਨਾਂ ਮੇਜ਼ਵਾਨਾਂ ਨੇ ਕੌਫ਼ੀ ਮੰਗਵਾ ਲਈ। ਘੰਟਾ ਕੁ ਚੰਗੀ ਮਹਿਫਲ ਜੰਮੀ।

"ਤੁਸੀਂ ਅਕਸਰ ਘਟਨਾਵਾਂ ਲੱਭਦੇ ਰਹਿੰਦੇ ਹੋ। ਲੱਭ ਕੇ ਤੁਸੀਂ ਇਹਨਾਂ ਘਟਨਾਵਾਂ ਦੀਆਂ ਕਹਾਣੀਆਂ ਬਣਾ ਦਿੰਦੇ ਹੋ। ਜੇਕਰ ਮੈਂ ਤੁਹਾਨੂੰ ਇਕ ਘਟਨਾ ਦੱਸਾਂ ਤਾਂ ਕੀ ਤੁਸੀਂ ਉਸਤੋਂ ਵੀ ਕਹਾਣੀ ਬਣਾਓਗੇ?" ਪਾਖਰ ਸਿੰਘ ਨੇ ਮੈਨੂੰ ਮੁਖ਼ਾਤਿਬ ਹੋ ਕੇ ਕਿਹਾ।

"ਇਹ ਘਟਨਾ ਕਿਸ ਪ੍ਰਕਾਰ ਦੀ ਏ?" ਮੈਂ ਪੁੱਛਿਆ।

"ਸਿੱਖਾਂ ਨਾਲ ਸੰਬੰਧਤ ਏ। ਮੂਹਰੇ ਨਵੰਬਰ ਦਾ ਮਹੀਨਾ ਆ ਰਿਹਾ ਏ।"

"ਕੀ ਇਹ ਨਵੰਬਰ ੮੪ ਦੀ ਸਿੱਖ ਨਸਲਕੁਸ਼ੀ ਬਾਰੇ ਏ?"

"ਜੀ ਹਾਂ, ਵਾਪਰੀ ਵੀ ਮੇਰੇ ਦਿੱਲੀ ਰਹਿੰਦੇ ਰਿਸ਼ਤੇਦਾਰਾਂ ਨਾਲ ਹੀ ਸੀ।"

"ਚਲੋ ਸੁਣਾਓ," ਮੈਂ ਉਤਸੁਕਤਾ ਜ਼ਾਹਰ ਕੀਤੀ।

"ਮੇਰੇ ਦੂਰ ਦੇ ਇਕ ਰਿਸ਼ਤੇਦਾਰ ਦਿੱਲੀ ਦੇਵਨਗਰ ਰਹਿੰਦੇ ਸਨ। ਉਹਨਾਂ ਦਾ ਲ਼ੜਕਾ ਆਪਣੇ ਪਰੀਵਾਰ ਸਮੇਤ ਤਿਰਲੋਕਪੁਰੀ ਰਹਿੰਦਾ ਸੀ। ਇਸ ਲੜਕੇ ਦਾ ਪੂਰਾ ਨਾਲ ਭੀਰਾ ਸੀ। ਇਹ ਦਿੱਲੀ ਵਿਚ ਆਟੋ ਚਲਾ ਕੇ ਆਪਣਾ ਗੁਜ਼ਾਰਾ ਕਰਦਾ ਸੀ। ਉਸਦੀ ਪਤਨੀ ਘਰੇਲੂ ਔਰਤ ਸੀ। ਇਹਨਾਂ ਦੀਆਂ ਦੋ ਬੇਟੀਆਂ ਸਨ ਜਿਹੜੀਆਂ ਅਜੇ ਮਸਾਂ ਪੰਜ ਅਤੇ ਅੱਠ ਸਾਲ ਦੀਆਂ ਸਨ। ਭੀਰੇ ਦੇ ਮਨ ਵਿਚ ਪਤਾ ਨਹੀਂ ਕੀ ਆਇਆ ਕਿ ਉਹ ੩੧ ਅਕਤੂਬਰ ਦੀ ਅੱਧੀ ਰਾਤ ਨੂੰ ਆਟੋ ਚਲਾ ਕੇ ਘਰ ਪਹੁੰਚਿਆ। ਉਹਨੂੰ ਇਧਰੋਂ ਉਧਰੋਂ ਅੱਧੀ ਰਾਤ ਤੱਕ ਭਿਣਕ ਪੈ ਗਈ ਸੀ ਕਿ ਸਵੇਰੇ ਦਿੱਲੀ ਵਿਚ ਸਿੱਖਾਂ ਦੇ ਖਿਲਾਫ ਕੁਝ ਹੋਣ ਵਾਲਾ ਏ। ਉਸਨੇ ਘਰ ਆ ਕੇ ਆਪਣੀ ਪਤਨੀ ਨੂੰ ਸਮਝਾਇਆ ਕਿ ਉਹਨਾਂ ਨੂੰ ਦਿਨ ਚੜ੍ਹਨ ਤੋਂ ਪਹਿਲਾਂ ਪਹਿਲਾਂ ਦਿੱਲੀ ਤੋਂ ਬਾਹਰ ਨਿਕਲ ਜਾਣਾ ਚਾਹੀਦਾ ਏ। ਪ੍ਰੋਗਰਾਮ ਤਾਂ ਇਹਨਾਂ ਦਾ ਪਹਿਲਾਂ ਹੀ ਨਵੰਬਰ ਦੇ ਪਹਿਲੇ ਹਫਤੇ ਪੰਜਾਬ ਆਉਣ ਦਾ ਬਣਿਆ ਹੋਇਆ ਸੀ ਕਿਉਂਕਿ ਇਸਤਰੀ ਦੇ ਰਿਸ਼ਤੇਦਾਰਾਂ ਦੇ ਲੁਧਿਆਣੇ ਇਕ ਵਿਆਹ ਸੀ। ਜੇ ਇਹ ਵਿਆਹ ਨਾ ਹੁੰਦਾ ਤਾਂ ਇਸਤਰੀ ਨੇ ਦਿੱਲੀ ਛੱਡਣ ਲਈ ਮੰਨਣਾ ਹੀ ਨਹੀਂ ਸੀ। ਵਿਆਹ ਤੇ ਪਹੁੰਚਣ ਦਾ ਉਹਨੂੰ ਚਾਅ ਸੀ। ਦੋ ਦਿਨ ਪਹਿਲਾਂ ਪਹੁੰਚਣ ਲਈ ਉਸਦਾ ਚਾਅ ਹੋਰ ਵਧ ਗਿਆ। ਭੀਰੇ ਨੂੰ ਐਸੀ ਭਿਣਕ ਪਈ ਸੀ ਕਿ ਦਿੱਲੀ ਜਲਦੀ ਤੋਂ ਜਲਦੀ ਛੱਡੀ ਜਾਵੇ। ਇੰਜ ਕਰਨ ਲਈ ਉਸਨੇ ਆਪਣੀ ਘਰਵਾਲੀ ਨੂੰ ਆਟੋ ਉੱਤੇ ਸੋਨੀਪਤ ਜਾਣ ਲਈ ਮਨਾ ਲਿਆ। ਪਰੀਵਾਰ ਦੇ ਚਾਰੇ ਮੈਂਬਰ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਪਹਿਲਾਂ ਸੋਨੀਪਤ ਪਹੁੰਚ ਗਏ। ਉੱਥੇ ਭੀਰੇ ਨੇ ਆਪਣੇ ਇਕ ਵਾਕਫ਼ ਪਾਸ ਆਪਣਾ ਆਟੋ ਖੜ੍ਹਾ ਕਰ ਦਿੱਤਾ ਤੇ ਆਪ ਪਰੀਵਾਰ ਸਮੇਤ ਲੁਧਿਆਣੇ ਲਈ ਬੱਸ ਫੜ੍ਹ ਲਈ। ਕੁਝ ਘੰਟਿਆਂ ਵਿਚ ਉਹ ਲੁਧਿਅਣੇ ਆ ਗਏ। ਸ਼ਾਮ ਤੱਕ ਦੰਗਿਆਂ ਦੀਆਂ ਖਬਰਾਂ ਆਉਣ ਲੱਗ ਪਈਆਂ। ਖਬਰ ਆਈ ਕਿ ਤਿਰਲੋਕਪੁਰੀ ਦਾ ਇਲਾਕਾ ਤਾਂ ਦੰਗਾਕਾਰੀਆਂ ਨੇ ਤਬਾਹ ਕਰ ਦਿੱਤਾ ਸੀ। ਭੀਰੇ ਦੇ ਪਰੀਵਾਰ ਨੂੰ ਇਕ ਪਾਸੇ ਸੁੱਖ ਮਹਿਸੂਸ ਹੋਇਆ ਤੇ ਦੂਜੇ ਪਾਸੇ ਦੁੱਖ--- ਸੁੱਖ ਸਹੀ ਸਲਾਮਤ ਦਿੱਲੀ ਤੋਂ ਬਾਹਰ ਚਲੇ ਜਾਣ ਦਾ ਤੇ ਦੁੱਖ ਤਿਰਲੋਕਪੁਰੀ ਦੇ ਤਬਾਹ ਹੋ ਜਾਣ ਦਾ। ਜਦ ੪-੫ ਦਿਨ ਬਾਦ ਦਿੱਲੀ ਵਿਚ ਨਸਲਕੁਸ਼ੀ ਬੰਦ ਹੋਈ ਤਾਂ ਕਿਤੇ ਜਾ ਕੇ ਭੀਰੇ ਦੇ ਮਾਂ ਪਿਓ ਨੇ ਤਿਰਲੋਕਪੁਰੀ ਜਾ ਕੇ ਦੇਖਿਆ ਕਿ ਭੀਰੇ ਦਾ ਘਰ ਵੀ ਜਲ ਕੇ ਸੁਆਹ ਹੋਇਆ ਪਿਆ ਸੀ। ਮਾਪਿਆਂ ਨੇ ਸੁੱਖ ਦਾ ਸਾਹ ਲਿਆ ਕਿ ਲੜਕਾ ਪਰੀਵਾਰ ਸਮੇਤ ਬਚ ਗਿਆ ਸੀ। ਜਲੀ ਹੋਈ



ਥੇਹ ਨੂੰ ਮਾੜੀ ਮੋਟੀ ਚਾਰ ਦਿਵਾਰੀ ਕਰਕੇ ਜਿੰਦਰਾ ਲਗਾ ਦਿੱਤਾ ਗਿਆ ਤੇ ਇਸ ਪ੍ਰਕਾਰ ਇਸ ਥੇਹ ਨੂੰ ਸੰਭਾਲ ਲਿਆ ਗਿਆ।

"ਪਾਖਰ ਸਿਹਾਂ, ਇੰਝ ਉਦੋਂ ਬਹੁਤ ਸਾਰੇ ਸਿੱਖਾਂ ਨਾਲ ਹੋਇਆ ਸੀ। ਸਰਕਾਰੀ ਅੰਕੜਿਆਂ ਮੁਤਾਬਕ ਤਿੰਨ ਹਜ਼ਾਰ ਤੋਂ ਵੱਧ ਸਿੱਖ ਮਾਰੇ ਗਏ ਸਨ। ਗੈਰ ਸਰਕਾਰੀ ਅੰਕੜੇ ਇਹ ਗਿਣਤੀ ਵੱਧ ਦੱਸਦੇ ਹਨ। ਸਾਡੇ ਇਕ ਰਿਸ਼ਤੇਦਾਰ ਨਾਲ ਵੀ ਇਵੇਂ ਹੀ ਹੋਇਆ ਸੀ। ਉਹ ਆਪ ਸਰਦਾਰ ਸੀ ਤੇ ਉਸਨੇ ਹਿੰਦੂ ਇਸਤਰੀ ਨਾਲ ਵਿਆਹ ਕਰਵਾਇਆ ਹੋਇਆ ਸੀ। ਦੰਗਾਕਾਰੀ ਉਸਨੂੰ ਮਾਰ ਗਏ ਸੀ ਪਰ ਉਸਦੇ ਪਰੀਵਾਰ ਨੂੰ ਛੱਡ ਗਏ ਸਨ। ਬਹੁਤ ਸਾਰੇ ਸਿੱਖਾਂ ਦੇ ਗਲਾਂ ਵਿਚ ਰਬੜ ਦੇ ਟਾਇਰ ਪਾ ਕੇ ਉਹਨਾਂ ਨੂੰ ਅੱਗ ਲਗਾ ਦਿੱਤੀ ਗਈ ਸੀ। ਪੁਲਿਸ ਮੂਕ ਦਰਸ਼ਕ ਬਣੀ ਰਹੀ ਸੀ। ਪੁਲਿਸ ਨੇ ਤਿੰਨ ਦਿਨ ਦਿੱਲੀ ਵਿਚ ਕੋਈ ਕਾਰਵਾਈ ਨਹੀਂ ਕੀਤੀ ਸੀ। ਇਹ ਸਭ ਕੁਝ ਕਾਂਗਰਸੀ ਲੀਡਰਾਂ ਦੀ ਸ਼ਹਿ ਤੇ ਹੋਇਆ ਸੀ।"

"ਤੁਸੀਂ ਸੱਚ ਕਹਿ ਰਹੇ ਹੋ, ਵੀਰ ਜੀ! ਭੀਰੇ ਦੀ ਘਟਨਾ ਅਜੇ ਹੋਰ ਵੀ ਏ।"

"ਉਹ ਵੀ ਦੱਸੋ।"

"ਭੀਰੇ ਦਾ ਪਰੀਵਾਰ ਦੋ ਮਹੀਨੇ ਆਪਣੇ ਰਿਸ਼ਤੇਦਾਰਾਂ ਨਾਲ ਲੁਧਿਆਣੇ ਰਿਹਾ। ਭੀਰਾ ਆਪ ਮਜ਼ਦੂਰੀ ਕਰਨ ਲੱਗ ਪਿਆ ਸੀ। ਮਹੀਨੇ ਕੁ ਬਾਦ ਉਹ ਸੋਨੀਪਤ ਜਾ ਕੇ ਆਪਣਾ ਆਟੋ ਉਥੋਂ ਲੁਧਿਆਣੇ ਲੈ ਆਇਆ। ਇੰਝ ਉਸਨੇ ਲੁਧਿਆਣੇ ਵਿਚ ਵੀ ਫਿਰ ਆਟੋ ਦਾ ਕੰਮ ਹੀ ਸ਼ੁਰੂ ਕਰ ਦਿੱਤਾ। ਲੜਕੀਆਂ ਨੂੰ ਸਰਕਾਰੀ ਸਕੂਲ ਵਿਚ ਪੜ੍ਹਨਾ ਪੁਆਇਆ। ਘਰਵਾਲੀ ਇਕ ਹੌਜਰੀ ਵਿਚ ਥੋੜ੍ਹੇ ਸਮੇਂ ਲਈ ਕੰਮ ਲਗ ਪਈ। ਇੰਜ ਦੋ ਕੁ ਸਾਲ ਬੀਤ ਗਏ। ਫਿਰ ਭੀਰੇ ਨੇ ਆਪਣੇ ਰਿਸ਼ਤੇਦਾਰਾਂ ਦੀ ਮਦਦ ਨਾਲ ਇਕ ਤਿੰਨ ਕੁ ਮਰਲੇ ਵਿਚ ਬਣਿਆ ਛੋਟਾ ਜਿਹਾ ਪੁਰਾਣਾ ਘਰ ਖਰੀਦ ਲਿਆ। ਇਹ ਘਰ ਇਕ ਕਮਰਾ ਹੇਠਾਂ, ਇਕ ਛੋਟਾ ਜਿਹਾ ਉੱਪਰ ਤੇ ਇਕ ਨਿੱਕੀ ਜਿਹੀ ਰਸੋਈ ਤੇ ਨਿੱਕਾ ਬਾਥਰੂਮ ਸਨ। ਜਗਾਹ ਬੜੀ ਨੀਵੀਂ ਜਿਹੀ ਸੀ। ਚਾਰ ਜਾਣਿਆਂ ਦਾ ਇਹ ਪਰੀਵਾਰ ਇਸ ਜਗਾਹ ਰਹਿਣ ਲੱਗ ਪਿਆ। ਹੌਲੀ ਹੌਲੀ ਜਿੰਦਗੀ ਸੁਖਾਵੀਂ ਅੰਗੜਾਈ ਲੈਣ ਲੱਗ ਪਈ। ਤੀਵੀਂ ਮਨੁੱਖ ਦੋਹਾਂ ਦੀ ਆਮਦਨ ਇਕ ਛੋਟਾ ਪਰੀਵਾਰ ਚਲਾਉਣ ਲਈ ਠੀਕ ਸੀ। ਇੰਝ ਚਾਰ ਸਾਲ ਬੀਤ ਗਏ।

ਫਿਰ ਸੰਨ ੮੮ ਆਇਆ। ੮੮ ਵਿਚ ਉੱਤਰੀ ਭਾਰਤ ਵਿਚ ਬਹੁਤ ਭਾਰੇ ਹੜ੍ਹ ਆਏ ਸਨ। ਇਕ ਰਾਤ ਜਦ ਇਹ ਪਰੀਵਾਰ ਰਾਤ ਨੂੰ ਸੁੱਤਾ ਪਿਆ ਸੀ ਤਾਂ ਪਾਣੀ ਇਹਨਾਂ ਦੇ ਮੰਜਿਆਂ ਨੂੰ ਛੂੰਹਦਾ ਮਹਿਸੂਸ ਹੋਇਆ। ਫੁਰਤੀ ਕਰਕੇ ਚਾਰੇ ਜਾਣੇ ਛੱਤ ਪਰ ਚੜ੍ਹ ਗਏ ਜਿੱਥੇ ਇਕ ਛੋਟਾ ਜਿਹਾ ਕਮਰਾ ਸੀ। ਬਾਰਸ਼ ਇੰਨੀ ਜਿਆਦਾ ਹੋਈ ਕਿ ਪਾਣੀ ਠਲ੍ਹਣ ਦਾ ਨਾਮ ਨਾ ਲਵੇ। ਇਹ ਤਿੰਨ ਦਿਨ ਛੱਤ ਉੱਪਰ ਹੀ ਬੈਠੇ ਰਹੇ।

ਘਰ ਕਾਫੀ ਨੀਵੇਂ ਥਾਂ ਤੇ ਸੀ। ਇਸੇ ਕਰਕੇ ਇਹ ਇਹਨਾਂ ਨੂੰ ਕੁਝ ਸਸਤਾ ਮਿਲ ਗਿਆ ਸੀ। ਜਦ ਪਾਣੀ ਥੋੜ੍ਹਾ ਘਟਿਆਂ ਤਾਂ ਇਕ ਸਮਾਜ ਸੇਵੀ ਜਥੇਬੰਦੀ ਨੇ ਇਹਨਾਂ ਨੂੰ ਇਸ ਘਰ ਵਿਚੋਂ ਕੱਢਿਆ ਤੇ ਇਹਨਾਂ ਨੂੰ ਇਕ ਗੁਰੂਦੁਆਰੇ ਲੈ ਗਏ ਜਿੱਥੇ ਸ਼ਰਨਾਰਥੀਆਂ ਅਤੇ ਬੇਘਰੇ ਬੰਦਿਆਂ ਲਈ ਬਹੁਤ ਵਧੀਆ ਪ੍ਰਬੰਧ ਕੀਤਾ ਹੋਇਆ ਸੀ। ਕੁਝ ਸਮਾਂ ਗੁਰੂਘਰ ਵਿਚ ਬਿਤਾਉਣ ਤੋਂ ਬਾਦ ਇਹ ਸਮਝ ਨਾ ਆਵੇ ਕਿ ਕਿਥੇ ਜਾਇਆ ਜਾਵੇ। ਘਰ ਦੇ ਆਲੇ ਦੁਆਲੇ ਤਾਂ ਅਜੇ ਕਈ ਦਿਨ ਪਾਣੀ ਖੜ੍ਹਾ ਰਹਿਣਾ ਸੀ। ਭੀਰੇ ਨੇ ਸੋਚਿਆ ਕਿ ਮਾਪਿਆਂ ਨਾਲ ਦਿੱਲੀ ਸਲਾਹ ਕੀਤੀ ਜਾਵੇ। ਮਾਪਿਆਂ ਨੇ ਜ਼ੋਰ ਪਾਇਆ ਕਿ ਪਰੀਵਾਰ ਦਿੱਲੀ ਵਾਪਸ ਆ ਜਾਵੇ। ਉਹਨਾਂ ਨੇ ਤਿਰਲੋਕਪੁਰੀ ਵਾਲੇ ਜਲੇ ਹੋਏ ਘਰ ਨੂੰ ਕੁਝ ਠੀਕ ਕਰਵਾਇਆ ਮਾੜੀ ਮੋਟੀ ਮਦਦ ਸਰਕਾਰ ਵੀ ਕਰ ਰਹੀ ਸੀ। ਭੀਰਾ ਤੇ ਸੇਦਾ ਪਰੀਵਾਰ ਫਿਰ ਵਾਪਸ ਤਿਰਲੋਕਪੁਰੀ ਚਲੇ ਗਏ। ਆਟੋ ਵੀ ਉਹ ਦਿੱਲੀ ਵਾਪਸ ਲੈ ਗਿਆ। ਲੁਧਿਆਣੇ ਵਾਲੇ ਘਰ ਨੂੰ ਬੜੀ ਮੁਸ਼ਕਿਲ ਨਾਲ ਸਸਤੇ ਭਾਅ ਤੇ ਵੇਚਿਆ। ਇਹ ਪੈਸੇ ਵੀ ਤਿਰਲੋਕਪੁਰੀ ਵਾਲੇ ਘਰ ਤੇ ਲਗਾਏ। ਹਾਰਿਆ ਹੋਇਆ ਜੀਵਨ ਫਿਰ ਅੰਗੜਾਈ ਲੈਣ ਲੱਗਾ । ਜਨਾਨੀ ਨੂੰ ਹੌਜਰੀ ਵਿਚ ਕੀਤੀ ਹੋਈ ਨੌਕਰੀ ਵਾਰ ਵਾਰ ਸਤਾਇਆ ਕਰੇ। ਉੱਥੋਂ ਉਸਨੂੰ ਚੰਗੇ ਪੈਸੇ ਮਿਲਣ ਲੱਗ ਪਏ ਸਨ। ਦਿੱਲੀ ਉਹ ਕੰਮ ਲੱਭਣ ਦੀ ਕੋਸ਼ਿਸ਼ ਕਰੇ ਪਰ ਕੰਮ ਮਿਲੇ ਹੀ ਨਾ। ਲੜਕੀਆਂ ਭਾਵੇਂ ਸਾਦੇ ਸਰਕਾਰੀ ਸਕੂਲਾਂ ਵਿਚ ਪੜ੍ਹ ਰਹੀਆਂ ਸਨ ਫਿਰ ਵੀ ਦਿੱਲੀ ਦਾ ਖਰਚਾ ਸੀ। ਲੜਕੀਆਂ ਹੁਣ ਜਵਾਨੀ ਵਲ ਨੂੰ ਵੀ ਵਧ ਰਹੀਆ ਸਨ। ਮਾਂ ਕੰਮ ਕਰਨ ਜਾਵੇ ਜਾਂ ਘਰ ਰਹਿ ਕੇ ਉਹਨਾਂ ਦੀ ਪਾਲਣਾ ਪੋਸ਼ਣਾ ਤੇ ਪੜ੍ਹਾਈ ਕਰਵਾਵੇ? ਸਵਾਲ ਇਹ ਵੀ ਸੀ। ਆਖਰ ਕਮਾਈ ਹੁਣ ਫਿਰ ਆਟੋ ਦੀ ਹੀ ਰਹਿ ਗਈ ਸੀ। ਪਰੀਵਾਰ ਡੱਕੇ ਡੋਲੇ ਖਾਂਦਾ ਦੁਆਰਾ ਦਿੱਲੀ ਵਿਚ ਕਿਵੇਂ ਸੈੱਟ ਹੋਇਆ ਕੋਈ ਪਤਾ ਨਹੀਂ।"

ਗੱਲ ਚਲ ਹੀ ਰਹੀ ਸੀ ਕਿ ਮੇਰੇ ਮੋਬਾਇਲ ਫੋਨ ਦੀ ਟਿਕ ਵੱਜੀ। ਮੈਂ ਫੋਨ ਖੋਲ੍ਹ ਕੇ ਦੇਖਿਆ ਤਾਂ ਉਸ ਵਿਚ ਸੋਸ਼ਲ ਮੀਡੀਆ ਤੇ ਇਕ ਨਵਾਂ ਵੀਡੀਓ ਕਿਸੇ ਨੇ ਭੇਜਿਆ ਸੀ। ਅਸੀਂ ਤਿੰਨਾਂ ਨੇ ਸੋਚਿਆ ਕਿ ਪਹਿਲਾਂ ਵੀਡੀਓ ਹੀ ਦੇਖ ਲਿਆ ਜਾਵੇ। ਜਦ ਦੇਖਿਆ ਤਾਂ ਉਸ ਵਿਚ ਕਰੋਨਾ ਦੇ ਟੀਕੇ ਦੀ ਖੋਜ ਬਾਰੇ ਕਈ ਕੁਝ ਲਿਖਿਆ ਹੋਇਆ ਸੀ। ਨਾਲ ਉਸ ਦਿਨ ਦਾ ਦੁਨੀਆਂ ਭਰ ਦਾ ਕਰੋਨਾ ਅੰਕੜਾ ਵੀ ਲਿਖਿਆ ਹੋਇਆ ਸੀ:-

ਦੁਨੀਆ ਭਰ ਦੀ ਸਥਿਤੀ ਕੋਵਿਡ-੧੯

| | | |
|---|---|---|
| ਕੁੱਲ ਮਾਮਲੇ | : | ੨,੦੬,੦੩,੮੭੧ |
| ਠੀਕ ਹੋਏ | : | ੧,੩੫,੦੪,੯੮੬ |
| ਮੌਤਾਂ | : | ੭,੪੭,੫੭੭ |
| ਪੰਜਾਬ | | |
| ਕੁੱਲ ਮਾਮਲੇ | : | ੩੭,੮੯੯ |
| ਨਵੇਂ ਮਾਮਲੇ | : | ੧੨੫੫ |
| ਠੀਕ ਹੋਏ | : | ੧੯,੨੧੨ |
| ਮੌਤਾਂ | : | ੮੭੨ |
| ੨੪ ਘੰਟਿਆਂ ਦੌਰਾਨ ਮੌਤਾਂ | : | ੬੫ |



ਫਿਰ ਅਸੀਂ ਉੱਠ ਕੇ ਕਲੱਬ ਤੋਂ ਬਾਹਰ ਆ ਗਏ। ਮੀਹਾਂ ਸਿੰਘ ਤੇ ਪਾਖਰ ਸਿੰਘ ਦੋਨੋਂ ਪੰਜਾਬ ਵਿਚ ਵਧ ਰਹੇ ਕਰੋਨਾ ਪੀੜਤਾਂ ਦੇ ਕੇਸਾਂ ਤੋਂ ਬਹੁਤ ਪਰੇਸ਼ਾਨ ਸਨ। ਸਿਡਨੀ ਵਿਚੋਂ ਇਕ ਦਿਨ ਉਹਨਾਂ ਨੂੰ ਜਾਣਾ ਹੀ ਪੈਣਾ ਸੀ। ਭਾਵੇਂ ਇਥੇ ਰਹਿ ਕੇ ਉਹ ਬੜੇ ਖੁਸ਼ ਸਨ ਪਰ ਇੱਥੇ ਉਹ ਪੱਕੇ ਨਹੀਂ ਸਨ। ਉਹ ਇਥੇ ਆਪਣੇ ਬਚਿਆਂ ਤੇ ਭਾਰ ਵੀ ਸਨ। ਸੰਸਾਰ ਦੀ ਆਵਾਜਾਈ ਅਜੇ ਖੁੱਲ੍ਹ ਨਹੀਂ ਸੀ ਰਹੀ। ਹਵਾਈ ਉਡਾਨਾਂ ਤਕਰੀਬਨ ਬੰਦ ਸਨ ਅਤੀ ਜਰੂਰੀ ਕੇਸ ਹੀ ਸਫਰ ਕਰ ਸਕਦੇ ਸਨ। ਇਹਨਾਂ ਨੂੰ ਵੀ ਯਾਤਰਾ ਖਤਮ ਹੋਣ ਤੇ ਦੋ ਹਫਤੇ ਇਕਾਂਤਵਾਸ ਵਿਚ ਰੱਖਿਆ ਜਾਂਦਾ ਸੀ। ਫਿਰ ਕਿਤੇ ਉਹ ਆਪਣੇ ਪਰੀਵਾਰਾਂ ਨੂੰ ਮਿਲ ਸਕਦੇ ਸਨ। ਕਰੋਨਾ ਦਾ ਪਰਕੋਪ ਕਦੋਂ ਖਤਮ ਹੋਵੇਗਾ ਇਹ ਸਮਝ ਨਹੀਂ ਸੀ ਆ ਰਿਹਾ। ਮੀਹਾਂ ਸਿੰਘ ਤੇ ਪਾਖਰ ਸਿੰਘ ਹਰ ਰੋਜ਼ ਸੋਚਾਂ ਵਿਚ ਹੀ ਡੁੱਬੇ ਰਹਿੰਦੇ ਸਨ। ਕਿਸੇ ਵੇਲੇ ਗੁਰੁ ਘਰ ਜਾ ਕੇ ਉਹਨਾਂ ਨੂੰ ਬਹੁਤ ਸੁੱਖ ਮਹਿਸੂਸ ਹੋਇਆ ਕਰਦਾ ਸੀ। ਹੁਣ ਗੁਰੁਘਰ ਵੀ ਸੀਮਤ ਹੀ ਖੁੱਲ੍ਹਦੇ ਸਨ। ਗੁਰੂਘਰਾਂ ਵਿਚ ਲੰਗਰ ਬੰਦ ਹੀ ਸੀ। ਵੱਡੀ ਸੋਚ ਇਹ ਸੀਜੇ ਸਰਕਾਰ ਸਿਡਨੀ ਤੋਂ ਜਾਣ ਦੀ ਆਗਿਆ ਦੇ ਵੀ ਦੇਊ ਤਾਂ ਉਹ ਮੂਹਰੇ ਆਪਣੇ ਦੇਸ ਵਿਚ ਪਹੁੰਚ ਕੇ ਇਸ ਪ੍ਰਸਥਿਤੀ ਵਿਚੋਂ ਕਿਵੇਂ ਵਿਚਰਨਗੇ? ਆਸਟਰੇਲੀਆ ਦੀ ਤਾਂ ਅਬਾਦੀ ਬੜੀ ਘੱਟ ਏ...... ਸਿਹਤ ਸਹੂਲਤਾਂ ਵੀ ਅੰਤਾਂ ਦੀਆਂ ਹਨ..... ਸਫਾਈ ਵੀ ਅੰਤਾਂ ਦੀ ਏ..... ਸਿਹਤ ਕਰਮਚਾਰੀ ਵੀ ਈਮਾਨਦਾਰ ਹਨ....... ਹਸਪਤਾਲਾਂ ਵਿਚ ਅੰਤਾਂ ਦਾ ਅਤਿਆਧੁਨਿਕ ਅਖਰਾਜਾਤ ਏ..... ਮੂਹਰੇ ਦਿੱਲੀ ਉੱਤਰ ਕੇ ਕੀ ਬਣੂ?... ਉੱਥੇ ਨਾ ਸਿਹਤ ਸਹੂਲਤਾਂ, ਨਾ ਸਫਾਈ, ਨਾ ਸ਼ੁੱਧ ਖਾਣਾ ਪੀਣਾ..... ਝੂਠੇ ਕਰੋਨਾ ਕੇਸ ਬਣਾ ਕੇ ਵਿਚੋਂ ਦੋ ਨੰਬਰ ਦੀ ਕਮਾਈ!... ਵਧ ਰਹੇ ਕੇਸਾਂ ਦਾ ਡਰ, ਸਹਿਮ!! ਇੱਥੇ ਰਹਿ ਨਹੀਂ ਸਕਦੇ, ਉੱਧਰ ਜਾਣ ਨੂੰ ਜੀਅ ਨਹੀਂ ਕਰਦਾ....... ਕੀ ਕੀਤਾ ਜਾਵੇ? ਚੰਗਾ ਹੁੰਦਾ ਜੇ ਅਸੀਂ ਇੱਧਰ ਹੀ ਪੱਕੇ ਹੁੰਦੇ...........!!!

ਇਹ ਸਵਾਲ ਅਤੇ ਦੋਚਿੱਤੀਆਂ ਉਹਨਾਂ ਦੇ ਚਿਹਰੇ ਤੇ ਵੱਡੇ ਪ੍ਰਸ਼ਨ ਚਿੰਨ੍ਹ ਬਣ ਕੇ ਉੱਭਰ ਰਹੇ ਸਨ।

# ਰੂਬਲ, ਰੱਬ ਨੇ ਤੇਰੀ ਸੁਣ ਲਈ

ਅਜੀਤ ਤੇ ਗੁਰਮੀਤ ਦੋਨੋ ਭਰਾ ਸਨ। ਪਿੰਡ ਵਿੱਚ ਉਹ ਜੀਤਾ ਤੇ ਮੀਤਾ ਦੇ ਨਾਵਾਂ ਨਾਲ ਹੀ ਜਾਣੇ ਜਾਂਦੇ ਸਨ। ਪਿਓ ਜਗੀਰ ਸਿੰਘ ਆਪਣੀ 60 ਕੁ ਸਾਲ ਦੀ ਉਮਰ ਵਿੱਚ ਵਾਊਚਰਾਂ ਦੇ ਅਧਾਰ ਤੇ ਸੱਤਰਵਿਆਂ ਵਿੱਚ ਵਲਾਇਤ ਚਲਾ ਗਿਆ ਸੀ। ਜਗੀਰ ਸਿੰਘ ਨੇ ਡਰਬੀ ਦੀਆਂ ਲੋਹਾ ਢਾਲਣ ਵਾਲੀਆਂ ਭੱਠੀਆਂ ਤੇ ਸਖਤ ਮਿਹਨਤ ਕੀਤੀ ਸੀ ਤੇ ਕਈ ਸਾਲਾਂ ਬਾਅਦ ਪੰਜਾਬ ਗੇੜਾ ਮਾਰਨਾ ਸੀ। ਪਿੰਡ ਦੇ ਅੰਦਰ ਉਹਨਾਂ ਦਾ ਘਰ ਛੋਟਾ ਸੀ। ਹੁਣ ਉਸਨੂੰ ਇਹ ਜ਼ਿਆਦਾ ਹੀ ਛੋਟਾ ਮਹਿਸੂਸ ਹੋਇਆ ਕਰਦਾ ਸੀ। ਵਲਾਇਤ ਤੋਂ ਆ ਕੇ ਇਹ ਘਰ ਪੁਰਾਣਾ ਪੁਰਾਣਾ ਵੀ ਬਹੁਤ ਲੱਗਦਾ ਸੀ। ਸ਼ੁਕਰ ਏ ਕਿ ਇਸ ਵਾਰ ਉਸਨੇ ਪਿੰਡ ਢੁੱਕਣ ਤੋਂ ਪਹਿਲਾਂ ਮੁੰਡਿਆਂ ਨੂੰ ਜ਼ੋਰ ਦੇ ਕੇ ਘਰ ਦੇ ਇੱਕ ਕੋਨੇ ਟਾਇਲਟਸ ਬਣਵਾ ਲਈਆਂ ਸਨ। ਘਰ ਵਾਲੀ ਰਤਨ ਕੌਰ ਵੀ ਹੁਣ ਅੱਠ ਸਾਲਾਂ ਬਾਅਦ ਪਿੰਡ ਪਰਤ ਰਹੀ ਸੀ। ਓਹਨੇ ਵੀ ਆਪਣੀਆਂ ਦੋਹਾਂ ਨੂੰਹਾਂ ਨੂੰ ਘਰ ਨੂੰ ਸਾਫ ਕਰਨ ਦੀਆਂ ਹਦਾਇਤਾਂ ਦੇ ਦਿੱਤੀਆਂ ਸਨ। ਨੂੰਹਾਂ ਬੁੱਢੀ ਦੀਆਂ ਬਦਖੋਹੀਆਂ ਕਰਦੀਆਂ ਨਹੀਂ ਥੱਕਦੀਆਂ ਸਨ।

"ਦੇਖੋ, ਬੁੜ੍ਹੀ ਉੱਧਰ ਜਾ ਕੇ ਜਿਆਦਾ ਹੀ ਸ਼ੌਕੀਨ ਹੋ ਗਈ ਲੱਗਦੀ ਏ। ਅਖੇ ਟਾਇਲਟਾਂ ਬਣਾ ਛੱਡਿਓ ਸਫਾਈਆਂ ਕਰਵਾ ਛੱਡਿਓ!!" ਕਸ਼ਮੀਰੋ ਨੇ ਢੁੱਚਰ ਭੇੜੀ।

"ਕਸ਼ਮੀਰੋ, ਬੁੜੀ ਨੂੰ ਆਪਣੇ ਦਿਨ ਭੁੱਲ ਗਏ। ਭੈਂਗਿਆਂ ਦੀ ਫੌਜਣ ਦੱਸਦੀ ਹੁੰਦੀ ਏ, ਤੇਰਾ ਖਸਮ ਪਸ਼ੂਆ ਆਲੇ ਕੋਠੇ 'ਚ ਜੰਮਿਆ ਸੀ, ਮੇਰਾ ਖੇਤੀਂ ਛਾਹ ਵੇਲਾ ਦੇਣ ਗਈ ਨੇ। ਨਹੀਂ ਯਕੀਨ ਆਉਂਦਾ ਤਾਂ ਚਿੰਤੀ ਦਾਈ ਨੂੰ ਪੁੱਛ ਲਈਂ। ਸੈਂਤ ਇੱਕ ਫਾਇਦਾ ਹੋਜੂ।"

"ਉਹ ਕੀ?"

"ਬੁੜ੍ਹਾ ਘਰ ਨਵਾਂ ਬਣਾ ਕੇ ਦੇ ਜਾਊ। ਆ ਵੱਧ ਗੰਦ ਪਾ ਕੇ ਰੱਖੀਏ। ਆਉਂਦੇ ਸਾਰ ਔਖੇ ਹੋ ਜਾਣ ਤੇ ਬਾਹਰ, ਨਿਆਈ ਵਿੱਚ ਚਾਰ ਕਨਾਲਾਂ ਵਿੱਚ ਇੱਟਾ ਸੁਟਵਾਉਣ ਲੱਗ ਪੈਣ। ਸੁਣਿਐ, ਬੁੜ੍ਹੇ ਨੇ ਪੈਸੇ ਸੁਹਣੇ ਕਮਾ ਲਏ ਨੇ।ਹੁਣ ਸਾਨੂੰ ਵੀ ਉਧਰ ਸੱਦ ਲਵੇ।"

ਨੂੰਹਾਂ ਦੀ ਸੋਚ ਉਦੋਂ ਸੱਚ ਹੀ ਹੋ ਗਈ ਸੀ। ਜਗੀਰ ਸਿੰਘ ਸੀ ਤਾਂ ਚਿੱਟਾ ਅਨਪੜ੍ਹ। ਰਤਨ ਕੌਰ ਵੀ ਇਵੇਂ ਹੀ ਸੀ। ਵਲਾਇਤ ਨੇ ਦੋਹਾਂ ਦੇ ਰਹਿਣ ਸਹਿਣ ਵਿੱਚ ਕਾਫੀ ਤਬਦੀਲੀ ਲੈ ਆਂਦੀ ਸੀ। ਬੁੱਢੇ ਨੇ ਆਉਂਦੇ ਸਾਰ ਚਾਰ ਕਨਾਲ ਥਾਂ ਵਿੱਚ ਇੱਟਾਂ ਸੁੱਟਵਾਉਣ ਦਾ ਹੁਕਮ ਚਾੜ੍ਹ ਦਿੱਤਾ ਸੀ। ਘਰ ਬਣਨ ਲੱਗ ਪਿਆ ਸੀ। ਖਿਆਲਾਂ ਪੱਖੋਂ ਬੁੜ੍ਹਾ-ਬੁੜ੍ਹੀ ਇੰਨੇ ਪਿਛਾਂਹ ਖਿੱਚੂ ਸਨ ਕਿ ਮਕਾਨ ਦੇ ਬਾਹਰ ਖੇਤਾਂ ਵਲ ਨੂੰ ਇੱਕ ਵੀ ਖਿੜਕੀ ਨਹੀਂ ਰੱਖੀ ਸੀ। ਅਖੇ ਨੂੰਹਾਂ ਖਿੜਕੀਆਂ ਰਾਹੀਂ ਬਾਹਰ ਨੂੰ ਝਾਕਦੀਆਂ ਰਹਿੰਦੀਆਂ। ਮੂਹਰੇ ਵਰਾਂਡਾ, ਫਿਰ ਦਲਾਨ ਤੇ ਪਿੱਛੇ ਕੋਠੜੀਆਂ। ਰੌਸ਼ਨੀ ਸਿਰਫ ਮੂਹਰੇ ਮੂਹਰੇ। ਪਿੱਛਿਓ ਸਾਰਾ ਘੁਰਨਾ। ਬਿਜਲੀ ਅਜੇ ਪਿੰਡ ਵਿੱਚ ਆਈ ਨਹੀਂ ਸੀ। ਘਰ ਬਣਾ ਕੇ ਤੇ ਮੁੰਡਿਆਂ ਨੂੰ ਇਸ ਵਿੱਚ ਟੱਬਰਾਂ ਸਮੇਤ ਵਾੜ ਕੇ ਬੁੜ੍ਹਾ-ਬੁੜ੍ਹੀ ਉਦੋਂ ਵਾਪਿਸ ਡਰਬੀ ਚਲੇ ਗਏ ਸਨ। ਜਾ ਕੇ ਵੱਡੇ ਲੜਕੇ ਜੀਤੇ ਨੂੰ ਟੱਬਰ ਸਮੇਤ ਉੱਧਰ ਨੂੰ ਸੱਦ ਲਿਆ ਸੀ। ਮੀਤੇ ਨੂੰ ਪਿੰਡ ਖੇਤੀ ਕਰਨ ਲਈ ਇੱਧਰ ਪੰਜਾਬ ਵਿੱਚ ਰਹਿਣ ਦਿੱਤਾ ਸੀ। ਕੁਝ ਸਾਲ ਬੁੜੇ ਨੇ ਉੱਧਰ ਕੰਮ ਕੀਤਾ ਫਿਰ ਬੁੜ੍ਹਾ-ਬੁੜ੍ਹੀ ਦੋਨੋ ਪੂਰੇ ਹੋ ਗਏ ਸਨ।

----------

ਪਿੰਡ ਜ਼ਮੀਨ ਦੇ ਦਸ ਖੇਤ ਸਨ। ਇਹ ਮੁਸ਼ਤਰਕਾ ਚੱਲਦੇ ਆ ਰਹੇ ਸਨ। ਮੀਤਾ ਤੇ ਉਸਦੇ ਬੱਚੇ ਇਸ ਜ਼ਮੀਨ ਦੀ ਵਾਹੀ ਕਰੀ ਜਾਂਦੇ ਸਨ ਤੇ ਖਾਈ ਪੀਅਈ ਜਾਂਦੇ ਸਨ। ਵੱਡੇ ਜੀਤੇ ਨੇ ਕਦੀ ਕਦਾਈਂ ਜ਼ਮੀਨ ਵੰਡਣ ਲਈ ਕਹਿਣਾ ਪਰ ਮੀਤੇ ਨੇ ਆਈ ਗਈ ਕਰ ਛੱਡਣੀ। ਜੀਤਾ ਇੰਗਲੈਂਡ ਵਿੱਚ ਰਹਿ ਕੇ ਹੁਣ ਸ਼ਰਾਬ ਦਾ ਵੀ ਸੁਹਣਾ ਪਿਆਕ ਹੋ ਗਿਆ ਸੀ। ਜਦ ਕਦੀ 4-5 ਸਾਲ ਬਾਦ ਜੀਤੇ ਨੇ ਪਿੰਡ ਆਉਣਾ ਤਾਂ ਮੀਤੇ ਨੇ ਉਹਦੀ ਸੁਹਣੀ ਸੇਵਾ ਕਰਨੀ। ਵਿਸਕੀ ਦੇ ਨਾਲ ਨਾਲ ਘਰ ਦੀ ਪਹਿਲੇ ਤੋੜ ਦੀ ਕੱਢੀ ਹੋਈ ਵੀ ਉਹਦੇ ਮੂਹਰੇ ਜ਼ਰੂਰ ਰੱਖਣੀ। ਜਦ ਜੀਤੇ ਦੀ ਛੁੱਟੀ ਅੱਧੀ ਕੁ ਬੀਤ ਜਾਣੀ ਤਾਂ ਮੀਤੇ ਨੇ ਉਹਨੂੰ ਦੋ ਕੁ ਸਵਾਲ ਵੀ ਪਾ ਦੇਣੇ, ਟਰੈਕਟਰ ਦੇ ਪਿੱਛੇ ਚੱਲਣ ਵਾਲੀਆਂ ਤਵੀਆਂ ਨਵੀਆਂ ਖਰੀਦ ਦੇਹ, ਟਿਊਵੈੱਲ ਤੋਂ ਹੇਠਾਂ ਖੇਤਾਂ ਵੱਲ ਨੂੰ ਜਾਂਦੀਆਂ ਖਾਲਾਂ ਪੱਕੀਆਂ ਕਰਵਾ ਦੇਹ। ਜੀਤੇ ਨੇ ਸ਼ੇਖੀ ਵਿੱਚ ਆਏ ਹੋਏ ਨੇ ਏਦਾਂ ਦੇ ਕੰਮ ਕਰਵਾ ਜਾਣੇ। ਇੱਕ ਵਾਰ ਤਾਂ ਜੀਤਾ ਗੁਰਦੁਆਰੇ ਤੇ ਜੰਝਘਰ ਨੂੰ ਦਸ ਦਸ ਹਜ਼ਾਰ ਦਾਨ ਵੀ ਦੇ ਗਿਆ। ਮੀਤੇ ਦੀ ਇੱਕ ਕੁੜੀ ਤੇ ਦੋ ਮੁੰਡੇ ਸਨ। ਇਹ ਬੱਚੇ ਹੁਣ ਜਵਾਨੀ ਵਲ ਨੂੰ ਵੱਧ ਰਹੇ ਸਨ। ਜਦ ਤਾਏ ਨੇ ਬਾਹਰੋਂ ਆਉਣਾ ਇਹਨਾ ਬੱਚਿਆਂ ਨੇ ਵੀ ਕੋਈ ਨਾ ਕੋਈ ਮੰਗ ਰੱਖ ਦੇਣੀ। ਤਾਏ ਨੇ ਉਹ ਵੀ ਪੂਰੀ ਕਰ ਦੇਣੀ। ਜੀਤੇ ਦੇ ਉਧਰ ਵਲਾਇਤ ਵਿੱਚ ਆਪਣੇ ਵੀ ਇੱਕ ਮੁੰਡਾ ਤੇ ਇਕ ਕੁੜੀ ਸਨ। ਉਹ ਦੋਨੋ ਉਹਨੇ ਵਿਆਹ ਦਿੱਤੇ ਸਨ।

ਜ਼ਮੀਨ ਅਣਵੰਡੀ ਹੀ ਚਲੀ ਜਾ ਰਹੀ ਸੀ। ਜੀਤੇ ਨੇ ਗੱਲ ਕਰਲੀ ਪਰ ਉਹ

ਅਕਸਰ ਸ਼ਰਾਬ ਵਿੱਚ ਹੀ ਡੁੱਬ ਜਾਣੀ। ਕਦੀ ਕਦੀ ਜੀਤੇ ਨੇ ਜ਼ਿਆਦਾ ਸ਼ਰਾਬੀ ਹੋ ਕੇ ਭਰਾ ਨੂੰ ਜੱਫੀ ਪਾ ਕੇ ਬੱਕਰੇ ਬੁਲਾ ਦੇਣੇ ਤੇ ਦਹਾੜ ਕੇ ਕਹਿ ਦੇਣਾ--- 'ਭਰਾਵਾਂ, ਮੈਂ ਕਿਹੜਾ ਹੁਣ ਵਲਾਇਤ ਤੋਂ ਵਾਪਸ ਆਉਣਾ ਏ। ਮੇਰੇ ਨਿਆਣਿਆ ਨੇ ਵੀ ਨਹੀਂ ਆਉਣਾ। ਤੂੰ ਹੀ ਵਾਹੀ ਜਾਹ। ਅਗਲੀ ਵਾਰ ਦੇਖਾਂਗੇ। ਪਟਵਾਰੀ ਤੋਂ ਫਰਦਾਂ ਲੈ ਛੱਡੀਂ।'

ਮੀਤੇ ਨੇ ਚਤੁਰਾਈ ਕਰਨੀ, 'ਵੀਰੇ ਸਭ ਕੁੱਝ ਤੇਰਾ ਹੀ ਏ। ਤੂੰ ਬਸ ਆਉਂਦਾ ਜਾਂਦਾ ਰਿਹਾ ਕਰ। ਤੁਹਾਨੂੰ ਸੰਭਾਲਣ ਲਈ ਤੇ ਤੁਹਾਡੀ ਸੇਵਾ ਲਈ ਮੈਂ ਇੱਥੇ ਬੈਠਾਂ। ਕੱਲਾ ਕੱਲਾ ਦੋ ਗਿਆਰਾਂ। ਉਹ ਵੀ ਫਿਰ ਭਰਾ!! ਵਲਾਇਤ ਵਾਲਾ!!!'

ਮੀਤੇ ਦੇ ਮੁੰਡਿਆਂ ਨੇ ਆਪਣੇ ਪਿਓ ਦੀਆਂ ਗੱਲਾਂ ਸੁਣੀ ਜਾਣੀਆਂ। ਤਾਏ ਨੇ ਇਹਨਾਂ ਜਵਾਨੀ ਵਲ ਨੂੰ ਵਧਦੇ ਮੁੰਡਿਆਂ ਨੂੰ ਵੀ ਗਲਾਸੀ ਲੁਆ ਦੇਣੀ। ਜਿਉਂ ਜਿਉਂ ਇਹ ਦੋਨੋ, ਭੀਰਾ ਤੇ ਬਿੱਲੂ, ਵੱਡੇ ਹੋਏ ਤਾਂ ਇਹਨਾਂ ਦੇ ਮਨ ਵਿੱਚ ਕਈ ਖਚਰੇ ਖਿਆਲ ਆਉਣ ਸ਼ੁਰੂ ਹੋ ਗਏ।

---ਭਾਜੀ, ਤਾਏ ਨੂੰ ਹੁਣ ਕਿਸੇ ਚੀਜ਼ ਦੀ ਲੋੜ ਹੀ ਨਹੀਂ। ਉਹ ਤਾਂ ਵਲਾਇਤ ਲੰਬਾ ਸਮਾਂ ਰਹਿ ਕੇ ਬਥੇਰਾ ਅਮੀਰ ਹੋ ਚੁੱਕਾ। ਉਹਨੇ ਜ਼ਮੀਨ ਤੋਂ ਕੀ ਲੈਣਾ? ਉਹ ਤਾਂ ਉੱਧਰ ਰਹਿਣ ਦਾ ਆਦੀ ਹੋ ਚੁੱਕਾ ਏ।

---ਭੀਰੇ, ਨਾਲੇ ਤਾਇਆ ਆਪ ਹੀ ਕਈ ਵਾਰ ਕਹਿ ਦਿੰਦਾ ਏ ਕਿ ਉਹਨੂੰ ਹੁਣ ਜ਼ਮੀਨ ਦੀ ਲੋੜ ਹੀ ਨਹੀਂ। ਤੈਨੂੰ ਪਤਾ, ਇੱਕ ਦਿਨ ਪੀ ਕੇ ਉਹਦੇ ਮੂੰਹ 'ਚੋ ਨਿਕਲ ਗਿਆ ਸੀ--- ਇਹ ਧਰਤੀ ਹੁਣ ਤੁਹਾਡੀ ਹੀ ਏ। ਮੇਰੇ ਮੁੰਡੇ ਨੇ ਇੱਥੇ ਵਾਪਿਸ ਨਹੀਂ ਆਉਣਾ। ਘਰ ਵੀ ਤੁਹਾਡਾ! ਸਭ ਕੁੱਝ ਤੁਹਾਡਾ!!

ਉੱਧਰ ਇੰਗਲੈਂਡ ਵਿੱਚ ਜਿਉਂ ਜਿਉਂ ਜੀਤੇ ਦਾ ਮੁੰਡਾ ਜਵਾਨ ਹੋਇਆ ਉਹਨੂੰ ਬੜੀ ਸਖਤ ਮਿਹਨਤ ਕਰਨੀ ਪਈ। ਬਾਕੀ ਪੰਜਾਬੀਆਂ ਵੱਲ ਦੇਖ ਕੇ ਉਹਨੂੰ ਆਪਣੀ ਮਾਲੀ ਹਾਲਤ ਬਹੁਤ ਵਧੀਆ ਨਹੀਂ ਸੀ ਲਗਦੀ। ਉਸਦੇ ਕਈ ਸਾਥੀ ਬਹੁਤ ਅਮੀਰ ਹੋ ਗਏ ਸਨ। ਉਹਨਾਂ ਨੂੰ ਪਿੱਛਿਓ ਪੰਜਾਬ ਚੋਂ ਜ਼ਮੀਨਾਂ ਦੇ ਠੇਕੇ ਦੇ ਪੈਸੇ ਵੀ ਆ ਰਹੇ ਸਨ। ਕਈਆਂ ਨੂੰ ਆਪਣੇ ਹਿੱਸੇ ਵੀ ਆ ਰਹੇ ਸਨ। ਕਈਆਂ ਨੂੰ ਆਪਣੇ ਹਿੱਸੇ ਦੀ ਜ਼ਮੀਨ ਵੀ ਮਿਲ ਗਈ ਸੀ। ਉਹਨਾਂ ਨੂੰ ਇਹ ਜ਼ਮੀਨ ਵੇਚ ਕੇ ਕਾਫੀ ਸਾਰੇ ਪੈਸੇ ਉੱਧਰ ਨੂੰ ਕੱਢ ਲਏ ਸਨ। ਜੀਤੇ ਦੇ ਮੁੰਡੇ ਰੂਬਲ ਨੇ ਇੱਕ ਦਿਨ ਆਪਣੇ ਪਿਓ ਨਾਲ ਆਢਾ ਲੈ ਹੀ ਲਿਆ।

''ਡੈਡ, ਉੱਥੇ ਪਿੰਡ ਜਾ ਕੇ ਗਲਾਸੀ ਵਿੱਚ ਗੁਆਚੇ ਰਹਿੰਦੇ ਹੋ। ਕਦੀ ਚਾਚੇ ਨਾਲ ਹਿਸਾਬ ਵੀ ਕਰ ਲਿਆ ਕਰੋ। ਹਰ ਵਾਰੀ ਆਪਣੇ ਆਪ ਨੂੰ ਲੁਟਾ ਕੇ ਆ ਜਾਂਦੇ ਹੋ। ਉਹ ਉਧਰਲਾ ਸਾਰਾ ਖਾਈ ਵੀ ਜਾਂਦੇ ਹਨ ਤੇ ਤੁਹਾਨੂੰ ਗਿਆ ਨੂੰ ਲੁੱਟ ਵੀ ਲੈਂਦੇ ਹਨ। ਕਦੀ ਕਹਿ ਦਿੰਦੇ ਟਰੈਕਟਰ ਠੀਕ ਕਰਵਾ ਦਿਓ, ਕਦੀ ਕਹਿ ਦਿੰਦੇ ਨਵੀਂ ਸੂਈਓ ਝੋਟੀ ਲੈ ਦਿਓ। ਮੇਰੇ ਨਾਲ ਹਰਖੋਵਾਲੀਆਂ ਸੇਮੀ ਕੰਮ ਕਰਦਾ ਏ। ਕਹਿੰਦਾ, 'ਅਸੀਂ ਤਾਂ ਉਧਰਲੀ ਆਪਣੇ ਹਿੱਸੇ ਦੀ ਤਾਏ ਕੋਲੋਂ ਲੈ ਕੇ ਵੇਚ ਵੀ ਦਿੱਤੀ। ਡੈਡੀ ਬਹੁਤ ਸੁਹਣੇ ਪੈਸੇ ਉੱਧਰੋਂ ਵੱਟ ਲਿਆਇਆ। ਏਧਰ ਤਾਂ ਤੈਨੂੰ ਪਤਾ ਹੀ ਏ। ਇੰਗਲੈਂਡ ਦਾ ਤਾਂ ਹੁਣ ਸਰਿਆ ਹੀ ਪਿਆ ਏ। ਕਿਸੇ ਵੇਲੇ ਇੰਗਲੈਂਡ ਹੁੰਦਾ ਸੀ। ਹੁਣ ਕਾਹਦਾ ਵਲਾਇਤ? ਹੁਣ ਤਾਂ ਇੱਥੇ ਕੋਈ ਪ੍ਰਧਾਨ ਮੰਤਰੀ ਬਣਨ ਨੂੰ ਤਿਆਰ ਨਹੀਂ। ਸਕਾਟਲੈਂਡ ਦਾ ਹਾਲ ਵੀ ਤੈਨੂੰ ਦਿਸਦਾ ਹੀ ਏ। ਉੱਥੇ ਵੀ ਏਸ਼ੀਆ ਮੂਲ ਦਾ ਬੰਦਾ ਹੀ ਦੇਸ ਨੂੰ ਚਲਾਉਂਦਾ ਏ। ਨਾ ਚੱਜ ਨਾਲ ਕਮਾਈ ਹੁੰਦੀ ਏ ਤੇ ਨਾ ਪੈਨਸ਼ਨਾ ਤੇ ਤਨਖਾਹਾਂ ਵਧਦੀਆਂ ਹਨ। ਅਬਾਦੀ ਛੇ ਕਰੋੜ! ਦੇਸ਼ ਸੁਣਿਐ, ਭਾਰਤ ਦਾ ਪੱਚੀਵਾਂ ਹਿੱਸਾ ਏ।''

ਰੂਬਲ ਨੂੰ ਆਪਣੇ ਸਾਥੀ ਦੀਆਂ ਗੱਲਾਂ ਨੇ ਪੂਰਾ ਹਲੂਣਾ ਦੇ ਦਿੱਤਾ। ਘਰ ਪਹੁੰਚਦੇ ਸਾਰ ਹੀ ਉਹ ਆਪਣੇ ਬਾਪ ਨੂੰ ਖਰੀਆਂ ਖਰੀਆਂ ਸੁਣਾਉਣ ਲੱਗ ਪਿਆ, ''ਡੈਡ, ਸ਼ਰਾਬ ਦਾ ਖਹਿੜਾ ਹੁਣ ਛੱਡੋ। ਹੋਸ਼ ਵਿੱਚ ਆਓ। ਉਹ ਹਰਖੋਵਾਲੀਆਂ ਸੇਮੀ ਏ, ਜਾਣਦੇ ਹੋ? ਇੱਕ ਦੋ ਵਾਰੀ ਮੇਰੇ ਨਾਲ ਸਾਡੇ ਘਰ ਵੀ ਆਇਆ ਸੀ। ਪਿੰਡੋਂ ਆਪਣਾ ਸਾਰਾ ਹਿਸਾਬ ਕਰ ਲਿਆਏ। ਉਸਦੇ ਬਾਪ ਨੂੰ ਦਸ ਖੇਤ ਜ਼ਮੀਨ ਦੇ ਆਉਂਦੇ ਸੀ। ਉਹ ਦਸ ਹੀ ਵੇਚ ਕੇ ਉਹਨਾਂ ਨੇ ਇੱਥੇ ਡਰਬੀ ਵਿੱਚ ਇੱਕ ਵੱਡਾ ਘਰ ਲੈ ਲਿਆ। ਤਿੰਨ ਘਰ ਉਹਨਾਂ ਪਾਸ ਪਹਿਲਾਂ ਹੀ ਹਨ--- ਦੋ ਡਰਬੀ ਵਿੱਚ ਤੇ ਇੱਕ ਕਵੈਂਟਰੀ ਵਿੱਚ। ਪਿੰਡ ਵਾਲੇ ਮੋਮੋਠਗਣੇ ਨੇ, ਮੰਮੀ ਕਹਿੰਦੀ ਹੁੰਦੀ। ਤੁਸੀਂ ਜਾ ਕੇ ਉਹਨਾਂ ਦੀਆਂ ਮਿੱਠੀਆਂ ਗੱਲਾਂ ਵਿੱਚ ਆ ਜਾਂਦੇ ਹੋ। ਉਹ ਤੁਹਾਨੂੰ ਲੁੱਟ ਕੇ ਖਾ ਗਏ। ਅਸੀਂ ਇੱਥੇ ਕਮਾਈਆਂ ਕਰਦੇ ਮਰ ਗਏ। ਤੁਸੀਂ ਪਹਿਲਾਂ ਅੰਤਾਂ ਦਾ ਫੈਕਟਰੀ 'ਚ ਕੰਮ ਕੀਤਾ। ਹੁਣ ਮੈਂ ਦਸ ਸਾਲ ਦਾ ਕਰ ਰਿਹਾ ਹਾਂ। ਉਹ ਉੱਧਰ ਬੈਠੇ ਸਾਡੇ ਪੰਜ ਖੇਤ ਅਰਾਮ ਨਾਲ ਖਾਈ ਜਾਂਦੇ ਨੇ। ਜਿੰਨੇ ਕੁ ਤੁਹਾਨੂੰ ਦਿੰਦੇ ਨੇ ਉਨੇ ਕੁ ਤੁਹਾਥੋ ਲੈ ਲੈਂਦੇ ਨੇ। ਤੁਸੀਂ ਇੰਨੇ ਮਿਹਰਬਾਨ ਹੋ ਕਿ ਪੀ ਕੇ ਬੱਕਰੇ ਬੁਲਾ ਕੇ ਕਹਿ ਦਿੰਦੇ ਹੋ- 'ਭਾਅ, ਤੂੰ ਹੀ ਖਾਈ ਜਾਹ। ਅਸੀਂ ਕਿਹੜਾ ਹੁਣ ਵਾਪਸ ਆਉਣਾ ਏ। ਮੱਝ ਉਪਰ ਬੈਠੀਆਂ ਮੱਖੀਆਂ ਆਪਣੇ ਆਪ ਨੂੰ ਮੱਝ ਤੋਂ ਵੀ ਉੱਚੀਆਂ ਸਮਝਣ ਲੱਗ ਪਈਆਂ।''

ਰੂਬਲ ਦੇ ਲੈਕਚਰ ਨੇ ਉਸਦੇ ਡੈਡੀ ਉਪਰ ਮਾੜਾ ਮਾੜਾ ਅਸਰ ਕਰਨਾ ਸ਼ੁਰੂ ਕਰ ਦਿੱਤਾ। ਰਹਿੰਦੀ ਖੂੰਹਦੀ ਅਸਰ ਰੂਬਲ ਨੇ ਆਪਣੀ ਮਾਂ ਤੋਂ ਕੱਢਵਾ ਦਿੱਤੀ। ਕੁਝ ਮਹੀਨਿਆਂ ਵਿੱਚ ਜੀਤੇ ਦੀ ਸੋਚ ਕਾਫੀ ਬਦਲ ਗਈ। ਹੁਣ ਜੀਤਾ ਸੋਚਣ ਲੱਗ ਪਿਆ ਕਿ ਭਰਾ ਤੋਂ ਆਪਣਾ ਹਿੱਸਾ ਲੈਣ ਲਈ ਗੰਭੀਰ ਹੋਇਆ ਜਾਵੇ। ਦੋ ਤਿੰਨ

ਵਾਰੀ ਫੋਨ ਕੀਤਾ। ਮੀਤੇ ਨੇ ਫਿਰ ਆਈ ਗਈ ਕਰ ਦਿੱਤੀ। ਫਿਰ ਮੀਤਾ ਕਹਿੰਦਾ, "ਵੀਰ, ਪਹਿਲਾਂ ਕਿਸੇ ਸਮੇਂ ਦੇ ਪਟਵਾਰੀ ਦੇ ਕਾਗਜਾਂ ਵਿੱਚ ਤੁਹਾਡੇ ਦੋ ਪ੍ਰਕਾਰ ਦੇ ਦਸਤਖਤ ਹਨ। ਇੱਕ ਥਾਂ ਤੁਸੀਂ ਅਜੀਤ ਸਿੰਘ ਦੇ ਤੌਰ ਤੇ ਦਸਤਖਤ ਕੀਤੇ ਹੋਏ ਹਨ ਤੇ ਦੂਜੀ ਥਾਂ ਆਪਦੇ ਨਾਮ ਨਾਲ ਆਪਣਾ ਗੋਤ 'ਵੜੈਚ' ਲਿਖ ਕੇ ਦਸਤਖਤ ਕੀਤੇ ਹੋਏ ਹਨ। ਪਹਿਲਾਂ ਦਸਤਖਤਾਂ ਦੀ ਇਕਸਾਰਤਾ ਲਿਆਉਣੀ ਪਊ। ਫਿਰ ਤਕਸੀਮ ਹੋਊ। ਫਿਰ ਕਿਤੇ ਜਾ ਕੇ ਤੇਰਾ ਹਿੱਸਾ ਤੈਨੂੰ ਮਿਲੂ। ਪਟਵਾਰੀ, ਗਰਦਾਵਰ ਤੇ ਤਹਿਸੀਲਦਾਰ ਮਾੜੀ ਮਾੜੀ ਦਰੁਸਤੀ ਦੇ ਪੈਸੇ ਮੰਗਦੇ ਰਹਿੰਦੇ ਨੇ।"

ਰੂਬਲ ਤੇ ਅਜੀਤ ਸਿੰਘ ਫਿਰ ਸੋਚਾਂ ਵਿੱਚ ਪਏ ਰਹੇ। ਉਹਨਾਂ ਨੂੰ ਇੰਜ ਮਹਿਸੂਸ ਹੋਣ ਲੱਗ ਪਿਆ ਕਿ ਮੀਤੇ ਨੇ ਗੱਲ ਕਿਸੇ ਵੀ ਬੰਨ੍ਹੇ ਕੰਢੇ ਨਹੀਂ ਲੱਗਣ ਦੇਣੀ। ਮੀਤੇ ਦੇ ਮੁੰਡੇ ਉਸਤੋਂ ਵੀ ਵੱਧ ਚਲਾਕੀਆਂ ਕਰੀ ਜਾਣ। ਕਦੀ ਕਦੀ ਤਾਂ ਅਜੀਤ ਸਿੰਘ ਨੂੰ ਡਰ ਵੀ ਲੱਗਣ ਲੱਗ ਪਿਆ ਕਿ ਉਹ ਪੰਜਾਬ ਜਾ ਕੇ ਉਹਨਾ ਪਾਸ ਸਮਾਂ ਨਾ ਬਿਤਾਇਆ ਕਰੇ। ਪੰਜਾਬ ਦਾ ਮਾਹੌਲ ਬਾਹਰਲਿਆ ਨੂੰ ਹਮੇਸ਼ਾ ਡਰਾਉਂਦਾ ਰਹਿੰਦਾ ਏ। ਇੱਕ ਤਾਂ ਬਾਹਰਲੇ ਜਾਂਦੇ ਮਸਾਂ ਮਹੀਨੇ ਕੁ ਵਾਸਤੇ ਹਨ। ਆਬੋ ਹਵਾ ਬਦਲਣ ਨਾਲ ਅੱਧਾ ਕੁ ਸਮਾਂ ਢਿੱਲੇ ਮੱਠੇ ਹੀ ਰਹਿੰਦੇ ਹਨ। ਦੂਜੇ ਪੰਜਾਬ ਦੇ ਅਫਸਰ ਉਹਨਾਂ ਦੇ ਸੁਭਾਅ ਤੋਂ ਵਾਕਫ ਹਨ। ਉਹ ਜਲਦੀ ਲੜ ਨਹੀਂ ਫੜਾਉਂਦੇ। ਉਹਨਾ ਨੂੰ ਪਤਾ ਹੁੰਦਾ ਏ ਕਿ ਉਹ ਵੱਧ ਪੈਸੇ ਮੂਹਰੇ ਸੁੱਟ ਕੇ ਕੰਮ ਕਰਵਾਉਣਗੇ। ਪੰਜਾਬ ਦੇ ਮਹਿਕਮੇ ਵੀ ਬਹੁਤ ਧੀਂਵੇ ਚਲਦੇ ਹਨ। ਕਦੀ ਤਹਿਸੀਲਦਾਰ ਛੁੱਟੀ ਤੇ ਹੁੰਦਾ ਏ। ਕਦੀ ਕਿਤੇ ਮੌਕਾ ਦੇਖਣ ਗਿਆ ਹੁੰਦਾ ਹੈ। ਕਦੀ ਕਿਸੇ ਵੱਡੇ ਅਫਸਰ ਦੀ ਆਓ ਭਗਤ ਵਿੱਚ ਮਸ਼ਰੂਫ ਹੁੰਦਾ ਏ। ਕਦੀ ਦੌੜਾ ਦੌੜਾ ਆ ਕੇ ਅੱਧੇ ਕੁ ਦਿਨ ਬਾਦ ਕਿਤੇ ਅਲੋਪ ਹੋ ਜਾਂਦਾ ਏ। ਕਦੀ ਪਟਵਾਰੀ ਨਹੀਂ ਮਿਲਦਾ। ਬਾਹਰੋ ਆਇਆ ਬੰਦਾ ਉਕਤਾ ਜਾਂਦਾ ਏ। ਜਦ ਨੂੰ ਉਹਦੀ ਛੁੱਟੀ ਖਤਮ ਹੋ ਜਾਂਦੀ ਏ। ਕੰਮ ਅਧੂਰਾ ਛੱਡ ਕੇ ਉਹ ਵਾਪਸ ਦੌੜ ਜਾਂਦਾ ਏ। ਇਹੀ ਕੁਝ ਉਹਦੇ ਸ਼ਰੀਕ ਚਾਹੁੰਦੇ ਹੁੰਦੇ ਹਨ।

ਇੱਕ ਦਿਨ ਜੀਤੇ ਨੂੰ ਇੱਕ ਸਕੀਮ ਸੁੱਝੀ। ਸੋਚ ਦੁੜਾਈ ਤਾਂ ਉਸਨੂੰ ਮਹਿਸੂਸ ਹੋਇਆ ਕਿ ਅੱਧਾ ਕੁ ਪਿੰਡ ਕੁੜੀਆਂ ਬਾਹਰ ਭੇਜ ਕੇ ਇੰਗਲੈਂਡ ਤੇ ਕੈਨੇਡਾ ਵਿੱਚ ਸੈੱਟ ਹੋ ਗਿਆ ਸੀ। ਜਿਹੜੇ ਅਨਪੜ੍ਹ ਤੇ ਮਾੜੇ ਮੋਟੇ ਪੜ੍ਹੇ ਹੋਏ ਲੋਕ ਪਹਿਲਾਂ ਪਹਿਲਾਂ ਇੰਗਲੈਂਡ ਤੇ ਕੈਨੇਡਾ ਵਿੱਚ ਗਏ ਸਨ ਉਹ ਆਪਣੇ ਮੁੰਡਿਆਂ ਲਈ ਕੁੜੀਆਂ ਪੰਜਾਬ ਤੋਂ ਲਿਆਉਂਦੇ ਸਨ। ਵਾਹ ਚੱਲੇ ਤਾਂ ਕੁੜੀਆਂ ਵੀ ਇੰਗਲੈਂਡ ਕੈਨੇਡਾ ਤੋਂ ਆ ਕੇ ਪੰਜਾਬ ਤੋਂ ਵੱਧ ਪੜ੍ਹੇ ਲਿਖੇ ਮੁੰਡੇ ਵਿਆਹ ਕੇ ਲਿਜਾਉਂਦੀਆਂ ਸਨ। ਕਈ ਰਿਸ਼ਤੇ ਵਾਰੀ ਵੱਟੇ ਦੇ ਵੀ ਹੁੰਦੇ ਸਨ। ਜੇ ਕੋਈ ਕਿਸੇ ਦਾ ਰਿਸ਼ਤਾ ਕਰਵਾਵੇ ਤਾਂ ਉਹ ਇਸ ਤਰ੍ਹਾਂ ਕਰਵਾਉਣ ਵਾਲੇ ਦੇ ਕੰਮ ਆ ਜਾਂਦਾ ਸੀ। ਜੀਤੇ ਨੇ ਸੋਚਿਆ ਕਿ ਇਸ ਪ੍ਰਕਾਰ



ਦੀ ਕੋਈ ਸਕੀਮ ਜਾਂ ਚਲਾਕੀ ਜ਼ਮੀਨ ਖਾਲੀ ਕਰਨ ਕਰਵਾਉਣ ਦਾ ਜਰੀਆ ਬਣ ਸਕਦੀ ਏ। ਉਸਨੇ ਮੀਤੇ ਨੂੰ ਫੋਨ ਮਿਲਾਇਆ, "ਵੀਰੇ, ਬੱਚਿਆਂ ਬਾਰੇ ਕੀ ਸੋਚਿਆ ਏ? ਦੀਪਾਂ ਤਾਂ ਹੁਣ ਵਿਆਹੁਣ ਵਾਲੀ ਏ। ਕਦੀ ਉਹਦੇ ਬਾਰੇ ਵੀ ਸੋਚ ਲਿਆ ਕਰ।"

"ਬਾਈ ਜੀ, ਇੱਧਰ ਪੰਜਾਬ ਵਿੱਚ ਕੋਈ ਠੀਕ ਰਿਸ਼ਤਾ ਨਹੀਂ ਮਿਲਦਾ।"

"ਅਸੀਂ ਸੋਚੀਏ ਕੁਝ?"

"ਸੋਚ ਲਓ। ਜੇ ਇਵੇ ਹੋ ਜਾਵੇ ਫਿਰ ਤਾਂ ਕਮਾਲ ਹੋ ਜੂ।"

ਅਸਲ ਵਿੱਚ ਜੀਤੇ ਦੇ ਮਨ ਵਿੱਚ ਇੱਕ ਜਾਣੇ ਪਹਿਚਾਣੇ ਟੱਬਰ ਦਾ ਰਿਸ਼ਤਾ ਸੀ। ਪਹਿਲਾਂ ਜੀਤੇ ਨੇ ਉਸ ਟੱਬਰ ਦੀ ਕੁੜੀ ਦਾ ਕਿਤੇ ਰਿਸ਼ਤਾ ਕਰਵਾਇਆ ਸੀ। ਉਹ ਜੀਤੇ ਦੀ ਹਰ ਗੱਲ ਮੰਨਦੇ ਸਨ। ਜੀਤੇ ਨੇ ਬੰਬੇਲੀ ਵਾਲੇ ਜੱਸੀ ਦੇ ਮੁੰਡੇ ਗੁਰਸ਼ਾਨ ਦੀ ਦੱਸ ਮੀਤੇ ਨੂੰ ਪਾ ਦਿੱਤੀ। ਮੀਤਾ ਤਾਂ ਇਸ ਪ੍ਰਕਾਰ ਦਾ ਰਿਸ਼ਤਾ ਲੱਭਦਾ ਫਿਰਦਾ ਸੀ। ਦੋਨੋ ਧਿਰਾਂ ਤਿਆਰ ਹੋ ਗਈਆਂ ਕਿਉਂਕਿ ਦੀਪਾਂ ਦਸਵੀਂ ਪਾਸ ਕਰ ਚੁੱਕੀ ਸੀ ਤੇ ਸੁਹਣੀ ਸੁਨੱਖੀ ਵੀ ਸੀ। ਜੱਸੀ ਕਾਫੀ ਸਮੇਂ ਤੋਂ ਵੈਨਕੂਵਰ ਰਹਿੰਦਾ ਸੀ। ਜੀਤੇ ਨੇ ਸੋਚਿਆ ਕਿ ਦੀਪਾਂ ਦੇ ਬਾਹਰ ਨਿਕਲ ਜਾਣ ਨਾਲ ਮੀਤੇ ਦਾ ਸਾਰਾ ਟੱਬਰ ਜਲਦੀ ਹੀ ਕੈਨੇਡਾ ਨਿਕਲ ਜਾਵੇਗਾ। ਕੈਨੇਡਾ ਦਾ ਖੂਨ ਦੇ ਰਿਸ਼ਤੇ ਵਾਲਾ ਕਾਨੂੰਨ ਬੜਾ ਨਰਮ ਸੀ।

ਜੀਤਾ ਰਿਸ਼ਤਾ ਕਰਵਾਉਣ ਵਿੱਚ ਕਾਮਯਾਬ ਹੋ ਗਿਆ। ਮੀਤੇ ਦੇ ਸਾਰੇ ਟੱਬਰ ਦਾ ਧਿਆਨ ਕੈਨੇਡਾ ਵਲ ਹੋ ਗਿਆ। ਭੀਰੇ ਤੇ ਬਿੱਲੂ ਨੇ ਖੇਤੀਂ ਜਾਣਾ ਘੱਟ ਕਰ ਦਿੱਤਾ। ਉਹ ਸੋਚਣ ਲੱਗ ਪਏ--- 'ਹੁਣ ਤਾਂ ਮੌਜਾਂ ਹੀ ਮੌਜਾਂ। ਖੇਤੀ ਤੋਂ ਕੀ ਲੈਣਾ! ਜੀਤਾ ਤਾਇਆ ਜਿੰਦਾਬਾਦ। ਭੈਣ ਤਾਂ ਬਾਹਰ ਗਈ ਕਿ ਗਈ! ਆਪਣੀ ਵਾਰੀ ਵੀ ਆਈ ਕਿ ਆਈ! ਭੈਣ ਰਿਸ਼ਤਾ ਵੀ ਕਰਵਾ ਸਕਦੀ ਏ। ਅਸੀਂ ਹੋਰ ਤਰੀਕਿਆ ਨਾਲ ਵੀ ਜਾ ਸਕਦੇ ਹਾਂ।' ਚਾਰ ਪੰਜ ਸਾਲ ਵਿੱਚ ਮੀਤੇ ਦਾ ਸਾਰਾ ਟੱਬਰ ਵੈਨਕੂਵਰ ਚਲਾ ਗਿਆ।

ਜੀਤੇ ਨੇ ਹੁਣ ਰੂਬਲ ਨੂੰ ਕਿਹਾ, "ਪੁੱਤਰਾ ਜਿਸ ਦਿਨ ਤੂੰ ਮੈਨੂੰ ਲੈਕਚਰ ਦੇ ਕੇ ਮੇਰੇ ਦਿਮਾਗ ਦੀ ਅਕਲ ਦੀ ਖਿੜਕੀ ਖੋਲ੍ਹੀ ਸੀ ਉਸ ਦਿਨ ਤੋਂ ਹੀ ਮੇਰੀ ਸੋਚ ਦੇ ਘੋੜੇ ਪੂਰੀ ਸਪੀਡ ਨਾਲ ਦੌੜਨ ਲਗ ਪਏ ਸਨ। ਜਦ ਗਧਾ ਮਸਤੀ ਵਿੱਚ ਆਉਂਦਾ ਏ ਤਾਂ ਸੁਆਤੇ ਲਿਟਦਾ ਏ। ਆ ਹੁਣ ਆਪਾਂ ਦੋਨੋ ਪਿੰਡ ਚਲੀਏ। ਸਾਰਾ ਘਰ ਵੀ ਖਾਲੀ ਪਿਆ ਏ ਤੇ ਜਮੀਨ ਵੀ ਵਾਰਸ ਉਡੀਕ ਰਹੀ ਏ। ਤੈਨੂੰ ਪਤਾ ਏ ਇੰਗਲੈਂਡ ਦਾ ਹਾਲ ਤਾਂ ਹੁਣ ਮਾੜਾ ਏ। ਨਾਲੇ ਸਾਨੂੰ ਹੁਣ ਬਥੇਰੇ ਸਾਲ ਹੋ ਗਏ ਇੱਥੇ ਭੱਸੜਾ ਭਨਾਂਦਿਆਂ ਨੂੰ। ਪੈਨਸ਼ਨ ਤਾਂ ਉੱਥੇ ਬੈਠਿਆਂ ਨੂੰ ਵੀ ਮਿਲਦੀ ਰਹੂ। ਕਦੀ ਕਦਾਈਂ

ਗੇੜਾ ਵੀ ਮਾਰ ਸਕਦੇ ਹਾਂ। ਜਿਸ ਜ਼ਮੀਨ ਨੂੰ ਖਾਲੀ ਕਰਵਾਉਣ ਨੂੰ ਅਸੀਂ ਤਰਲੇ ਕਰਦੇ ਸਾਂ ਉਹ ਆਪਣੇ ਆਪ ਹੀ ਖਾਲੀ ਹੋ ਗਈ। ਹੁਣ ਆਪਾਂ ਭਾਵੇਂ ਪਟਵਾਰੀ ਤੇ ਤਹਿਸੀਲਦਾਰ ਕੋਲ ਮਹੀਨਿਆਂ ਬੱਧੀ ਬੈਠੇ ਰਹੀਏ। ਨਾਲੇ ਠੇਕੇ ਤੇ ਦੇ ਕੇ ਖਾਵਾਗੇ ਤੇ ਨਾਲ ਹੌਲੀ ਹੌਲੀ ਤਕਸੀਮ ਕਰਵਾ ਕੇ ਵੰਡ ਵੰਡਈਏ ਬਾਰੇ ਸੋਚਾਂਗੇ। ਕੁਦਰਤ ਨੇ ਤੇਰੀ ਸੁਣ ਲਈ ਤੇ ਮੇਰੀ ਸਕੀਮ ਨੇ ਸਾਰਾ ਘਰ ਤੇ ਜ਼ਮੀਨ ਖਾਲੀ ਕਰਵਾ ਕੇ ਸਾਡੇ ਹਵਾਲੇ ਕਰ ਦਿੱਤੇ। ਹੁਣ ਆਪਾਂ ਵੀ ਉਵੇਂ ਹੀ ਟਾਲ ਮਟੋਲ ਕਰਿਆ ਕਰਾਂਗੇ ਜਿਵੇਂ ਤੇਰਾ ਚਾਚਾ ਕਰਦਾ ਆ ਰਿਹਾ ਸੀ। ਕਦੀ ਦਾਦੇ ਦੀਆਂ ਕਦੀ ਪੋਤੇ ਦੀਆਂ। ਨਾਲੇ ਅਫਸਰ ਸਾਡੀ ਬਾਹਰੋਂ ਆਇਆ ਦੀ ਵੱਧ ਇੱਜਤ ਕਰਨਗੇ। ਸਰਪੰਚ ਤੇ ਨੰਬਰਦਾਰ ਮੇਰੀ ਤੇਰੇ ਚਾਚੇ ਨਾਲ਼ੋ ਵੱਧ ਇੱਜਤ ਕਰਦੇ ਨੇ।"

ਰੂਬਲ ਆਪਣੇ ਪਿਓ ਦੀ ਚਲਾਈ ਚਾਲ ਤੇ ਪੂਰਾ ਪ੍ਰਸੰਨ ਸੀ। ਕੁੜੀਆਂ ਨੂੰ ਬਲੀ ਦੇ ਬੱਕਰੇ ਬਣਾ ਕੇ ਬਾਹਰ ਭੇਜੋ ਤੇ ਮਗਰ ਸਾਰਾ ਟੱਬਰ ਤੁਰ ਜਾਓ ਜਾਂ ਤੋਰ ਦਿਓ। ਜ਼ਮੀਨ ਤੇ ਘਰ ਖਾਲੀ ਕਰਵਾਉਣ ਦਾ ਵਧੀਆ ਤੇ ਨਿਵੇਕਲਾ ਤਰੀਕਾ! ਰੂਬਲ ਇੰਗਲੈਂਡ ਦੇ ਰੁਝੇਵੇਂ ਭਰੇ ਜੀਵਨ ਚੋ ਨਿਕਲ ਕੇ ਇੱਕ ਵਾਰ ਪੰਜਾਬ ਦੀਆਂ ਤਾਜ਼ੀਆਂ ਫਿਜ਼ਾਵਾਂ ਦਾ ਆਨੰਦ ਵੀ ਮਾਨਣਾ ਚਾਹੁੰਦਾ ਸੀ।

*****



# ਰਿਸ਼ਤਾ ਹੋਰ ਬੇਜੋੜ ਲੱਗਣ ਲੱਗ ਪਿਆ

ਪਿੰਡ ਵਿੱਚ ਮਲਵਈਆਂ ਦੇ ਟੱਬਰ ਦੀ ਲੜਕੀ ਜੀਤਾਂ ਨੇ ਲੋੜੀਂਦੇ ਬੈਂਡ ਲੈ ਕੇ ਆਈਲੈਟਸ ਦੀ ਪ੍ਰੀਖਿਆ ਪਾਸ ਕਰ ਲਈ। 'ਮਲਵਈ' ਉਨ੍ਹਾਂ ਨੂੰ ਇਸ ਕਰਕੇ ਨਹੀਂ ਕਹਿੰਦੇ ਸਨ ਕਿ ਉਹ ਮਾਲਵੇ ਚੋਂ ਆ ਕੇ ਦੁਆਬੇ ਵਿੱਚ ਵੱਸੇ ਹੋਏ ਸਨ। 'ਮਾਲਵਾ' ਇੱਕ ਕੂਲ਼ਾ ਜਿਹਾ ਸਬਦ ਹੈ। ਮਲਵਈਆਂ ਦੇ ਦੋ ਬੁੱਢੇ ਗੋਰੇ ਚਿੱਟੇ ਸਨ ਤੇ ਉਹ ਕੱਪੜੇ ਵੀ ਬੜੇ ਸੁਹਣੇ ਤੇ ਸਫਿਆਨੇ ਪਹਿਨਦੇ ਸਨ। ਇਨ੍ਹਾਂ ਵਿੱਚੋਂ ਇੱਕ ਬੁੜ੍ਹੇ ਦਾ ਨਾਮ ਲੋਕਾਂ ਨੇ 'ਸੁਨੱਖਾ ਬੁੜ੍ਹਾ' ਪਾਇਆ ਹੋਇਆ ਸੀ। ਦੂਜੇ ਨੂੰ 'ਨਿੱਤਨਵਾਂ' ਸੱਦਦੇ ਸਨ। ਟੱਬਰ ਦੀ ਅੱਲ੍ਹ ਪਤਾ ਨਹੀਂ ਕਿਹਨੇ ਮਲਵਈ ਪਾ ਦਿੱਤੀ। ਇਸ ਕਿਸਮ ਦੀਆਂ ਅੱਲਾਂ ਪਾਉਣ ਵਾਲ਼ਾ ਵੀ ਇੱਕ ਇਸ ਪਿੰਡ ਦਾ ਬੰਦਾ ਹੀ ਸੀ, ਜਿਸਨੂੰ ਲੋਕ 'ਅੱਡਾ ਇੰਚਾਰਜ' ਕਹਿ ਕੇ ਬੁਲਾਇਆ ਕਰਦੇ ਸਨ। ਜਦ ਮੈਂ ਪਿੰਡ ਦੇ ਇੱਕ ਦੋ ਬੰਦਿਆਂ ਨੂੰ ਪੁੱਛਿਆ ਕਿ ਇਸਨੂੰ 'ਅੱਡਾ ਇੰਚਾਰਜ' ਕਿਓਂ ਸੱਦਦੇ ਹਨ ਤਾਂ ਇੱਕ ਖੱਪੀ ਜਿਹਾ ਮੁੰਡਾ ਕਹਿਣ ਲੱਗਾ, "ਇਹ ਸਾਰਾ ਦਿਨ ਬੱਸ ਅੱਡੇ ਤੇ ਹੀ ਬੈਠਾ ਰਹਿੰਦਾ ਏ। ਚੜ੍ਹਦੀਆਂ ਉੱਤਰਦੀਆਂ ਸਵਾਰੀਆਂ ਨੂੰ ਹੀ ਨਿਹਾਰਦਾ ਰਹਿੰਦਾ ਏ। ਉਂਝ ਇਸਦਾ ਨਾਮ ਟਹਿਲ ਸਿੰਘ ਏ। ਛੜਾ ਹੀ ਏ। ਸਾਂਝੇ ਟੱਬਰ 'ਚ ਰਹਿੰਦਾ ਏ। ਸ਼ਾਇਦ ਘਰ ਦੀਆਂ ਨੂੰਹਾਂ ਇਸਨੂੰ ਘਰ ਵਿੱਚ ਝੱਲਦੀਆਂ ਨਹੀਂ ਜਾਂ ਇਸਨੂੰ ਬੱਸ ਚੜ੍ਹਦੀਆਂ ਉੱਤਰਦੀਆਂ ਸਵਾਰੀਆਂ ਦੇਖਣ ਦਾ ਸ਼ੌਂਕ ਹੈ। ਇਸ ਲਈ ਲੋਕਾਂ ਨੇ ਇਸਦੀ ਅੱਲ੍ਹ 'ਅੱਡਾ ਇੰਚਾਰਜ' ਹੀ ਪਾ ਲਈ। ਊਠ ਦੇ ਲੇਂਡੇ ਜਿੰਨੀ ਨਾਗਣੀ ਅਕਸਰ ਇਹਦੇ ਪਾਸ ਹੁੰਦੀ ਏ। ਦਿਨ ਵਿੱਚ ਦੋ ਵਾਰ ਅੱਧੀ ਅੱਧੀ ਕਰਕੇ ਛਕ ਲੈਂਦਾ ਏ।"

ਮਲਵਈਆਂ ਦੇ ਟੱਬਰ ਦੀ ਜੀਤਾਂ ਪਹਿਲੀ ਕੁੜੀ ਸੀ ਜਿਸਨੇ ਬਾਰਾਂ ਜਮਾਤਾਂ ਪੜ੍ਹਨ ਤੋਂ ਬਾਅਦ ਹੁਣ ਆਈਲੈਟਸ ਦਾ ਟੈਸਟ ਪਾਸ ਕੀਤਾ ਸੀ। ਪਿੰਡ ਤੇ ਅਨਪੜ੍ਹ ਲੋਕਾਂ ਨੂੰ ਉਹ ਹੁਣ ਅੰਗਰੇਜੀ ਦੀ ਪੂਰੀ ਮਾਹਿਰ ਲੱਗਣ ਲੱਗ ਪਈ ਸੀ। ਲੋਕ ਉਸਨੂੰ ਹੀ ਸਭ ਤੋਂ ਵੱਧ ਪੜ੍ਹਿਆ ਲਿਖਿਆ ਮੰਨਦੇ ਸਨ ਜਿਹੜਾ ਇਹ ਟੈਸਟ ਪਾਸ ਕਰਕੇ ਬਾਹਰ ਦਾ ਵੀਜ਼ਾ ਲੈਣ ਦੇ ਕਾਬਲ ਹੋ ਜਾਵੇ।

"ਸੁਣਿਐ, ਮਲਵਈਆਂ ਦੀ ਜੀਤਾਂ ਆਈਲੈਟਸ ਕਰ ਗਈ?"

ਮੈਂ 'ਅੱਡਾ ਇੰਚਾਰਜ' ਨੂੰ ਪੁੱਛ ਕੇ ਉਸਦਾ ਵਿਚਾਰ ਜਾਨਣਾ ਚਾਹਿਆ।

"ਕੁੜੀ ਕਮਾਲ ਕਰ ਗਈ। ਵੱਡੇ ਵੱਡੇ ਗਰੇਜੀ ਦੇ ਮਾਹਰਾਂ ਨੂੰ ਮਾਤ ਪਾ ਗਈ। ਏਥੋਂ ਹੀ ਰੋਜ਼ ਬੱਸ ਫੜਦੀ ਹੁੰਦੀ ਸੀ। ਨਵੇਂ ਸ਼ਹਿਰ ਜਮਾਤਾਂ ਲਗਾਉਣ ਜਾਂਦੀ ਹੁੰਦੀ ਸੀ। ਮੈਂ ਤਾਂ ਰੋਜ਼ ਆਉਂਦੀ ਜਾਂਦੀ ਨੂੰ ਦੇਖਦਾ ਰਿਹਾ ਹਾਂ। ਹੁਣ ਤਾਂ ਬੱਸ ਜਹਾਜ ਚੜ੍ਹੀ ਕਿ ਚੜ੍ਹੀ। ਉਹਦੇ ਨਾਲ਼ ਦੀ ਗਰੇਜੀ ਨੀ ਕਿਸੇ ਨੂੰ ਵੀ ਆਉਂਦੀ। ਉਦਾਂ ਇੱਥੇ ਕਈ ਬੀ. ਆ ਕਰੀ ਫਿਰਦੇ ਨੇ। ਵੈਸੇ ਸਾਡੇ ਪਿੰਡ ਦਾ ਆਦਿਧਰਮੀਆਂ ਦਾ ਇੱਕ ਮੁੰਡਾ ਕਿਸੇ ਚੰਗੇ ਸਕੂਲ ਵਿੱਚ ਗਰੇਜੀ ਪੜ੍ਹਾਉਂਦਾ ਏ। ਜਦ ਉਸਨੇ ਆਈਲੈਟਸ ਹੀ ਨਹੀਂ ਕੀਤੀ ਤਾਂ ਉਹ ਕਾਹਦਾ ਮਾਹਰ ਹੋਇਆ?"

"ਤੂੰ ਸਿਮਰੂ ਦੀ ਗੱਲ ਕਰਦਾ ਲਗਦਾ ਏਂ। ਉਹ ਕੇਂਦਰੀ ਵਿਦਿਆਲਾ 'ਚ ਅੰਗਰੇਜੀ ਦਾ ਅਧਿਆਪਕ ਏ। ਤੇਰਾ ਗਣੇਸ਼ਪੁਰੀਏ ਉਸ ਪ੍ਰੋਫੈਸਰ ਬਾਰੇ ਕੀ ਖਿਆਲ ਏ ਜਿਹੜਾ ਕੰਧਾਲੇ ਕਾਲਜ ਵਿੱਚ ਬੀ. ਏ. ਨੂੰ ਅੰਗਰੇਜੀ ਪੜ੍ਹਾਓਂਦਾ ਏ?"

"ਛੱਡੋ ਜੀ, ਸਿਮਰੂ ਤੇ ਪ੍ਰੋਫੈਸਰ ਨੂੰ! ਲੋਕ ਕਹਿੰਦੇ ਐ, ਉਹ ਤਾਂ ਇਸ ਕੁੜੀ ਦੇ ਪਾਂ ਪਾਸਕ ਵੀ ਨਹੀਂ। ਇੱਥੇ ਸਭ ਸਿਫਾਰਿਸ਼ਾਂ ਨਾਲ਼ ਨੌਕਰੀਆਂ ਲੱਗ ਜਾਂਦੇ ਆ। ਨਕਲਾਂ ਮਾਰ ਕੇ ਜਮਾਤਾਂ ਪਾਸ ਕਰ ਲੈਂਦੇ ਆ ਜਾਂ ਫਿਰ ਛੋਟੀਆਂ ਜਾਤਾਂ ਵਾਲ਼ੇ ਸੀਟਾਂ ਮੱਲ ਲੈਂਦੇ ਆ। ਅਸਲ ਉਦੋਂ ਪਤਾ ਲਗਦਾ ਏ ਜਦ ਕੋਈ ਉਸ ਕੁੜੀ ਵਾਂਗ ਬਾਹਰ ਜਾਣ ਵਾਲ਼ਾ ਪੇਪਰ ਪਾਸ ਕਰੇ।"

"ਅੱਡਾ ਇੰਚਾਰਜ, ਹੁਣ ਮਲਵਈ ਰਿਸ਼ਤਾ ਕਿਵੇਂ ਦਾ ਲੱਭਦੇ ਨੇ?"

"ਸੁਣਿਐ, ਕੋਸ਼ਿਸ਼ ਤਾਂ ਆਸਟਰੇਲੀਆ ਜਾਣ ਦੀ ਏ। ਜੇ ਕੋਈ ਕਨੇਡਾ ਵਾਲ਼ਾ ਮਿਲ ਜਾਵੇ ਤਾਂ ਸ਼ਾਇਦ ਉਹਦੇ ਲਈ ਵੀ ਮੰਨ ਜਾਣ। ਕਿਸੇ ਪੈਸਿਆਂ ਵਾਲ਼ੇ ਲੋੜਬੰਦ ਨੂੰ ਵੀ ਬਟੋਰ ਸਕਦੇ ਨੇ। ਮੈਨੂੰ ਪਤਾ ਲਗਦਾ ਰਹਿੰਦਾ ਜਦ ਕੋਈ ਰਿਸ਼ਤਾ ਆਉਂਦਾ ਏ। ਗੱਲ ਇੱਕ ਹੋਰ ਵੀ ਏ।"

"ਉਹ ਕੀ, ਵੀਰਿਆ?"

"ਮਲਵਈ ਬਸ ਕਹਿਣ ਨੂੰ ਹੀ ਮਲਵਈ ਹਨ। ਪੈਸੇ ਵਲੋਂ ਹੁਣ ਉਹ ਵੀ ਟੁੱਟੇ ਹੋਏ ਨੇ। ਜਮੀਨ ਵੰਡ ਹੋ ਕੇ ਥੋੜ੍ਹੀ ਰਹਿ ਗਈ। ਪਿਛਲੇ ਸਾਲ ਤਾਂ ਫਸਲ ਹੜ੍ਹਾਂ ਨੇ ਤਬਾਹ ਕਰ ਤੀ। ਸੋਚਦੇ ਆ ਕੋਈ ਮੁੰਡਾ ਲੱਭ ਜਾਵੇ ਜਿਹੜਾ ਕੁੜੀ ਦੇ ਬਾਹਰ ਜਾਣ ਤੇ ਪੈਸਾ ਲਗਾ ਦੇਵੇ। ਜਿਆਦਾ ਪੜ੍ਹੇ ਲਿਖੇ ਤਾਂ ਜੱਟਾਂ ਵਿੱਚ ਲੱਭਦੇ ਨੀ। ਬਹੁਤੇ ਦਸਵੀਂ ਪਾਸ ਵੀ ਨਹੀਂ ਕਰਦੇ। ਕਈ ਤਾਂ ਨਸ਼ਿਆਂ ਵਿੱਚ ਹੀ ਪੈ ਜਾਂਦੇ ਨੇ। ਇੱਕ ਰਾਮ ਗੜ੍ਹ ਦਾ ਟੱਬਰ ਏ। ਮੁੰਡਾ ਦਸਵੀਂ ਪਾਸ ਕਰ ਚੁੱਕਿਆ ਸੀ। ਪਹਿਲਾਂ ਕਾਫੀ ਸਮਾਂ ਸ਼ਹਿਰ ਮਾੜੇ ਮੋਟੇ ਕੰਮ ਵੀ ਸਿੱਖਦਾ ਰਿਹਾ। ਸੁਣਿਐ, ਇੱਕ ਖੇਤ ਬੈਅ ਕਰਕੇ ਪੈਸੇ ਲਗਾਉਣ ਨੂੰ ਤਿਆਰ ਨੇ। ਤੈਨੂੰ ਪਤਾ ਅੱਜ ਕੱਲ ਵਾਹੀ ਵਾਲ਼ੀਆਂ ਜਮੀਨਾਂ ਦੀ ਕੀਮਤ ਵੀ ਕਾਫੀ ਘਟੀ ਹੋਈ ਏ। ਜਿਹੜਾ ਖੇਤ ਪਹਿਲਾਂ 25 ਲੱਖ ਨੂੰ ਵਿਕਦਾ ਸੀ ਹੁਣ ਉਹ ਮਸਾਂ 12-13 ਲੱਖ ਨੂੰ ਵਿਕਦਾ ਏ। ਰਾਮਗੜ੍ਹ ਵਾਲਿਆਂ ਦੇ ਦੋ ਮੁੰਡੇ ਨੇ। ਸਾਰੀ ਜਮੀਨ ਅੱਠ ਕੁ ਖੇਤ ਏ।"

"ਕੀ ਕੁੜੀ ਮੁੰਡੇ ਨੂੰ ਪਸੰਦ ਵੀ ਕਰ ਲਊ? ਮੁੰਡੇ ਬਾਰੇ ਹੋਰ ਕੁੱਝ ਦੱਸ। ਕੁੱਝ ਖਾਂਦਾ ਪੀਂਦਾ ਤਾਂ ਨਹੀਂ?"

"ਵੀਰੇ, ਅੱਜ ਕਲ ਕਿਹੜਾ ਮੁੰਡਾ ਏ ਜਿਹੜਾ ਨਾ ਖਾਂਦਾ ਪੀਂਦਾ ਹੋਵੇ। ਇਹ ਜਾਣੀ ਥੋੜ੍ਹਾ ਲੁਕ ਛਿਪ ਕੇ ਖਾਂਦਾ ਪੀਂਦਾ ਏ। ਨਾਮ ਗੁਰਮਿੰਦਰ ਏ। ਆਮ ਗੁਰੀ ਗੁਰੀ ਕਹਿ ਕੇ ਬੁਲਾਉਂਦੇ ਨੇ। ਇੱਕ ਪੁਰਾਣਾ ਜਿਹਾ ਮੋਟਰਸਾਈਕਲ ਜਰੂਰ ਹੈ ਉਹਦੇ ਕੋਲ। ਉਮਰ ਵੀ ਖਾਸੀ ਏ।"

"ਕਿੰਨੀ ਕੁ ਹੋਊ?"

" 28,30 ਸਾਲ ਦਾ ਤਾਂ ਹੈਗਾ ਹੀ ਏ। ਕੁੜੀ ਮਸਾਂ 18-19 ਸਾਲ ਦੀ ਏ। ਮੈਂ ਇੱਕ ਵਾਰ ਪੁੱਛ ਬੈਠਾ।"

"ਕੀ?"

"ਵਿਆਹ ਕਰਵਾਉਣ ਬਾਰੇ। ਕਹਿੰਦਾ- ਬਸ ਬਾਹਰ ਹੀ ਜਾਣਾ ਏ।"

"ਤੈਨੂੰ ਕਿਵੇਂ ਲਗਦਾ, ਬਣ ਜਾਊ ਇੱਥੇ ਕੰਮ?"

"ਰਾਮਗਲੋਲੀਆਂ ਦਾ ਭੱਜਾ ਬਚੋਲਾ ਬਣਿਆ ਫਿਰਦਾ ਏ। ਭੱਜਾ ਹੈ ਪੂਰਾ ਘੈਂਟ। ਲਗਦਾ ਗੱਲ ਬੰਨੇ ਕੰਢੇ ਲਾ ਹੀ ਦੇਊ। ਇੱਕ ਤਾਂ ਰੋਜ਼ ਡਰ ਤੇ ਦੋਚਿੱਤੀ ਪੈਦਾ ਕਰਨ ਵਾਲ਼ੀ ਕੋਈ ਨਾ ਕੋਈ ਖਬਰ ਸੁਣਨ ਨੂੰ ਮਿਲ ਜਾਂਦੀ ਏ। ਅੱਜ ਫਿਰ ਬੜੀ ਅਜੀਬ ਖਬਰ ਪੜ੍ਹੀ ਏ।"

"ਉਹ ਕੀ?"

"ਬਠਿੰਡੇ ਕੰਨੀ ਕਿਸੇ ਬਿਹਾਰੀ ਭਈਏ ਦੀ ਕੁੜੀ ਨੇ 12 ਵੀਂ ਜਮਾਤ ਪਾਸ ਕਰਕੇ ਆਈਲੈਟਸ ਵੀ 6 ਬੈਂਡਾਂ ਨਾਲ਼ ਪਾਸ ਕਰ ਲਿਆ। ਇੱਕ ਜੱਟਾਂ ਦਾ ਟੱਬਰ ਭਈਏ ਨੂੰ ਪੱਚੀ ਲੱਖ ਰੁਪਏ ਦੇ ਕੇ ਉਸ ਕੁੜੀ ਦੇ ਸਿਰ ਤੇ ਆਪਣੇ ਮੁੰਡੇ ਨੂੰ ਕੈਨੇਡਾ ਕੱਢਣ ਲਈ ਤਿਆਰ ਹੋ ਗਿਐ। ਸੌਦਾ ਪੱਕਾ ਹੋਏ ਤੇ ਭਈਏ ਨੇ ਪੈਸੇ ਲੈ ਲਏ ਤੇ ਕੁੜੀ ਕੈਨੇਡਾ ਚਲੀ ਗਈ।"

"ਦੇਖਲਾ ਯਾਰ, ਬਾਹਰ ਜਾਣ ਦੇ ਨਾਂ ਤੇ ਤਾਂ ਲੋਕਾਂ ਦੀ ਪੂਰੀ ਤਰ੍ਹਾਂ ਮੱਤ ਮਾਰੀ ਗਈ। ਹੁਣ ਤਾਂ ਮੁੰਡੇ ਰੂੜੀ ਤੇ ਡਿਗਣ ਲੱਗ ਪਏ। ਕਿਵੇਂ ਹੋਇਆ ਫਿਰ ਰਿਸ਼ਤਾ ਕਾਮਯਾਬ ਹੋ ਗਿਆ?"

"ਕਾਮਯਾਬ ਕਿੱਥੇ ਹੋਇਆ? ਕੁੜੀ ਕੈਨੇਡਾ ਜਾ ਕੇ ਫੋਨ ਕਰਨੋ ਹੀ ਹੱਟ ਗਈ। ਜੱਟ ਪਿੱਟਦੇ ਫਿਰਦੇ ਆ। ਲੋਕ ਕਹਿੰਦੇ ਆ--- ਕੁੜੀ ਚੌਲ਼ਾਂ ਤੋਂ ਪੀਜ਼ੇ ਤੱਕ ਪਹੁੰਚ

ਕੇ ਧੋਖਾ ਦੇ ਗਈ।"

"ਫਿਰ ਜੱਟਾਂ ਨੇ ਭਈਏ ਦੇ ਗਲ਼ ਵਿੱਚ ਫੰਦਾ ਨਹੀਂ ਪਾਇਆ? ਸਾਲ਼ੇ ਨੂੰ ਫੜ੍ਹ ਕੇ ਫੁੰਡਿਆ ਨਹੀਂ?"

"ਫੁੰਡਣਾ ਕੀ ਸੀ? ਭਈਏ ਦਾ ਟੱਬਰ ਤਾਂ ਰਾਤੋ ਰਾਤ ਬਿਹਾਰ ਪਹੁੰਚ ਗਿਐ। ਮਾੜਾ ਮੋਟਾ ਜੁੱਲੀ ਤੱਪੜ ਛੱਡ ਗਏ। ਬਾਕੀ ਸਭ ਕੁਝ ਲੈ ਕੇ ਦੌੜ ਗਏ। ਨਾ ਕੁੜੀ ਦਾ ਥਹੁ ਪਤਾ ਕਿ ਕਿਸ ਸ਼ਹਿਰ ਵਿੱਚ ਹੈ ਤੇ ਨਾ ਭਈਆਂ ਦੇ ਟੱਬਰ ਦਾ।"

"ਜੱਟ ਹੁਣ ਕੀ ਕਰੂਗੇ?"

"ਕੱਛਾਂ ਵਜਾਉਂਦੇ ਫਿਰਨ। ਬਹੁਤੇ ਨੂੰ ਪੈਂਦੇ ਪੈਂਦੇ ਥੋੜ੍ਹੇ ਤੋਂ ਵੀ ਗਏ।"

"ਭਾਵੇਂ ਇਸ ਤਰ੍ਹਾਂ ਦੀਆਂ ਜਿੰਨੀਆਂ ਮਰਜ਼ੀ ਘਟਨਾਵਾਂ ਵਾਪਰੀ ਜਾਣ, ਭੱਜਾ ਤਾਂ ਕੰਮ ਸਿਰੇ ਲਾ ਹੀ ਗਿਐ। ਉਹ ਤਾਂ ਸੱਚੀਂ ਬੜਾ ਬਹਿਬਤੀ ਏ।"

ਇੱਕ ਦੋ ਦਿਨ ਬਾਅਦ ਪਤਾ ਲੱਗਾ ਗੱਲ ਪੱਕੀ ਹੋ ਗਈ ਸੀ। ਅੰਦਰੋਗਤੀ ਚੁੱਪ ਚੁਪੀਤੇ ਮਲਵਈ ਭੱਜੇ ਨੂੰ ਨਾਲ਼ ਲੈ ਕੇ ਸ਼ਗਨ ਪਾ ਆਏ। ਗੱਲ ਇਵੇਂ ਤੈਅ ਹੋਈ ਕਿ ਸਾਰਾ ਖਰਚਾ ਲੜਕੇ ਵਾਲ਼ੇ ਕਰਨਗੇ ਟਿਕਟਾਂ ਸਮੇਤ। ਲੜਕਾ ਕੁੜੀ ਨਾਲ਼ ਜਾਊ ਤੇ ਉੱਥੇ ਜਾ ਕੇ ਕੰਮ ਕਰੂ। ਲੜਕੀ ਪੜ੍ਹੂ। ਲੜਕਾ ਉਹਦੇ ਤੇ ਓਦੋਂ ਤੱਕ ਖਰਚਾ ਕਰਦਾ ਜਾਊ ਜਦ ਤੱਕ ਉਹ ਪੱਕੀ ਨਹੀਂ ਹੋ ਜਾਂਦੀ।"

ਤੀਜੇ ਕੁ ਦਿਨ 'ਅੱਡਾ ਇੰਚਾਰਜ' ਫਿਰ ਅੱਡੇ ਵਿੱਚ ਮਿਲ਼ ਪਿਆ।

"ਸੁਣਿਐ, ਕੰਮ ਹੋ ਗਿਐ?" ਮੈਂ ਉਸਨੂੰ ਪੁੱਛ ਬੈਠਾ।

"ਹਾਂ ਜੀ, ਕੰਮ ਹੋ ਗਿਐ। ਮੈਂ ਤੁਹਾਨੂੰ ਦੱਸਿਆ ਸੀ ਕਿ ਕੰਮ ਹੋਣ ਹੀ ਵਾਲ਼ਾ ਏ।"

"ਮੰਨ ਗਏ ਬਾਈ ਤੈਨੂੰ। ਤੇਰੇ ਕੋਲ਼ ਤਾਂ ਪਿੰਡ ਦੀ ਪੂਰੀ ਡਾਇਰੀ ਹੁੰਦੀ ਏ। ਜਾਣਾ ਕਿਹੜੇ ਦੇਸ ਏ?"

"ਸੁਣਿਐ, ਲੜਕੀ ਆਸਟਰੇਲੀਆ ਜਾਣਾ ਪਸੰਦ ਕਰਦੀ ਏ।"

"ਵੀਰੇ, ਆਸਟਰੇਲੀਆ ਦੇ ਤਾਂ ਕਾਨੂੰਨ ਬਹੁਤ ਸਖਤ ਨੇ। ਸੁਣਿਐ ਉੱਥੇ ਪੱਕਾ ਹੋਣਾ ਬਹੁਤ ਔਖਾ ਏ। ਲੜਕੀ ਨੂੰ ਕੋਈ ਸਮਝਾਵੇ ਕਿ ਕੈਨੇਡਾ ਚਲੀ ਜਾਵੇ। ਕੈਨੇਡਾ ਦਾ ਕਾਨੂੰਨ ਨਰਮ ਏ।"

"ਸੁਣਿਐ, ਉਹ ਕਹਿੰਦੀ ਏ ਮੇਰੇ ਨਾਲ਼ੋਂ ਵੱਧ ਅੰਗਰੇਜੀ ਕੌਣ ਜਾਣਦਾ ਏ? ਮੈਂ ਆਸਟਰੇਲੀਆ ਵਿੱਚ ਪੱਕੀ ਹੋ ਕੇ ਦੱਸਾਂਗੀ। ਕਹਿੰਦੀ ਫਿਰਦੀ ਏ, ਕੈਨੇਡਾ ਵਿੱਚ ਤਾਂ ਹਰ ਜਣਾ ਖਣਾ ਗਿਆ ਹੋਇਐ। ਨਾਲ਼ੇ ਕੈਨੇਡਾ ਵਿੱਚ ਪੈਸੇ ਘੱਟ ਹਨ।"

"ਉਹ ਕਿਵੇਂ? ਡਾਲਰ ਤਾਂ ਕੈਨੇਡਾ ਦਾ ਵੱਡਾ ਏ?"

"ਬਹੁਤੇ ਲੋਕਾਂ ਨੂੰ ਨਹੀਂ ਪਤਾ। ਕੈਨੇਡਾ ਵਿੱਚ ਘੰਟੇ ਦਾ ਰੇਟ 14-15 ਡਾਲਰ ਏ। ਪੇਂਡੂ ਅਨਪੜ੍ਹ ਜਨਤਾ ਨੂੰ ਕੈਨੇਡਾ ਇਸ ਕਰਕੇ ਚੰਗਾ ਲਗਦਾ ਰਹਿੰਦਾ ਏ ਕਿਉਂਕਿ ਉੱਥੇ ਨੂੰ ਹਰ ਜਣਾ ਖਣਾ ਤੁਰਿਆ ਹੋਇਆ ਏ। ਦੂਜੀ ਗੱਲ ਇਹ ਕਿ ਲੋਕ ਕੈਨੇਡਾ ਦੇ ਡਾਲਰ ਨੂੰ ਵੱਡਾ ਕਹਿ ਕੇ ਫੁੱਲਦੇ ਰਹਿੰਦੇ ਹਨ। ਵੱਡਾ ਕੀ ਕਰੂ ਜੇ ਘੰਟੇ ਦੇ ਮਿਲਦੇ ਹੀ ਘੱਟ ਹੋਣ। ਕਿੱਥੇ ਘੰਟੇ ਦੇ 14-15 ਤੇ ਕਿੱਥੇ 24-25। ਪੇਂਡੂ ਉਸੇ ਦੇਸ ਨੂੰ ਚੰਗਾ ਸਮਝਦੇ ਹਨ ਜਿੱਧਰ ਨੂੰ ਇੱਜੜ ਤੁਰਿਆ ਜਾਂਦਾ ਹੋਵੇ। ਇਵੇਂ ਪਹਿਲਾਂ ਵਲਾਇਤ ਨਾਲ਼ ਹੁੰਦਾ ਸੀ। ਹੁਣ ਤੋਂ 60-65 ਸਾਲ ਪਹਿਲਾਂ ਸਾਰਾ ਦੁਆਬਾ ਵਲਾਇਤ ਨੂੰ ਹੀ ਤੁਰਿਆ ਹੋਇਆ ਹੁੰਦਾ ਸੀ। ਸਾਡਾ ਬਾਬਾ ਬਾਊਚਰ ਦੇ ਸਿਰ ਤੇ 70 ਕੁ ਸਾਲ ਪਹਿਲਾਂ ਇੰਗਲੈਂਡ ਗਿਆ ਸੀ। ਜਦ ਦੋ ਕੁ ਗੇੜਿਆਂ ਬਾਅਦ ਸਾਡੇ ਪਿੰਡ ਆਇਆ ਤਾਂ ਮੇਰੇ ਭਤੀਜਾ ਹੋਇਆ ਸੀ।

ਬੁੱਢੇ ਨੇ ਭਤੀਜੇ ਦਾ ਨਾਮ ਪੀਟਰ ਰੱਖ ਦਿੱਤਾ। ਆਪ ਵਾਪਿਸ ਚਲਾ ਗਿਆ। ਪਿੰਡ ਦੇ ਸਾਰੇ ਅਨਪੜ੍ਹ ਮੁੰਡੇ ਨੂੰ ਪੀਟਾ ਪੀਟਾ ਕਹਿ ਕੇ ਬੁਲਾਇਆ ਕਰਨ ਕਿਉਂਕਿ ਬੁੱਢਾ ਬੋਲਣ ਵੇਲੇ ਗੋਰਿਆਂ ਵਾਂਗ 'ਰ' ਖਾ ਜਾਇਆ ਕਰਦਾ ਸੀ। ਕਿਹਾ ਕਰਨ- ਓਏ ਪੀਟਿਆ, ਤੇਰਾ ਨਾਮ ਝੰਡਾ ਸਿਹੁੰ ਰੱਖ ਕੇ ਗਿਆ ਸੀ। ਅਨਪੜ੍ਹਾਂ ਨੂੰ ਅੱਜ ਤੱਕ ਨਹੀਂ ਪਤਾ ਕਿ ਮੁੰਡੇ ਦਾ ਨਾਮ ਬੁੱਢੇ ਨੇ ਪੀਟਰ ਰੱਖਿਆ ਸੀ। ਉਨ੍ਹਾਂ ਨੇ ਪੀਟਰ ਦਾ ਪੀਟਾ ਹੀ ਬਣਾ ਦਿੱਤਾ।"

ਜੀਤਾਂ ਤੇ ਗੁਰੀ ਮਹੀਨੇ ਕੁ ਬਾਅਦ ਮੈਲਬੌਰਨ ਪਹੁੰਚ ਗਏ। ਇਹ ਜਾਅਲੀ ਵਿਆਹ ਨਹੀਂ ਸੀ, ਪੱਕਾ ਵਿਆਹ ਸੀ। ਗੁਰੀ ਨੇ ਕੰਮ ਕਰਨਾ ਸੀ ਤੇ ਜੀਤਾਂ ਨੇ ਪੱਕੀ ਹੋਣ ਤੱਕ ਪੜ੍ਹਨਾ ਸੀ। ਜੀਤਾਂ ਨੇ ਹੇਅਰ ਡਰੈਸਿੰਗ ਦਾ ਕੋਰਸ ਕਰਨਾ ਸੀ। ਉਹ ਜਮਾਤਾਂ ਲਗਾਉਣ ਲੱਗ ਪਈ। ਵੈਸੇ ਉਹ ਸਿੱਖਾਂ ਦੀ ਕੁੜੀ ਸੀ। ਮਜਬੂਰੀ ਮਨੁੱਖ ਤੋਂ ਕੀ ਨਹੀਂ ਕਰਵਾਉਂਦੀ? ਪਿੰਡ ਦੇ ਨਾਈਆਂ ਨੂੰ ਮਲਵਈ ਐਵੇਂ ਹੀ ਟਿੱਚਰਾਂ ਕਰਿਆ ਕਰਦੇ ਸਨ। ਹੁਣ ਕੁੜੀ ਆਪ ਨਾਈ ਬਣ ਗਈ ਸੀ। ਗੁਰੀ ਦਾ ਵਰਕ ਵੀਜ਼ਾ ਸੀ। ਉਸਨੇ 15-20 ਕੁ ਦਿਨ ਲਗਾ ਕੇ ਹਜ਼ਾਰ ਕੁ ਡਾਲਰ ਕਿਸੇ ਦੇਸੀ ਸਕਿਉਰਿਟੀ ਕੰਪਨੀ ਨੂੰ ਦੇ ਕੇ ਸਕਿਊਰਿਟੀ ਦਾ ਲਾਇਸੰਸ ਲੈ ਲਿਆ ਸੀ। ਉਹ ਹੁਣ ਇੱਕ ਕੰਸਟਰਕਸ਼ਨ ਸਾਈਟ ਤੇ ਸਕਿਊਰਿਟੀ ਕਰਨ ਲੱਗ ਪਿਆ ਸੀ। ਜਿਸ ਸਮੇਂ ਗੁਰੀ ਰਾਤ ਭਰ ਜਾਬ ਕਰਕੇ ਸਵੇਰੇ ਆਉਂਦਾ ਸੀ ਉਸੀ ਕੁ ਸਮੇਂ ਜੀਤਾਂ ਕਲਾਸ ਲਗਾਉਣ ਜਾਂਦੀ ਸੀ। ਮਿਲਣ ਗਿਲਣ ਦਾ ਸਮਾਂ ਵੀਕ ਐਂਡ ਤੇ ਹੀ ਕੁੱਝ ਮਿਲਦਾ ਸੀ। ਦੇਖਣ ਨੂੰ ਦੋਵੇਂ ਪਰੇਸ਼ਾਨ ਲਗਦੇ ਰਹਿੰਦੇ ਸਨ। ਜੀਤਾਂ ਲੁੱਟੀ ਲੁੱਟੀ ਮਹਿਸੂਸ ਕਰਦੀ ਸੀ ਤੇ ਗੁਰੀ ਝੰਬਿਆ ਝੰਬਿਆ। ਗੁਰੀ ਤਾਂ ਅੰਗਰੇਜ਼ੀ ਵਿੱਚ ਮਾੜਾ ਹੈ ਹੀ ਸੀ। ਸਕਿਊਰਿਟੀ ਲਾਇਸੈਂਸ ਤਾਂ ਕੁੱਝ ਪੈਸੇ ਖਰਚ ਕੇ ਮਿਲ ਹੀ ਜਾਂਦੇ ਹਨ। ਜੀਤਾਂ ਨੂੰ ਵੀ ਮਹਿਸੂਸ ਹੋਣ ਲੱਗ ਪਿਆ ਕਿ ਅੰਗਰੇਜ਼ੀ ਬੋਲਣ ਤੇ ਸਮਝਣ ਵਿੱਚ ਉਹ ਵੀ

ਸੱਖਣੀ ਹੀ ਸੀ। ਹਾਂ, ਬਾਹਰ ਦੇ ਰਹਿਣ ਸਹਿਣ ਨੇ ਉਸ ਉੱਤੇ ਚਮਤਕਾਰੀ ਅਸਰ ਪਾਉਣਾ ਸ਼ੁਰੂ ਕਰ ਦਿੱਤਾ ਸੀ। ਰੋਜ ਰੇਲਗੱਡੀ ਵਿੱਚ ਕਾਲਜ ਜਾਣਾ, ਤਰ੍ਹਾਂ ਤਰ੍ਹਾਂ ਦੇ ਲੋਕ ਦੇਖਣੇ, ਗਰਲ ਫਰੈਂਡ ਬੁਆਏ ਫਰੈਂਡ ਕਲੋਲਾਂ ਕਰਦੇ ਦੇਖਣੇ, ਆਪਣੇ ਜੀਵਨ ਦੀ ਤੁਲਨਾ ਦੂਜਿਆਂ ਨਾਲ਼ ਕਰਨੀ--- ਇਸ ਵਰਤਾਰੇ ਨੇ ਉਸ ਉੱਤੇ ਜਾਦੂ ਵਾਲ਼ਾ ਅਸਰ ਕੀਤਾ। ਚੌਗਿਰਦੇ ਤੇ ਪੜ੍ਹਾਈ ਦੇ ਤੌਰ ਤਰੀਕਿਆਂ ਨੇ ਉਸਦੇ ਵਿਅਕਤੀਤਵ ਨੂੰ ਹੋਰ ਨਿਖਾਰ ਦਿੱਤਾ। ਵੈਸੇ ਵੀ ਉਹ ਖੂਬਸੂਰਤ ਸੀ, ਜਵਾਨ ਸੀ, ਕੱਦ ਕਾਠ ਵੀ ਸੋਹਣਾ ਸੀ। ਆਫਟਰ ਆਲ, ਮਲਵਈਆਂ ਦੀ ਕੁੜੀ ਸੀ। ਹੁਣ ਉਹ ਕੱਪੜੇ ਵੀ ਸੋਹਣੇ ਤੇ ਮਾਡਰਨ ਪਾਉਣ ਲੱਗ ਪਈ ਸੀ। ਜਮਾਤ ਵਿੱਚ ਨਾਲ਼ਦੀਆਂ ਲੜਕੀਆਂ ਸਕਰਟਾਂ ਤਾਂ ਪਹਿਨਦੀਆਂ ਹੀ ਸਨ। ਕਈ ਤਾਂ ਮਿੰਨੀ ਪੈਂਟਾਂ ਵੀ ਪਾਉਂਦੀਆਂ ਸਨ। ਜੀਤਾਂ ਵਿੱਚ ਚਮਤਕਾਰੀ ਤਬਦੀਲੀ ਦੇਖ ਕੇ ਗੁਰੀ ਨੂੰ ਉਸ ਤੇ ਸ਼ੱਕ ਹੋਣ ਲੱਗ ਪਿਆ। ਉਸਨੂੰ ਇਵੇਂ ਹੀ ਮਹਿਸੂਸ ਹੋਣ ਲੱਗ ਪਿਆ ਕਿ ਉਹ ਉਸਦੇ ਵੱਲ ਖਾਸ ਧਿਆਨ ਨਹੀਂ ਦਿੰਦੀ। ਬਸ ਉਹ ਤਾਂ ਪੈਸੇ ਕਮਾਉਣ ਵਾਲ਼ਾ ਇੱਕ ਕਾਮਾ ਸੀ। ਇੱਕ ਐਤਵਾਰ ਨੂੰ ਦੋਵੇਂ ਕਾਫੀ ਸਮਾਂ ਘਰ ਵਿੱਚ ਸਨ।

"ਜੀਤਾਂ, ਤੂੰ ਅਕਸਰ ਚੁੱਪ ਚੁੱਪ ਰਹਿੰਦੀ ਏਂ। ਲਗਦਾ ਕੋਈ ਹੋਰ ਯਾਰ ਬਣਾ ਲਿਆ ਤੂੰ।" ਗੁਰੀ ਤੋਂ ਸਿੱਧਾ ਹੀ ਕਹਿ ਹੋ ਗਿਆ।

"ਮੂੰਹ ਸੰਭਾਲ ਕੇ ਬੋਲ। ਅਜੇ ਤੂੰ ਤੇ ਮੈਂ ਦੋਵੇਂ ਕੱਚੇ ਹਾਂ। ਪਹਿਲਾਂ ਮੈਂ ਪੱਕੀ ਹੋਵਾਂਗੀ ਤੇ ਫਿਰ ਜਾ ਕੇ ਤੇਰੀ ਵਾਰੀ ਆਊ।"

"ਜੇ ਮੈਂ ਪੈਸੇ ਦੇਣੇ ਬੰਦ ਕਰ ਦਿਆਂ? ਮੈਂ ਰਾਤਾਂ ਜਾਗ ਕੇ ਪੈਸੇ ਕਮਾਉਂਦਾ ਹਾਂ ਤੇ ਤੂੰ ਐਸ਼ ਕਰਦੀ ਏਂ। ਬੜੀਆਂ ਸੋਹਣੀਆਂ ਸੋਹਣੀਆਂ ਸਕਰਟਾਂ ਖਰੀਦੀਆਂ ਨੇ। ਅਧਨੰਗੀ ਤੁਰੀ ਫਿਰਦੀ ਨੂੰ ਸ਼ਰਮ ਨਹੀਂ ਆਉਂਦੀ? ਜੇ ਤੈਨੂੰ ਪੰਜਾਬ ਵਿੱਚ ਮੇਰੇ ਮਾਪੇ ਇਨ੍ਹਾਂ ਕੱਪੜਿਆਂ ਵਿੱਚ ਦੇਖ ਲੈਣ ਤਾਂ-----"

"ਫਿਰ ਕੀ ਹੋ ਜਾਊ? ਮੈਂ ਜਮਾਤ ਵਿੱਚ ਬੋਬੋ ਬਣ ਕੇ ਜਾਵਾਂ? ਇਸ ਦੇਸ਼ ਦਾ ਰਹਿਣ ਸਹਿਣ ਤੈਨੂੰ ਦਿਖਦਾ ਹੀ ਏ। ਸੂਟ ਤਾਂ ਅਸੀਂ ਆਪਣੇ ਕੰਮ ਵਾਲ਼ੀ ਥਾਂ ਤੇ ਪਾ ਹੀ ਨਹੀਂ ਸਕਦੇ। ਪੈਂਟ ਜਾਂ ਸਕਰਟ ਹੀ ਪਾਉਣੀ ਪਊ।"

"ਤੂੰ ਤਾਂ ਸ਼ਰਮ ਜਮਾਂ ਹੀ ਛਿੱਕੇ ਟੰਗਤੀ। ਸਕਰਟਾਂ ਵੀ ਸਲੀਵਲੈੱਸ! ਮੈਨੂੰ ਤਾਂ-----!!"

"ਜਾਹ, ਦਫਾ ਹੋ ਜਾਹ! ਮੈਥੋਂ ਨੀ ਤੇਰੇ ਨਾਲ਼ ਰਹਿ ਹੋਣਾ। ਮੈਂ ਆਪਣਾ ਇੰਤਜ਼ਾਮ ਆਪ ਕਰ ਲਵਾਂਗੀ। ਜੇ ਵੱਧ ਬਕਵਾਸ ਕੀਤੀ ਤਾਂ ਪੁਲਿਸ------।"

ਜੀਤਾਂ ਘਰੋਂ ਬਾਹਰ ਬਜ਼ਾਰ ਨੂੰ ਚਲੀ ਗਈ। ਗੁਰੀ ਨੇ ਪੰਜਾਬ ਮਾਂ ਨੂੰ ਫੋਨ ਕੀਤਾ।



"ਬੀਜੀ, ਮੈਨੂੰ ਨਹੀਂ ਇਹ ਚੱਜ ਨਾਲ਼ ਬੁਲਾਉਂਦੀ। ਆਪਣੀ ਮਰਜੀ ਕਰਦੀ ਏ। ਰੋਜ਼ ਨਵੇਂ ਨਵੇਂ ਫੈਸ਼ਨ ਕਰਦੀ ਏ। ਮਰਜ਼ੀ ਨਾਲ਼ ਆਉਂਦੀ ਏ ਤੇ ਮਰਜ਼ੀ ਨਾਲ਼ ਜਾਂਦੀ ਏ। ਆਪਾਂ ਨੇ ਇਹਦੇ ਤੇ ਪੈਸੇ ਲਗਾ ਕੇ ਗਲਤੀ ਕੀਤੀ। ਮੈਂ ਇਹਦੇ ਨਾਲ਼ ਨਹੀਂ ਰਹਿਣਾ। ਇੱਥੇ ਆ ਕੇ ਟਾਟ ਦੀਆਂ ਜੁੱਲੀਆਂ ਨੂੰ ਵੀ ਰੇਸ਼ਮ ਦੇ ਬਖੀਏ ਲੱਗ ਜਾਂਦੇ ਨੇ।"

"ਕਾਕਾ, ਹੋਰ ਤੇਰੇ ਕੋਲ਼ ਚਾਰਾ ਵੀ ਕੀ ਏ? ਤੂੰ ਤਾਂ ਪੱਕਾ ਵੀ ਇਹਦੇ ਸਿਰ ਤੇ ਹੀ ਹੋਣਾ ਏ। ਇਹ ਕੰਮ ਲੰਮੇ ਸਮੇਂ ਦਾ ਜੇਰਾ ਰੱਖ ਕੇ ਹੋਣਾ ਏ। ਤੂੰ ਤਾਂ ਥੋੜ੍ਹੀ ਦੇਰ ਵਿੱਚ ਹੀ ਉਚਾਟ ਹੋ ਗਿਆ। ਦੱਸ ਹੁਣ ਕੀ ਕਰੀਏ? ਜਮੀਨ ਦਾ ਖੇਤ ਪਹਿਲਾਂ ਹੀ ਗੁਆ ਚੁੱਕੇ ਹਾਂ।"

"ਮੈਂ ਜਮੀਨ ਦਾ ਖੇਤ ਖਰੀਦਣ ਜੋਗੇ ਪੈਸੇ ਕਮਾ ਕੇ ਤੁਹਾਨੂੰ ਭੇਜ ਦੇਵਾਂਗਾ। ਸਾਲ ਕੁ ਔਖਾ ਸੌਖਾ ਕੱਢ ਲਵਾਂਗਾ। ਇਹਨੇ ਕਿਹੜਾ ਇੱਥੇ ਇੱਕਦਮ ਪੱਕੀ ਹੋ ਜਾਣਾ ਏ। ਇੱਧਰ ਦੁਆਰਾ ਆਈਲੈਟਸ ਪਾਸ ਕਰਨਾ ਪੈਂਦਾ ਏ। ਬਹੁਤ ਸਾਰੇ ਇੱਧਰ ਦੇ ਆਈ ਲੈਟਸ ਵਿੱਚੋਂ ਫੇਲ੍ਹ ਵੀ ਹੋ ਜਾਂਦੇ ਹਨ।

ਸ਼ਹਿਰਾਂ ਤੋਂ ਆਏ ਵਧੀਆ ਕੋਰਸ ਰੱਖਣ ਵਾਲ਼ੇ ਮੁੰਡੇ ਕੁੜੀਆਂ ਇੱਧਰ ਦੇ ਆਈਲੈਟਸ ਵਿੱਚੋਂ ਜਲਦੀ ਪਾਸ ਹੁੰਦੇ ਹਨ। ਅਸੀਂ ਪਿੰਡਾਂ ਤੋਂ ਆਏ ਹਾਂ। ਪਿੰਡਾਂ ਵਾਲ਼ਿਆਂ ਦਾ ਸਲੀਕਾ, ਮਿਆਰ ਤੇ ਸੋਝੀ ਸ਼ਹਿਰਾਂ ਵਾਲ਼ਿਆਂ ਤੋਂ ਨੀਵੀਂ ਰਹਿ ਜਾਂਦੀ ਏ। ਪਿੰਡਾਂ ਵਾਲ਼ਿਆਂ ਵਿੱਚ ਝਿਜਕ ਵੀ ਵੱਧ ਹੁੰਦੀ ਏ। ਅਸੀਂ ਇਸ ਜ਼ਿਆਦਾ ਖੁੱਲ੍ਹੇ ਮਾਹੌਲ ਵਿੱਚ ਹੀਣਤਾ ਦਾ ਸ਼ਿਕਾਰ ਵੀ ਹੋ ਜਾਂਦੇ ਹਾਂ। ਇਸ ਲਈ ਸਾਡੇ ਵਿੱਚੋਂ ਬਹੁਤੇ ਇੱਧਰ ਆ ਕੇ ਗੋਰਿਆਂ ਦੁਆਰਾ ਕਰਾਏ ਗਏ ਆਈਲਟਸ ਵਿੱਚੋਂ ਫੇਲ੍ਹ ਹੋ ਜਾਂਦੇ ਹਾਂ। ਰੱਬ ਕਰੇ ਇਹ ਵੀ ਫੇਲ੍ਹ ਹੋ ਜਾਵੇ। ਇੱਥੇ ਆਉਣ ਨਾਲ਼ੋਂ ਕੈਨੇਡਾ ਦਾ ਕੇਸ ਲੱਭ ਲੈਂਦੇ। ਫਿਰ ਅਸੀਂ ਚੰਗੇ ਰਹਿਣਾ ਸੀ। ਸਾਲ ਵਿੱਚ ਮੈਂ ਵੱਧ ਕੰਮ ਕਰਕੇ ਤੁਹਾਨੂੰ 12-13 ਲੱਖ ਭੇਜ ਦਿਆਂਗਾ। ਫਿਰ ਮੈਂ ਵਾਪਿਸ ਹੀ ਆ ਜਾਵਾਂਗਾ। ਇੱਥੇ ਰੋਜ਼ ਦੀ ਲੜਾਈ ਨਾਲ਼ੋਂ ਵਾਪਿਸ ਆਉਣਾ ਚੰਗਾ। ਇੱਥੇ ਦੀ ਸਰਕਾਰ ਤੀਵੀਂ ਦੀ ਬਹੁਤ ਸੁਣਦੀ ਏ। ਕਈ ਪੱਕੇ ਜੋੜਿਆਂ ਵਿੱਚ ਅਣਬਣ ਹੋ ਜਾਂਦੀ ਏ। ਸਰਕਾਰ ਜਨਾਨੀ ਤੇ ਬੱਚਿਆਂ ਨੂੰ ਘਰ ਦੇ ਦਿੰਦੀ ਏ। ਬੰਦੇ ਨੂੰ ਕੱਢ ਕੇ ਬਾਹਰ ਬਿਠਾ ਦਿੰਦੀ ਏ। ਜੋ ਕੰਮ ਹੁਣ ਤੋਂ 5-6 ਸਾਲ ਨੂੰ ਹੋਣਾ ਏ ਉਹ ਹੁਣ ਤੋਂ ਹੀ ਕਿਉਂ ਨਾ ਸੋਚ ਲਿਆ ਜਾਵੇ।?"

"ਕਾਕਾ, ਫਿਰ ਇੱਧਰ ਆ ਕੇ ਵੀ ਕੀ ਕਰੇਂਗਾ?"

"ਕੋਈ ਕੰਮ ਸਿੱਖ ਲਵਾਂਗਾ। ਇਸ ਦੇਸ ਨੇ ਮੈਨੂੰ ਸਬਕ ਸਿਖਾ ਦਿੱਤਾ। ਥੋੜ੍ਹਾ ਖਾਣਾ ਮਨਜ਼ੂਰ, ਬਹੁਤੇ ਘਟੀਆ ਨਾਲ਼ੋਂ। ਇੱਥੇ ਆ ਕੇ ਹਰਾਮਜਾਦੀਆਂ ਚਾਪਰ

ਜਾਂਦੀਆਂ ਹਨ। ਪੈਸੇ ਦੂਜਿਆਂ ਦੇ ਲਵਾ ਦਿੰਦੀਆਂ ਨੇ ਤੇ ਮਿੱਤਰ ਅੱਪਟੂਡੇਟ ਢੂੰਡਦੀਆਂ ਨੇ। ਪਹਿਲਾਂ ਸਾਡੀ ਅਕਲ ਤੇ ਪਰਦਾ ਪੈ ਗਿਆ ਸੀ। ਬੀਜੀ, ਅੱਖੀਂ ਦੇਖ ਕੇ ਮੱਖੀ ਨਹੀਂ ਨਿਗਲ਼ ਹੁੰਦੀ। ਸੱਭਿਆਚਾਰ ਆਪਣਾ ਪੰਜਾਬ ਦਾ ਹੀ ਵਧੀਆ ਏ। ਨਾਲ਼ੇ ਦੇਖ ਲਈਂ, ਇਸ ਭੇਡ ਨੇ ਵੀ ਇੱਥੇ ਰੁਲਦੀ ਹੀ ਫਿਰਨਾ ਏ।

ਜਿਹਨੂੰ ਹੋਰ ਨੂੰ ਕਰੂ, ਉਹ ਵੀ ਦੁਹਾਜੂ ਤਿਹਾਜੂ ਹੀ ਹੋਊ! ਇੱਧਰ ਇਨ੍ਹਾਂ ਦੇਸ਼ਾਂ ਵਿੱਚ ਇੱਦਾ ਦੇ ਫੁਕਰਿਆਂ ਦੀ ਕੋਈ ਘਾਟ ਨਹੀਂ। ਜਦ ਇਹਨੂੰ ਦੂਜਾ ਛੱਡ ਕੇ ਕਿਸੇ ਹੋਰ ਨੂੰ ਕਰੂ, ਫਿਰ ਇਹਨੂੰ ਪਤਾ ਲੱਗੂ। ਇੱਧਰ ਇਹੋ ਜਿਹਾ ਵਰਤਾਰਾ ਆਮ ਏ।"

"ਚੰਗਾ ਪੁੱਤ, ਤੇਰੀ ਮਰਜੀ। ਜੋ ਵਾਖਰੂ ਕਰਦਾ ਭਲੀ ਹੀ ਕਰਦਾ ਏ। ਪੁੱਤ, ਲੜਾਈ ਤੋਂ ਬਚੀਂ। ਬੇਗਾਨੇ ਦੇਸ ਵਿੱਚ ਫਸਿਆ, ਕਿਸੇ ਤੋਂ ਛੁਡਾ ਵੀ ਨਹੀਂ ਹੋਣਾ। ਰਾਜੀ ਰਹੁ!"

ਮਾਂ ਨੇ ਲੰਮਾ ਹੌਕਾ ਲੈਂਦੀ ਨੇ ਫੋਨ ਰੱਖ ਦਿੱਤਾ।

*****